ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free





29 ਜਨਵਰੀ 1780 : ਭਾਰਤ ਦਾ ਪਹਿਲਾ ਅਖ਼ਬਾਰ 'ਬੰਗਾਲ ਗਜ਼ਟ' ਸ਼ੁਰੂ ਹੋਇਆ।


ਸਾਲ : 5 ਅੰਕ : 1 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਜਨਵਰੀ 2014




ਕਨੇਡਾ ਵਧਾਉਣ ਚਾਹੁੰਦਾ ਹੈ ਭਾਰਤ ਨਾਲ... ਪੰਨਾ-3



ਕਾਲੇ ਕਾਨੂੰਨਾਂ ਨੂੰ ਚੁਣੌਤੀ ਦਿਆਂਗੇ ਪੰਨਾ-4



...ਉਦਾਸੀ ਕਿਰਤੀ ਲੋਕਾਂ ਦਾ ਸ਼ਾਇਰ ਸੀ : ਨਸੀਬ ਕੌਰ ਪੰਨਾ-27




ਮੁਕਾਮੀ ਤ੍ਰਾਸਦੀਆਂ ਅਤੇ ਲਾਤੀਨੀ ਸਿਨੇਮਾ... ਪੰਨਾ-46

## ਮਾਪਿਆਂ ਨੂੰ ਸੱਦਣ ਲਈ ਕਨੇਡਾ ਸਰਕਾਰ ਨੇ ਕੀਤੀ ਸਖ਼ਤਾਈ

ਓਟਵਾ (ਨਦਬ) : ਕਨੇਡਾ ਵਿੱਚ ਰਹਿ ਰਹੇ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਨੂੰ ਸਪਾਂਸਰ ਕਰਨ ਦੀ ਇੱਛਾ ਰੱਖਣ ਵਾਲੇ ਕੈਨੇਡੀਅਨ ਨਾਗਰਿਕਾਂ ਲਈ ਇੱਕ ਵਿਸ਼ੇਸ਼ ਇਮੀਗ੍ਰੇਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਜਾ ਸਕਦਾ ਹੈ। ਫੈਡਰਲ ਸਰਕਾਰ ਵੱਲੋਂ 2014 ਵਿੱਚ ਨਵੇਂ ਪੇਰੈਂਟ ਐਂਡ ਗ੍ਰੈਂਡਪੇਰੈਂਟ ਪ੍ਰੋਗਰਾਮ ਤਹਿਤ 5000 ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਸਰਕਾਰ ਵਲੋਂ ਅੱਠ ਸਾਲਾਂ ਦੇ ਬੈਕਲਾਗ ਨੂੰ ਖ਼ਤਮ ਕਰਨ ਲਈ 2011 ਵਿੱਚ ਅਰਜ਼ੀਆਂ ਉੱਤੇ ਰੋਕ ਲਾ ਦਿੱਤਾ ਗਈ ਸੀ। ਆਪਣੇ ਰਿਸ਼ਤੇਦਾਰਾਂ ਨੂੰ ਕਨੇਡਾ ਸੱਦਣ ਦੀ ਆਸ ਲਾਈ ਬੈਠੇ ਸਪਾਂਸਰਾਂ ਨੂੰ ਹੁਣ ਇਸ ਲਈ ਯੋਗ ਹੋਣ ਵਾਸਤੇ ਨਵੇਂ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ, ਜਿਸ ਵਿਚ ਸਪਾਂਸਰ ਕਰਨ ਲਈ ਲੋੜੀਂਦੀ ਘੱਟ ਤੋਂ ਘੱਟ ਆਮਦਨ ਦੀ ਸ਼ਰਤ ਪੂਰੀ ਕਰਨਾ ਜਿਸ ਵਿੱਚ ਕਿ 30 ਫੀਸਦੀ ਵਾਧਾ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਸਿੱਧ ਕਰਨਾ ਹੋਵੇਗਾ ਕਿ ਉਹ ਪਿਛਲੇ ਤਿੰਨ ਸਾਲਾਂ ਤੋਂ ਘੱਟ ਤੋਂ ਘੱਟ ਆਮਦਨ ਜੋਗੀ ਰਕਮ ਕਮਾ ਰਹੇ ਹਨ, ਜਦਕਿ ਇਹ ਸ਼ਰਤ ਪਹਿਲਾਂ 12 ਮਹੀਨਿਆਂ ਲਈ ਸੀ।

☛ ਬਾਕੀ ਸਫ਼ਾ 41 'ਤੇ

# ਠੰਢ ਨੇ ਠੰਬਿਆ ਉਤਰੀ ਅਮਰੀਕਾ



ਟੋਰਾਂਟੋ (ਨਦਬ) : ਅੰਟਾਰਕਟਿਕਾ ਤੋਂ ਚਲਣ ਵਾਲੀਆਂ ਬਰਫ਼ੀਲੀਆਂ ਹਵਾਵਾਂ ਕਾਰਨ ਉਤਰੀ ਅਮਰੀਕਾ ਵਿਚ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਕਨੇਡਾ ਅਤੇ ਅਮਰੀਕੀ ਮੌਸਮ ਵਿਭਾਗ ਮੁਤਾਬਕ ਲੱਖਾਂ ਲੋਕ ਇਸ ਬਰਫ਼ੀਲੀ ਆਫ਼ਤ ਕਾਰਨ ਪ੍ਰਭਾਵਤ ਹੋਏ ਹਨ। ਜਾਣਕਾਰਾਂ ਅਨੁਸਾਰ ਕਨੇਡਾ ਅਤੇ ਅਮਰੀਕਾ ਦੇ ਕਈ ਸ਼ਹਿਰ ਅੰਟਾਰਕਟਿਕਾ ਮਹਾਦੀਪ ਤੋਂ ਵੀ ਜ਼ਿਆਦਾ ਠੰਢੇ ਹੋ ਚੁੱਕੇ ਹਨ। ਅਮਰੀਕਾ ਦੇ ਮਿਨਿਸੋਟੋ ਦੇ ਬ੍ਰਮਸਿਨ ਵਿਚ ਤਾਪਮਾਨ ਮਨਫ਼ੀ 40 ਡਿਗਰੀ ਸੈਲਸੀਅਸ ਤਕ ਜਾ ਪਹੁੰਚਿਆ ਹੈ। ਜਦਕਿ ਕਿ ਕਨੇਡਾ ਦੇ ਟੋਰਾਂਟੋ, ਐਡਮਿੰਟਨ ਅਤੇ ਹੋਰ ਸ਼ਹਿਰਾਂ ਸਮੇਤ ਤਾਪਮਾਨ ਮਨਫ਼ੀ 50 ਤਕ ਵੀ ਪਹੁੰਚ ਗਿਆ। ਕਈ ਸਕੂਲ ਅਤੇ ਵਪਾਰਕ ਅਦਾਰੇ ਬੰਦ ਕਰਨੇ ਪਏ। ਓਧਰ ਨਿਊਯਾਰਕ ਦੇ ਗਵਰਨਰ ਐਂਡਰਿਊ ਕਯੂਮੋ ਨੇ ਹੰਗਾਮੀ ਸਥਿਤੀ ਐਲਾਨ ਦਿੱਤੀ ਹੈ। ਕੜਾਕੇ ਦੀ ਠੰਢ ਕਾਰਨ ਪੱਛਮੀ ਨਿਊਯਾਰਕ ਦੇ ਕੁਝ ਹਿੱਸੇ ਬੰਦ ਕਰ ਦਿੱਤੇ ਗਏ ਹਨ। ਮੌਸਮ ਵਿਭਾਗ ਅਨੁਸਾਰ ਮੱਧ ਅਤੇ ਉਤਰੀ ਅਮਰੀਕਾ ਵਿਚ ਤਾਪਮਾਨ ਮਨਫ਼ੀ 51 ਡਿਗਰੀ ਤੋਂ ਹੇਠਾਂ ਰਿਕਾਰਡ ਕੀਤਾ ਗਿਆ। ਅਮਰੀਕਾ ਅਤੇ ਕਨੇਡਾ ਦੇ ਕਈ ਕੌਮਾਂਤਰੀ ਹਵਾਈ ਅੱਡਿਆਂ ਤੋਂ 1800 ਤੋਂ ਵੀ ਵਧੇਰੇ ਉਡਾਨਾਂ ਨੂੰ ਰੱਦ ਕਰ ਦਿੱਤਾ ਗਿਆ।

## ਡਰੱਗ ਰੈਕਟ ਦਾ ਮਾਸਟਰ ਮਾਈਂਡ ਬਿਕਰਮ ਮਜੀਠੀਆ : ਜਗਦੀਸ਼ ਭੋਲਾ

**ਸੁਖਬੀਰ ਬਾਦਲ ਨੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਸਿਆਸੀ ਸਟੰਟ ਦੱਸਿਆ**

ਮੋਹਾਲੀ (ਨਦਬ) : ਅੰਤਰ ਰਾਸ਼ਟਰੀ ਡਰੱਗ ਤਸਕਰੀ ਮਾਮਲੇ ਵਿੱਚ ਪੰਜਾਬ ਦੇ ਲੋਕ ਸੰਪਰਕ ਤੇ ਮਾਲ ਵਿਭਾਗ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਸਾਹਮਣੇ ਆਇਆ ਹੈ। ਅੰਤਰ ਰਾਸ਼ਟਰੀ ਡਰੱਗ ਤਸਕਰ ਅਤੇ ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਸਿੰਘ ਉਰਫ਼ ਭੋਲਾ ਨੇ ਪੱਤਰਕਾਰਾਂ ਦੇ ਕੋਲ ਨਸ਼ਿਆਂ ਦੀ ਤਸਕਰੀ ਪਿੱਛੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈ ਦਿੱਤਾ। ਭੋਲਾ ਨੇ ਦੱਸਿਆ ਕਿ ਜਾਂਚ ਦੌਰਾਨ ਪਹਿਲੇ ਹੀ ਦਿਨ ਸੀ.ਆਈ.ਏ ਸਟਾਫ ਪਟਿਆਲਾ ਕੋਲ ਮਜੀਠੀਆ ਦਾ ਨਾਂ ਲਿਆ ਸੀ। ਉਸਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਇਸ ਗੋਰਖਧੰਦੇ ਵਿੱਚ ਮੰਤਰੀ ਦੀ ਸਿੱਧੀ ਮਿਲੀਭੁਗਤ ਹੈ। ਇਸ ਤੋਂ ਇਲਾਵਾ ਉਸਨੇ ਪਟਿਆਲਾ ਜ਼ਿਲ੍ਹੇ ਦੇ ਐਸ.ਐਸ.ਪੀ. ਹਰਦਿਆਲ ਸਿੰਘ ਮਾਨ 'ਤੇ ਵੀ 'ਤੇ ਵੀ ਕਰੋੜਾਂ ਰੁਪਏ ਦੀ ਰਿਸ਼ਵਤ ਲੈਣ ਦੇ ਗੰਭੀਰ ਦੋਸ਼ ਲਾਏ ਹਨ।

☛ ਬਾਕੀ ਸਫ਼ਾ 41 'ਤੇ



## ਕਾਂਗਰਸ ਦੀ ਚੋਣ ਮੁਹਿੰਮ ਸੰਭਾਲੇਗੀ ਪ੍ਰਿਅੰਕਾ?

ਨਵੀਂ ਦਿੱਲੀ (ਨਦਬ) : ਖ਼ਬਰ ਹੈ ਕਿ ਪ੍ਰਿਅੰਕਾ ਗਾਂਧੀ ਕਾਂਗਰਸ ਪਾਰਟੀ ਦੇ ਚੋਣ ਪ੍ਰਚਾਰ ਦੀ ਕਮਾਨ ਸੰਭਾਲ ਸਕਦੀ ਹੈ। ਇਹ ਚਰਚਾ ਇਸ ਕਰ ਕੇ ਹੋ ਰਹੀ ਹੈ ਕਿਉਂਕਿ ਪ੍ਰਿਅੰਕਾ ਗਾਂਧੀ ਨੇ ਕਾਂਗਰਸ ਪਾਰਟੀ ਦੇ ਵੱਡੇ ਲੀਡਰਾਂ ਦੀ ਮੀਟਿੰਗ ਲਈ ਹੈ। ਇਹ ਮੀਟਿੰਗ ਰਾਹੁਲ ਗਾਂਧੀ ਦੇ ਘਰ 12 ਤੁਗਲਕ ਰੋਡ 'ਤੇ ਹੋਈ। ਇਸ ਵਿਚ ਅਹਿਮਦ ਪਟੇਲ, ਜਨਾਰਦਨ ਦਿਵੇਦੀ, ਮਧੂਸੂਦਨ ਮਿਸਤਰੀ, ਅਜੇ ਮਾਕਨ ਅਤੇ ਜੈ ਰਾਮ ਰਮੇਸ਼ ਮੌਜੂਦ ਸਨ। ਪਰ ਅਹਿਮ ਗੱਲ ਇਹ ਹੈ ਇਸ ਮੀਟਿੰਗ ਵਿਚ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਸ਼ਾਮਲ ਨਹੀਂ ਸਨ। ਕਿਹਾ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾ ਕੇ ਪ੍ਰਿਅੰਕਾ ਗਾਂਧੀ ਖ਼ੁਦ ਉਨ੍ਹਾਂ ਦੇ ਚੋਣ ਪ੍ਰਚਾਰ ਦੀ ਮੁਹਿੰਮ ਸਾਂਭੇਗੀ।


Super Visa
Medical Insurance
• ਸੁਪਰ ਵੀਜ਼ਾ ਐਪਲੀਕੇਸ਼ ਲਈ ਮੈਡੀਕਲ ਇੰਸ਼ੋਰੈਂਸ ਲੈਣਾ ਜ਼ਰੂਰੀ।
• ਅਸੀਂ ਤੁਹਾਡੀ ਜ਼ਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।
For mor information please call
JASVIR DEOL 780-465-6900
JESSIE SINGH 403-830-7007

LUTHRA LAW GROUP
FREE CASE EVALUTION





■ Personal Injuries Representation
■ Real Estate Transactions
■ Immigration Law
■ Residential Real Estate Transactions
■ Criminal Case
■ Family Law Dispute & Mediation Service
■ Commercial Litigation
Sarjan Luthra
B.Sc, L.L.B
Services in Hindi, Punjabi, Urdu & Arabic
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
SARJAN LUTHRA TEAM
Barrister, Solicitor & Notary Public
780-466-4660 Fax : 780-463-4205

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖ਼ਰੀਦਣ ਲਈ
ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
REALTY EXECUTIVES
780-994-1600 (Cell)
780-450-6300 (24 Hrs)
Fax : 780-450-6670





Nusrat Ali Akhtar
Email : aakhtar@realtyexecutives.com
4107-99 St NW, Edmonton

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"





Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700





Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech
BUILDING SYSTEMS INC.
ਰਘੁਬੀਰ ਸਿੰਘ ਭੰਡਾਲ : 780-554-9192
ਜਸਪਾਲ ਸਿੰਘ ਭੰਡਾਲ : 403-226-7136
High Quality Materials, Best Prices, On Time Delivery, Complete Framing Package, Full Range Of I Joists, Fully Automated - Roof Truss Manufacturing Facility One Call - Award Winning Service, Effective On Site, Engineering & Design Friendly, Multi-Cultural, Solution Oriented Staff, Community Supporter

ALL INDIA
RESTAURANT & SWEETS





Full service customized catering for Event
Planning/Weddings/ Birthdays/ Anniversaries for upto 800 persons.
Special rates for Temples or Churches Reunions
4249-23 Ave. Edmonton, AB. Canada
Tel : 780-463-7770 www.allindiarestaurant.ca



# Supreme Pizza

ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

780 485 1213 or 780 485 1231

Try Us Tonight For Best Deal In Town

3 For 1

Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche



Kuldip S. Powar

# POWAR HOMES LTD.

Quality Custom Home Builder



Ranjit S. Powar

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੋਮਾਊਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates



ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

Rana : 780-245-5191 Joga : 780-245-5192

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

Call: Pritpal Kooner

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE

50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet



ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

780 660 4090



# ALPHA

Tent Rentals

All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**





Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354

# ਕਨੇਡਾ ਵਧਾਉਣ ਚਾਹੁੰਦਾ ਹੈ ਭਾਰਤ ਨਾਲ ਨਵੇਂ ਸਬੰਧ : ਰੈਡਫੋਰਡ

ਨਵੀਂ ਦਿੱਲੀ (ਨਦਬ) : ਭਾਰਤ ਅਤੇ ਕਨੇਡਾ ਦੇ ਆਰਥਕ ਸਬੰਧਾਂ ਨੂੰ ਵਧੇਰੇ ਮਜ਼ਬੂਤੀ ਮਿਲਣ ਦੀ ਉਮੀਦ, ਉਦੋਂ ਪੈਦਾ ਹੋ ਗਈ, ਜਦੋਂ ਅਲਬਰਟਾ ਦੀ ਪ੍ਰੀਮੀਅਰ ਐਲੀਸਨ ਰੈਡਫੋਰਡ ਦੀ ਅਗਵਾਈਵਿਚ ਇਕ ਉਚ ਪੱਧਰੀ ਕਨੇਡੀਅਨ ਵਫ਼ਦ ਲੰਘੇ ਦਿਨੀਂ ਭਾਰਤ ਪਹੁੰਚਿਆ। ਇਸ ਵਫ਼ਦ ਵਿਚ ਮਨੁੱਖੀ ਸੇਵਾਵਾਂ ਬਾਰੇ ਕੈਬਨਿਟ ਮੰਤਰੀ ਮਨਮੀਤ ਸਿੰਘ ਭੁੱਲਰ ਅਤੇ ਐਸੋਸੀਏਟ ਮੰਤਰੀ ਨਰੇਸ਼ ਭਾਰਦਵਾਜ ਵੀ ਸ਼ਾਮਲ ਹਨ। ਦੋ ਹਫ਼ਤਿਆਂ ਦੇ ਭਾਰਤ ਦੌਰੇ ਦੌਰਾਨ ਐਲੀਸਨ ਰੈਡਫੋਰਡ ਦੀ ਅਗਵਾਈ ਵਾਲਾ ਇਹ ਵਫ਼ਦ ਵੱਖ-ਵੱਖ ਖੇਤਰਾਂ ਵਿਚ ਕਨੇਡਾ ਅਤੇ ਭਾਰਤ ਦੇ ਸਬੰਧਾਂ ਨੂੰ ਹੋਰ ਬੇਹਤਰ ਕਰਨ ਲਈ ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਦੇ ਵਫ਼ਦਾਂ ਨਾਲ ਮੁਲਾਕਾਤਾਂ ਕਰੇਗਾ। ਰੈਡਫੋਰਡ ਨੇ ਇਸ ਬਾਰੇ ਦੱਸਿਆ ਕਿ ਉਹ ਪੈਟਰੋਲੀਅਮ ਅਤੇ ਕਾਸਤਕਾਰੀ ਖੇਤਰ ਵਿਚ ਵਿਸ਼ੇਸ਼ ਤੌਰ 'ਤੇ ਭਾਰਤ ਨਾਲ ਆਰਥਕ ਸਹਿਯੋਗ ਵਧਾਉਣਾ ਚਾਹੁੰਦੇ ਹਨ, ਕਿਉਂਕਿ ਇਨ੍ਹਾਂ ਦੋ ਖੇਤਰਾਂ ਵਿਚ ਵਪਾਰ ਦੀਆਂ ਅਸੀਮ ਸੰਭਾਵਨਾਵਾਂ ਦਿਖਾਈ ਦੇ ਰਹੀਆਂ ਹਨ। ਉਨ੍ਹਾਂ ਨਾਲ ਹੀ ਦੱਸਿਆ ਕਿ ਕਨੇਡੀਅਨ ਸਰਕਾਰ ਅਲਬਰਟਾ



ਦੀ ਆਰਥਕ ਮਜ਼ਬੂਤੀ ਲਈ ਯਤਨਸ਼ੀਲ ਤੇ ਭਾਰਤ ਅਤੇ ਪੰਜਾਬ ਵਿਚ ਸਹਿਯੋਗ ਕਰਨ ਲਈ ਉਨ੍ਹਾਂ ਕੋਲ ਇਹ ਬੇਹਤਰੀਨ ਮੌਕਾ ਹੈ। ਯਾਦ ਰਹੇ ਕਿ ਸਾਬਕਾ ਪ੍ਰੀਮੀਅਰ ਐਡ ਸਟੈਲਮੈਕ ਨੇ ਵੀ ਪਿਛੇ ਜਿਹੇ ਪੰਜਾਬ ਨਾਲ ਖੇਤੀਬਾੜੀ ਸੈਕਟਰ ਵਿਚ ਸਹਿਯੋਗ ਵਧਾਉਣ ਲਈ ਸਮਝੌਤੇ ਸਹੀਬੱਧ ਕੀਤੇ ਸਨ ਤੇ ਹੁਣ ਪ੍ਰੀਮੀਅਰ ਐਲੀਸਨ ਰੈਡਫੋਰਡ ਦੀ ਅਗਵਾਈ ਵਿਚ ਇਥੇ ਆਏ ਇਸ ਕਨੇਡੀਅਨ ਵਫ਼ਦ ਨਾਲ ਦੁਵੱਲੇ ਸਬੰਧਾਂ ਵਿਚ ਹੋਰ ਬਿਹਤਰੀ ਆਵੇਗੀ। ਇਹ ਵਫ਼ਦ 24 ਜਨਵਰੀ ਤਕ ਭਾਰਤ ਰਹੇਗਾ।

ਇਸੇ ਦੌਰਾਨ ਹੀ ਕਨੇਡਾ ਸਰਕਾਰ ਦੇ ਫ਼ੈਡਰਲ ਮੰਤਰੀ ਟਿਮ ਉਪਲ ਵੀ ਦਿੱਲੀ ਵਿਚ ਸ਼ੁਰੂ ਹੋਏ ਐਨ.ਆਰ.ਆਈ. ਸੰਮੇਲਨ ਵਿਚ ਪਹੁੰਚੇ ਹੋਏ ਹਨ ਅਤੇ ਉਨ੍ਹਾਂ ਦੱਸਿਆ ਹੈ ਕਿ ਡਾਟਾਵਿੰਡ ਦੇ ਸੁਨੀਲ ਤੁਲੀ ਅੰਮ੍ਰਿਤਸਰ ਵਿਚ ਇਕ ਯੂਨਿਟ ਲਾ ਕੇ ਪੰਜਾਬ ਵਿਚ ਨਿਵੇਸ਼ ਦੀ ਸ਼ੁਰੂਆਤ ਕਰ ਚੁੱਕੇ ਹਨ ਅਤੇ ਇਸ ਵਾਰ ਪੰਜਾਬ ਵਿਚ ਹੋਣ ਜਾ ਰਹੇ ਐਨ. ਆਰ.ਆਈ. ਸੰਮੇਲਨ ਵਿਚ ਵੀ ਨਿਵੇਸ਼ ਬਾਰੇ ਕੁਝ ਨਵੇਂ ਫ਼ੈਸਲੇ ਹੋਣਗੇ। ਕਨੇਡਾ ਦੇ ਫ਼ੈਡਰਲ ਖੇਡ ਰਾਜ ਮੰਤਰੀ ਬੱਲ ਗੋਸਲ ਦਾ ਵੀ ਕਹਿਣਾ ਹੈ ਕਿ ਕਨੇਡਾ ਸਰਕਾਰ ਭਾਰਤ ਦੇ ਨਾਲ ਨਾਲ ਪੰਜਾਬ ਨਾਲ ਵੀ ਸਭਿਆਚਾਰ ਅਤੇ ਕਾਰੋਬਾਰੀ ਸਬੰਧਾਂ ਨੂੰ ਅੱਗੇ ਵਧਾਉਣਾ ਚਾਹੁੰਦੀ ਹੈ।

# ਵਿਨੀਪੈਗ ਵਾਸੀ ਹੰਗਾਮੀ ਹਾਲਤ ਦੀਆਂ ਮੈਡੀਕਲ ਸੁਵਿਧਾਵਾਂ ਤੋਂ ਨਿਰਾਸ਼

ਵਿਨੀਪੈਗ (ਨਦਬ) ਨਵੇਂ ਕੀਤੇ ਗਏ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਵਿਨੀਪੈਗ ਸ਼ਹਿਰ ਵਿੱਚ ਵਸਦੇ ਬਹੁਤ ਸਾਰੇ ਲੋਕਾਂ ਦਾ ਹੰਗਾਮੀ ਹਾਲਤ ਵਿੱਚ ਦਿੱਤੀਆਂ ਜਾਣ ਵਾਲੀਆਂ ਮੈਡੀਕਲ ਸੁਵਿਧਾਵਾਂ ਤੋਂ ਵਿਸ਼ਵਾਸ ਉਠ ਗਿਆ ਹੈ, ਜਿਨ੍ਹਾਂ ਵਿੱਚ ਐਂਬੂਲੈਂਸ ਅਤੇ ਹੋਰ ਸੁਵਿਧਾਵਾਂ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਸ ਸਰਵੇਖਣ ਸਬੰਧੀ ਵੇਰਵੇ ਪੇਸ਼ ਕੀਤੇ ਬਜਟ ਵਿੱਚ ਦਰਜ ਕੀਤੇ ਗਏ ਹਨ। ਵੇਰਵਿਆਂ ਅਨੁਸਾਰ 2010 ਵਿੱਚ ਹੰਗਾਮੀ ਮੈਡੀਕਲ ਸੁਵਿਧਾਵਾਂ ਤੋਂ ਸ਼ਹਿਰ ਦੇ ਤਕਰੀਬਨ 99.3 ਪ੍ਰਤੀਸ਼ਤ ਲੋਕ ਖੁਸ਼ ਸਨ, 2011-12 ਵਿੱਚ ਇਹ ਦਰ ਘਟ ਕੇ 91.5 ਪ੍ਰਤੀਸ਼ਤ ਹੋ ਗਈ। ਪਰ ਸਾਲ 2013 ਵਿੱਚ



ਸਿਰਫ਼ 64.6 ਪ੍ਰਤੀਸ਼ਤ ਲੋਕ ਹੀ ਹੰਗਾਮੀ ਹਾਲਤ ਵਿੱਚ ਦਿੱਤੀਆਂ ਜਾਣ ਵਾਲੀਆਂ ਮੈਡੀਕਲ ਸੁਵਿਧਾਵਾਂ ਤੋਂ ਸਤੁੰਸ਼ਟ ਹਨ। ਇਸ ਸਰਵੇਖਣ 'ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਵਿਨੀਪੈਗ ਦੇ ਫਾਇਰ ਪੈਰਾਮੈਡਿਕ ਸੇਵਾਵਾਂ ਨਾਲ ਸਬੰਧਿਤ ਅਧਿਕਾਰੀ ਬਿਲ ਕਲਾਰਕ ਨੇ ਕਿਹਾ ਕਿ ਸਾਨੂੰ ਉਹਨਾਂ ਕਾਰਣਾਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ ਜਿਨ੍ਹਾਂ ਕਰਕੇ ਲੋਕਾਂ ਦਾ ਹੰਗਾਮੀ ਹਾਲਤਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਮੈਡੀਕਲ ਸੁਵਿਧਾਵਾਂ ਤੋਂ ਲਗਾਤਾਰ ਵਿਸ਼ਵਾਸ ਉਠ ਰਿਹਾ ਹੈ। ਉਹਨਾਂ ਕਿਹਾ ਕਿ ਇੱਥੇ ਇਹ ਗੱਲ ਵੀ ਸਹੀ ਨਹੀਂ ਹੈ ਕਿ ਅਸੀਂ ਕੁੱਝ ਕੁ ਉਹਨਾਂ ਵਿਅਕਤੀਆਂ ਦੀ ਰਾਇ 'ਤੇ ਵਿਸ਼ਵਾਸ ਕਰੀਏ ਜਿਨ੍ਹਾਂ ਨੇ ਸਰਵੇਖਣ ਵਿੱਚ ਭਾਗ ਲਿਆ ਹੈ। ਇੱਥੇ ਦੱਸਣਯੋਗ ਹੈ ਕਿ ਕੀਤੇ ਗਏ ਸਰਵੇਖਣ ਦੌਰਾਨ ਸ਼ਹਿਰ ਦੇ ਲਗਭਗ 609 ਲੋਕਾਂ ਤੋਂ ਸਵਾਲ ਪੁੱਛੇ ਗਏ ਸਨ, ਇਹਨਾਂ ਵਿੱਚੋਂ 82 ਲੋਕ ਅਜਿਹੇ ਸਨ ਜਿਹੜੇ ਹੰਗਾਮੀ ਹਾਲਤ ਵਿੱਚ ਐਂਬੂਲੈਂਸ ਰਾਹੀਂ ਹਸਪਤਾਲ ਪੁੱਜੇ ਸਨ।

# ਕਨੇਡੀਅਨ ਸਰਕਾਰ ਸੀ.ਐਮ.ਐਚ.ਸੀ. ਨੂੰ ਖ਼ਤਮ ਕਰੇ : ਆਈ.ਐਮ.ਐਫ.

ਓਟਵਾ (ਨਦਬ) : ਇੰਟਰਨੈਸ਼ਨਲ ਮੌਨੈਟਰੀ ਫੰਡ (ਕੌਮਾਂਤਰੀ ਮੁੱਦਰਾ ਕੋਸ਼) ਨੇ ਆਖਿਆ ਕਿ ਓਟਵਾ ਨੂੰ ਕਨੇਡਾ ਦੀ ਮਾਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਰਾਹੀਂ ਘਰਾਂ ਲਈ ਮਾਰਗੇਜ ਦੇਣ ਦਾ ਕੰਮ ਬੰਦ ਕਰਨ 'ਤੇ ਵਿਚਾਰ ਕਰਨਾ ਚਾਹੀਦਾ ਹੈ। ਇਹ ਸਲਾਹ ਆਈ.ਐਮ.ਐਫ. ਦੇ ਕਨੇਡਾ ਬਾਰੇ ਤਾਜ਼ਾ ਆਰਥਕ ਰਿਪੋਰਟ ਕਾਰਡ ਵਿੱਚ ਦਿੱਤੀ ਗਈ ਹੈ, ਜਿਸ ਵਿੱਚ ਅਗਲੇ ਸਾਲ ਦੇਸ਼ ਦਾ ਆਰਥਕ ਵਿਕਾਸ 2.25 ਫੀ ਸਦੀ ਤੱਕ ਹੋਣ ਦੀ ਗੱਲ ਆਖੀ ਗਈ ਹੈ। ਇਸ ਤੋਂ ਪਹਿਲਾਂ ਵਿੱਤ ਮੰਤਰੀ ਜਿੰਮ ਫਲੈਹਰਟੀ ਇਹ ਤੌਖਲਾ ਪ੍ਰਗਟਾਅ ਚੁੱਕੇ ਹਨ ਕਿ ਕੀ ਫ਼ੈਡਰਲ ਸਰਕਾਰ ਨੂੰ ਵੱਧ ਖਤਰੇ ਵਾਲੀਆਂ ਮਾਰਗੇਜ ਦੇਣ ਦਾ ਕੰਮ ਕਰਨਾ ਚਾਹੀਦਾ ਹੈ ? ਕੁੱਝ ਮਾਹਰਾਂ ਵਲੋਂ 2008-09 ਦੇ ਮੰਦਵਾੜੇ ਦੌਰਾਨ ਕਨੇਡਾ ਦੇ ਹਾਊਸਿੰਗ ਖੇਤਰ ਵਿਚ ਨਵੀਂ ਰੂਹ ਫੂਕਣ ਲਈ ਇਸ ਸਿਸਟਮ ਨੂੰ ਹੀ ਸਾਰਾ ਕ੍ਰੈਡਿਟ ਦਿੱਤਾ ਜਾ ਰਿਹਾ ਹੈ। ਬਹੁਤਿਆਂ ਦਾ ਇਹ ਵੀ ਮੰਨਣਾ ਹੈ ਕਿ ਇਹ ਸੰਕਟ ਅਮਰੀਕਾ ਦੀ ਮਾਰਗੇਜ ਮਾਰਕੀਟ ਵਿੱਚ ਪੈਦਾ ਹੋਏ ਸੰਕਟ ਕਾਰਨ ਹੀ ਖੜ੍ਹਾ ਹੋਇਆ। ਆਈ.ਐਮ.ਐਫ. ਨੇ ਆਖਿਆ ਕਿ ਮੌਜੂਦਾ ਸਿਸਟਮ ਵਿੱਚ ਸਥਿਰਤਾ ਲਿਆਉਣ ਦਾ ਮਾਦਾ ਹੈ। ਪਰ ਇਹ ਵੀ ਆਖਿਆ ਗਿਆ ਕਿ ਇਹ ਸਰਕਾਰ ਜਾਂ ਟੈਕਸ ਦਾਤਾਵਾਂ ਨੂੰ ਵਿੱਤੀ ਸਿਸਟਮ ਦੇ ਅਜਿਹੇ ਖਤਰਿਆਂ ਦੇ ਰੂ-ਬ-ਰੂ ਕਰਦਾ ਹੈ ਜਿਹੜੇ ਪੂੰਜੀ ਦੀ ਹੋਰ ਉਸਾਰੂ ਵਰਤੋਂ ਦੀ ਥਾਂ ਮਾਰਗੇਜ ਦੇ ਪੱਖ ਵਿੱਚ ਮਾਰਕੀਟ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਵਾਸ਼ਿਗਟਨ ਸਥਿਤ ਵਿੱਤੀ ਸੰਸਥਾਵਾਂ ਦਾ ਕਹਿਣਾ ਹੈ ਕਿ ਪ੍ਰਾਈਵੇਟ ਖੇਤਰ ਵੱਲੋਂ ਖਤਰਿਆਂ ਨੂੰ ਜਜ਼ਬ ਕਰਨ ਲਈ ਢੁਕਵੇਂ ਢੰਗ ਅਪਨਾਉਣ ਲਈ ਹੋਰ ਮਾਪਦੰਡਾਂ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਦੇ ਨਾਲ ਹੀ ਪ੍ਰਾਈਵੇਟ ਮਾਰਗੇਜ ਇੰਸੋਰੈਂਸਜ਼ ਦੀ ਮਾਰਕੀਟ ਵਿਚਲੀ ਭਾਈਵਾਲੀ ਵਿੱਚ ਵੀ ਵਾਧਾ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਆਖਿਆ ਗਿਆ ਕਿ ਜੇ ਕੋਈ ਢਾਂਚਾਗਤ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਅਚਾਨਕ ਹਾਸਲ ਹੋਣ ਵਾਲੇ ਸਖ਼ਤ ਨਤੀਜਿਆਂ ਤੋਂ ਟਲਣ ਲਈ ਹੌਲੀ ਹੌਲੀ ਅਮਲ ਵਿੱਚ ਲਿਆਉਣਾ ਚਾਹੀਦਾ ਹੈ। ਜਾਰੀ ਕੀਤੀ ਗਈ ਆਈ.ਐਮ.ਐਫ. ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਗਲੇ ਸਾਲ ਅਮਰੀਕਾ ਦੇ ਅਰਥਚਾਰੇ ਦੇ ਲੀਹ 'ਤੇ ਆਉਣ ਨਾਲ ਕਨੇਡਾ ਦੇ ਅਰਥਚਾਰੇ ਨੂੰ ਵੀ ਫਾਇਦਾ ਹੋਣਾ ਸ਼ੁਰੂ ਹੋ ਜਾਵੇਗਾ।

SAHARA INSURANCE GROUP
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਕਾਲ ਕਰੋ

Truck Loan Insurance
Life Insurance
Mortgage Insurance
Disability Insurance
Visitor Insurance
RESP, RRSP
Retirement Planning
Dental Insurance
DEEP GREWAL
204-996-2571

Unit # F-10, 1833 INKSTER BLVD, WINNIPEG, MB R2X 1R3
Fax: (204) 480-8708 deepgrewal12@gmail.com www.saharainsurancegroup.ca

Maple
DENTAL CLINIC
ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।
Cosmetic and preventive Dentistry including:
Cleaning
Invisalign
Fillings
Root Canals
TMJ
Crowns & Bridges
Partial & Full Dentures
Sports & Night Guards
Teeth Whitening
Extractions
Take Home Whitening Kits
with new patient exams & cleaning !
Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm

Dr. Sandeep Dhaliwal
DMD
4444-36 Ave NW Edmonton, AB T6L 3S1
780-440-5001
www. mapledentalclinic.ca
Email : mapledent@shaw.ca

## ਅਲਬਰਟਾ ਵਿਧਾਨ ਸਭਾ 'ਚ ਬਿਲ 45 ਤੇ 46 ਪਾਸ

# ਮੰਤਰੀਆਂ ਤੇ ਵਿਧਾਇਕਾਂ ਦੀਆਂ ਤਨਖ਼ਾਹਾਂ ਦੀ ਕਟੌਤੀ ਦੇ ਬਹਾਨੇ ਮੁਲਾਜ਼ਮਾਂ ਨੂੰ ਰਗੜੇ

### ਅਲਬਰਟਾ ਸਰਕਾਰ ਵਲੋਂ ਮੁਲਾਜ਼ਮਾਂ, ਮੰਤਰੀਆਂ ਤੇ ਵਿਧਾਇਕਾਂ ਦੀਆਂ ਤਨਖ਼ਾਹਾਂ ਵਿਚ ਵਾਧੇ 'ਤੇ ਰੋਕ

ਐਡਮਿੰਟਨ (ਨਦਬ) : ਅਲਬਰਟਾ ਸਰਕਾਰ ਨੇ ਬੀਤੇ ਦਿਨੀਂ ਵਿਧਾਨ ਸਭਾ 'ਚ ਵੋਟਾਂ ਪਾ ਕੇ ਮੰਤਰੀਆਂ ਅਤੇ ਵਿਧਾਇਕਾਂ ਦੀ ਤਨਖ਼ਾਹ ਵਧਾਉਣ 'ਤੇ ਰੋਕ ਲਾ ਦਿੱਤੀ ਹੈ। ਸਰਕਾਰ ਵਲੋਂ ਇਹ ਕਦਮ ਸੂਬੇ ਦੀ ਸਭ ਤੋਂ ਵੱਡੀ ਵਰਕਰ ਯੂਨੀਅਨ ਅਲਬਰਟਾ ਯੂਨੀਅਨ ਆਫ਼ ਪ੍ਰੋਵਿੰਸ਼ੀਅਲ ਇੰਪਲਾਈਜ਼ (ਏ.ਯੂ.ਪੀ.ਈ.) ਦੇ 21,000 ਤੋਂ ਵੱਧ ਜਨਤਕ ਖੇਤਰ ਦੇ ਕਾਮਿਆਂ ਵਲੋਂ ਵਿਧਾਇਕਾਂ ਦੀਆਂ ਤਨਖ਼ਾਹਾਂ ਵਿਚ ਵਾਧੇ ਦਾ ਸਖ਼ਤ ਵਿਰੋਧ ਕਰਨ ਲਈ ਵਿਧਾਨ ਸਭਾ 'ਚ ਕੀਤੀਆਂ ਜਾ ਰਹੀਆਂ ਰੈਲੀਆਂ ਕਾਰਨ ਦਬਾਅ ਹੇਠ ਆ ਕੇ ਚੁੱਕਣਾ ਪਿਆ ਹੈ। ਮੁਲਾਜ਼ਮਾਂ ਦੇ ਇਸ ਦਬਾਅ ਅੱਗੇ ਝੁਕਦਿਆਂ ਵਿਧਾਨ ਸਭਾ 'ਚ ਮੈਂਬਰਜ਼ ਸਰਵਿਸ ਕਮੇਟੀ ਦਾ ਫ਼ੈਸਲਾ ਪਾਸ ਕਰ ਕੇ ਵਿਧਾਇਕਾਂ ਦੀਆਂ ਤਨਖ਼ਾਹਾਂ 'ਚ ਵਾਧੇ ਉਪਰ 31 ਮਾਰਚ 2017 ਤਕ ਪੂਰਨ ਤੌਰ 'ਤੇ ਰੋਕ ਲਾ ਦਿੱਤੀ ਗਈ। ਵਿਧਾਇਕਾਂ ਦੀਆਂ ਤਨਖ਼ਾਹਾਂ ਦੀ ਮੌਜੂਦਾ ਦਰ 156,311 ਡਾਲਰ, ਕੈਬਨਿਟ ਮੰਤਰੀਆਂ ਲਈ 234,467 ਡਾਲਰ ਅਤੇ ਪ੍ਰੀਮੀਅਰ ਐਲੀਸਨ ਰੈਡਫੋਰਡ ਦੀ ਤਨਖ਼ਾਹ 240,061 ਡਾਲਰ ਹੈ। ਮੰਤਰੀਆਂ ਤੇ ਵਿਧਾਇਕਾਂ ਦੀਆਂ ਤਨਖ਼ਾਹਾਂ ਦੀ ਕਟੌਤੀ ਦੇ ਬਹਾਨੇ ਅਲਬਰਟਾ ਦੀ ਮੌਜੂਦਾ ਸਰਕਾਰ ਮੁਲਾਜ਼ਮਾਂ ਨੂੰ ਰਗੜ ਕੇ ਰੱਖ ਦਿੱਤਾ ਹੈ। ਏਸ ਦੇ ਵਿਰੋਧ ਵਿਚ ਅਲਬਰਟਾ ਦੀਆਂ ਵੱਖ-ਵੱਖ ਯੂਨੀਅਨਾਂ ਵਲੋਂ ਰੋਸ ਪ੍ਰਦਰਸ਼ਨ ਅਤੇ ਜਨਹਿਤ ਪਟੀਸ਼ਨਾਂ ਦਾਇਰ ਕੀਤੀਆਂ ਜਾ ਰਹੀਆਂ ਹਨ।



''ਮੈਂ ਬਹੁਤ ਖ਼ੁਸ਼ ਹਾਂ ਕਿ ਕਮੇਟੀ ਵਲੋਂ ਇਹ ਮਤਾ ਮਨਜ਼ੂਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਵਿਧਾਇਕਾਂ ਦੀਆਂ ਤਨਖ਼ਾਹਾਂ 'ਚ ਵਾਧੇ ਉਪਰ ਕਈ ਸਾਲਾਂ ਤਕ ਰੋਕ ਲਾਉਣਾ, ਡਾਕਟਰਾਂ ਤੇ ਅਧਿਆਪਕਾਂ ਨਾਲ ਤਨਖ਼ਾਹਾਂ 'ਤੇ ਰੋਕ ਲਾਉਣ ਸਬੰਧੀ ਕੀਤੇ ਗਏ ਸਮਝੌਤੇ ਵਰਗਾ ਹੀ ਹੈ, ਜਿਸ ਵਿਚ ਉਨ੍ਹਾਂ ਦੀਆਂ ਤਨਖ਼ਾਹਾਂ 'ਚ ਵਾਧੇ ਉਪਰ ਤਿੰਨ ਸਾਲ ਲਈ ਰੋਕ ਲਾਈ ਗਈ ਹੈ ਜਦੋਂਕਿ ਡਾਕਟਰਾਂ ਤੇ ਅਧਿਆਪਕਾਂ ਦੀਆਂ ਤਨਖ਼ਾਹਾਂ ਦੇਸ਼ ਦੇ ਸਾਰੇ ਕਿੱਤਾਮੁਖੀਆਂ ਨਾਲੋਂ ਜ਼ਿਆਦਾ ਹਨ।''

**– ਪ੍ਰੀਮੀਅਰ ਰੈਡਫੋਰਡ**



ਪੀ.ਸੀ. ਪਾਰਟੀ ਨੇ ਪਹਿਲਾਂ ਅਪਾਣੀਆਂ ਤਨਖ਼ਾਹਾਂ 'ਚ ਵਾਧਾ ਕੀਤਾ ਅਤੇ ਫਿਰ ਕਈ ਸਾਲਾਂ ਤਕ ਰੋਕ ਨੂੰ ਰੱਦ ਕਰ ਦਿੱਤਾ ਸੀ। ਹੁਣ ਬਜਟ ਕਾਬੂ ਤੋਂ ਬਾਹਰ ਜਾ ਰਿਹਾ ਹੈ ਤਾਂ ਉਹ ਜਨਤਕ ਖੇਤਰ ਦੀਆਂ ਤਨਖ਼ਾਹਾਂ 'ਤੇ ਰੋਕ ਲਾਉਣ ਲਈ ਜ਼ੋਰ ਪਾ ਰਹੇ ਹਨ ਅਤੇ ਆਪਣਾ ਪਹਿਲਾਂ ਵਾਲਾ ਵਤੀਰਾ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ।

**– ਡੇਨੀਅਲ ਸਮਿਥ**
**ਵਿਰੋਧੀ ਧਿਰ ਦੀ ਆਗੂ**



ਜਿਥੇ ਵਿਧਾਇਕਾਂ ਦੀਆਂ ਤਨਖ਼ਾਹਾਂ 'ਤੇ ਰੋਕ ਲਾਉਣਾ ਆਸਾਨ ਹੈ, ਉਥੇ ਹੀ ਜਨਤਕ ਖੇਤਰ ਦੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ 'ਤੇ ਰੋਕ ਲਾਉਣਾ ਕਾਫ਼ੀ ਮੁਸ਼ਕਲ ਹੈ। ''ਮੈਂ ਨਹੀਂ ਮੰਨਦਾ ਕਿ ਅਲਬਰਟਾ ਦੀ ਆਰਥਕਤਾ 'ਚ ਉਛਾਲ ਆ ਰਿਹਾ ਹੈ, ਜਦੋਂ ਕਨੇਡਾ 'ਚ ਮਹਿੰਗਾਈ ਦੀ ਦਰ ਉਚ ਪੱਧਰ 'ਤੇ ਪਹੁੰਚੀ ਹੋਈ ਹੈ ਤਾਂ ਸਾਨੂੰ ਕੰਮਕਾਜੀ ਲੋਕਾਂ ਦੇ ਜੀਵਨ ਪੱਧਰ ਨੂੰ ਘਟਾਉਣਾ ਚਾਹੀਦਾ ਹੈ।

**– ਬਰਾਇਨ ਮੇਸਨ**
**ਐਨ.ਡੀ.ਪੀ. ਦੇ ਆਗੂ**



''ਇਹ ਚੀਜ਼ ਹੈ, ਜਿਸ ਬਾਰੇ ਅਸੀਂ ਜਾਣਦੇ ਹਾਂ ਕਿ ਕਿਵੇਂ ਕਰਨੀ ਹੈ। ਮੇਰਾ ਸਮਝੌਤੇ ਦੇ ਯਤਨਾਂ ਬਾਰੇ ਪੱਕਾ ਵਿਸ਼ਵਾਸ ਹੈ ਕਿ ਭਾਵੇਂ ਕਿ ਉਨ੍ਹਾਂ ਦਾ ਕੋਈ ਮਨੋਰਥ ਨਹੀਂ ਹੋ ਸਕਦਾ ਕਿਉਂਕਿ ਉਨ੍ਹਾਂ ਦਾ ਮਤਲਬ ਸੁਲਾਹ ਕਰਨਾ ਹੈ, ਇਹ ਹਮੇਸ਼ਾ ਸਮਝੌਤੇ ਦਾ ਵਿਰੋਧ ਕਰਨ ਨਾਲੋਂ ਵਧੀਆ ਹੈ।''

**– ਥਾਮਸ ਲੁਕਾਸਜ਼ੁਕ**
**ਡਿਪਟੀ ਪ੍ਰੀਮੀਅਰ**



ਤਨਖ਼ਾਹਾਂ 'ਤੇ ਰੋਕ ਲਾਉਣਾ ਵਿਧਾਇਕਾਂ ਵਲੋਂ ਆਪਣੇ ਹਿੱਤਾਂ ਦੀ ਪੂਰਤੀ ਕਰਨ ਦਾ ਵਿਰੋਧ ਕਰਨਾ ਹੈ। ਰੈਡਫੋਰਡ ਦੀ ਪਾਰਟੀ ਨੂੰ ਵਿਧਾਇਕਾਂ ਦੀਆਂ ਤਨਖ਼ਾਹਾਂ 'ਤੇ ਸਿਆਸਤ ਬੰਦ ਕਰਨੀ ਚਾਹੀਦੀ ਹੈ ਅਤੇ ਪਹਿਲੀ ਕਤਾਰ ਦੇ ਕਾਮਿਆਂ 'ਤੇ ਹਾਵੀ ਹੋਣ ਲਈ ਇਸ ਨੂੰ ਬਹਾਨਾ ਨਹੀਂ ਬਣਾਉਣਾ ਚਾਹੀਦਾ।

**– ਰਾਜ ਸ਼ਰਮਨ**
**ਲਿਬਰਲ ਪਾਰਟੀ ਦੇ ਆਗੂ**

## ਕਾਲੇ ਕਾਨੂੰਨਾਂ ਨੂੰ ਚੁਣੌਤੀ ਦਿਆਂਗੇ



ਸੂਬਾ ਸਰਕਾਰ ਵੱਲੋਂ ਪੇਸ਼ ਕੀਤੇ ਗਏ 45 ਅਤੇ 46 ਬਿਲ ਦੀ ਅਲਬਰਟਾ ਯੂਨੀਅਨ ਆਫ਼ ਪ੍ਰੋਵਿੰਸ਼ੀਅਲ ਇੰਪਲਾਈਜ਼ (ਏਯੂਪੀਈ) ਦੇ ਪ੍ਰਧਾਨ ਗਾਏ ਸਮਿਥ ਨੇ ਤਿੱਖੀ ਨੁਕਤਾਚੀਨੀ ਕੀਤੀ। ਗਾਏ ਸਮਿਥ ਨੇ ਕਿਹਾ ਕਿ ਇਹਨਾਂ ਬਿਲਾਂ ਨੂੰ ਪੇਸ਼ ਕਰਕੇ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਮੁਢਲੇ ਅਧਿਕਾਰਾਂ ਨੂੰ ਖਾਰਜ ਕਰਨ ਦਾ ਯਤਨ ਕੀਤਾ ਗਿਆ ਹੈ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਸਰਕਾਰ ਪੂਰੀ ਤਰ੍ਹਾਂ ਚੰਮ ਦੀਆਂ ਚਲਾਉਣਾ ਚਾਹੁੰਦੀ ਹੈ।

ਸਮਿਥ ਨੇ ਕਿਹਾ ਕਿ ਜੇਕਰ ਬਿਲ 45 ਅਤੇ 46 ਦੇ ਮਾਮਲੇ ਵਿੱਚ ਵੀ ਦੇਖਿਆ ਜਾਵੇ ਤਾਂ ਮੌਜੂਦਾ ਕਾਨੂੰਨ ਤਹਿਤ ਸਾਡੇ ਮੈਂਬਰਾਂ ਕੋਲ ਇਸ ਮਸਲੇ ਨੂੰ ਹੱਲ ਕਰਨ ਲਈ ਸਿਰਫ਼ ਇੱਕ ਹੀ ਬਦਲ ਹੈ, ਉਹ ਬਦਲ ਇਹ ਹੈ ਕਿ ਕਿਸੇ ਤੀਜੀ ਧਿਰ ਦੀ ਸਾਲਸੀ ਤਹਿਤ ਇਸ ਮਸਲੇ ਦਾ ਕੋਈ ਹੱਲ ਕੱਢਿਆ ਜਾਵੇ। ਜੇਕਰ ਸਾਡੇ ਕੋਲੋਂ ਇਹ ਅਧਿਕਾਰ ਵੀ ਖੋਹ ਲਿਆ ਜਾਂਦਾ ਹੈ ਤਾਂ ਅਸੀਂ ਆਪਣੇ ਹੱਕਾਂ ਨੂੰ ਕਿਵੇਂ ਸੁਰੱਖਿਅਤ ਰੱਖ ਸਕਦੇ ਹਾਂ। ਉਹਨਾਂ ਕਿਹਾ ਕਿ ਸਾਡੇ ਮੈਂਬਰ ਪੈਨਸ਼ਨਾਂ ਵਿੱਚ ਲੱਗੇ ਕੱਟਾਂ ਅਤੇ ਵਿਭਾਗਾਂ ਵਿੱਚ ਸਟਾਫ਼ ਦੀ ਕਮੀ ਕਾਰਣ ਪਹਿਲਾਂ ਹੀ ਬਹੁਤ ਦੁਖੀ ਹਨ, ਪਰ ਹੁਣ ਸਰਕਾਰ ਨੇ ਸਾਲਸੀ ਦੇ ਅਧਿਕਾਰ ਨੂੰ ਵੀ ਖਾਰਜ ਕਰਨ ਦੀ ਤਿਆਰੀ ਕਰ ਲਈ ਹੈ।

ਜੇਕਰ ਬਿਲ 45 ਤੇ 46 ਮਾਮਲੇ ਵਿੱਚ ਜੇਕਰ ਸਬੰਧਿਤ ਧਿਰਾਂ 31 ਜਨਵਰੀ ਤੱਕ ਕਿਸੇ ਸਿੱਟੇ 'ਤੇ ਨਹੀਂ ਪੁੱਜਦੀਆਂ ਤਾਂ ਸਰਕਾਰ ਵੱਲੋਂ ਏ.ਯੂ.ਪੀ.ਈ. ਨੂੰ ਪਿਛਲੇ ਦਿਨੀਂ ਜੋ ਆਖ਼ਰੀ ਪੇਸ਼ਕਸ਼ ਕੀਤੀ ਗਈ ਸੀ, ਉਸ ਪੇਸ਼ਕਸ਼ ਨੂੰ ਲਾਗੂ ਕੀਤਾ ਜਾਵੇਗਾ। ਇਸ ਤਹਿਤ ਤਨਖ਼ਾਹਾਂ ਦੀ ਤਰਤੀਬ 0%, 0%, 1% ਅਤੇ 1% ਤੇ 875 ਡਾਲਰ ਦੂਜੇ ਸਾਲ ਲਈ ਉੱਕਾ-ਪੁੱਕਾ ਤਹਿ ਕੀਤੀ ਜਾਵੇਗੀ।

ਸਮਿਥ ਨੇ ਕਿਹਾ ਕਿ 2013 ਦੇ ਬਜਟ ਵਿੱਚ ਸਰਕਾਰ ਵੱਲੋਂ ਤਹਿ ਕੀਤਾ ਗਿਆ ਹੈ ਕਿ ਅਲਬਰਟਾ ਵਾਸੀਆਂ ਲਈ ਆਮ ਤਨਖ਼ਾਹਾਂ ਵਿੱਚ ਆਉਂਦੇ ਤਿੰਨ ਸਾਲਾਂ ਵਿੱਚ 10 ਪ੍ਰਤੀਸ਼ਤ ਤੋਂ ਵੱਧ ਵਾਧਾ ਨਹੀਂ ਕੀਤਾ ਜਾਵੇਗਾ। ਜਦਕਿ ਪਿਛਲੇ ਦਿਨੀਂ ਸਰਕਾਰ ਵੱਲੋਂ ਬਿਲ 45 ਅਤੇ 46 ਨੂੰ ਲੈ ਕੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਗਈ ਸੀ ਕਿ ਜੇਕਰ ਕੋਈ ਤੀਸਰੀ ਧਿਰ ਦੋਹਾਂ ਧਿਰਾਂ ਵਿੱਚ ਸਾਲਸੀ ਕਰਕੇ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਦੋਹੇ ਧਿਰਾਂ ਦੀ ਸਹਿਮਤੀ ਵਾਲਾ ਸਮਝੌਤਾ ਪੇਸ਼ ਕਰਦੀ ਹੈ, ਤਾਂ ਉਸਨੂੰ ਮਨਜ਼ੂਰ ਕਰ ਲਿਆ ਜਾਵੇਗਾ। ਸਾਲਸੀ ਲਈ ਸਰਕਾਰ ਵੱਲੋਂ 3, 4, 18 ਅਤੇ 27 ਫਰਵਰੀ ਦੀਆਂ ਤਰੀਕਾਂ ਤਹਿ ਕੀਤੀਆਂ ਗਈਆਂ ਸਨ। ਬਿਲ 46 ਤਹਿਤ ਪਬਲਿਕ ਸਰਵਿਸ ਰਿਲੇਸ਼ਨ ਐਕਟ ਦੀਆਂ ਕਈ ਮਦਾਂ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਰਕਾਰ ਵੱਲੋਂ ਬਿਲ 45 ਤਹਿਤ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਜੇਕਰ ਕੋਈ ਯੂਨੀਅਨ ਗੈਰ ਕਾਨੂੰਨੀ ਹੜਤਾਲ ਕਰਦੀ ਹੈ ਜਾਂ ਫਿਰ ਹੜਤਾਲ ਕਰਨ ਦੀ ਧਮਕੀ ਦਿੰਦੀ ਹੈ ਤਾਂ ਉਸਨੂੰ ਪ੍ਰਤੀ ਦਿਨ ਦਸ ਲੱਖ ਡਾਲਰ ਦਾ ਜ਼ੁਰਮਾਨਾ ਭਰਨਾ ਪੈ ਸਕਦਾ ਹੈ। ਇਹੀ ਨਹੀਂ ਇਸਦੇ ਨਾਲ ਨਿਸਚਿਤ ਸਮੇਂ ਲਈ ਉਹਨਾਂ ਦੇ ਆਰਥਕ ਸੋਮਿਆਂ 'ਤੇ ਵੀ ਕੱਟ ਲੱਗੇਗਾ।

ਗਾਏ ਸਮਿਥ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਅਲਬਰਟਾ ਯੂਨੀਅਨ ਆਫ਼ ਪ੍ਰੋਵਿੰਸ਼ੀਅਲ ਇੰਪਲਾਈਜ਼ (ਏਯੂਪੀਈ) ਵੱਲੋਂ ਅਲਬਰਟਾ ਦੇ ਲੇਬਰ ਰਿਲੇਸ਼ਨ ਬੋਰਡ ਵਿੱਚ ਆਪਣੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਸਮਿਥ ਨੇ ਕਿਹਾ ਕਿ ਇਸ ਕਾਲੇ ਕਾਨੂੰਨ ਨੂੰ ਅਸੀਂ ਸਾਰੀਆਂ ਸੰਵਿਧਾਨਿਕ ਸੰਸਥਾਵਾਂ ਵਿੱਚ ਚੁਣੌਤੀ ਦਿਆਂਗੇ। ਇਸ ਕਾਨੂੰਨ ਨੂੰ ਚੁਣੌਤੀ ਦੇਣ ਦੀ ਪਹਿਲ ਅਲਬਰਟਾ ਦੇ ਲੇਬਰ ਰਿਲੇਸ਼ਨ ਬੋਰਡ ਤੋਂ ਕੀਤੀ ਗਈ ਹੈ। ਇਸ ਤੋਂ ਬਾਅਦ ਇਸ ਕਾਨੂੰਨ ਨੂੰ ਯੂਨੀਅਨ ਮੈਂਬਰਜ਼ ਚਾਰਟਰ ਅਧਿਕਾਰਾਂ ਦੀ ਉਲੰਘਣਾ ਤਹਿਤ ਕੁਈਨ ਬੈਂਚ ਦੀ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਵੇਗੀ। ਜੇਕਰ ਸਾਨੂੰ ਇੱਥੇ ਵੀ ਇਨਸਾਫ਼ ਨਹੀਂ ਮਿਲਿਆ ਤਾਂ ਅਸੀਂ ਯੂਨਾਈਟਡ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ ਕੋਲ ਆਪਣੀ ਸ਼ਿਕਾਇਤ ਦਰਜ ਕਰਾਵਾਂਗੇ, ਕਿਉਂਕਿ ਇਸ ਬਿਲ ਵਿੱਚ ਅੰਤਰਰਾਸ਼ਟਰੀ ਕਾਨੂੰਨ ਫਰੀਡਮ ਆਫ਼ ਐਸੋਸੀਏਸ਼ਨ ਐਂਡ ਆਰਗੇਨਾਈਜ ਕਨਵੈਨਸ਼ਨ,1948 ਦੀ ਵੀ ਉਲੰਘਣਾ ਕੀਤੀ ਗਈ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਅੰਤਰਰਾਸ਼ਟਰੀ ਕਾਨੂੰਨ ਹਨ ਜਿਨ੍ਹਾਂ ਦੀ ਇਸ ਬਿਲ ਵਿੱਚ ਉਲੰਘਣਾ ਹੋਈ ਹੈ।

ਸਮਿਥ ਨੇ ਕਿਹਾ ਕਿ ਬਿਲ 45 ਤੇ 46 ਸਿੱਧੇ ਤੌਰ 'ਤੇ 21600 ਮੁਲਾਜ਼ਮਾਂ ਨੂੰ ਪ੍ਰਭਾਵਤ ਕਰੇਗਾ।

ਗਾਏ ਸਮਿਥ
ਪ੍ਰਧਾਨ, ਅਲਬਰਟਾ ਯੂਨੀਅਨ ਆਫ਼ ਪ੍ਰੋਵਿੰਸ਼ੀਅਲ ਇੰਪਲਾਈਜ਼ (ਏਯੂਪੀਈ)




## ਮੁਲਾਜ਼ਮਾਂ ਦੀਆਂ ਤਨਖ਼ਾਹਾਂ 'ਚ ਵਾਧੇ 'ਤੇ ਰੋਕ ਦਾ ਤਿੱਖਾ ਵਿਰੋਧ

ਐਡਮਿੰਟਨ (ਨਦਬ) : ਅਲਬਰਟਾ ਸੂਬਾਈ ਯੂਨੀਅਨਾਂ ਦੇ ਮੈਂਬਰਾਂ ਵਲੋਂ ਅਲਬਰਟਾ ਸਰਕਾਰ ਵਲੋਂ ਲਿਆਂਦੇ ਗਏ ਨਵੇਂ ਮਾੜੇ ਇਰਾਦੇ ਵਾਲੇ ਕਾਨੂੰਨਾਂ, ਜਿਨ੍ਹਾਂ ਅਨੁਸਾਰ ਯੂਨੀਅਨਾਂ ਨਾਲ ਸਬੰਧਤ ਜਨਤਕ ਸੇਵਕਾਂ ਦੀਆਂ ਉਜਰਤਾਂ 'ਤੇ ਰੋਕ ਲਾਉਣ ਅਤੇ ਗ਼ੈਰ-ਕਾਨੂੰਨੀ ਹੜਤਾਲਾਂ ਕਰਨ 'ਤੇ ਵੱਡੇ ਜੁਰਮਾਨੇ ਠੋਕਣ ਦੀਆਂ ਮੱਦਾਂ ਸ਼ਾਮਲ ਹਨ, ਵਿਰੁੱਧ ਅਲਬਰਟਾ ਵਿਧਾਨ ਸਭਾ 'ਚ ਤੂਫ਼ਾਨ ਖੜਾ ਕੀਤਾ ਗਿਆ। 150 ਦੇ ਕਰੀਬ ਯੂਨੀਅਨਾਂ ਨਾਲ ਸਬੰਧਤ ਪ੍ਰਦਰਸ਼ਨਕਾਰੀਆਂ ਨੇ ਵੱਡੀ ਪੱਧਰ 'ਤੇ ਵਿਧਾਨ ਸਭਾ ਦੇ ਅੰਦਰ ਰੋਸ ਪ੍ਰਦਰਸ਼ਨ ਕੀਤਾ ਅਤੇ ਬਿੱਲ 45 ਤੇ 46 ਨੂੰ ਤੁਰੰਤ ਵਾਪਿਸ ਲੈਣ ਦੀ ਮੰਗ ਕੀਤੀ।

ਪ੍ਰਦਰਸ਼ਨਕਾਰੀ ਮੀਡੀਆ ਰੂਮ ਤੋਂ ਉਪਰਲੀ ਮੰਜ਼ਿਲ 'ਚ ਇਕੱਠੇ ਹੋ ਕੇ ਪ੍ਰਦਰਸ਼ਨ ਕਰ ਰਹੇ ਸਨ, ਜਦੋਂ ਕਿ ਮੀਡੀਆ ਰੂਮ 'ਚ ਵਿੱਤ ਮੰਤਰੀ ਡੋਗ ਹੋਰਨਰ ਤੇ ਪ੍ਰੋਗਰੈਸਿਵ ਕੰਜ਼ਰਵੇਟਿਵ ਹਾਊਸ ਲੀਡਰ ਡੇਵ ਹੈਨਕੌਕ ਮੀਡੀਆ ਨੂੰ ਦੋਵਾਂ ਵਿਵਾਦਪੂਰਨ ਬਿੱਲਾਂ ਬਾਰੇ ਜਾਣਕਾਰੀ ਦੇ ਰਹੇ ਹਨ।

ਵਰਨਣਯੋਗ ਹੈ ਕਿ ਸਰਕਾਰ ਵਲੋਂ ਲਿਆਂਦਾ ਗਿਆ ਬਿਲ 46 ਜਨਤਕ ਸੇਵਾ ਤਨਖ਼ਾਹ ਰੋਕੂ ਐਕਟ ਅਲਬਰਟਾ ਯੂਨੀਅਨ ਆਫ਼ ਪ੍ਰੋਵਿੰਸ਼ੀਅਲ ਇੰਪਲਾਈਜ਼ ਨੂੰ ਮਜਬੂਰ ਕਰੇਗਾ ਕਿ ਉਹ ਤਨਖ਼ਾਹਾਂ ਬਾਰੇ ਸਮਝੌਤੇ ਕਰਨ ਵੇਲੇ ਸੌਦੇਬਾਜ਼ੀ ਕਰਨ ਜਾਂ ਸਾਲ 2013-14 ਦੌਰਾਨ ਆਪਣੇ 21,642 ਮੈਂਬਰਾਂ ਦੀਆਂ ਤਨਖ਼ਾਹਾਂ ਵਿਚ ਜ਼ੀਰੋ ਫ਼ੀਸਦੀ ਦਾ ਵਾਧਾ ਸਵੀਕਾਰਨ, ਜਿਸ ਨਾਲ ਸਰਕਾਰ ਨੂੰ ਸੰਤੁਲਤ ਬਜਟ ਤਕ ਪਹੁੰਚਣ 'ਚ ਮਦਦ ਮਿਲੇ।

ਵਿੱਤ ਮੰਤਰੀ ਹੌਰਨਰ ਨੇ ਕਿਹਾ ਕਿ ਅਸੀਂ ਜਨਤਕ ਖੇਤਰ ਦੀਆਂ ਯੂਨੀਅਨਾਂ ਨੂੰ ਪੂਰੀ ਤਰ੍ਹਾਂ ਸਾਫ਼ ਕਰ ਚੁੱਕੇ ਹਾਂ, ਜਿਨ੍ਹਾਂ 'ਚ ਏ.ਯੂ.ਪੀ.ਈ ਵੀ ਸ਼ਾਮਲ ਹੈ ਕਿ ਸਾਨੂੰ ਤਨਖ਼ਾਹਾਂ 'ਤੇ ਲਕੀਰ ਖਿੱਚਣ ਦੀ ਲੋੜ ਹੈ। ਅਸੀਂ ਚਾਹੁੰਦੇ ਹਾਂ ਕਿ ਲੰਮੇ ਸਮੇਂ ਦਾ ਸਮਝੌਤਾ ਕੀਤਾ ਜਾਵੇ ਜਿਹੜਾ ਸਾਡੇ ਵਰਕਰਾਂ ਲਈ ਵੀ ਲਾਹੇਵੰਦ ਹੋਵੇ ਅਤੇ ਸਾਨੂੰ ਵੀ ਇਹ ਆਗਿਆ ਦੇਵੇ ਕਿ ਅਸੀਂ ਆਪਣੇ ਸਾਧਨਾਂ ਨਾਲ ਗੁਜ਼ਾਰਾ ਕਰ ਸਕੀਏ, ਜਿਵੇਂ ਕਿ ਅਸੀਂ ਆਪਣੇ ਡਾਕਟਰਾਂ ਤੇ ਅਧਿਆਪਕਾਂ ਨਾਲ ਕੀਤਾ ਹੈ। ਹੌਰਨਰ ਨੇ ਕਿਹਾ ਕਿ ਏ.ਯੂ.ਪੀ.ਈ. ਨਾਲ ਤਨਖ਼ਾਹ ਸਮਝੌਤੇ ਬਾਰੇ ਯਤਨ ਉਦੋਂ ਸ਼ੁਰੂ ਹੋ ਗਏ ਸਨ, ਜਦੋਂ ਮਾਰਚ ਵਿਚ ਸਾਂਝਾ ਸਮਝੌਤਾ ਖ਼ਤਮ ਹੋ ਗਿਆ ਸੀ ਪਰ ਜਦੋਂ ਏ.ਯੂ.ਪੀ.ਈ. ਨੇ ਸਾਲਸੀ ਲਈ ਅਰਜ਼ੀ ਦਿੱਤੀ ਸੀ ਤਾਂ ਉਹ 12 ਦਿਨ ਟਾਲ ਦਿੱਤੀ ਗਈ ਸੀ।

ਬਿਲ-46 ਅਨੁਸਾਰ ਸਾਲਸੀ ਦੀ ਪ੍ਰਕਿਰਿਆ ਖ਼ਤਮ ਕਰ ਦਿੱਤੀ ਹੈ, ਜਿਸ ਤਹਿਤ ਸੁਤੰਤਰ ਤੀਜੀ ਧਿਰ ਸਰਕਾਰ ਤੇ ਏ.ਯੂ.ਪੀ.ਈ. ਵਿਚਾਲੇ ਸਮਝੌਤਾ ਕਰਵਾਉਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ ਅਤੇ ਇਸ ਤੋਂ ਇਲਾਵਾ ਵਿਧਾਨ ਸਭ ਦੀਆਂ ਸਮਝੋਤੇ ਬਾਰੇ ਆਪਣੀਆਂ ਸ਼ਰਤਾਂ ਹੁੰਦੀਆਂ ਹਨ। ਬਿੱਲ-45 ਜਨਤਕ ਖੇਤਰ ਸੇਵਾਵਾਂ ਨਿਰੰਤਰ ਸੇਵਾਵਾਂ ਐਕਟ ਅਨੁਸਾਰ ਗ਼ੈਰ-ਕਾਨੂੰਨੀ ਹੜਤਾਲਾਂ ਕਰਨ ਵਾਲੀਆਂ ਯੂਨੀਅਨਾਂ ਨੂੰ ਹੜਤਾਲ ਦੇ ਦਿਨਾਂ 'ਚ ਪ੍ਰਤੀ ਦਿਨ ਇੱਕ ਮਿਲੀਅਨ ਡਾਲਰ ਦਾ ਜੁਰਮਾਨਾ ਲਾਇਆ ਜਾ ਸਕਦਾ ਹੈ।

# ਮਨਮੀਤ ਭੁੱਲਰ ਨੂੰ ਅਹਿਮ ਮੰਤਰਾਲਾ ਮਨੁੱਖੀ ਸੇਵਾਵਾਂ ਸੌਂਪਿਆ



ਕੈਲਗਰੀ (ਨਦਬ) : ਮਨਮੀਤ ਸਿੰਘ ਭੁੱਲਰ ਨੂੰ ਪ੍ਰੀਮੀਅਰ ਐਲੀਸਨ ਰੈੱਡਫੋਰਡ ਨੇ ਤਰੱਕੀ ਦੇ ਕੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਦਾ ਕੰਮਕਾਜ ਸੌਂਪ ਦਿੱਤਾ ਹੈ। ਪਹਿਲਾਂ ਉਹ ਸਰਵਿਸਿਜ਼ ਮੰਤਰੀ ਸਨ, ਜਿੱਥੇ ਉਨ੍ਹਾਂ ਨੇ ਪੂਰੀ ਲਗਨ ਤੇ ਮਿਹਨਤ ਨਾਲ ਕੰਮ ਕੀਤਾ, ਨਵੇਂ ਮੰਤਰਾਲੇ ਦਾ ਘੇਰਾ ਬਹੁਤ ਵਿਸ਼ਾਲ ਹੈ ਤੇ ਇਸ ਤਹਿਤ ਸਮਾਜਕ ਮੁੱਦੇ ਆਉਂਦੇ ਹਨ। ਇਹ ਮੁੱਦੇ ਬੱਚੇ, ਪਰਿਵਾਰ ਤੇ ਬੇਘਰਿਆਂ ਨਾਲ ਸਬੰਧਤ ਹਨ ਨਵਾਂ ਵਿਭਾਗ ਮਿਲਣ ਉਪਰੰਤ ਮਨਮੀਤ ਭੁੱਲਰ ਨੇ ਕਿਹਾ ਕਿ ਰੈੱਡਫੋਰਡ ਵੱਲੋਂ ਸੌਂਪੀ ਗਈ ਨਵੀਂ ਜ਼ਿੰਮੇਵਾਰੀ ਤੋਂ ਉਹ ਬੇਹੱਦ ਖੁਸ਼ ਹਨ ਅਤੇ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ। ਸ: ਭੁੱਲਰ ਨੇ ਕਿਹਾ ਕਿ ਉਨ੍ਹਾਂ ਨੂੰ ਅਲਬਰਟਾ ਦੇ ਲੋੜਵੰਦਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ। ਮਨੁੱਖੀ ਸੇਵਾਵਾਂ ਦੇ ਖੇਤਰ ਵਿਚ ਅਸੀਂ ਪ੍ਰਗਤੀ ਕੀਤੀ ਹੈ ਤੇ ਮੈਂ ਉਸ ਪ੍ਰਗਤੀ ਨੂੰ ਅੱਗੇ ਲੈ ਕੇ ਜਾਵਾਂਗਾ। ਨਵੀਂ ਜ਼ਿੰਮੇਵਾਰੀ ਤਹਿਤ ਸ: ਭੁੱਲਰ ਆਪਣੇ ਦੋ ਮੰਤਰੀ ਸਾਥੀਆਂ ਨਰੇਸ਼ ਭਾਰਦਵਾਜ ਤੇ ਸਾਂਡਰਾ ਜੈਨਸਨ ਨਾਲ ਮਿਲ ਕੇ ਕੰਮ ਕਰਨਗੇ।

# ਨਰੇਸ਼ ਭਾਰਦਵਾਜ ਅਲਬਰਟਾ ਦੇ ਰਾਜ ਮੰਤਰੀ ਬਣੇ



ਐਡਮਿੰਟਨ (ਨਦਬ)-ਅਲਬਰਟਾ ਦੀ ਪ੍ਰੀਮੀਅਰ ਐਲੀਸ਼ਨ ਰੈਡਫੋਰਡ ਵੱਲੋਂ ਆਪਣੇ ਮੰਤਰੀ ਮੰਡਲ ਵਿਚ ਰੱਦੋਬਦਲ ਕਰਦਿਆਂ ਸਥਾਨਕ ਹਲਕਾ ਅਲੈਰਸਰੀ ਤੋਂ ਪੰਜਾਬੀ ਮੂਲ ਦੇ ਵਿਧਾਇਕ ਨਰੇਸ਼ ਭਾਰਦਵਾਜ ਨੂੰ ਪਰਸਨਜ਼ ਡਿਸੇਬਿਲਟੀ ਵਿਭਾਗ ਦਾ ਰਾਜ ਮੰਤਰੀ ਬਣਾਇਆ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਜਲੰਧਰ 'ਚ ਪੈਂਦੇ ਪਿੰਡ ਪੰਡੋਰੀ ਨਿੱਝਰਾਂ ਦੇ ਜੰਮਪਲ ਸ੍ਰੀ ਭਾਰਦਵਾਜ 1976 'ਚ ਕੈਨੇਡਾ ਆਏ ਅਤੇ ਕਿੱਤੇ ਵਜੋਂ ਮਕੈਨਿਕ ਅਤੇ ਅਧਿਆਪਕ ਰਹਿ ਚੁੱਕੇ ਹਨ। ਐਡਮਿੰਟਨ ਦੀਆਂ ਵੱਖ-ਵੱਖ ਸੰਸਥਾਵਾਂ ਨਾਲ ਜੁੜ ਕੇ ਕੰਮ ਕਰਨ ਦੇ ਲੰਬੇ ਤਜਰਬੇ ਨੇ ਇਨ੍ਹਾਂ ਨੂੰ ਸਿਆਸਤ ਵਿਚ ਆਉਣ ਦਾ ਰਾਹ ਦਿਖਾਇਆ। ਆਪਣੀ ਮਿਹਨਤ ਤੇ ਲਗਨ ਦੇ ਬਲਬੂਤੇ 'ਤੇ ਨਰੇਸ਼ ਇਸ ਹਲਕੇ ਤੋਂ 2012 ਵਿਚ ਦੂਸਰੀ ਵਾਰ ਵਿਧਾਇਕ ਬਣ ਕੇ ਕੈਪੀਟਲ ਰੀਜਨ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਅਤੇ 2008 ਵਿਚ ਸਿਹਤ ਵਿਭਾਗ ਦੇ ਪਾਰਲੀਮਾਨੀ ਸਕੱਤਰ ਵੀ ਰਹਿ ਚੁੱਕੇ ਹਨ। ਨਰੇਸ਼ ਭਾਰਦਵਾਜ ਨੇ ਪ੍ਰੀਮੀਅਰ ਐਲੀਸ਼ਨ ਰੈਡਫੋਰਡ ਦਾ ਧੰਨਵਾਦ ਕੀਤਾ ਅਤੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਵਚਨਬੱਧਤਾ ਪ੍ਰਗਟਾਈ।

# ਪਾਕਿਸਤਾਨ ਕਨੇਡਾ ਐਸੋਸੀਏਸ਼ਨ ਆਫ਼ ਐਡਮਿੰਟਨ ਦੀ ਚੋਣ

## ਤਾਰਿਕ ਚੌਧਰੀ 75 ਫ਼ੀਸਦੀ ਵੋਟਾਂ ਲੈ ਕੇ ਪ੍ਰਧਾਨ ਬਣੇ



ਐਡਮਿੰਟਨ (ਨਦਬ) : ਪਾਕਿਸਤਾਨ ਕਨੇਡਾ ਐਸੋਸੀਏਸ਼ਨ ਆਫ਼ ਐਡਮਿੰਟਨ ਦੀਆਂ ਹੋਈਆਂ ਚੋਣਾਂ ਵਿਚ ਜੀਵੇ ਪਾਕਿਸਤਾਨ ਟੀਮ ਵੱਲੋਂ ਤਾਰਿਕ ਚੌਧਰੀ 75 ਫ਼ੀਸਦੀ ਵੋਟਾਂ ਲੈ ਕੇ ਭਾਰੀ ਬਹੁਮਤ ਨਾਲ ਚੋਣ ਜਿੱਤ ਗਏ। ਇਸੇ ਤਰ੍ਹਾਂ ਕ੍ਰਮਵਾਰ ਅਹਿਮਦ ਮੱਲੀ ਮੀਤ ਪ੍ਰਧਾਨ ਅਤੇ ਇਕਬਾਲ ਹਸਨ ਜਨਰਲ ਸਕੱਤਰ ਚੁਣੇ ਗਏ। ਤਾਰਿਕ ਚੌਧਰੀ ਨੇ ਪ੍ਰਧਾਨ ਚੁਣੇ ਜਾਣ ਉਪਰ ਗੱਲਬਾਤ ਦੌਰਾਨ ਕਿਹਾ ਕਿ ਭਾਈਚਾਰੇ ਨੇ ਮੇਰੇ 'ਤੇ ਵਿਸ਼ਵਾਸ ਕਰ ਕੇ ਮੈਨੂੰ ਬਹੁਤ ਜ਼ਿਆਦਾ ਗਿਣਤੀ ਵਿਚ ਵੋਟਾਂ ਪਾ ਕੇ ਜਿਤਾਇਆ ਹੈ, ਮੈਂ ਸਾਰਿਆਂ ਦਾ ਧੰਨਵਾਦੀ ਹਾਂ ਅਤੇ ਸਾਰਿਆਂ ਦੀ ਆਸ ਅਨੁਸਾਰ ਐਸੋਸੀਏਸ਼ਨ ਲਈ ਕੰਮ ਕਰਦਾ ਰਹਾਂਗਾ। ਚੋਣਾਂ ਦੇ ਨਤੀਜਿਆਂ ਉਪਰੰਤ ਟੀਮ ਜੀਵੇ ਪਾਕਿਸਤਾਨ ਦੇ ਬਾਕੀ ਨੌਂ ਮੈਂਬਰ ਬਿਨਾ ਮੁਕਾਬਲੇ ਜੇਤੂ ਐਲਾਨੇ ਗਏ। ਇਸ ਸਮੇਂ ਨਵੇਂ ਚੁਣੇ ਗਏ ਪ੍ਰਧਾਨ ਤਾਰਿਕ ਚੌਧਰੀ, ਮੀਤ ਪ੍ਰਧਾਨ ਅਹਿਮਦ ਮੱਲੀ ਨੂੰ ਸਾਬਕਾ ਪ੍ਰਧਾਨ ਜ਼ਫ਼ਰ ਬੁਖਾਰੀ ਨੇ ਇਕ ਸਾਦੇ ਸਮਾਰੋਹ 'ਚ ਸਹੁੰ ਚੁਕਾਈ। ਤਾਰਿਕ ਚੌਧਰੀ ਨਾਲ 780-695-7200 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਾਲ 2014 ਦਾ ਅਪ੍ਰੈਲ ਮਹੀਨਾ ਹੋਵੇਗਾ ਸਿੱਖ ਵਿਰਾਸਤ ਮਹੀਨਾ

ਟੋਰਾਂਟੋ (ਨਦਬ) ਖਾਲਸੇ ਦੇ ਜਨਮ ਦਿਹਾੜੇ ਦੇ ਮਹੀਨੇ ਅਪਰੈਲ ਨੂੰ ਉਂਟੇਰੀਓ ਵਿੱਚ ਸਿੱਖ ਵਿਰਾਸਤ ਮਹੀਨਾ ਐਲਾਨ ਕਰਨ ਵਾਲਾ ਬਿੱਲ ਉਂਟੇਰੀਓ ਦੀ ਪਾਰਲੀਮੈਂਟ ਵਿੱਚ ਪਾਸ ਹੋ ਗਿਆ ਹੈ। ਇਸ ਸਬੰਧੀ ਤੀਜੀ ਰੀਡਿੰਗ ਪਾਰਲੀਮੈਂਟ ਵਿੱਚ ਸਰਬਸੰਮਤੀ ਨਾਲ ਪਾਸ ਹੋ ਗਈ। ਬਿੱਲ 52 ਦੇ ਨਾਮ ਨਾਲ ਜਾਣੇ ਜਾਂਦੇ ਇਸ ਬਿੱਲ ਨੂੰ ਐਨ ਡੀ ਪੀ ਦੇ ਜਗਮੀਤ ਸਿੰਘ ਨੇ ਪੇਸ਼ ਕੀਤਾ ਸੀ ਅਤੇ ਇਸ ਬਿੱਲ ਦੀ ਹਰ ਰੀਡਿੰਗ ਵਿੱਚ ਤਿੰਨੇ ਸਿਆਸੀ ਪਾਰਟੀਆਂ ਨੇ ਹਮਾਇਤ ਕੀਤੀ ਹੈ। ਬਿੱਲ ਨੂੰ ਜਲਦ ਪਾਸ ਕਰਨ ਲਈ ਵਿਸ਼ੇਸ਼ ਮੋਸ਼ਨ ਟੋਰੀ ਪਾਰਟੀ ਦੇ ਹਾਊਸ ਲੀਡਰ ਜਿਮ ਵਿਲਸਨ ਵੱਲੋਂ ਪੇਸ਼ ਕੀਤਾ ਗਿਆ।

ਪਾਰਲੀਮੈਂਟ ਦੇ ਰਿਕਾਰਡ ਵਿੱਚ ਦਰਜ਼ ਕੀਤਾ ਗਿਆ ਹੈ "ਕੈਨੇਡੀਅਨ ਸਿੱਖ 20ਵੀਂ ਸਦੀ ਦੇ ਮੱਧ ਤੋਂ ਲੈ ਕੇ ਹੁਣ ਤੱਕ ਉਂਟੇਰੀਓ ਵਿੱਚ ਵੱਸਦੇ ਆ ਰਹੇ ਹਨ ਅਤੇ ਉਹ ਇੱਕ ਵੱਡੀ ਹੋ ਰਹੀ ਅਤੇ ਸਰਗਰਮ ਕਮਿਊਨਿਟੀ ਵਜ਼ੋਂ ਸਾਹਮਣੇ ਆਏ ਹਨ। ਰਿਕਾਰਡ ਵਿੱਚ ਕਿਹਾ ਗਿਆ ਹੈ ਕਿ ਸਿੱਖਾਂ ਨੇ ਉਂਟੇਰੀਓ ਦੀ ਖੁਸ਼ਹਾਲੀ ਵਿੱਚ ਜ਼ਿਕਰਯੋਗ ਯੋਗਦਾਨ ਪਾਇਆ ਹੈ। ਅਪੈਰਲ ਸਿੱਖ ਪੰਥ ਦੀ ਸਥਾਪਨਾ ਦਾ ਮਹੀਨਾ ਹੋਣ ਕਾਰਣ ਸਿੱਖ ਭਾਈਚਾਰੇ ਲਈ ਬਹੁਤ ਅਹਿਮ ਹੈ। ਕਿਉਂਕਿ ਸਿੱਖ ਭਾਈਚਾਰੇ ਲਈ ਅਪਰੈਲ ਮਹੀਨੇ ਦੀ ਵੱਡੀ ਮਹਾਨਤਾ ਦਾ ਵਿਖਾਲਾ ਉਂਟੇਰੀਓ ਭਰ ਵਿੱਚ ਵਿਸਾਖੀ ਦੇ ਜਸ਼ਨ ਮਨਾਏ ਜਾਣ ਰਾਹੀਂ ਸਾਹਮਣਾ ਆਉਂਦਾ ਹੈ, ਇਸ ਲਈ ਅਪਰੈਲ ਮਹੀਨੇ ਨੂੰ ਸਿੱਖ ਵਿਰਾਸਤ ਮਹੀਨਾ ਐਲਾਨ ਕੀਤਾ ਜਾਂਦਾ ਹੈ"।

ਵਰਨਣਯੋਗ ਹੈ ਕਿ ਜਗਮੀਤ ਸਿੰਘ ਵੱਲੋਂ ਪੇਸ਼ ਇਸ ਬਿੱਲ ਨੂੰ ਲਿਬਰਲ ਅਤੇ ਕੰਜ਼ਰਵੇਟਿਵ ਪਾਰਟੀ ਦੀ ਹਰ ਮੋੜ ਉਤੇ ਹਮਾਇਤ ਮਿਲੀ। ਦੋ ਰੀਡਿੰਗਾਂ ਪਾਸ ਹੋਣ ਤੋਂ ਬਾਅਦ ਇਸਨੂੰ ਮਈ 2013 ਵਿੱਚ ਵਿਚਾਰ ਵਾਸਤੇ ਪਾਰਲੀਮੈਂਟ ਦੀ ਸੋਸ਼ਲ ਪਾਲਸੀ ਕਮੇਟੀ ਕੋਲ ਭੇਜ ਦਿੱਤਾ ਗਿਆ ਸੀ ਜਿੱਥੇ ਅੱਗੇ ਤੁਰਨ ਵਿੱਚ ਇਸਨੂੰ ਲੋੜੋਂ ਵੱਧ ਦੇਰ ਲੱਗੀ। ਟੋਰੀ ਪਾਰਟੀ ਦਾ ਆਖਣਾ ਹੈ ਕਿ ਜਿਮ ਵਿਲਸਨ ਨੇ ਇਹ ਮੋਸ਼ਨ ਲਿਆ ਕੇ ਲੱਗ ਰਹੀ ਦੇਰੀ ਨੂੰ ਖਤਮ ਕਰ ਦਿੱਤਾ।




ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ

780-995-4461

Emergency Service 24x7
Free Estimate with Treatment
GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

DOUBLE G HAIR SALON
MEN'S HAIR CUT $10
LADIES HAIR CUT $12
EYEBROW THREADING - FACIALWAX
78 Mandalay Drive, PH 204-633-2525

# ਕੈਲਗਰੀ ਅਤੇ ਐਡਮਿੰਟਨ ਦਰਮਿਆਨ ਤੇਜ਼ ਰਫ਼ਤਾਰ ਰੇਲ ਚਲਾਉਣ ’ਤੇ ਮੁੜ ਵਿਚਾਰਾਂ



ਐਡਮਿੰਟਨ (ਨਦਬ) ਸਰਕਾਰ ਵੱਲੋਂ ਆਪਣੀ ਰਿਪੋਰਟ ਜਾਰੀ ਕਰਨ ਤੋਂ ਕਈ ਸਾਲਾਂ ਬਾਅਦ ਇੱਕ ਵਾਰੀ ਫਿਰ ਅਲਬਰਟਾ ਤੇ ਐਡਮਿੰਟਨ ਦਰਮਿਆਨ ਤੇਜ਼ ਰਫਤਾਰ ਗੱਡੀਆਂ ਚਲਾਉਣ ਦੀ ਚਰਚਾ ਸ਼ੁਰੂ ਹੋਈ ਹੈ। ਟਰਾਂਸਪੋਰਟੇਸ਼ਨ ਮੰਤਰੀ ਰਿੱਕ ਮੈਕਾਈਵਰ ਨੇ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਸਰਕਾਰ ਹਾਈ ਸਪੀਡ ਰੇਲ ਲਾਈਨ ਉਤੇ ਖਰਚਾ ਨਹੀਂ ਕਰੇਗੀ। ਹੁਣ ਜਦੋਂ ਇਸ ਤੇਜ਼ ਰਫਤਾਰ ਰੇਲ ਦਾ ਮਾਮਲਾ ਜ਼ੋਰ ਫੜ੍ਹਦਾ ਜਾ ਰਿਹਾ ਹੈ ਤਾਂ ਮੈਕਾਈਵਰ ਨੂੰ ਆਸ ਹੈ ਕਿ ਉਨ੍ਹਾਂ ਨੂੰ ਜਲਦ ਹੀ ਅਲਬਰਟਾ ਵਾਸੀਆਂ ਦੀ ਰਾਇ ਬਾਰੇ ਪਤਾ ਚੱਲੇਗਾ ਕਿ ਉਹ ਇਸ ਤੇਜ਼ ਰਫਤਾਰ ਰੇਲ ਬਾਰੇ ਕੀ ਸੋਚਦੇ ਹਨ। ਉਨ੍ਹਾਂ ਆਖਿਆ ਕਿ ਕਮੇਟੀ ਇਸ ਮੁੱਦੇ ਉਤੇ ਹੁਣ ਤੱਕ ਕੀਤੀ ਗਈ ਖੋਜ ਦਾ ਮੁਲਾਂਕਣ ਕਰੇਗੀ। ਐਨਡੀਪੀ ਐਮਐਲਏ ਡੇਵਿਡ ਐਗਨ ਆਲ ਪਾਰਟੀ ਕਮੇਟੀ ਦਾ ਹਿੱਸਾ ਹੈ ਤੇ ਉਨ੍ਹਾਂ ਦੱਸਿਆ ਕਿ ਇਸ ਦਾ ਪਤਾ ਲਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਕੀ ਇਸ ਤੇਜ਼ ਰਫਤਾਰ ਰੇਲ ਦੀ ਕੋਈ ਮੰਗ ਵੀ ਹੈ। ਉਨ੍ਹਾਂ ਆਖਿਆ ਕਿ ਇਹ ਕਾਫੀ ਮਹਿੰਗੀ ਯੋਜਨਾ ਹੈ। ਇਸ ਲਈ ਉਹ ਨਹੀਂ ਚਾਹੁੰਦੇ ਕਿ ਜਨਤਾ ਦਾ ਬਹੁਤਾ ਪੈਸਾ ਇੱਧਰ ਜਾਵੇ। ਉਨ੍ਹਾਂ ਇਸ ਗੱਲ ਉਤੇ ਵੀ ਹੈਰਾਨੀ ਪ੍ਰਗਟਾਈ ਕਿ ਪ੍ਰਾਈਵੇਟ ਨਿਵੇਸ਼ਕ ਜਨਤਾ ਦੇ ਪੈਸੇ ਤੋਂ ਬਿਨਾਂ ਇਸ ਯੋਜਨਾ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹਨ। ਵਾਈਲਡਰੋਜ਼ ਆਗੂ ਡੈਨੀਅਲ ਸਮਿੱਥ ਨੇ ਆਖਿਆ ਕਿ ਸਾਨੂੰ ਹਕੀਕਤ ਤੋਂ ਮੂੰਹ ਨਹੀਂ ਮੋੜਨਾ ਚਾਹੀਦਾ। ਪਿਛਲੀ ਵਾਰੀ ਜਦੋਂ ਇਸ ਬਾਰੇ ਸੋਚ ਵਿਚਾਰ ਕੀਤਾ ਗਿਆ ਸੀ ਤਾਂ ਇਹ 20 ਬਿਲੀਅਨ ਡਾਲਰ ਤੱਕ ਦੇ ਨਿਵੇਸ਼ ਦਾ ਮਾਮਲਾ ਸੀ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਵੱਧ ਫਾਇਦੇਮੰਦ ਹੋਵੇਗਾ ਜੇ ਕੈਲਗਰੀ ਤੇ ਐਡਮਿੰਟਨ ਵਿੱਚ ਐਲਆਰਟੀ ਉਤੇ ਜ਼ਿਆਦਾ ਨਿਵੇਸ਼ ਕੀਤਾ ਜਾਵੇ। ਐਡਮਿੰਟਨ ਤੇ ਕੈਲਗਰੀ ਦੇ ਮੇਅਰਜ਼ ਦਾ ਵੀ ਇਹੋ ਵਿਚਾਰ ਹੈ। ਨਾਹੀਦ ਨੈਂਸ਼ੀ ਨੇ ਆਖਿਆ ਕਿ ਜੇ ਅਸੀਂ ਰੇਲ ਦੇ ਕਾਰੋਬਾਰ ਵਿੱਚ ਹੋਈਏ ਤਾਂ ਸਾਨੂੰ ਦੋਵਾਂ ਸਿਰਿਆਂ ਉਤੇ ਐਲਆਰਟੀ ਸਿਸਟਮ ਨੂੰ ਮੁਕੰਮਲ ਕਰਵਾਉਣਾ ਚਾਹੀਦਾ ਹੈ ਤਾਂ ਕਿ ਤੁਸੀਂ ਅਸਲ ਵਿੱਚ ਕਾਰਾਂ ਤੋਂ ਮੁਕਤ ਹੋ ਸਕੋਂ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਸ ਤੋਂ ਕੋਈ ਇਤਰਾਜ਼ ਨਹੀਂ ਕਿ ਪ੍ਰੋਵਿੰਸ ਹਾਈ ਸਪੀਡ ਰੇਲ ਦਾ ਅਧਿਐਨ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਲਈ ਕਈ ਬਿਲੀਅਨ ਡਾਲਰ ਚਾਹੀਦੇ ਹੋਣਗੇ। ਉਨ੍ਹਾਂ ਆਖਿਆ ਕਿ ਜੇ ਐਲਆਰਟੀ ਤੇ ਬੁਲੇਟ ਟਰੇਨ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਹੋਵੇ ਤਾਂ ਉਹ ਐਲਆਰਟੀ ਦੀ ਚੋਣ ਕਰਨਗੇ। ਜੇ ਅਸੀਂ ਦੋਵੇਂ ਕਰ ਸਕਦੇ ਹੋਈਏ ਤਾਂ ਦੋਵੇਂ ਠੀਕ ਹਨ। 2009 ਦੇ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਤਕਨਾਲੋਜੀ ਦੇ ਹਿਸਾਬ ਨਾਲ ਇਸ ਪ੍ਰੋਜੈਕਟ ਉਤੇ 3 ਬਿਲੀਅਨ ਡਾਲਰ ਤੋਂ 20 ਬਿਲੀਅਨ ਡਾਲਰ ਦਰਮਿਆਨ ਖਰਚਾ ਹੋਵੇਗਾ।

## ਮੈਥਸ ਤੇ ਸਾਇੰਸ ਵਿੱਚ ਕਨੇਡੀਅਨ ਵਿਦਿਆਰਥੀ ਪਛੜੇ

ਟੋਰਾਂਟੋ (ਨਦਬ) : ਇੱਕ ਕੌਮਾਂਤਰੀ ਅਧਿਐਨ ਵਿੱਚ ਕਨੇਡੀਅਨ ਵਿਦਿਆਰਥੀਆਂ ਨੂੰ ਵੀ ਸਰਬਉੱਚ ਵਰਗ ਵਿੱਚ ਰੱਖਿਆ ਗਿਆ ਹੈ ਪਰ ਮੈਥਸ ਤੇ ਸਾਇੰਸ ਵਿੱਚ ਕੈਨੇਡੀਅਨ ਵਿਦਿਆਰਥੀਆਂ ਦੇ ਕਾਫੀ ਪਛੜ ਜਾਣ ਦਾ ਵੀ ਪਤਾ ਲੱਗਿਆ ਹੈ। ਕਨੇਡਾ ਉਨ੍ਹਾਂ 65 ਮੁਲਕਾਂ ਤੇ ਅਰਥਚਾਰਿਆਂ ਵਿੱਚੋਂ ਇੱਕ ਹੈ ਜਿਨ੍ਹਾਂ ਦਾ ਮੁਲਾਂਕਣ ਆਰਗੇਨਾਈਜ਼ੇਸ਼ਨ ਫੌਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ ਵੱਲੋਂ ਕੀਤਾ ਜਾ ਰਿਹਾ ਹੈ। ਇਹ ਮੁਲਾਂਕਣ ਹਰ ਤਿੰਨ ਸਾਲਾਂ ਬਾਅਦ ਕੀਤਾ ਜਾਂਦਾ ਹੈ। ਇਸ ਅਧਿਐਨ ਵਿੱਚ ਐਤਕੀਂ 15 ਸਾਲ ਉਮਰ ਵਰਗ ਦੇ 5,00,000 ਵਿਦਿਆਰਥੀਆਂ ਦੇ ਗਿਆਨ ਤੇ ਹੁਨਰ ਦੀ ਪਰਖ ਕੀਤੀ ਗਈ। ਇਨ੍ਹਾਂ ਦਾ ਗਿਆਨ ਤਿੰਨ ਵਿਸ਼ਿਆਂ ਦੇ ਸਬੰਧ ਵਿੱਚ ਪਰਖਿਆ ਗਿਆ। ਸੱਭ ਤੋਂ ਵੱਧ ਧਿਆਨ ਮੈਥਸ, ਸਾਇੰਸ ਤੇ ਰੀਡਿੰਗ ਵੱਲ ਦਿੱਤਾ ਗਿਆ। ਇਸ ਵਿੱਚ ਕਨੇਡਾ ਭਰ ਵਿੱਚੋਂ 900 ਸਕੂਲਾਂ ਦੇ 21,000 ਵਿਦਿਆਰਥੀਆਂ ਨੇ ਹਿੱਸਾ ਲਿਆ। ਕਨੇਡਾ ਦੀਆਂ ਤਿੰਨ ਟੈਰੇਟਰੀਜ਼ ਵੱਲੋਂ ਇਸ ਵਿੱਚ ਹਿੱਸਾ ਨਹੀਂ ਲਿਆ ਗਿਆ। ਮੈਥਸ ਵਿੱਚ ਵਿਦਿਆਰਥੀਆਂ ਵੱਲੋਂ ਔਸਤ 494 ਅੰਕ ਹਾਸਲ ਕੀਤੇ ਗਏ। ਮੈਥ ਵਿੱਚ ਸ਼ੰਘਾਈ, ਚੀਨ ਦੇ ਵਿਦਿਆਰਥੀਆਂ ਨੇ ਬਾਜ਼ੀ ਮਾਰੀ। ਸਿੰਗਾਪੁਰ, ਹਾਂਗ ਕਾਂਗ, ਚਾਈਨੀਜ਼ ਤਾਇਪੇਈ, ਕੋਰੀਆ, ਮਕਾਓ, ਜਾਪਾਨ, ਲਿਚਟੈਨਸਟੇਨ ਤੇ ਸਵਿਟਜ਼ਰਲੈਂਡ ਵੱਲੋਂ ਕਨੇਡਾ ਨੂੰ ਪਛਾੜਿਆ ਗਿਆ। ਰੀਡਿੰਗ ਵਿੱਚ ਕਨੇਡਾ ਨੂੰ 523 ਅੰਕ ਹਾਸਲ ਹੋਏ ਤੇ ਸਾਇੰਸ ਵਿੱਚ 525 ਅੰਕ ਹਾਸਲ ਹੋਏ।

## 1984 ਵਿੱਚ ਹਿੰਦੂ-ਸਿੱਖ ਦੰਗੇ ਨਹੀਂ ਨਸਲਕੁਸੀ ਸੀ : ਬੀਬੀ ਜਗਦੀਸ਼ ਕੌਰ



ਐਡਮਿੰਟਨ (ਨਦਬ) - ਸਿੱਖ ਫੈਡਰੇਸ਼ਨ ਆਫ਼ ਐਡਮਿੰਟਨ ਦੇ ਦਫਤਰ ਵਿਖ ਸਿੱਖ ਨਸਲਕੁਸ਼ੀ 1984 ਦੀ ਪ੍ਰਮੁੱਖ ਗਵਾਹ ਬੀਬੀ ਜਗਦੀਸ਼ ਕੌਰ ਨੇ ਰੌਂਗਟੇ ਖੜ੍ਹੇ ਕਰਨ ਵਾਲੀ ਦਾਸਤਾਨ ਪੰਜਾਬੀ ਮੀਡੀਆ ਐਸੋਸੀਏਸ਼ਨ ਅਤੇ ਮੀਡੀਆ ਕੌਂਸਲ ਦੇ ਮੈਂਬਰਾਂ ਨਾਲ ਸਾਂਝੀ ਕੀਤੀ। ਆਪਣੇ ਪਤੀ, ਪੁੱਤਰ ਤੇ ਤਿੰਨ ਭਰਾਵਾਂ ਨੂੰ ਦਿੱਲੀ ਕਤਲੇਆਮ ’ਚ ਗਵਾ ਚੁੱਕੀ ਬਿਰਧ ਪੀੜਤ ਬੀਬੀ ਨੇ ਭਾਰਤ ਸਰਕਾਰ ਦੇ ਮੌਕੇ ਦੇ ਆਗੂਆਂ, ਪੁਲਿਸ ਤੇ ਪ੍ਰਸ਼ਾਸਨ ਵੱਲੋਂ ਗਿਣੀ-ਮਿਥੀ ਸਾਜ਼ਿਸ਼ ਅਧੀਨ ਸਿੱਖਾਂ ਦੀ ਨਸਲਕੁਸ਼ੀ ਦੇ ਸਬੂਤ ਪੇਸ਼ ਕੀਤੇ। ਇਸ ਮੌਕੇ ਬੀਬੀ ਜਗਦੀਸ਼ ਕੌਰ ਦੇ ਨਾਲ ਉਨ੍ਹਾਂ ਦਾ ਸਪੁੱਤਰ ਗੁਰਦੀਪ ਸਿੰਘ ਅਤੇ ਟਰਾਂਟੋ ਤੋਂ ਬੀਬੀ ਜਗਦੀਸ਼ ਕੌਰ ਨਾਲ ਆਏ ਪੱਤਰਕਾਰ ਸੁਖਮਿੰਦਰ ਸਿੰਘ ਹੰਸਰਾ ਅਤੇ ਡਿਕਸੀ ਗੁਰਦੁਆਰੇ ਦੇ ਪ੍ਰਧਾਨ ਅਵਤਾਰ ਸਿੰਘ ਪੂਨੀਆ ਵੀ ਹਾਜ਼ਰ ਸਨ।

ਬੀਬੀ ਜਗਦੀਸ਼ ਕੌਰ ਨੇ 31 ਅਕਤੂਬਰ 1984 ਤੋਂ ਗੱਲ ਸ਼ੁਰੂ ਕਰਕੇ ਸੰਨ 2013 ਤੱਕ ਦੀ ਸਾਰੀ ਦਾਸਤਾਨ ਸੁਣਾਈ। ਬੀਬੀ ਜਗਦੀਸ਼ ਕੌਰ ਨੇ ਸਪੱਸ਼ਟ ਸ਼ਬਦਾ ਵਿੱਚ ਕਿਹਾ ਕਿ 1984 ਵਿੱਚ ਹੋਇਆ ਇਹ ਕਾਂਡ ਹਿੰਦੂ-ਸਿੱਖ ਦੰਗੇ ਬਿੱਲਕੁਲ ਨਹੀਂ ਸਨ, ਬਲਕਿ ਇਹ ਨਸਲਕੁਸੀ ਸੀ। ਇਸ ਮੌਕੇ ਰੇਡੀਓ ਦੇਸ਼ ਪੰਜਾਬ ਤੋਂ ਕੁਲਮੀਤ ਸਿੰਘ ਸੰਘਾ, ਰੇਡੀਓ ਸਾਊਥ ਏਸੀਆ/ਓਮਨੀ ਟੀਵੀ/ਲੋਕ ਅਵਾਜ਼ ਵਲੋਂ ਜਰਨੈਲ ਬਸੋਤਾ, ਰੇਡੀਓ ਸੁਰਸੰਗਮ ਤੋਂ ਗੁਰਸ਼ਰਨ ਬੁੱਟਰ ਅਤੇ ਰਾਜਵਿੰਦਰ ਕਲੇਰ, ਏਸ਼ੀਅਨ ਟ੍ਰਿਬਿਊਨ ਤੋਂ ਯਸ਼ ਸ਼ਰਮਾਂ, ਨਵੀਂ ਦੁਨੀਆ ਤੋਂ ਕਿਰਤਮੀਤ, ਅਮਰਜੀਤ ਪੁਰੇਵਾਲ ਅਤੇ ਕਮਲ ਫੋਟੋਗਰਾਫਰ ਨੇ ਬੀਬੀ ਜਗਦੀਸ਼ ਕੌਰ ਨਾਲ ਸੁਆਲ ਜੁਆਬ ਕੀਤੇ।

ਬੀਬੀ ਜਗਦੀਸ਼ ਕੌਰ ਨੇ ਹਰ ਸੁਆਲ ਦਾ ਜੁਆਬ ਦਿੰਦਿਆਂ ਦੱਸਿਆ ਕਿ ਮੇਰਾ ਜੀਵਨ ਪੰਥ ਨੂੰ ਸਮਰਪਿਤ ਹੈ ਅਤੇ ਮੈਂ ਬੇਇਨਸਾਫੀ ਖਿਲਾਫ ਜੰਗ ਲੜਦੀ ਰਹਾਂਗੀ। ਉਨ੍ਹਾਂ ਦੱਸਿਆ ਕਿ ਹੁਣ ਜਿਸ ਕੇਸ ਚੋਂ ਸੱਜਣ ਕੁਮਾਰ ਬਰੀ ਹੋਇਆ ਹੈ ਉਸ ਵਿੱਚ 5 ਜਣਿਆਂ ਨੂੰ ਸਜ਼ਾਵਾਂ ਹੋਈਆਂ ਹਨ, ਉਨ੍ਹਾਂ ਵਿੱਚ ਸਾਡੇ ਤਿੰਨ ਗੁਆਂਢੀ ਸਨ। ਇੱਕ ਤਾਂ ਮਿਸਤਰੀ ਸੀ, ਜਿਸ ਨੇ ਸਾਡੇ ਘਰ ਵਿੱਚ ਫਰਸ਼ ਲਗਾਇਆ ਸੀ। ਕਨੇਡਾ ਦੌਰੇ ਦੇ ਮੂਲ ਮਨੋਰਥ ਬਾਰੇ ਪੁੱਛੇ ਸੁਆਲ ਦੇ ਜੁਆਬ ਵਿੱਚ ਬੀਬੀ ਜਗਦੀਸ਼ ਕੌਰ ਨੇ ਦੱਸਿਆ ਕਿ ਮੈਂ 29 ਸਾਲਾਂ ਤੋਂ ਅਦਾਲਤਾਂ ਵਿੱਚ ਚੱਕਰ ਕੱਟ ਰਹੀ ਹਾਂ, ਉਮਰ ਦਾ ਤਕਾਜਾ ਹੈ, ਇਸ ਲਈ ਮੈਂ ਚਾਹੁੰਦੀ ਸੀ ਕਿ ਮੈਂ ਆਪਣੀ ਆਵਾਜ਼ ਨੂੰ ਭਾਰਤ ਤੋਂ ਬਾਹਰ ਕੱਢਾਂ। ਜਦੋਂ ਮੈਨੂੰ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰਦੁਆਰਾ ਸਾਹਿਬ ਵਲੋਂ ਸੱਦਾ ਆਇਆ ਤਾਂ ਮੈਂ ਕਬੂਲ ਕਰ ਲਿਆ ਤਾਂ ਕਿ ਮੈਂ ਆਪਣੀ ਆਵਾਜ਼ ਵਿਦੇਸ਼ੀ ਬੈਠੇ ਗੁਰੂ ਦੇ ਪੰਥ ਕੋਲ ਪਹੁੰਚਾ ਆਵਾਂ ਤੇ ਤੁਸੀਂ ਇਸ ਆਵਾਜ਼ ਨੂੰ ਸੰਭਾਲ ਕੇ ਰੱਖੋ।



## ਪੰਜਾਬ ਦੇ ਆਮ ਆਦਮੀ ਨੂੰ ਜਾਗਣ ਦੀ ਲੋੜ : ਗੁਰਦੇਵ ਮਾਨ

ਐਡਮਿੰਟਨ (ਨਦਬ) : ‘ਆਮ ਆਦਮੀ ਪਾਰਟੀ’ ਦੇ ਸਮਰਥਕਾਂ ਦੀ ਭਰਵੀਂ ਮੀਟਿੰਗ ਗੁਰਦੇਵ ਮਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਇਕੱਤਰ ਸਮੂਹ ਮੈਂਬਰਾਂ ਨੇ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਦੇ ਮੁੱਖ ਮੰਤਰੀ ਬਣਨ ਦੀ ਵਧਾਈ ਦਿੱਤੀ। ਪੰਜਾਬ ਦੇ ਵਿਧਾਨ ਸਭਾ ਹਲਕਾ ਭੋਆ ਤੋਂ ਪੀਪਲਜ਼ ਪਾਰਟੀ ਦੀ ਟਿਕਟ ’ਤੇ ਚੋਣ ਲੜ ਚੁੱਕੇ ਗੁਰਦੇਵ ਮਾਨ ਨੇ ਕਿਹਾ ਕਿ ਅੱਜ ਪੰਜਾਬ ’ਚ ਵਸਦੇ ਆਮ ਆਦਮੀ ਨੂੰ ਜਾਗਣ ਦੀ ਲੋੜ ਹੈ। ਇਨ੍ਹਾਂ ਵਿਚੋਂ ਹੀ ਪੰਜਾਬ ਦੀ ਸਿਆਸਤ ਵਿਚ ਕੇਜਰੀਵਾਲ ਵਰਗੀ ਸ਼ਖ਼ਸੀਅਤ ਜਨਮ ਲਵੇਗੀ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਪੁੱਜੇ ਵਿਧਾਇਕ ਪੀਟਰ ਸੰਧੂ ਨੇ ਕਿਹਾ ਕਿ ਉਹ ਦਿੱਲੀ ਵਿਖੇ ਕੇਜਰੀਵਾਲ ਨੂੰ ਮਿਲ ਕੇ ਵਧਾਈ ਦੇਣਗੇ। ਇਸ ਮੌਕੇ ਐਡੀਟਰ ਯਸ਼ ਸ਼ਰਮਾ, ਉਘੇ ਗਾਇਕ ਉਪਿੰਦਰ ਮਠਾੜੂ, ਲਾਡੀ ਸੂਸਾਂ ਵਾਲਾ, ਮਹਿੰਦਰ ਤੂਰ, ਜਸਵਿੰਦਰ ਭਿੰਡਰ, ਰਿਐਲਟਰ ਜਸ ਲੌਂਗੋਵਾਲ, ਮਨੂ ਗਿੱਲ ਤੇ ਕੁਲਦੀਪ ਸਰਾਭਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

J. Oza & Associates
Immigration Services
Office : 204-480-1891, 204-227-0720
Unit 10 – 998 Keewatin Street, Winnipeg
• PNP
• Family & Spouse Sponsership
• Super/ Vistor Visa
• Study & Work Permit
• Affidavits
• Free Passport Photo with all secvices
• ਇਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ
Email : info@thecicg.com
Licensed Immigration Advocate & Practitioner
Member of ICCRC & Commissioner for Oaths.

# ਨਾਜਾਇਜ਼ ਢੰਗ ਨਾਲ ਯੂ.ਕੇ. ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਫੜਨ ਲਈ ਪ੍ਰਧਾਨ ਮੰਤਰੀ ਨੇ ਖ਼ੁਦ ਮਾਰਿਆ ਛਾਪਾ



ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)- ਦੇਸ਼ ਦਾ ਪ੍ਰਧਾਨ ਮੰਤਰੀ ਜੇਕਰ ਤੜਕੇ ਪੰਜ ਵਜੇ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਨਾਲ ਕਿਸੇ ਘਰ ਛਾਪਾ ਮਾਰਨ ਜਾਵੇ ਤਾਂ ਇਹ ਗੱਲ ਆਪਣੇ ਆਪ ਵਿੱਚ ਮਾਇਨੇ ਵੀ ਰੱਖਦੀ ਹੈ ਤੇ ਪੂਰੇ ਵਿਸ਼ਵ ਦੇ ਸਿਆਸੀ ਲੋਕਾਂ ਲਈ ਸਬਕ ਵੀ ਹੈ। ਜੀ ਹਾਂ, ਬੀਤੇ ਦਿਨੀਂ ਸਾਊਥਾਲ ਉਸ ਸਮੇਂ ਚਰਚਾ ਵਿੱਚ ਆ ਗਿਆ ਜਦੋਂ ਇਥੋਂ ਦੇ ਇੱਕ ਖ਼ਸਤਾ ਹਾਲਤ ਘਰ ਵਿੱਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਨੇ 10 ਇਮੀਗ੍ਰੇਸ਼ਨ ਅਧਿਕਾਰੀਆਂ ਦੀ ਟੀਮ ਨਾਲ ਸਵੇਰੇ 5 ਵਜੇ ਖ਼ੁਦ ਛਾਪਾ ਮਾਰਿਆ। ਇਸ ਛਾਪੇ ਦੌਰਾਨ 3 ਭਾਰਤੀ ਮੂਲ ਦੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਬਾਕੀਆਂ ਬਾਰੇ ਕਾਰਵਾਈ ਅਜੇ ਚੱਲ ਰਹੀ ਹੈ। ਜ਼ਿਕਰਯੋਗ ਹੈ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਸੂਹ ਮਿਲੀ ਕਿ ਸਾਊਥਾਲ ਦੀ ਧੁੰਨੀ 'ਚ ਵੱਸਦੇ ਉਕਤ ਘਰ ਦੀ ਹਾਲਤ ਬੇਹੱਦ ਨਾਜ਼ੁਕ ਹੈ ਅਤੇ ਇਸ 3 ਬੈੱਡਰੂਮ ਵਾਲੇ ਘਰ ਵਿੱਚ ਲਗਭਗ 14 ਵਿਅਕਤੀ ਰਹਿ ਰਹੇ ਸਨ; ਜਿਹੜੇ ਕਿ ਸਾਰੇ ਹੀ ਜਾਅਲੀ ਪ੍ਰਵਾਸੀ ਸਨ। ਘਰ ਦੇ ਬਾਸ਼ਿੰਦਿਆਂ ਨੇ ਆਪਣੇ ਬਿਸਤਰੇ, ਫਰਸ਼, ਵਰਾਂਡੇ, ਰਸੋਈ ਅਤੇ ਬਗੀਚੀ ਵਿਚਲੇ ਵਾਧੂ ਸਾਮਾਨ ਰੱਖਣ ਵਾਲੇ ਸ਼ੈੱਡ ਵਿੱਚ ਲਗਾਏ ਹੋਏ ਸਨ। ਘਰ ਦੇ ਪਰਦੇ, ਫਰਸ਼ ਦਾ ਕਾਰਪੇਟ ਆਦਿ ਮਿੱਟੀ ਘੱਟੇ ਨਾਲ ਲਬਰੇਜ਼ ਸਨ ਅਤੇ ਘਰ ਮੁਕੰਮਲ ਤੌਰ 'ਤੇ ਰਿਹਾਇਸ਼ ਯੋਗ ਨਹੀਂ ਸੀ। ਇਸ ਘਰ ਦੀ ਛਾਪੇਮਾਰੀ ਉਪਰੰਤ ਪ੍ਰਧਾਨ ਮੰਤਰੀ ਨੇ ਕਿਹਾ ਕਿ "ਬਰਤਾਨੀਆ ਸਖ਼ਤ ਮਿਹਨਤੀ ਲੋਕਾਂ ਦਾ ਹਮੇਸ਼ਾ ਹੀ ਸਵਾਗਤ ਕਰਦਾ ਆਇਆ ਹੈ ਪਰ ਅਸੀਂ ਉਨ੍ਹਾਂ ਲੋਕਾਂ ਦੇ ਹਮੇਸ਼ਾ ਹੀ ਖਿਲਾਫ਼ ਹਾਂ ਜੋ ਕਾਨੂੰਨ ਨੂੰ ਤੋੜਦੇ ਹਨ।" ਗ੍ਰਿਫ਼ਤਾਰ ਕੀਤੇ 3 ਜਣਿਆਂ ਵਿੱਚੋਂ ਦੋ ਦੇ ਵੀਜ਼ੇ ਦੀ ਮਿਆਦ ਪੁੱਗ ਚੁੱਕੀ ਹੈ ਅਤੇ ਬਾਕੀ ਜਾਅਲੀ ਢੰਗ ਨਾਲ ਲਾਰੀਆਂ ਵਿੱਚ ਲੁੱਕ ਕੇ ਇੰਗਲੈਂਡ ਆਏ ਹੋਏ ਹਨ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਆਪਣੇ ਇਸ ਛਾਪੇ ਦਾ ਨਾਂ ਹੀ "ਬੈਡਜ਼ ਇਨ ਸ਼ੈਡਜ਼" ਰੱਖਿਆ ਹੋਇਆ ਸੀ ਕਿਉਂਕਿ ਬੀਤੇ ਸਮੇਂ ਵਿੱਚ ਵੀ ਸਾਊਥਾਲ ਅਤੇ ਆਲੇ-ਦੁਆਲੇ ਦੇ ਇਲਾਕੇ ਇਸ ਗੱਲ ਲਈ ਮਸ਼ਹੂਰ ਹੋ ਚੁੱਕੇ ਹਨ ਕਿ ਇਨ੍ਹਾਂ ਇਲਾਕਿਆਂ 'ਚ ਬਹੁ ਗਿਣਤੀ ਲੋਕ ਘਰਾਂ ਦੇ ਪਿਛਵਾੜੇ ਨਜਾਇਜ਼ ਢੰਗ ਨਾਲ ਸ਼ੈੱਡ ਰੂਪੀ ਇਮਾਰਤਾਂ ਉਸਾਰ ਕੇ ਜਾਅਲੀ ਪ੍ਰਵਾਸੀਆਂ ਨੂੰ ਕਿਰਾਏ 'ਤੇ ਦੇ ਦਿੰਦੇ ਹਨ ਜਦੋਂਕਿ ਇਨ੍ਹਾਂ ਉਸਰੇ ਸ਼ੈਡਾਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਹੁੰਦੀ।

## ਲੰਡਨ ਵਿੱਚ ਥਿਏਟਰ ਦੀ ਛੱਤ ਡਿੱਗੀ, 80 ਜ਼ਖ਼ਮੀ

ਲੰਡਨ, (ਨਦਬ) : ਲੰਡਨ ਥਿਏਟਰ ਦੀ ਅੱਧੀ ਛੱਤ ਡਿੱਗ ਜਾਣ ਕਾਰਨ ਥਿਏਟਰ ਅੰਦਰ ਬੈਠੇ ਲੋਕਾਂ 'ਤੇ ਪਲਾਸਟਰ, ਲੱਕੜੀ ਤੇ ਮਿੱਟੀ ਦਾ ਢੇਰ ਆਣ ਡਿੱਗਿਆ। ਰਾਤ ਨੂੰ ਵਾਪਰੀ ਇਸ ਘਟਨਾ ਵਿੱਚ 80 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਜਿਨ੍ਹਾਂ ਵਿੱਚੋਂ ਸੱਤ ਦੀ ਹਾਲਤ ਨਾਜ਼ੁਕ ਹੈ। ਕ੍ਰਿਸਮਸ ਦੀਆਂ ਛੁੱਟੀਆ ਦੇ ਇਸ ਸੀਜ਼ਨ ਵਿੱਚ ਨਾਟਕ "ਦ ਕਿਊਰਿਅਸ ਇੰਸੀਡੈਂਟ ਆਫ ਦ ਡੌਗ ਇਨ ਦ ਨਾਈਟ ਟਾਈਮ" ਖੇਡਿਆ ਜਾ ਰਿਹਾ ਸੀ ਜਦੋਂ ਰਾਤੀਂ 8:15 ਵਜੇ ਅਪੋਲੋ ਥਿਏਟਰ ਦੀ ਛੱਤ ਡਿੱਗ ਗਈ। ਪੁਲੀਸ ਨੇ ਦੱਸਿਆ ਕਿ ਥਿਏਟਰ ਦੀ ਛੱਤ ਦੇ ਨਾਲ-ਨਾਲ ਬਾਲਕੋਨੀ ਦਾ ਕੁੱਝ ਹਿੱਸਾ ਵੀ ਢਹਿ ਗਿਆ। ਲੰਡਨ ਫਾਇਰ ਡਿਪਾਰਟਮੈਂਟ ਅਨੁਸਾਰ ਹਾਦਸੇ ਸਮੇਂ ਥਿਏਟਰ ਵਿੱਚ 700 ਤੋਂ ਵੱਧ ਲੋਕ ਮੌਜੂਦ ਸਨ। ਐਮਰਜੈਂਸੀ ਵਰਕਰਜ਼ ਨੂੰ ਇਹ ਅੰਦਾਜ਼ਾ ਹੀ ਨਹੀਂ ਸੀ ਕਿ ਛੱਤ ਦਾ ਇਹ ਹਿੱਸਾ ਕਿਉਂ ਡਿੱਗਿਆ। ਲੰਡਨ ਦੀ ਐਂਬੂਲੈਂਸ ਸਰਵਿਸ ਮੁਤਾਬਕ ਉਨ੍ਹਾਂ ਵੱਲੋਂ 88 ਮਰੀਜ਼ਾਂ ਦਾ ਇਲਾਜ ਕੀਤਾ ਗਿਆ। ਜਿਨ੍ਹਾਂ ਵਿੱਚੋਂ 81 ਨੂੰ ਮਾਮੂਲੀ ਸੱਟਾਂ ਲੱਗੀਆਂ ਸਨ ਤੇ ਸੱਤਾਂ ਨੂੰ ਜ਼ਿਆਦਾ ਸੱਟਾਂ ਲੱਗੀਆਂ ਸਨ। ਫਾਇਰ ਡਿਪਾਰਟਮੈਂਟ ਨੇ ਦੱਸਿਆ ਕਿ ਮਲਬੇ ਵਿੱਚ ਫਸੇ ਲੋਕਾਂ ਨੂੰ ਬਚਾਅ ਲਿਆ ਗਿਆ।



## ਮਹਿੰਦਰ ਬੰਗਾ ਵਲੋਂ ਪੀ.ਸੀ. ਪਾਰਟੀ ਦੀ ਨੌਮੀਨੇਸ਼ਨ ਲੜਨ ਦਾ ਐਲਾਨ

ਐਡਮਿੰਟਨ (ਨਦਬ) : 2015 ਵਿਚ ਹੋਣ ਜਾ ਰਹੀਆਂ ਫ਼ੈਡਰਲ ਚੋਣਾਂ ਦੌਰਾਨ ਐਡਮਿੰਟਨ ਵਾਸੀ ਮਹਿੰਦਰ ਬੰਗਾ ਨੇ ਵੈਸਟਾਕਵਣ ਐਮ.ਪੀ. ਹਲਕੇ ਤੋਂ ਪੀ.ਸੀ. ਪਾਰਟੀ ਦੀ ਨੌਮੀਨੇਸ਼ਨ ਲੜਨ ਦਾ ਫ਼ੈਸਲਾ ਕੀਤਾ ਹੈ। 1977 ਵਿਚ ਕਨੇਡਾ ਆਏ ਮਹਿੰਦਰ ਬੰਗਾ ਨੇ ਨੇਟ ਕਾਲਜ ਤੋਂ ਇੰਜੀਨੀਅਰਿੰਗ ਕਰਨ ਉਪਰੰਤ 1992 ਵਿਚ ਐਡਮਿੰਟਨ ਪੁਲੀਸ ਵਿਚ ਭਰਤੀ ਹੋ ਗਏ। ਉਹ ਹੁਣ ਪੁਲੀਸ ਵਿਚ ਐਕਟਿੰਗ ਸਟਾਫ਼ ਸਰਜੈਂਟ ਵਜੋਂ ਜ਼ਿੰਮੇਵਾਰੀ ਨਿਭਾਅ ਰਹੇ ਹਨ, ਇਸ ਦੇ ਨਾਲ ਹੀ ਮਹਿੰਦਰ ਬੰਗਾ ਵਲੋਂ ਪਿਛਲੇ 20 ਸਾਲਾਂ ਤੋਂ ਬੱਚਿਆਂ ਨੂੰ ਸੌਕਰ ਸਿਖਾਉਣ ਲਈ ਅਹਿਮ ਭੂਮਿਕਾ ਨਿਭਾਈ ਗਈ ਹੈ। ਪੰਜਾਬ ਯੂਨਾਈਟਡ ਸਪੋਰਟਸ ਐਸੋਸੀਏਸ਼ਨ (ਪੁਸਾ) ਵਿਚ ਮੋਹਰੀ ਰੋਲ ਨਿਭਾਉਣ ਵਾਲੇ ਮਹਿੰਦਰ ਬੰਗਾ ਵਲੰਟੀਅਰ ਵਜੋਂ ਸਮਾਜਸੇਵੀ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਜਿਥੇ ਉਹ ਵੱਖ-ਵੱਖ ਜਥੇਬੰਦੀਆਂ ਨਾਲ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰ ਰਹੇ ਹਨ, ਉਥੇ ਹੀ ਅੱਜਕਲ੍ਹ ਉਹ ਪੁਸਾ ਵਲੋਂ ਉਸਾਰੇ ਜਾ ਰਹੇ ਖੇਡ ਸਟੇਡੀਅਮ ਨੂੰ ਨੇਪਰੇ ਚਾੜ੍ਹਨ ਲਈ ਦਿਨ ਰਾਤ ਇਕ ਕਰ ਰਹੇ ਹਨ। ਭਾਈਚਾਰੇ ਦੇ ਹਰੇਕ ਦੁੱਖ ਸੁੱਖ ਵਿਚ ਮੋਢੇ ਨਾਲ ਮੋਢਾ ਜੋੜ ਕੇ ਖੜੇ ਮਹਿੰਦਰ ਬੰਗਾ ਨੇ ਐਡਮਿੰਟਨ-ਵੈਸਟਾਕਵਣ ਹਲਕੇ ਦੇ ਸਮੂਹ ਵੋਟਰਾਂ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਨੌਮੀਨੇਸ਼ਨ ਜਿਤਾਉਣ ਵਿਚ ਮਦਦ ਕਰਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਐਮ.ਪੀ. ਵਜੋਂ ਚੋਣ ਲੜਨ ਦਾ ਮੁੱਖ ਮੰਤਵ ਰਾਜਨੀਤੀ ਰਾਹੀਂ ਭਾਈਚਾਰੇ ਨੂੰ ਪੇਸ਼ ਦਰਪੇਸ਼ ਮੁਸ਼ਕਲਾਂ ਨੂੰ ਹੱਲ ਕਰਨਾ ਹੈ। ਸਥਾਨਕ ਮਹਾਰਾਜਾ ਪੈਲੇਸ ਵਿਖੇ ਮਹਿੰਦਰ ਬੰਗਾ ਵਲੋਂ ਪੀ.ਸੀ. ਪਾਰਟੀ ਦੀ ਨੌਮੀਨੇਸ਼ਨ ਲੜਨ ਦਾ ਫ਼ੈਸਲਾ ਕਰਨ ਮੌਕੇ ਪੰਜਾਬੀ ਭਾਈਚਾਰੇ ਦੇ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਸਨ। ਮਹਿੰਦਰ ਬੰਗਾ ਨਾਲ 780-913-1820 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮਹਿੰਦਰ ਤੂਰ ਵਲੋਂ ਨੌਮੀਨੇਸ਼ਨ ਚੋਣ ਲੜਨ ਦਾ ਐਲਾਨ



ਐਡਮਿੰਟਨ (ਨਦਬ) : ਫ਼ੈਡਰਲ ਦੀਆਂ ਚੋਣਾਂ ਲਈ ਸਿਆਸੀ ਆਗੂਆਂ ਅਤੇ ਚੋਣ ਮੈਦਾਨ ਵਿਚ ਕੁੱਦਣ ਵਾਲੇ ਆਗੂਆਂ ਵਲੋਂ ਹੁਣ ਤੋਂ ਹੀ ਸਰਗਰਮੀਆਂ ਆਰੰਭ ਦਿੱਤੀਆਂ ਗਈਆਂ ਹਨ। ਫੈਡਰਲ ਚੋਣਾਂ 2015 ਵਿਚ ਹੋਣ ਜਾ ਰਹੀਆਂ ਹਨ। ਵੱਖ-ਵੱਖ ਪਾਰਟੀਆਂ ਵਲੋਂ ਉਮੀਦਵਾਰਾਂ ਦੀ ਚੋਣ ਲਈ ਨੌਮੀਨੇਸ਼ਨ ਚੋਣਾਂ ਸਾਲ 2014 ਵਿਚ ਮੁਕੰਮਲ ਕਰਵਾਈਆਂ ਜਾਣਗੀਆਂ। ਐਡਮਿੰਟਨ ਤੋਂ ਨਵੇਂ ਬਣੇ ਐਲਰਸਲੀ ਬੌਮਾਉਂਟ ਹਲਕੇ ਲਈ ਮਹਿੰਦਰ ਸਿੰਘ ਤੂਰ ਨੇ ਕੰਜ਼ਰਵੇਟਿਵ ਪਾਰਟੀ ਦੀ ਤਰਫ਼ੋਂ ਨੌਮੀਨੇਸ਼ਨ ਚੋਣ ਲੜਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਸ. ਤੂਰ ਨੇ ਦਸਿਆ ਕਿ ਭਾਈਚਾਰੇ ਵਲੋਂ ਜ਼ੋਰ ਪਾਉਣ 'ਤੇ ਉਹ ਚੋਣ ਮੈਦਾਨ ਵਿਚ ਉਤਰੇ ਹਨ। ਸ. ਮਹਿੰਦਰ ਸਿੰਘ ਤੂਰ 1998 'ਚ ਕਨੇਡਾ ਦੀ ਧਰਤੀ 'ਤੇ ਆਏ। ਕੰਸਟਰਕਸ਼ਨ ਕੰਪਨੀ ਲਫ਼ਾਰਜ ਵਿਚ 15 ਸਾਲ ਦੇ ਕਰੀਬ ਕੰਮ ਕਰਨ ਦੇ ਨਾਲ ਫੈਮਿਲੀ ਕਾਰੋਬਾਰ ਅਤੇ ਸ਼ਾਪਿੰਗ ਮਾਲ ਦੇ ਵੀ ਮਾਲਕ ਹਨ। ਐਡਮਿੰਟਨ ਦੀਆਂ ਧਾਰਮਕ, ਸਮਾਜਕ, ਖੇਡ ਕਲੱਬਾਂ ਅਤੇ ਨੌਜਵਾਨ ਸੰਸਥਾਵਾਂ ਦੇ ਮੁੱਖ ਆਗੂਆਂ ਦਾ ਸ. ਤੂਰ ਨੂੰ ਪੂਰਨ ਸਹਿਯੋਗ ਹੈ। ਸ. ਤੂਰ ਨੇ ਦੱਸਿਆ ਕਿ ਚੋਣ ਵਿਚ ਉਤਰਨ ਦਾ ਮੁੱਖ ਮਨੋਰਥ ਭਾਈਚਾਰੇ ਨੂੰ ਆ ਰਹੀਆਂ ਮੁਸਕਲਾਂ ਦੇ ਹੱਲ ਲਈ ਇਮੀਗ੍ਰੇਸ਼ਨ ਨੀਤੀਆਂ 'ਚ ਸੁਧਾਰ ਤੋਂ ਇਲਾਵਾ ਸਮੂਹ ਵੱਖ-ਵੱਖ ਭਾਈਚਾਰੇ ਦੀਆਂ ਮੁਸ਼ਕਲਾਂ ਦੇ ਹੱਲ ਲਈ ਆਵਾਜ਼ ਉਠਾਉਣਾ ਹੈ। ਸ. ਮਹਿੰਦਰ ਸਿੰਘ ਤੂਰ ਨਾਲ 587-989-6711 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਡਾ. ਮਨਮੋਹਨ ਨੂੰ ਸਾਹਿਤ ਅਕਾਦਮੀ ਐਵਾਰਡ



ਨਵੀਂ ਦਿੱਲੀ (ਨਦਬ) ਸਾਹਿਤ ਅਕਾਦਮੀ ਦੇ ਸਾਲਾਨਾ ਐਵਾਰਡਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬੀ ਭਾਸ਼ਾ ਲਈ ਇਹ ਐਵਾਰਡ ਪ੍ਰਸਿੱਧ ਲੇਖਕ ਡਾ. ਮਨਮੋਹਨ ਨੂੰ ਉਨ੍ਹਾਂ ਦੀ ਕਿਤਾਬ 'ਨਿਰਵਾਣ ਲਈ ਦਿੱਤਾ ਗਿਆ ਹੈ। ਪੁਲੀਸ ਵਿਚ ਉੱਚ ਅਧਿਕਾਰੀ ਵਜੋਂ ਉਹ ਅੱਜ-ਕੱਲ੍ਹ ਚੰਡੀਗੜ੍ਹ ਵਿਖੇ ਤਾਇਨਾਤ ਹਨ। ਡਾ. ਮਨਮੋਹਨ ਨੇ ਪੰਜਾਬੀ ਸਾਹਿਤ ਵਿਚ ਕਵਿਤਾ, ਨਾਵਲ ਅਤੇ ਆਲੋਚਨਾ ਦੇ ਖੇਤਰ 'ਚ ਯੋਗਦਾਨ ਪਾਇਆ ਹੈ। 14 ਜੁਲਾਈ 1962 ਨੂੰ ਅੰਮ੍ਰਿਤਸਰ ਜਨਮੇ ਮਨਮੋਹਨ ਦੀ ਕਵਿਤਾ ਦੀ ਪਹਿਲੀ ਕਿਤਾਬ 1982 ਦੌਰਾਨ 'ਅਗਲੇ ਚੁਰਾਹੇ ਤਕ ਛਪੀ ਸੀ। ਉਸ ਸਮੇਂ ਉਹ ਪੜ੍ਹਾਈ ਕਰ ਰਹੇ ਸਨ। ਉਨ੍ਹਾਂ ਦਾ ਕਵਿਤਾ ਸੰਗ੍ਰਹਿ 'ਮਨ ਮਹਿਲ' 1989 'ਚ ਛਪਿਆ। ਸੁਰ ਸੰਕੇਤ 1998, ਨਮਿਤ 2001 'ਚ, ਨੀਲ ਕੰਠ 2008 'ਚ, ਦੂਜੇ ਸ਼ਬਦਾਂ 'ਚ 2010 ਦੌਰਾਨ ਤੇ 2102 'ਬੈਖਰੀ ਕਿਤਾਬ ਛਪੀ।

ਆਲੋਚਨਾ ਦੇ ਖੇਤਰ 'ਚ ਉਨ੍ਹਾਂ ਦੇ 'ਵਿਚਾਰ ਚਿੰਤਨ ਤੇ ਵਿਹਾਰ ਅਤੇ 'ਪ੍ਰਾਕਥਨ ਤੇ ਪ੍ਰਪੇਖ ਕਿਤਾਬਾਂ ਰਾਹੀਂ ਯੋਗਦਾਨ ਦਿੱਤਾ ਹੈ। ਉਨ੍ਹਾਂ 2000 'ਚ ਪੰਜਾਬੀ ਅਕਾਦਮੀ ਦਿੱਲੀ ਲਈ ਵੀ ਸਾਹਿਤਕ ਕਾਰਜ ਕੀਤਾ ਸੀ। ਉਨ੍ਹਾਂ 4 ਕਿਤਾਬਾਂ ਅੰਗਰੇਜ਼ੀ ਤੋਂ ਪੰਜਾਬੀ 'ਚ ਅਨੁਵਾਦ ਕੀਤੀਆਂ ਹਨ। ਇਕ ਪੰਜਾਬੀ ਨਾਟਕ 'ਸਾਵੀ ਅੰਗਰੇਜ਼ੀ 'ਚ ਅਨੁਵਾਦ ਕੀਤਾ ਹੈ। ਉਨ੍ਹਾਂ ਨੂੰ 2001 'ਚ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਕਵਿਤਾ ਐਵਾਰਡ, ਆਲੋਚਨਾ ਐਵਾਰਡ 2005 'ਚ ਅਤੇ ਵਾਰਤਕ ਐਵਾਰਡ 2009 'ਚ ਮਿਲ ਚੁੱਕਾ ਹੈ। ਮਨਮੋਹਨ ਨੇ ਆਪਣੀ ਡਾਕਟਰੇਟ ਗੁਰੂ ਗੋਬਿੰਦ ਸਿੰਘ ਦੀ ਮਿਥਿਆਲੋਜਕ ਕਵਿਤਾ ਦੇ ਵਿਸ਼ੇ 'ਤੇ ਕੀਤੀ ਸੀ।

## ਅਮਰਜੀਤ ਪੁਰੇਵਾਲ ਨੂੰ ਸਦਮਾ, ਬਾਪੂ ਸਾਧੂ ਸਿੰਘ ਪੁਰੇਵਾਲ ਦਾ ਦੇਹਾਂਤ



ਐਡਮਿੰਟਨ (ਨਦਬ) : ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਐਡਮਿੰਟਨ ਦੇ ਖ਼ਜ਼ਾਨਚੀ ਅਮਰਜੀਤ ਪੁਰੇਵਾਲ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸਾਧੂ ਸਿੰਘ ਪੁਰੇਵਾਲ ਮਿਤੀ 25 ਦਸੰਬਰ 2013 ਨੂੰ 88 ਸਾਲ ਉਮਰ ਭੋਗ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਬਾਪੂ ਸਾਧੂ ਸਿੰਘ ਦਾ ਜਨਮ ਪਾਕਿਸਤਾਨ ਵਿਚ ਹੋਇਆ ਅਤੇ 47 ਦੀ ਵੰਡ ਤੋਂ ਬਾਅਦ ਉਹ ਜਲੰਧਰ ਜ਼ਿਲ੍ਹੇ ਦੇ ਪਿੰਡ ਨੰਗਲ ਜੀਵਨ ਵਿਚ ਆ ਵਸੇ। ਅਗਾਂਹਵਧੂ ਵਿਚਾਰਾਂ ਵਾਲੇ ਬਾਪੂ ਸਾਧੂ ਸਿੰਘ ਭਾਵੇਂ ਬਹੁਤੇ ਪੜ੍ਹੇ ਲਿਖੇ ਤਾਂ ਨਹੀਂ ਸਨ ਪਰ ਉਹ ਪੜ੍ਹਾਈ ਦੀ ਕੀਮਤ ਨੂੰ ਬਾਖ਼ੂਬੀ ਸਮਝਦੇ ਸਨ, ਇਸੇ ਲਈ ਉਨ੍ਹਾਂ ਨੇ ਆਪਣੇ ਪੰਜੇ ਬੱਚੇ ਜਿਨ੍ਹਾਂ ਵਿਚ ਤਿੰਨ ਲੜਕੇ ਰਘੁਬੀਰ ਸਿੰਘ, ਸੁਖਜਿੰਦਰ ਸਿੰਘ ਅਤੇ ਅਮਰਜੀਤ ਪੁਰੇਵਾਲ ਤੇ ਦੋ ਧੀਆਂ ਜਸਵਿੰਦਰ ਕੌਰ ਤੇ ਪਵਨਜੀਤ ਨੂੰ ਆਪਣੀ ਆਰਥਕ ਯੋਗਤਾ ਨੂੰ ਔਖੋਂ ਪਰੇਖੇ ਕਰ ਕੇ ਵਿਦਿਆ ਦੁਆਈ। ਉਨ੍ਹਾਂ ਨੇ ਧਾਰਮਕ ਪਖੰਡ ਬਾਅਦ, ਗ਼ੈਰ ਸਮਾਜਕ ਰੀਤੀ ਰਿਵਾਜਾਂ ਦਾ ਆਖ਼ਰੀ ਸਮੇਂ ਤਕ ਡੱਟ ਕੇ ਵਿਰੋਧ ਕੀਤਾ। ਪਿੰਡ ਨੰਗਲ ਜੀਵਨ ਵਿਚ ਰਹਿੰਦਿਆਂ ਉਨ੍ਹਾਂ ਨੇ ਕਦੇ ਵੀ ਕਿਸੇ ਜੋਤਸ਼ੀ ਜਾਂ ਪਖੰਡੀ ਨੂੰ ਪਿੰਡ ਵਿਚ ਪੈਰ ਨਹੀਂ ਸੀ ਪਾਉਣ ਦਿੱਤਾ।

ਰੋਜ਼ੀ-ਰੋਟੀ ਖ਼ਾਤਰ ਉਹ 10-12 ਸਾਲ ਅਰਬ ਦੇਸ਼ਾਂ ਵਿਚ ਕਮਾਈ ਕਰਨ ਉਪਰੰਤ 1990 ਵਿਚ ਕਨੇਡਾ ਦੇ ਸ਼ਹਿਰ ਐਡਮਿੰਟਨ ਆ ਵਸੇ। ਐਡਮਿੰਟਨ ਰਹਿੰਦਿਆਂ ਉਨ੍ਹਾਂ ਸਮਾਜਕ ਕੰਮਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ। ਅਦਾਰਾ 'ਨਵੀਂ ਦੁਨੀਆ' ਬਾਪੂ ਸਾਧੂ ਸਿੰਘ ਪੁਰੇਵਾਲ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਦੁੱਖ ਦੀ ਘੜੀ ਵਿਚ ਪੁਰੇਵਾਲ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ। ਅਮਰਜੀਤ ਪੁਰੇਵਾਲ ਨਾਲ ਦੁੱਖ ਪ੍ਰਗਟ ਕਰਨ ਲਈ ਉਨ੍ਹਾਂ ਦੇ ਫ਼ੋਨ ਨੰ. 780-970-2809 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Do Not Drink and Drive

**Wayne Llewellyn**

I was walking around in a Big Bazaar store shopping, when I saw a Cashier talking to a boy couldn't have been more than 5 or 6 years old..

The Cashier said, 'I'm sorry, but you don't have enough money to buy this doll. Then the little boy turned to the cashier and asked: are you sure I don't have enough money?''The cashier counted his cash once again and replied: ''You know that you don't have enough money to buy the doll, my dear.'' The little boy was still holding the doll in his hand.Finally, I walked toward him and I asked him who he wished to give this doll to. 'It's the doll that my sister loved most and wanted so much . I wanted to Gift her for her BIRTHDAY.

I have to give the doll to my mommy so that she can give it to my sister when she goes there.' His eyes were so sad while saying this. 'My Sister has gone to be with God.. Daddy says that Mommy is going to see God very soon too, so I thought that she could take the doll with her to give it to my sister...''

My heart nearly stopped. The little boy looked up at me and said: 'I told daddy to tell mommy not to go yet. I need her to wait until I come back from the mall.' Then he showed me a very nice photo of him where he was laughing. He then told me 'I want mommy to take my picture with her so my sister won't forget me.' 'I love my mommy and I wish she doesn't have to leave me, but daddy says that she has to go to be with my little sister.' Then he looked again at the doll with sad eyes, very quietly..I quickly reached for my wallet and said to the boy. 'Suppose we check again, just in case you do have enough money for the doll?''OK' he said, 'I hope I do have enough.' I added some of my money to his with out him seeing and we started to count it. There was enough for the doll and even some spare money.

The little boy said: 'Thank you God for giving me enough money!'Then he looked at me and added, 'I asked last night before I went to sleep for God to make sure I had enough money to buy this doll, so that mommy could give It to my sister. He heard me!'' 'I also wanted to have enough money to buy a white rose for my mommy, but I didn't dare to ask God for too much. But He gave me enough to buy the doll and a white rose. My mommy loves white roses.'I finished my shopping in a totally different state from when I started. I couldn't get the little boy out of my mind.

Then I remembered a local news paper article two days ago, which mentioned a drunk man in a truck, who hit a car occupied by a young woman and a little girl. The little girl died right away, and the mother was left in a critical state. The family had to decide whether to pull the plug on the life-sustaining machine, because the young woman would not be able to recover from the coma. Was this the family of the little boy?

Two days after this encounter with the little boy, I read in the news paper that the young woman had passed away.. I couldn't stop myself as I bought a bunch of white roses and I went to the funeral home where the body of the young woman was exposed for people to see and make last wishes before her burial.She was there, in her coffin, holding a beautiful white rose in her hand with the photo of the little boy and the doll placed over her chest. I left the place, teary-eyed, feeling that my life had been changed for ever...

The love that the little boy had for his mother and his sister is still, to this day, hard to imagine. And in a fraction of a second, a drunk driver had taken all this away from him.

Please DO NOT DRINK & DRIVE.

# Hypocrisy

**Amrit Riar**

As we talk about living in a modern world and accepting people. Some communities still hold on to the traditions of their ancestors, which is a beautiful thing. Children are being taught the culture their parents grew up with, but is it making them hypocrite too?

Minor communities usually talk about being the victim of racism, or feeling like an outsider. But are minority communities really accepting others too? How could be expected to be accepted, when they aren't doing the same. As a part of the small Indian community, I see our people judging every single community and complaining about it too. Hypocrisy has become a problem that none of us wants or ready to talk about. We get so defensive when it comes to our community that sometimes we ignore the fact that what we are doing could be wrong. Even if the topic comes up, we judge others on the basis of their skin colour. Racism isn't the topic we are being a hypocrite about. There are many other examples like generation gap and gender discrimination. If a girl wants to live the way she likes she would be judged by almost everyone within her own community whereas boys have almost no restrictions. We do hold onto the traditions of our ancestors, which are a beautiful thing, but are we really being fair. We are using culture as an excuse. Our culture doesn't say that girl cannot be independent. Guru Nanak Dev Ji, the founder of Sikhism has said himself, "So Kyu Manda Aakhiye Jit Janmey Rajaan", which means that men and women are equal and therefore women cannot be considered socially or spiritually inferior. If we are really following our tradition and teachings, how could we leave this one out?

The generation gap is another problem. Parents need to understand that time has changed and with that it's also changed how society thinks. Parents need to let children make their mistakes to learn lessons. They can't be with them every single second. If parents are too uptight, children sneak out and make bigger mistakes. Children feel afraid to share their secrets and problems. Parents need to become more understanding of their children's problems like peer pressure. They need to know they can help their kids by talking to them not by forcing their decisions.

# Microwave

**Jagsir**

We are always looking to discover new ways of making our lives easier through innovative inventions. What we often fail to understand however, is that not all inventions are good for our health. Microwave ovens are one such invention that has been widely mistaken as a healthy convenience. Do you rely on the convenience of a microwave over a stove, to cook or heat your food? If yes, then you might want to stop and think again before placing your life in the hands on this so called "harmless" man-made invention. Today, over 90% of homes use microwave ovens for re-heating foods, and for daily meal preparations. It is so easy to use as it just takes a few minutes to get the meal on the table "ready to eat". However, as you may already know, a microwave oven essentially uses microwave radiations to heat polarized molecules in food. Unfortunately, these microwave radiations have been found to distort the molecular structure of foods. As a result, microwave preparations lack healthy nutrients as most of them are destroyed during heating!Did you know that the Soviet Union banned microwaves in 1976? Why do you think they would do so and yet the other Government still hasn't warned us anything about it? Microwave ovens continue to be used in every home, and the reason is simple – microwaves are convenient and energy efficient way of preparing food.

It has been found that cooking food in microwaves is an unhealthy and unnatural approach for preparing baby food. According to Young Families, the Minnesota Extension Service of the University of Minnesota published in 1989, milk bottle heated in microwaves may cause harm to the baby who drinks it. High milk temperature (often resulted due to overheating) could not only burn a baby's mouth and throat, the steam all encapsulated in the bottle may also cause the bottle to explode due to the presence of radiation gases within it.The study further confirmed that it may be better and much safer to heat the bottle by placing it under a tap of warm water for a few minutes than to heat it in a microwave oven. To understand why microwaves are dangerous for health, a study was carried out by Raum & Zelt in 1992 which showed some noticeable changes in the human build after consuming microwave heated milk and vegetables.In this study, 8 volunteers ate different combinations of the same food cooked in different ways, which caused different changes in the blood of the volunteers. Hemoglobin, which is an important constituent of blood decreased while white blood cells and cholesterol increased. Lymphocytes, which provide immunity to the body, also decreased which is quite an alarming sign. Bacteria also increased after eating the microwave heated food. A food scientist by the name of Dr. Hans Ulrich Hertel who worked with one of the major companies of Switzerland carried out a research which showed striking discoveries about cooking food in microwaves. Dr. Hertel was fired from his company because of raising questions on how the food was prepared. His famous research with a Lausanne university professor which showed that food cooked in microwaves has cancerous effects.Dr. Hertel carried out experiments to find out the effects of "microwaved" nutrients on human blood. He showed that microwave radiations completely destroy the nutrients in the food and could cause very bad effects on the human body. He also found out that microwaved food decreased hemoglobin in our body and could increase the cholesterol levels.

You can do your own experiment, buy two identical plants and microwave the water for one and heat the water for the other on the stove then cool it down of course, and water each plant with the same method. After a few days you will see the one that gets the microwaved water will begin to die, same with your body only you may not realize the effects until its way too late, not worth the convenience.

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਬਾਜਵਾ ਦੇ ਦਾਅ-ਪੇਚ : ਕਾਂਗਰਸ ਕਾਰਜਕਾਰਨੀ ਤੋਂ ਨਵੀਂ ਟੀਮ ਦੇ ਹੱਕ 'ਚ ਮਤਾ ਪਾਸ ਕਰਵਾਇਆ

ਪੰਜਾਬ ਕਾਂਗਰਸ ਦੇ ਨਵਨਿਯੁਕਤ 137 ਅਹੁਦੇਦਾਰਾਂ ਦੀ ਮੀਟਿੰਗ ਦੌਰਾਨ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਕੁੱਲ ਮਿਲਾ ਕੇ ਬਲ ਮਿਲਿਆ ਹੈ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਜਿਥੇ ਸ੍ਰੀ ਬਾਜਵਾ ਦੀ ਅਗਵਾਈ 'ਚ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ ਉਥੇ ਹਾਈਕਮਾਂਡ ਵੱਲੋਂ ਪੰਜਾਬ ਇਕਾਈ ਦੀ ਬਣਾਈ ਨਵੀਂ ਟੀਮ ਦੇ ਵੀ ਹੱਕ ਵਿੱਚ ਵੀ ਮਤਾ ਪਾਸ ਕੀਤਾ ਹੈ।

ਇਸ ਮੀਟਿੰਗ ਵਿਚ ਭਾਵੇਂ ਤਕਰੀਬਨ ਹਰੇਕ ਬੁਲਾਰੇ ਨੇ ਪੰਜਾਬ ਕਾਂਗਰਸ ਉਪਰ ਆਪਣਾ ਪੂਰਾ ਵਿਸ਼ਵਾਸ ਪ੍ਰਗਟ ਕੀਤਾ ਹੈ ਪਰ ਇਸੇ ਦੌਰਾਨ ਫਾਜ਼ਿਲਕਾ ਜ਼ਿਲ੍ਹੇ ਨਾਲ ਸਬੰਧਤ ਨਵੇਂ ਸਕੱਤਰ ਬਣਾਏ ਅਨੀਸ਼ ਸਿਡਾਨਾ ਨੇ ਮੌਕੇ 'ਤੇ ਹੀ ਪ੍ਰਧਾਨ ਨੂੰ ਆਪਣਾ ਅਸਤੀਫਾ ਦੇ ਕੇ ਦੋਸ਼ ਲਾਇਆ ਕਿ ਅਹੁਦੇਦਾਰਾਂ ਦੀ ਸੂਚੀ ਵਿਚ ਹਿੰਦੂ ਭਾਈਚਾਰੇ ਨੂੰ ਅੱਖੋਂ-ਪਰੋਖੇ ਕੀਤਾ ਗਿਆ ਹੈ।



ਮੀਟਿੰਗ ਵਿੱਚ ਪਹਿਲਾਂ ਹੀ ਬਾਗੀ ਸੁਰਾਂ ਚੁੱਕਣ ਵਾਲੇ ਖਰੜ ਦੇ ਵਿਧਾਇਕ ਜਗਮੋਹਨ ਸਿੰਘ ਕੰਗ ਸ਼ਾਮਲ ਨਹੀਂ ਹੋਏ। ਸ੍ਰੀ ਬਾਜਵਾ ਨੇ ਕਿਹਾ ਕਿ ਮੀਟਿੰਗ ਵਿੱਚ ਵਿਧਾਇਕ ਕੇਵਲ ਸਿੰਘ ਢਿੱਲੋਂ ਤੇ ਗੁਰਕੀਰਤ ਸਿੰਘ ਕੋਟਲੀ ਵਿਦੇਸ਼ ਗਏ ਹੋਣ ਕਾਰਨ ਸ਼ਾਮਲ ਨਹੀਂ ਹੋ ਸਕੇ। ਅੰਮ੍ਰਿਤਸਰ ਤੋਂ ਵਿਧਾਇਕ ਤੇ ਮੀਤ ਪ੍ਰਧਾਨ ਓਪੀ ਸੋਨੀ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਉਹ ਬਿਮਾਰ ਹੋਣ ਕਾਰਨ ਮੀਟਿੰਗ ਵਿਚ ਨਹੀਂ ਆ ਸਕੇ।

ਮੀਟਿੰਗ ਵਿੱਚ 61 ਸਕੱਤਰਾਂ ਵਿੱਚੋਂ 49,14 ਮੀਤ ਪ੍ਰਧਾਨਾਂ ਵਿਚੋਂ 12, ਅਤੇ 34 ਜਨਰਲ ਸਕੱਤਰਾਂ ਵਿੱਚੋਂ 3 ਜਨਰਲ ਸਕੱਤਰ ਸ਼ਾਮਲ ਨਹੀਂ ਹੋਏ। ਸਮੂਹ 27 ਜ਼ਿਲ੍ਹਾ ਕਾਂਗਰਸ ਪ੍ਰਧਾਨ ਮੀਟਿੰਗ ਵਿੱਚ ਸ਼ਾਮਲ ਸਨ। ਮੀਟਿੰਗ ਵਿੱਚ ਵਿਧਾਇਕ ਚਰਨਜੀਤ ਸਿੰਘ ਚੰਨੀ ਤੇ ਰਾਜਾ ਵੜਿੰਗ ਨੇ ਕਿਹਾ ਕਿ ਜੇ ਉਨ੍ਹਾਂ ਦੇ ਅਹੁੱਦੇ ਛੱਡਣ ਨਾਲ ਪਾਰਟੀ ਮਜ਼ਬੂਤ ਹੁੰਦੀ ਹੈ ਤਾਂ ਉਹ ਇਸ ਲਈ ਤਿਆਰ ਹਨ। ਮੀਟਿੰਗ ਵਿੱਚ ਪੰਜਾਬ ਕਾਂਗਰਸ ਦੇ ਇੰਚਾਰਜ ਸਕੱਤਰ ਹਰੀਸ਼ ਚੌਧਰੀ ਦੇ ਉਡਾਣ ਰੱਦ ਹੋਣ ਕਾਰਨ ਨਾ ਪੁੱਜਣ ਦੇ ਬਾਵਜੂਦ ਸ੍ਰੀ ਬਾਜਵਾ ਦੀ ਅਗਵਾਈ ਹੇਠ ਮੀਟਿੰਗ ਸ਼ਾਂਤਮਈ ਢੰਗ ਨਾਲ ਚੱਲੀ। ਉਂਜ ਇਸ ਮੌਕੇ ਇਹ ਚਰਚਾ ਵੀ ਭਾਰੂ ਸੀ ਕਿ ਸ੍ਰੀ ਬਾਜਵਾ ਦੀ ਅਸਲ ਪ੍ਰੀਖਿਆ 148 ਮੈਂਬਰੀ ਸੂਬਾ ਕਾਰਕਾਰਨੀ ਕਮੇਟੀ ਅਤੇ 34 ਮੈਂਬਰੀ ਸਪੈਸ਼ਲ ਇਨਵਾਈਟੀਜ਼ ਕਮੇਟੀ ਦੀ ਮੀਟਿੰਗ ਵਿੱਚ ਹੋਵੇਗੀ।

ਦੱਸਣਯੋਗ ਹੈ ਕਿ ਇਨ੍ਹਾਂ ਕਮੇਟੀਆਂ ਵਿਚਲੇ ਮੈਂਬਰਾਂ ਨੇ ਹੀ ਵੱਡੇ ਪੱਧਰ 'ਤੇ ਬਗਾਵਤੀ ਸੁਰਾਂ ਚੁੱਕੀਆਂ ਹਨ ਅਤੇ ਸ੍ਰੀ ਬਾਜਵਾ ਨੇ ਇਨ੍ਹਾਂ ਕਮੇਟੀਆਂ ਦੀ ਵੱਖਰੇ ਤੌਰ 'ਤੇ ਮੀਟਿੰਗ ਸੱਦਣ ਦਾ ਫੈਸਲਾ ਕੀਤਾ ਹੈ। ਸਪੈਸ਼ਲ ਇਨਵਾਈਟੀਜ਼ ਕਮੇਟੀ ਵਿੱਚ ਕੈਪਟਨ ਅਮਰਿੰਦਰ ਸਿੰਘ, ਬੀਬੀ ਰਾਜਿੰਦਰ ਕੌਰ ਭੱਠਲ, ਮਹਿੰਦਰ ਸਿੰਘ ਕੇਪੀ, ਅਸ਼ਵਨੀ ਕੁਮਾਰ, ਪਰਨੀਤ ਕੌਰ, ਲਾਲ ਸਿੰਘ, ਸੁਨੀਲ ਜਾਖੜ, ਜਗਮੀਤ ਸਿੰਘ ਬਰਾੜ ਜਿਹੇ ਮੁੱਖ ਆਗੂ ਸ਼ਾਮਲ ਹਨ।

ਮੀਟਿੰਗ ਤੋਂ ਬਾਅਦ ਸ੍ਰੀ ਬਾਜਵਾ ਨੇ ਕਿਹਾ ਕਿ ਅਹੁਦੇਦਾਰਾਂ ਦੀ ਸੂਚੀ ਉਨ੍ਹਾਂ ਨੇ ਨਹੀਂ ਹਾਈਕਮਾਂਡ ਵੱਲੋਂ ਪੰਜਾਬ ਦੀ ਸਮੂਹ ਸੀਨੀਅਰ ਲੀਡਰਸ਼ਿਪ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਪਾਰਟੀ ਦੀ ਕੌਮੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦੀ ਪ੍ਰਵਾਨਗੀ ਨਾਲ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਦੋਂ ਨਵੇਂ ਚਿਹਰੇ ਸਾਹਮਣੇ ਆਉਂਦੇ ਹਨ ਤਾਂ ਕੁੱਝ ਵਲਵਲੇ ਉਠਦੇ ਹੀ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਬਾਗੀ ਹੋਏ ਕਿਸੇ ਵੀ ਆਗੂ ਨੂੰ ਅਹੁਦਾ ਨਹੀਂ ਦਿੱਤਾ ਗਿਆ ਅਤੇ ਇਹ ਆਗੂ ਪਹਿਲਾਂ ਹੀ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੇ ਸਨ। ਸ੍ਰੀ ਬਾਜਵਾ ਅਨੁਸਾਰ ਅਸਤੀਫੇ ਦੇਣ ਵਾਲੇ ਕਈ ਆਗੂਆਂ ਨੇ ਉਨ੍ਹਾਂ ਕੋਲ ਮੰਨਿਆ ਹੈ ਕਿ ਉਨ੍ਹਾਂ ਨੇ ਦਿਲ 'ਤੇ ਪੱਥਰ ਰੱਖ ਕੇ ਕਿਸੇ ਮਜਬੂਰੀ ਕਾਰਨ ਅਸਤੀਫੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਹਾਈਕਮਾਂਡ ਇਸ ਸਮੁੱਚੇ ਮਾਮਲੇ ਨੂੰ ਦੇਖ ਰਹੀ ਹੈ ਅਤੇ ਉਹ ਆਪਣੇ ਵੱਲੋਂ ਵੀ ਸੂਚੀ ਵਿਰੁੱਧ ਉਠੇ ਇਤਰਾਜ਼ਾਂ ਦੀ ਪੜਚੋਲ ਕਰਕੇ ਹਾਈਕਮਾਂਡ ਨੂੰ ਲਿਖਣਗੇ। ਦੂਜੇ ਪਾਸੇ ਹਾਈਕਮਾਂਡ ਵੱਲੋਂ ਪਹਿਲਾਂ ਹੀ ਬਗਾਵਤੀ ਸੁਰਾਂ ਚੁੱਕਣ ਵਾਲੇ ਆਗੂਆਂ ਦੇ ਮਾਮਲੇ ਵਿਚਾਰਨ ਲਈ ਇੱਕ ਹਫ਼ਤੇ ਵਿੱਚ ਅਨੁਸ਼ਾਸਨੀ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ।

## ਗੁਰਬਖ਼ਸ਼ ਸਿੰਘ ਖਾਲਸਾ ਵਲੋਂ ਭੁੱਖ ਹੜਤਾਲ ਸਮਾਪਤ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ ਵਿਚ ਬੁੜੈਲ ਜੇਲ੍ਹ ਵਿਚ ਬੰਦ ਸ਼ਮਸ਼ੇਰ ਸਿੰਘ ਤੇ ਲਖਵਿੰਦਰ ਸਿੰਘ ਨੂੰ ਪੈਰੋਲ 'ਤੇ ਰਿਹਾਅ ਕੀਤੇ ਜਾਣ ਮਗਰੋਂ ਗੁਰਬਖਸ਼ ਸਿੰਘ ਖਾਲਸਾ ਨੇ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰ ਕੇ 44 ਦਿਨ



ਬਾਅਦ ਭੁੱਖ ਹੜਤਾਲ ਸਮਾਪਤ ਕਰ ਦਿੱਤੀ। ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜੂਸ ਪਿਲਾਇਆ। ਇਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗੁਰਬਖ਼ਸ਼ ਸਿੰਘ ਨੇ ਆਖਿਆ ਕਿ ਉਸ ਨੇ 14 ਨਵੰਬਰ ਨੂੰ ਚਾਰ ਸਿੱਖਾਂ ਦੀ ਰਿਹਾਈ ਦੀ ਮੰਗ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਸੀ, ਜਿਨ੍ਹਾਂ ਵਿਚ ਲਾਲ ਸਿੰਘ (ਨਾਭਾ ਜੇਲ੍ਹ), ਗੁਰਮੀਤ ਸਿੰਘ, ਲਖਵਿੰਦਰ ਸਿੰਘ ਅਤੇ ਸ਼ਮਸ਼ੇਰ ਸਿੰਘ (ਬੁੜੈਲ ਜੇਲ੍ਹ) ਸ਼ਾਮਲ ਸਨ। ਇਸ ਦੌਰਾਨ ਦੋ ਸਿੱਖ ਕੈਦੀਆਂ ਵਰਿਆਮ ਸਿੰਘ ਤੇ ਜਗਦੀਪ ਸਿੰਘ ਦਾ ਨਾਂ ਵੀ ਇਨ੍ਹਾਂ ਵਿਚ ਜੁੜ ਗਿਆ। ਉਨ੍ਹਾਂ ਦੱਸਿਆ ਕਿ ਲਾਲ ਸਿੰਘ ਤੇ ਗੁਰਮੀਤ ਸਿੰਘ ਦੀ ਕੁਝ ਦਿਨ ਪਹਿਲਾਂ ਪੈਰੋਲ 'ਤੇ ਰਿਹਾਈ ਹੋ ਗਈ ਸੀ ਅਤੇ ਲਖਵਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ ਦੀ ਪੈਰੋਲ 'ਤੇ ਰਿਹਾਈ ਹੋ ਗਈ ਹੈ। ਇਸ ਲਈ ਉਨ੍ਹਾਂ ਨੇ ਅਰਦਾਸ ਕਰ ਕੇ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਹੈ। ਬਾਕੀ ਦੋ ਸਿੱਖ ਕੈਦੀਆਂ ਦੀ ਰਿਹਾਈ ਬਾਰੇ ਉਨ੍ਹਾਂ ਆਖਿਆ ਕਿ ਇਨ੍ਹਾਂ ਦੋਵਾਂ ਨੂੰ ਰਿਹਾਅ ਕਰਾਉਣਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਜ਼ਿੰਮੇਵਾਰੀ ਹੈ ਕਿਉਂਕਿ ਉਨ੍ਹਾਂ ਨੇ ਇਸ ਬਾਰੇ ਭਰੋਸਾ ਦਿੱਤਾ ਹੈ ਕਿ ਇਨ੍ਹਾਂ ਦੋਵਾਂ ਦੀ ਰਿਹਾਈ ਵੀ ਜਲਦੀ ਹੋ ਜਾਵੇਗੀ। ਉਨ੍ਹਾਂ ਆਖਿਆ ਕਿ ਉਹ ਸ਼ਾਂਤਮਈ ਸੰਘਰਸ਼ ਦੇ ਹੱਕ ਵਿਚ ਹਨ ਅਤੇ ਬੰਦੂਕਧਾਰੀ ਸੰਘਰਸ਼ ਦਾ ਵਿਰੋਧ ਕਰਦੇ ਹਨ।

## ਅਕਾਲੀ ਦਲ ਦੇ ਖ਼ਜ਼ਾਨੇ 'ਤੇ ਕਾਰੋਬਾਰੀਆਂ ਦੀ 'ਮਿਹਰ'

ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨੇ ਮੁਲਕ ਦੇ ਵੱਡੇ ਘਰਾਣੇ 'ਭਰਪੂਰ' ਕਰ ਰਹੇ ਹਨ। ਰੀਅਲ ਅਸਟੇਟ ਅਤੇ ਸਨਅਤ ਮਾਲਕਾਂ ਨੇ ਸ਼੍ਰੋਮਣੀ ਅਕਾਲੀ ਦਲ (ਬ) ਦੀ ਪੈਸੇ ਦੀ ਤੰਗੀ ਚੁੱਕ ਦਿੱਤੀ ਹੈ। ਅਕਾਲੀ ਦਲ (ਬ) ਨੂੰ ਮੁੰਬਈ ਅਤੇ ਦਿੱਲੀ ਦੇ ਕਾਰੋਬਾਰੀਆਂ ਤੋਂ ਚੋਖਾ ਚੰਦਾ ਮਿਲਦਾ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਕੇਂਦਰੀ ਚੋਣ ਕਮਿਸ਼ਨ ਨੂੰ, ਜੋ ਤਾਜ਼ਾ ਵੇਰਵੇ ਦਿੱਤੇ ਹਨ, ਉਨ੍ਹਾਂ ਅਨੁਸਾਰ ਇਸ ਖੇਤਰੀ ਪਾਰਟੀ ਨੂੰ ਚੰਦਾ ਦੇਣ ਵਾਲਿਆਂ ਵਿਚ ਨਾਮੀ ਘਰਾਣੇ ਸ਼ਾਮਲ ਹਨ।

ਸ਼੍ਰੋਮਣੀ ਅਕਾਲੀ ਦਲ ਦੀ 2012-13 ਦੀ ਤਾਜ਼ਾ ਬੈਲੇਂਸ ਸ਼ੀਟ ਅਨੁਸਾਰ ਇਸ ਮਾਲੀ ਵਰ੍ਹੇ ਦੌਰਾਨ 62 ਕਾਰੋਬਾਰੀ ਅਤੇ ਸਿਆਸੀ ਲੋਕਾਂ ਨੇ ਪਾਰਟੀ ਨੂੰ 1.81 ਕਰੋੜ ਰੁਪਏ ਦਾ ਚੰਦਾ ਦਿੱਤਾ ਹੈ। ਜ਼ੀਰਕਪੁਰ ਦੇ ਹਾਲੀਵੁੱਡ ਡਿਵੈਲਪਰ ਨੇ ਪੰਜ ਲੱਖ, ਬਰਨਾਲਾ ਬਿਲਡਰਜ਼ ਨੇ 15 ਲੱਖ, ਜਨਤਾ ਲੈਂਡ ਪ੍ਰਮੋਟਰ ਮੁਹਾਲੀ ਨੇ 15 ਲੱਖ, ਜੀ.ਐਸ. ਪ੍ਰਮੋਟਰਜ਼ ਐਂਡ ਡਿਵੈਲਪਰਜ਼ ਪੰਚਕੂਲਾ ਨੇ 5 ਲੱਖ, ਮੋਤੀਆ ਟਾਊਨਸ਼ਿਪ ਪੰਚਕੂਲਾ ਨੇ 10 ਲੱਖ, ਸੂਰੀਆ ਕੰਟੈਰਕਟਰ ਮੁਹਾਲੀ ਨੇ 5 ਲੱਖ, ਸੈਣੀ ਡਿਵੈਲਪਰਜ਼ ਨੇ 5 ਲੱਖ ਤੇ ਸੋਹੀ ਬਿਲਡਰਜ਼ ਪੰਚਕੂਲਾ ਨੇ 5 ਲੱਖ ਦਾ ਅਕਾਲੀ ਦਲ ਨੂੰ ਚੰਦਾ ਦਿੱਤਾ ਹੈ। ਮੁੰਬਈ ਦੀ ਟਰਿੱਗ ਡਿਟੈਕਟਿਵ ਨੇ 50 ਲੱਖ ਦਾ ਚੰਦਾ ਦਿੱਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 1.02 ਲੱਖ ਅਤੇ ਪਾਰਟੀ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ 1.02 ਲੱਖ ਰੁਪਏ ਦਾ ਯੋਗਦਾਨ ਪਾਇਆ ਹੈ।



ਹਰ ਕੈਬਨਿਟ ਵਜ਼ੀਰ ਨੇ 1.02 ਲੱਖ ਰੁਪਏ ਅਤੇ ਹਰ ਮੁੱਖ ਸੰਸਦੀ ਸਕੱਤਰ ਨੇ 72 ਹਜ਼ਾਰ ਰੁਪਏ ਪਾਰਟੀ ਫੰਡ ਵਜੋਂ ਦਿੱਤੇ ਹਨ। ਅਕਾਲੀ ਦਲ ਨੂੰ 2012-13 ਦੌਰਾਨ ਪਾਰਟੀ ਫੰਡਾਂ ਅਤੇ ਮੈਂਬਰਸ਼ਿਪ ਫੀਸ ਤੋਂ 10.05 ਕਰੋੜ ਰੁਪਏ ਦੀ ਆਮਦਨ ਹੋਈ ਅਤੇ ਇੰਨਾ ਹੀ ਖਰਚ ਹੋ ਗਿਆ। ਇਸ ਮਾਲੀ ਸਾਲ ਦੌਰਾਨ ਅਕਾਲੀ ਦਲ ਨੇ 5.51 ਕਰੋੜ ਰੁਪਏ ਸਫ਼ਰ 'ਤੇ ਖਰਚਾ ਕੀਤਾ ਅਤੇ 1.90 ਕਰੋੜ ਰੁਪਏ ਇਲੈਕਟ੍ਰਾਨਿਕ ਮੀਡੀਏ ਨੂੰ ਦਿੱਤੇ ਇਸ਼ਤਿਹਾਰਾਂ 'ਤੇ ਖਰਚ ਕੀਤੇ।

ਸ਼੍ਰੋਮਣੀ ਅਕਾਲੀ ਦਲ ਨੂੰ ਮਾਲੀ ਸਾਲ 2011-12 ਵਿਚ 30.75 ਕਰੋੜ ਰੁਪਏ ਦਾ ਚੰਦਾ ਪ੍ਰਾਪਤ ਹੋਇਆ ਸੀ। ਇਸ ਵਰ੍ਹੇ ਵਿਚ ਭਾਰਤੀ ਗਰੁੱਪ ਨੇ ਅਕਾਲੀ ਦਲ ਨੂੰ ਇਕ ਕਰੋੜ ਰੁਪਏ ਦਾ ਚੰਦਾ ਦਿੱਤਾ ਜਦੋਂਕਿ ਦਿੱਲੀ ਦੀ ਰਾਈਟ ਗਾਰਡ ਰਬੜ ਲਿਮਟਡ ਨੇ 15 ਲੱਖ ਰੁਪਏ ਦਿੱਤੇ। ਲੁਧਿਆਣਾ ਦੀ ਸਾਈਕਲ ਸਨਅਤ ਵਲੋਂ ਵੀ ਅਕਾਲੀ ਦਲ ਨੂੰ ਕਾਫ਼ੀ ਫੰਡ ਦਿੱਤਾ ਜਾਂਦਾ ਹੈ। ਸਾਲ 2009-10 ਵਿਚ 75.21 ਲੱਖ ਰੁਪਏ ਫੰਡ ਵਜੋਂ ਪ੍ਰਾਪਤ ਹੋਏ। ਇਸ ਵਰ੍ਹੇ ਮੁੰਬਈ ਦੀ ਟਰਿੱਗ ਗਾਰਡ ਫੋਰਸ ਨੇ 21 ਲੱਖ ਰੁਪਏ ਅਤੇ ਅੰਬੂਜਾ ਸੀਮਿੰਟ ਨੇ ਵੀ 7.50 ਲੱਖ ਰੁਪਏ ਦਾ ਫੰਡ ਦਿੱਤਾ। ਸਾਲ 2008-09 ਵਿਚ ਪਾਰਟੀ ਨੂੰ 68.43 ਲੱਖ ਰੁਪਏ ਦਾ ਫੰਡ ਮਿਲਿਆ।

ਸ਼੍ਰੋਮਣੀ ਅਕਾਲੀ ਦਲ ਦੀ ਪੱਕੀ ਸੰਪਤੀ 'ਤੇ ਨਜ਼ਰ ਮਾਰੀਏ ਤਾਂ 31 ਮਾਰਚ 2013 ਤੱਕ ਅਕਾਲੀ ਦਲ ਕੋਲ 2.53 ਕਰੋੜ ਰੁਪਏ ਦੀ ਅਚੱਲ ਸੰਪਤੀ ਸੀ। ਸ਼੍ਰੋਮਣੀ ਅਕਾਲੀ ਦਲ ਕੋਲ ਇਕ ਸਾਈਕਲ ਵੀ ਹੈ, ਜਿਸ ਦੀ ਕੀਮਤ 2227 ਰੁਪਏ ਹੈ ਅਤੇ 4.05 ਲੱਖ ਰੁਪਏ ਦੀ ਗੱਡੀ ਵੀ ਹੈ। ਕਰੀਬ 50 ਹਜ਼ਾਰ ਰੁਪਏ ਮੁੱਲ ਦੀਆਂ ਕਿਤਾਬਾਂ ਹਨ ਅਤੇ 2.87 ਲੱਖ ਰੁਪਏ ਦਾ ਵੀਡੀਓ ਕੈਮਰਾ ਹੈ। ਕਾਂਗਰਸ ਅਤੇ ਭਾਜਪਾ ਵਲੋਂ ਵੀ ਤਾਜ਼ਾ ਬੈਲੇਂਸ ਸੀਟ ਚੋਣ ਕਮਿਸ਼ਨ ਕੋਲ ਜਮ੍ਹਾਂ ਕਰਾਈ ਗਈ ਹੈ ਪਰ ਇਨ੍ਹਾਂ ਸਿਆਸੀ ਧਿਰਾਂ ਦੇ ਪੰਜਾਬ ਵਿਚਲੇ ਹਿਸਾਬ-ਕਿਤਾਬ ਦਾ ਪਤਾ ਨਹੀਂ ਲੱਗ ਸਕਿਆ। ਕੌਮੀ ਪਾਰਟੀਆਂ ਹੋਣ ਕਰ ਕੇ ਇਨ੍ਹਾਂ ਨੂੰ ਚੰਦਾ ਦੇਣ ਵਾਲਿਆਂ ਵਿਚ ਵੀ ਵੱਡੇ ਘਰਾਣੇ ਸ਼ਾਮਲ ਹਨ।

## ਵਿਧਾਨ ਸਭਾ ਸਪੀਕਰਾਂ ਨੇ ਅਲਾਪਿਆ 'ਆਪਣਿਆਂ ਦਾ ਰਾਗ'

ਪੰਜਾਬ ਵਿਧਾਨ ਸਭਾ ਦੇ ਸਪੀਕਰਾਂ ਨੇ ਵਿਧਾਨ ਸਭਾ ਵਿਚ 'ਆਪਣਿਆਂ' ਨੂੰ ਹੀ ਨੌਕਰੀਆਂ ਦੇ ਗੱਫੇ ਵੰਡ ਦਿੱਤੇ ਹਨ, ਉਨ੍ਹਾਂ 60 ਸਾਲ ਪੁਰਾਣੇ ਸਰਕਾਰੀ ਪੱਤਰ ਦਾ ਸਹਾਰਾ ਲੈ ਕੇ ਨਿਯੁਕਤੀਆਂ ਲਈ ਨਾ ਤਾਂ ਕੋਈ ਇਸ਼ਤਿਹਾਰ ਦਿੱਤਾ ਅਤੇ ਨਾ ਹੀ ਕੋਈ ਕਮੇਟੀ ਬਣਾਈ। ਵਿਧਾਨ ਸਭਾ ਦੇ ਪਿਛਲੇ ਚਾਰ ਸਪੀਕਰਾਂ ਨੇ ਸਾਲ 1997 ਤੋਂ ਹੁਣ ਤੱਕ ਵਿਧਾਨ ਸਭਾ ਸਕੱਤਰੇਤ ਵਿਚ ਅਜਿਹੀਆਂ 215 ਨਿਯੁਕਤੀਆਂ ਕੀਤੀਆਂ ਹਨ। ਸਪੀਕਰਾਂ ਨੇ ਹਰ ਛੋਟੀ-ਮੋਟੀ ਆਸਾਮੀ 'ਤੇ ਆਪਣੀ ਮਰਜ਼ੀ ਨਾਲ ਰੈਗੂਲਰ ਭਰਤੀ ਕੀਤੀ ਹੈ।



ਪੰਜਾਬ ਵਿਧਾਨ ਸਭਾ ਸਕੱਤਰੇਤ ਵਲੋਂ ਆਰ.ਟੀ.ਆਈ. ਤਹਿਤ ਦਿੱਤੀ ਸੂਚਨਾ ਅਨੁਸਾਰ ਵਿਧਾਨ ਸਭਾ ਦੇ ਤਤਕਾਲੀ ਸਪੀਕਰ ਨਿਰਮਲ ਸਿੰਘ ਕਾਹਲੋਂ (2007-13) ਨੇ 72 ਵਿਅਕਤੀ ਵਿਧਾਨ ਸਭਾ ਸਕੱਤਰੇਤ ਵਿਚ ਮੁਲਾਜ਼ਮ ਵਜੋਂ ਭਰਤੀ ਕੀਤੇ, ਜਿਨ੍ਹਾਂ 'ਚੋਂ 51 ਆਸਾਮੀਆਂ ਰੈਗੂਲਰ ਸਨ। ਉਨ੍ਹਾਂ ਗੁਰਦਾਸਪੁਰ ਜ਼ਿਲ੍ਹੇ ਦੇ 20 ਵਿਅਕਤੀ ਭਰਤੀ ਕੀਤੇ, ਜਿਨ੍ਹਾਂ 'ਚੋਂ ਅੱਧੀ ਦਰਜਨ ਉਨ੍ਹਾਂ ਦੇ ਹਲਕੇ ਫਤਹਿਗੜ੍ਹ ਚੂੜ੍ਹੀਆਂ ਨਾਲ ਸਬੰਧਤ ਸਨ। ਉਨ੍ਹਾਂ ਆਪਣੀ ਰਿਹਾਇਸ਼ ਵਾਲੇ ਜ਼ਿਲ੍ਹੇ ਅੰਮ੍ਰਿਤਸਰ ਤੇ ਚੰਡੀਗੜ੍ਹ ਤੋਂ ਸੱਤ-ਸੱਤ ਮੁਲਾਜ਼ਮ, ਜਦੋਂਕਿ ਇੱਕ ਹਿਮਾਚਲ ਪ੍ਰਦੇਸ਼ ਦਾ ਭਰਤੀ ਕੀਤਾ। ਉਨ੍ਹਾਂ ਸਾਲ 2011 ਵਿਚ 37 ਵਿਅਕਤੀਆਂ ਨੂੰ ਭਰਤੀ ਕੀਤਾ।

ਕਾਂਗਰਸੀ ਹਕੂਮਤ ਸਮੇਂ ਵਿਧਾਨ ਸਭਾ ਦੇ ਮਰਹੂਮ ਸਪੀਕਰ ਡਾ. ਕੇਵਲ ਕ੍ਰਿਸ਼ਨ (2002-07) ਨੇ ਸਭ ਤੋਂ ਵੱਧ 78 ਰੈਗੂਲਰ ਮੁਲਾਜ਼ਮ ਭਰਤੀ ਕੀਤੇ। ਉਨ੍ਹਾਂ ਜ਼ਿਲ੍ਹਾ ਹੁਸ਼ਿਆਰਪੁਰ ਤੋਂ 29 ਵਿਅਕਤੀ ਭਰਤੀ ਕੀਤੇ, ਜਿਨ੍ਹਾਂ 'ਚੋਂ 25 ਉਨ੍ਹਾਂ ਦੇ ਆਪਣੇ ਹਲਕੇ ਮੁਕੇਰੀਆਂ ਤੋਂ ਸਨ। ਉਨ੍ਹਾਂ ਚੰਡੀਗੜ੍ਹ ਦੇ 28 ਅਤੇ ਹਰਿਆਣਾ ਦੇ ਇੱਕ ਵਿਅਕਤੀ ਨੂੰ ਵਿਧਾਨ ਸਭਾ ਵਿਚ ਰੁਜ਼ਗਾਰ ਦਿੱਤਾ। ਜਦੋਂਕਿ ਚਰਨਜੀਤ ਸਿੰਘ ਅਟਵਾਲ 1997-2002 ਤੱਕ ਸਪੀਕਰ ਸਨ ਤਾਂ ਉਨ੍ਹਾਂ ਉਦੋਂ 36 ਮੁਲਾਜ਼ਮ ਰੈਗੂਲਰ ਭਰਤੀ ਕੀਤੇ, ਜਿਨ੍ਹਾਂ ਵਿਚੋਂ 8 ਉਨ੍ਹਾਂ ਦੇ ਆਪਣੇ ਜ਼ਿਲ੍ਹੇ ਲੁਧਿਆਣਾ ਨਾਲ ਸਬੰਧਤ ਸਨ। ਉਨ੍ਹਾਂ ਨੇ ਚੰਡੀਗੜ੍ਹ ਦੇ 9, ਦਿੱਲੀ ਅਤੇ ਹਰਿਆਣਾ ਦੇ ਇੱਕ-ਇੱਕ ਵਿਅਕਤੀ ਨੂੰ ਮੁਲਾਜ਼ਮ ਵਜੋਂ ਵਿਧਾਨ ਸਭਾ ਸਕੱਤਰੇਤ ਵਿਚ ਰੁਜ਼ਗਾਰ ਦਿੱਤਾ।



ਮਾਲਵਾ ਪੱਟੀ ਨਾਲ ਸਬੰਧਤ ਕੋਈ ਸਪੀਕਰ ਨਾ ਹੋਣ ਦਾ ਖਮਿਆਜ਼ਾ ਮਲਵਈ ਜ਼ਿਲ੍ਹਿਆਂ ਨੂੰ ਭੁਗਤਣਾ ਪਿਆ ਹੈ ਜਦਕਿ ਵਧੇਰੇ ਦਾਅ ਰੋਪੜ, ਮੁਹਾਲੀ, ਫਤਹਿਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਨੇ ਲਾਇਆ ਹੈ। ਵਿਧਾਨ ਸਭਾ ਦੇ ਮੌਜੂਦਾ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਹੁਣ ਤੱਕ 29 ਮੁਲਾਜ਼ਮ ਭਰਤੀ ਕੀਤੇ ਹਨ, ਜਿਨ੍ਹਾਂ 'ਚੋਂ ਇੱਕ ਦਰਜਨ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ ਚਾਰ ਮੁਲਾਜ਼ਮ ਉਨ੍ਹਾਂ ਦੇ ਹਲਕੇ ਪਾਇਲ ਦੇ ਹਨ। ਦੋ ਵਰ੍ਹਿਆਂ ਵਿਚ ਸਪੀਕਰ ਅਟਵਾਲ ਨੇ ਚੰਡੀਗੜ੍ਹ 'ਚੋਂ ਅੱਧੀ ਦਰਜਨ ਵਿਅਕਤੀਆਂ ਨੂੰ ਭਰਤੀ ਕਰਵਾਇਆ ਹੈ। ਇਨ੍ਹਾਂ ਵਿਚੋਂ ਦੋ ਅਜਿਹੇ ਵੀ ਹਨ ਜਿਨ੍ਹਾਂ ਨੂੰ ਤਰਸ ਦੇ ਆਧਾਰ 'ਤੇ ਭਰਤੀ ਕੀਤਾ ਗਿਆ ਹੈ।

ਇਨ੍ਹਾਂ ਸਾਰੇ ਸਪੀਕਰਾਂ ਵਲੋਂ ਕਲਰਕ, ਅਨੁਵਾਦਕ, ਰਿਕਾਰਡ ਰਿਸਟੋਰਰ, ਕਾਪੀ ਹੋਲਡਰ, ਟੈਲੀਫੋਨ ਅਟੈਂਡੈਂਟ, ਸੈਨਟਰੀ ਇੰਸਪੈਕਟਰ, ਡਬਲਿਊ.ਡਬਲਿਊ.ਏ, ਸਹਾਇਕ ਲਾਇਬਰੇਰੀਅਨ, ਖੋਜ ਸਹਾਇਕ, ਡਰਾਈਵਰ, ਸੇਵਾਦਾਰ, ਸਫਾਈ ਸੇਵਕ, ਗੇਟ ਕੀਪਰ ਤੇ ਚੌਕੀਦਾਰ ਭਰਤੀ ਕੀਤੇ ਗਏ ਹਨ। ਮੌਜੂਦਾ ਸਮੇਂ ਵਿਧਾਨ ਸਭਾ ਵਿਚ ਅਜੇ ਵੀ ਕਰੀਬ ਦਰਜਨ ਅਸਾਮੀਆਂ ਖ਼ਾਲੀ ਹਨ।

ਕੀ ਹੈ 60 ਸਾਲ ਪੁਰਾਣਾ ਪੱਤਰ

ਸਪੀਕਰਾਂ ਵਲੋਂ ਮਰਜ਼ੀ ਨਾਲ ਕੀਤੀ ਗਈ ਭਰਤੀ ਲਈ ਪੰਜਾਬ ਦੇ ਮੁੱਖ ਸਕੱਤਰ ਨਵਾਬ ਸਿੰਘ ਵਲੋਂ 11 ਅਪਰੈਲ, 1953 ਨੂੰ ਸ਼ਿਮਲਾ ਤੋਂ ਜਾਰੀ ਕੀਤੇ ਪੱਤਰ ਦਾ ਸਹਾਰਾ ਲਿਆ ਜਾ ਰਿਹਾ ਹੈ। ਪੱਤਰ ਅਨੁਸਾਰ ਸਪੀਕਰ ਲੋੜ ਅਨੁਸਾਰ ਸਕੱਤਰੇਤ ਵਿਚ ਵਿੱਤ ਵਿਭਾਗ ਦੀ ਸਲਾਹ ਨਾਲ ਨਵੀਆਂ ਆਸਾਮੀਆਂ 'ਪੈਦਾ' ਕਰ ਕੇ ਨਿਯੁਕਤੀਆਂ ਕਰ ਸਕਦਾ ਹੈ। ਪੱਤਰ ਅਨੁਸਾਰ ਪੰਜਾਬ ਵਿਧਾਨ ਸਭਾ 20 ਮਾਰਚ, 1953 ਨੂੰ ਹੋਂਦ ਵਿਚ ਆਈ ਸੀ। ਇੰਨੇ ਵਰ੍ਹਿਆਂ ਵਿਚ ਭਾਵੇਂ ਨਵਾਂ ਪੰਜਾਬ ਹੋਂਦ ਵਿਚ ਆ ਗਿਆ ਹੈ ਪਰ ਪੁਰਾਣੇ ਪੱਤਰ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7′ x 12′ ONLY 00.50 ¢/SQ FT
CARPET REM OVER 7′ x 12′ ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8″ 3.99 / SF (4,000 SF IN STOCK)

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5″ x 13.5″ 1.29/SF (8870 IN STOCK) 2 COLORS TO CHOOSE
PORCELEIN TILE 13″ x 13″ 1.79/ SF (20,239 SF IN STOCK) 4 COLORS TO CHOOSE

SUPER BLOWOUT SALE!

CALL BALBIR SINGH JAGGI
780 435 9410
Fax: 780 435 2596



# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday






# Lunch & Dinner Buffet





ALL INDIA
RESTAURANT & SWEETS

780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**







### What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL
INSURANCE COMPANY

**Discounts up to 60%**

**Payment Options available**

**ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ**

**We Provide Services In English, Punjabi, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਸਿਮਰਨ ਸਿੱਧੂ, ਮਨਿੰਦਰ ਕੌਰ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ADVANCED Roofing Systems Ltd.

Residential/Commercial Insurance Claims ▪ Asphalt & Specialty Shingles ▪ Siding, Soffits, Fascia ▪ 2 Ply Membranes (SBS) ▪ Cedar Shakes New & Re-Roof Specialists ▪ Condominums Welcome ▪ Steep Roofs Welcome Licaenced & Insured ▪ Pine Shake Replacement ▪ Roof Top Snow removel ▪ FREE Estimates



Gill Olson (Manager)

RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

Gurkeerat Holding Ltd.

- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

G DRIVING SCHOOL LTD.
Authorised teach Certification Course
EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu
Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area
Gurcharan Singh Garcha (M.Sc. M.Ed.)
9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

PIZZA 99
Serving for over 16 years
Call (780) 450-9900
ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ
ਪਰਮਜੀਤ ਸਿੰਘ ਬਾਠ
www.pizza99.com
FREE DELIVERY Millwoods ONLY
Buy any Pizza at regular price & get Second Pizza of equal or less value Free or Chicken wings Free and 3rd Pizza Half Price.
Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm
RENNET FREE CHEESE 1543 Millwoods Road East, Edmonton AB.

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.
All kind of Stucco
Acrylic & Rain Screen
Harinder Dhaliwal (780) 297-9165

EconoLodge BY CHOICE HOTELS
Red Deer Econo Lodge Inn & Suites
www.choicehotels.com
Reservations 1-877-424-6423



403-346-4188
Cell: 403-505-4188
Email: econolodgereddeer@shaw.ca
Varinder Sidhu
President
37433 Highway 2 South, East Side Gasoline Alley
Red Deer, Alberta T4E 1B3

$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900
SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800
2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000

ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ



ਡਾ. ਜਸਪਾਲ ਸਿੰਘ
ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ



ਇਹ ਕੌੜਾ ਸੱਚ ਹੈ ਕਿ ਭਾਰਤੀ ਸਮਾਜ ਦਾ ਇੱਕ ਵੱਡਾ ਹਿੱਸਾ ਸਦੀਆਂ ਤੋਂ ਵਿਤਕਰੇ ਅਤੇ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ। ਦਬੇ-ਕੁਚਲੇ ਅਤੇ ਪਿੱਛੇ ਰਹਿ ਗਏ ਸਮਾਜ ਦੇ ਇਸ ਹਿੱਸੇ ਦੀ ਭੂਮਿਕਾ ਸਿਰਫ਼ ਇੱਥੋਂ ਤਕ ਮਹਿਦੂਦ ਰਹੀ ਹੈ ਕਿ ਉਸ ਨੇ ਕਿਸੇ ਇੱਕ ਜਾਂ ਦੂਜੀ ਸਮਾਜੀ ਅਤੇ ਰਾਜਸੀ ਧਿਰ ਦਾ ਮੂਕ ਸਮਰਥਕ ਬਣ ਕੇ ਰਹਿਣਾ ਹੈ। ਆਪਣੇ ਹਿੱਤਾਂ ਤੇ ਅਧਿਕਾਰਾਂ ਦੀ ਖੁੱਲ੍ਹ ਕੇ ਗੱਲ ਕਰਨਾ ਵੀ ਇੱਕ ਕਿਸਮ ਨਾਲ ਇਸ ਵਰਗ ਲਈ ਵਰਜਿਤ ਰਿਹਾ ਹੈ।

ਪਰ ਹੁਣ ਹਾਲਾਤ ਬਦਲਦੇ ਨਜ਼ਰ ਆ ਰਹੇ ਹਨ। ਦੇਸ਼ ਦੀ ਬਣਤਰ ਵਿੱਚ ਇੱਕ ਨਵੀਂ ਹਕੀਕਤ ਉਭਰ ਕੇ ਸਾਹਮਣੇ ਆ ਰਹੀ ਹੈ। ਦੇਸ਼ ਦੇ ਰਾਜਸੀ ਪਾਸਾਰ ਵਿੱਚ ਹਾਸ਼ੀਏ 'ਤੇ ਰਹਿ ਗਿਆ ਪਛੜਿਆ ਵਰਗ ਅਤੇ ਉਸ ਨਾਲ ਜੁੜੀ ਰਾਜਨੀਤੀ ਭਾਰੂ ਹੋ ਰਹੀ ਹੈ। ਹਰ ਰਾਜਸੀ ਧਿਰ ਪਛੜੇ ਵਰਗ ਦੇ ਹਿੱਤਾਂ ਨੂੰ ਪਹਿਲ ਦੇਣ ਦਾ ਵਾਇਦਾ ਕਰ ਕੇ ਆਪਣੀ ਰਾਜਸੀ ਸਾਖ਼ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ ਲੱਗ ਗਈ ਹੈ। ਪਹਿਲਾਂ ਤੋਂ ਮੌਜੂਦ ਰਾਜਸੀ ਧਿਰਾਂ ਤੋਂ ਇਲਾਵਾ ਅਜਿਹੇ ਨਵੇਂ ਰਾਜਸੀ ਗੁੱਟ ਵੀ ਹੋਂਦ ਵਿੱਚ ਆ ਗਏ ਹਨ ਜਿਨ੍ਹਾਂ ਦਾ ਇੱਕੋ-ਇੱਕ ਏਜੰਡਾ ਪਛੜੇ ਵਰਗ ਦੀ ਰਾਜਨੀਤੀ ਕਰਨਾ ਹੈ। ਨਵੀਂ ਲੀਡਰਸ਼ਿਪ ਵੀ ਉੱਭਰ ਕੇ ਸਾਹਮਣੇ ਆ ਰਹੀ ਹੈ ਜਿਸ ਦਾ ਨਾਅਰਾ ਸਮਾਜ ਦੇ ਪਛੜੇ ਵਰਗਾਂ ਨੂੰ ਰਾਜ ਸੱਤਾ 'ਤੇ ਪਹੁੰਚਾਉਣਾ ਜਾਂ ਫਿਰ ਘੱਟੋ-ਘੱਟ ਉਸ ਨੂੰ ਰਾਜ ਸੱਤਾ ਵਿੱਚ ਭਾਈਵਾਲ ਬਣਾਉਣਾ ਹੈ।

ਇਹ ਬਦਲਾਅ ਕਿਉਂ ਆਇਆ? ਕਿਵੇਂ ਰਾਜਸੀ ਸੱਤਾ ਦੇ ਸੂਤਰਧਾਰ ਅੱਜ ਪਛੜੇ ਵਰਗ ਨੂੰ ਸੱਤਾ ਵਿੱਚ ਹਿੱਸੇਦਾਰੀ ਦੇਣ ਲਈ ਤਿਆਰ ਹੋ ਗਏ ਹਨ? ਇਹ ਵੀ ਬੜੀ ਸੰਜੀਦਗੀ ਨਾਲ ਵਿਚਾਰਨ ਵਾਲੀ ਗੱਲ ਹੈ ਕਿ ਕੀ ਕੋਈ ਐਸੀ ਲਹਿਰ ਹੈ ਜਿਹੜੀ ਇਤਿਹਾਸਕ ਤੌਰ 'ਤੇ ਨਿਰੰਤਰ ਇਸ ਬਦਲਾਅ ਲਈ ਕਾਰਜਸ਼ੀਲ ਰਹੀ ਹੈ।

ਕੋਈ ਅਤਿਕਥਨੀ ਨਹੀਂ ਹੋਵੇਗੀ, ਜੇ ਇਹ ਕਿਹਾ ਜਾਵੇ ਕਿ ਮੱਧਕਾਲੀਨ ਦੌਰ ਵਿੱਚ ਗੁਰੂ ਸਾਹਿਬਾਨ ਨੇ ਭਾਰਤੀ ਸਮਾਜ ਨੂੰ ਇੱਕ ਨਵੀਂ ਰੋਸ਼ਨੀ ਦਿੱਤੀ ਸੀ। ਨਿਰਸੰਦੇਹ, ਜਿਹੜੀ ਗੱਲ ਗੁਰੂ ਸਾਹਿਬਾਨ ਨੇ ਬੜੀ ਸ਼ਿੱਦਤ ਨਾਲ ਕਹੀ ਸੀ, ਉਹ ਇਹੋ ਸੀ ਕਿ ਸਮਾਜਿਕ ਪੱਧਰ 'ਤੇ ਜਿਨ੍ਹਾਂ ਨੂੰ ਵਿਤਕਰੇ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜਿਨ੍ਹਾਂ ਨੂੰ ਸਦੀਆਂ ਤੋਂ ਪੈਰਾਂ ਥੱਲੇ ਰੌਂਦਿਆ ਜਾ ਰਿਹਾ ਹੈ, ਉਹੋ ਭਾਰਤ ਦੇ ਅਸਲੀ ਵਾਰਸ ਹਨ। ਨਿਰਾ ਕਿਹਾ ਨਹੀਂ ਸਗੋਂ ਆਪਣੇ ਦਰਬਾਰ ਵਿੱਚ, ਆਪਣੇ ਆਲੇ-ਦੁਆਲੇ ਵਿੱਚ, ਆਪਣੇ ਸਿੱਖਾਂ ਦੇ ਰੋਜ਼ਮਰ੍ਹਾ ਜੀਵਨ ਵਿੱਚ ਇਸ ਇਨਕਲਾਬੀ ਸਿਧਾਂਤ ਨੂੰ ਵਿਹਾਰ ਵਿੱਚ ਉਤਾਰ ਦਿੱਤਾ। ਗੁਰੂ ਸਾਹਿਬਾਨ ਨੇ ਸਿੱਖੀ ਦੀ ਸੰਸਥਾਤਮਕ ਬਣਤਰ ਅਤੇ ਆਚਰਨ ਵਿੱਚੋਂ ਹਰ ਕਿਸਮ ਦਾ ਸਮਾਜਿਕ ਵਿਤਕਰਾ ਮਨਫ਼ੀ ਕਰ ਕੇ ਅਤੇ ਤ੍ਰਿਸਕਾਰ ਵਾਲੀ ਵਿਪਰਨ ਕੀ ਰੀਤ ਨੂੰ ਪੂਰੀ ਤਰ੍ਹਾਂ ਨਕਾਰ ਕੇ ਇੱਕ ਨਵੇਂ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਵੇਖਿਆ ਸੀ।

ਇਸ ਹਵਾਲੇ ਨਾਲ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਯਾਦ ਆਉਂਦੇ ਹਨ ਜਿਹੜੇ ਉਨ੍ਹਾਂ ਤਿੰਨ ਸਦੀਆਂ ਪਹਿਲਾਂ ਕਹੇ ਸਨ ਅਤੇ ਜਿਨ੍ਹਾਂ ਨੂੰ ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿੱਚ ਇਸ ਤਰ੍ਹਾਂ ਕਲਮਬੰਦ ਕੀਤਾ ਹੈ:

**ਇਨ ਚਿੜੀਅਨ ਤੇ ਬਾਜ ਤੁੜਾਵੋਂ।**
**ਅਜਾ ਸੁਤਨ ਤੇ ਸ਼ੇਰ ਕੁਹਾਵੋਂ।**
**ਸਿਖਨ ਕੋ ਭੁਗਤੈ ਹੋ ਰਾਜ।**
**ਤਬੈ ਸਦੇ ਹੋ ਗਰੀਬ ਨਿਵਾਜ।**

ਦਰਅਸਲ ਦਸਮ ਪਿਤਾ ਦੇ ਮਨ-ਮੰਦਰ ਵਿੱਚ ਇੱਕ ਸੰਕਲਪ, ਇੱਕ ਨਿਸ਼ਚਾ, ਇੱਕ ਭਰੋਸਾ ਸੀ ਕਿ ਭਾਰਤ ਦੀ ਧਰਤੀ 'ਤੇ ਇੱਕ ਦਿਨ ਸਦੀਆਂ ਤੋਂ ਵਿਤਕਰੇ ਦੇ ਸ਼ਿਕਾਰ ਸ਼ੋਸ਼ਿਤ ਵਰਗ ਦੀ ਪਾਤਸ਼ਾਹੀ ਕਾਇਮ ਹੋਵੇਗੀ। ਇਤਿਹਾਸ ਦੱਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਨੂੰ ਸੰਗਠਿਤ ਕਰ ਕੇ ਸਮਾਜ ਵਿੱਚ ਉਚੇਰੀ ਅਤੇ ਉਸਾਰੂ ਭੂਮਿਕਾ ਨਿਭਾਉਣ ਲਈ ਸਰਗਰਮ ਕੀਤਾ ਸੀ। ਇਹ ਵੀ ਸਾਫ਼ ਸੀ ਕਿ ਪਰਜਾ ਨੂੰ ਹਾਕਮ ਦੇ ਦਰਜੇ ਤਕ ਪਹੁੰਚਾਉਣਾ ਗੁਰੂ ਸਾਹਿਬ ਦੀ ਇਸ ਸਾਰੀ ਮੁਹਿੰਮ ਦਾ ਮੁੱਖ ਉਦੇਸ਼ ਸੀ। ਇਸ ਸੰਦਰਭ ਵਿੱਚ ਇੱਥੇ ਇੱਕ ਇਤਿਹਾਸਕ ਘਟਨਾ ਦਾ ਵਰਣਨ ਕਰਨਾ ਜ਼ਰੂਰੀ ਹੈ। ਜਦੋਂ ਪਹਾੜੀ ਰਾਜਿਆਂ ਨੇ ਆਪਣੀ ਕੁਲ ਤੇ ਜ਼ਾਤ ਦੇ ਹੰਕਾਰ ਦਾ ਮੁਜਾਹਰਾ ਕਰਦਿਆਂ ਗੁਰੂ ਸਾਹਿਬ ਵੱਲੋਂ ਆਰੰਭੀ ਮੁਹਿੰਮ ਵਿੱਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਆਪਣੀ ਨਾਂਹ ਦਾ ਕਾਰਨ ਇਹ ਦੱਸਿਆ ਸੀ ਕਿ ਗੁਰੂ ਘਰ ਚਾਰੇ ਵਰਨਾਂ ਨੂੰ ਇੱਕ ਮੰਨਦਾ ਹੈ ਅਤੇ ਜਾਤ ਭੇਦ ਵਿੱਚ ਵਿਸ਼ਵਾਸ ਨਹੀਂ ਰੱਖਦਾ ਅਤੇ ਐਸੀ ਸਥਿਤੀ ਵਿੱਚ ਉਹ ਸ਼ੂਦਰਾਂ ਦੀ ਕਤਾਰ ਵਿੱਚ ਸ਼ਾਮਲ ਨਹੀਂ ਹੋ ਸਕਦੇ ਤਾਂ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨੂੰ ਚਿਤਾਵਨੀ ਦੀ ਸੁਰ ਵਿੱਚ ਵੰਗਾਰ ਕੇ ਕਿਹਾ ਕਿ ਜਿਨ੍ਹਾਂ ਨੂੰ ਤੁਸੀਂ ਅੱਜ ਨੀਵਾਂ ਤੇ ਸ਼ੂਦਰ ਕਹਿੰਦੇ ਹੋ ਇੱਕ ਦਿਨ ਉਹ ਹਾਕਮ ਹੋਣਗੇ ਅਤੇ ਤੁਸੀਂ ਉਨ੍ਹਾਂ ਦੀ ਪਰਜਾ ਬਣ ਕੇ ਰਹੋਗੇ:

**ਪਰਜਾ ਤੇ ਹਾਕਮ ਕਰ ਦੀਨੇ**
**ਹਿੰਦੂ ਤਰਕ ਤੇ ਨਿਆਰੇ।**
**ਜਮਨਾ ਤੇ ਕਾਬਲ ਲੋ ਇਨ**
**ਕਾ ਰਾਜ ਹੋਇ ਹੈ ਸਾਰੇ।**
**ਤੁਮ ਭੀ ਇਨ ਕੀ ਪਰਜਾ**
**ਥੈ ਹੋ ਸੂਦ੍ਰ ਜਿਨੈ ਬਤੈ ਹੋ।**
**ਦੀਨ ਬੰਧ ਮੈ ਤਬੈ ਸਦਾਓ ਦੀਨਨ ਰਾਜ ਭੁਗੈ ਹੋ।**

ਗੁਰੂ ਸਾਹਿਬ ਦੀ ਇਸੇ ਵਚਨਬੱਧਤਾ ਦਾ ਜ਼ਿਕਰ ਆਪਣੇ ਵੱਖਰੇ ਅੰਦਾਜ਼ ਵਿੱਚ ਭਾਈ ਰਤਨ ਸਿੰਘ ਭੰਗੂ ਨੇ ਇਸ ਤਰ੍ਹਾਂ ਕੀਤਾ ਹੈ:

**ਸਤ ਸਨਾਤ ਔ ਬਾਰਹ ਜਾਤ,**
**ਜਾਨੇ ਨਹਿ ਰਾਜਨੀਤ ਕੀ ਬਾਤ।**
**ਇਨ ਗ੍ਰੀਬ ਸਿੰਘਨ ਕੋ ਦਯੋ ਪਤਿਸ਼ਾਹੀ,**
**ਏ ਯਾਦ ਰਖੈ ਹਮਰੀ ਗੁਰਿਆਈ।**

ਕੁਇਰ ਸਿੰਘ ਦੇ 'ਗੁਰ ਬਿਲਾਸ' ਨੇ ਵੀ ਇਸ ਪ੍ਰਤੀਬੱਧਤਾ ਦਾ ਜ਼ਿਕਰ ਕੀਤਾ ਹੈ। 'ਚਿੜੀਆਂ ਕੋਲੋਂ ਬਾਜ ਤੁੜਾਉਣ', 'ਸਹੇ ਨੂੰ ਸ਼ੇਰ ਬਣਾਉਣ' ਦਾ ਗੁਰੂ-ਸੰਕਲਪ ਨਿਸ਼ਚਿਤ ਰੂਪ ਵਿੱਚ ਵਿਤਕਰਿਆਂ ਅਤੇ ਸ਼ੋਸ਼ਣ ਦੀ ਸ਼ਿਕਾਰ ਆਮ ਜਨਤਾ ਨੂੰ ਸਮਾਜ ਵਿੱਚ ਉੱਚੇ ਦਰਜੇ 'ਤੇ ਪਹੁੰਚਾਉਣ ਅਤੇ ਰਾਜਸੀ ਪ੍ਰਭੁਸੱਤਾ ਦਿਵਾਉਣ ਦਾ ਸੰਕਲਪ ਹੈ:

**ਮੈ ਅਸਪਾਨਿਜ ਤਬ ਲਖੋ ਕਰੋ ਐਸ ਯੋ ਕਾਮ।**
**ਚਿੜੀਅਨ ਬਾਜ ਤੁਰਾਯ ਹੋ ਸਸੇ ਕਰੋ ਸਿੰਘ ਸਾਮ।**
**ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ।**
**ਤਾਤੇ ਕਾਜ ਕੀਓ ਇਹੇ ਬਾਜ ਹਨੈ ਚਿੜੀਆਹ।**

ਇਤਿਹਾਸਕ ਲਿਖਤਾਂ ਦੇ ਹਵਾਲੇ ਨਾਲ ਗੁਰੂ ਸਾਹਿਬ ਦੇ ਦ੍ਰਿੜ੍ਹ ਸੰਕਲਪ ਦੇ ਕੁਝ ਹੋਰ ਪ੍ਰਮਾਣ ਇਉਂ ਹਨ:

ੳ) **ਅਬ ਦਯੈ ਪਾਤਸ਼ਾਹੀ ਗਰੀਬਨ ਉਠਾਇ।**
**ਵੈ ਜਾਨੈ ਗੁਰ ਦਈ ਹੈ ਮਾਇ।**

ਅ) **ਜੈਸੋ ਲਘੁ ਬ੍ਰਿਛਨ ਕੋ ਪਾਵਨ।**
**ਚੰਦਨ ਚੰਦਨ ਕਰ ਹੈ ਪਾਵਨ।**
**ਤਯੋ ਹੀ ਲਘੁ ਜਾਤਿਨ ਕੈ ਤਾਈ।**
**ਰਾਜ ਬਿਭੋ ਸੁਤ ਦੇਹੁ ਬਡਾਈ।**

ਪਰੰਪਰਕ ਅਤੇ ਇਤਿਹਾਸਕ ਲਿਖਤਾਂ ਦੇ ਸਮੁੱਚੇ ਅਧਿਐਨ 'ਚੋਂ ਇਹ ਸਾਰ ਕੱਢਿਆ ਜਾ ਸਕਦਾ ਹੈ ਕਿ ਸਿੱਖ ਪਰੰਪਰਾ ਦੇ ਅਚੇਤਨ ਵਿੱਚ ਹੀ ਇਹ ਵਿਚਾਰ ਡੂੰਘਾ ਲੱਥਾ ਹੋਇਆ ਹੈ ਕਿ ਧਰਤੀ ਉਪਰ ਕੀੜਿਆਂ ਵਾਂਗ ਵਿਚਰਦੇ ਲੋਕ ਇੱਕ ਦਿਨ ਪਾਤਸ਼ਾਹੀ ਦੇ ਅਧਿਕਾਰ ਪ੍ਰਾਪਤ ਕਰ ਲੈਣਗੇ, ਵਿਗੋਚੇ-ਵਿਹੂਣੇ ਲੋਕਾਂ ਨੂੰ ਰੌਂਦਣ ਵਾਲੇ ਲਸ਼ਕਰ ਇੱਕ ਦਿਨ ਖ਼ਾਕਸਾਰ ਹੋਣਗੇ- 'ਕੀੜਾ ਥਾਪਿ ਦੇਇ ਪਾਤਸਾਹੀ ਲਸਕਰ ਕਰੇ ਸੁਆਹ'। ਦਰਅਸਲ ਲੋਕ ਪਾਤਸ਼ਾਹੀ ਵਰਗੀ ਕੋਈ ਸ਼ੈਅ ਜਿਹੜੀ ਮੱਧਕਾਲ ਵਿੱਚ ਅਸੰਭਵ ਜਾਪਦੀ ਸੀ, ਜਿਸ ਦਾ ਤਸੱਵਰ ਵੀ ਨਹੀਂ ਸੀ- ਉਸ ਨੂੰ ਗੁਰੂ ਪਰੰਪਰਾ ਨੇ ਭਾਰਤੀ ਵਿਚਾਰ ਵਿੱਚ ਉਤਾਰਨ ਦਾ ਯਤਨ ਕੀਤਾ। ਫਿਰ ਇਹ ਵੀ ਸਪੱਸ਼ਟ ਹੈ ਕਿ ਗੁਰੂ ਨਾਨਕ ਪਾਤਸ਼ਾਹ ਵੇਲੇ ਜਿਹੜਾ ਵਿਚਾਰ ਬੀਜ ਰੂਪ ਵਿੱਚ ਸਾਹਮਣੇ ਆਇਆ ਸੀ ਉਹੋ ਗੁਰੂ ਗੋਬਿੰਦ ਸਿੰਘ ਦੇ ਸਮਿਆਂ ਵਿੱਚ ਵਿਗਸਿਤ ਹੋਏ ਲੋਕ-ਮਨ ਵਿੱਚ ਘਰ ਕਰ ਗਿਆ ਅਤੇ ਸਾਧਨ-ਵਿਹੂਣੇ ਲੋਕਾਂ ਦੀ ਪਾਤਸ਼ਾਹੀ ਸਥਾਪਤ ਕਰਨ ਦਾ ਸੰਕਲਪ ਵਿਹਾਰਕ ਰੂਪ ਵਿੱਚ ਸੱਚ ਹੁੰਦਾ ਨਜ਼ਰ ਆਉਣ ਲੱਗ ਪਿਆ।

ਮੁੱਕਦੀ ਗੱਲ, ਅੱਜ ਜਿਸ ਤਰ੍ਹਾਂ ਪਛੜੇ ਵਰਗ ਨੂੰ ਸੱਤਾ ਦੀ ਮੂਹਰਲੀ ਕਤਾਰ ਵਿੱਚ ਖੜ੍ਹੇ ਕਰਨ ਲਈ ਸਾਰੀਆਂ ਰਾਜਸੀ ਧਿਰਾਂ ਤਤਪਰ ਵਿਖਾਈ ਦੇ ਰਹੀਆਂ ਹਨ, ਉਸ ਦੇ ਪਿਛੋਕੜ ਵਿੱਚ 'ਬੇਕਸਾਂ-ਰਾ ਯਾਰ' ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਇਤਿਹਾਸਕ ਵਚਨਬੱਧਤਾ ਦੀ ਸਭ ਤੋਂ ਅਹਿਮ ਭੂਮਿਕਾ ਹੈ। ਗੁਰੂ ਸਾਹਿਬ ਨੇ ਅਤਿ-ਬਿਖੜੇ ਦੌਰ ਵਿੱਚ ਬੇਸਹਾਰਾ ਪਛੜੇ ਵਰਗ ਦੀ ਬਾਂਹ ਫੜੀ ਸੀ ਅਤੇ ਉਸ ਦੀ ਸਰਦਾਰੀ ਕਾਇਮ ਕਰਨ ਲਈ ਇੱਕ ਨਵੇਂ ਇਨਕਲਾਬ ਦਾ ਮੁੱਢ ਬੰਨਿਆ ਸੀ।

ਭਾਈ ਨੰਦ ਲਾਲ ਦੇ ਇਹ ਸ਼ਬਦ ਇਸ ਸੰਦਰਭ ਵਿੱਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਰੁਤਬੇ ਅਤੇ ਸ਼ਖ਼ਸੀਅਤ ਨੂੰ ਅਕੀਦਤ ਭੇਟ ਕਰਨ ਲਈ ਬਹੁਤ ਢੁੱਕਵੇਂ ਪ੍ਰਤੀਤ ਹੁੰਦੇ ਹਨ:

**ਕਾਦਿਰੇ ਹਰਕਾਰ ਗੁਰੂ ਗੋਬਿੰਦ ਸਿੰਘ।**
**ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ।**



ਚਿੜੀ ਤੋਂ ਬਾਜ਼ ਤੁੜਵਾਏ, ਉਹ ਕੈਸੀ ਸੋਚ ਹੋਵੇਗੀ?
ਜੋ ਗਿੱਦੜੋਂ ਸ਼ੇਰ ਬਣਵਾਏ, ਉਹ ਕੈਸੀ ਸੋਚ ਹੋਵੇਗੀ?

ਜਦੋਂ ਹੱਦ ਜਬਰ ਦੀ ਮੁੱਕੇ, ਜਦੋਂ ਕੜ ਸਬਰ ਦਾ ਟੁੱਟੇ,
ਉਦੋਂ ਤਲਵਾਰ ਲਹਿਰਾਵੇ, ਉਹ ਕੈਸੀ ਸੋਚ ਹੋਵੇਗੀ?

ਜੋ ਹੋਵੇ ਬਾਦਸ਼ਾਹ ਐਸਾ, ਦਿਲਾਂ 'ਤੇ ਰਾਜ ਕਰ ਜਾਵੇ,
ਮਗਰ ਦਰਵੇਸ਼ ਕਹਿਲਾਵੇ, ਉਹ ਕੈਸੀ ਸੋਚ ਹੋਵੇਗੀ?

ਚਲਾਵੇ ਬਾਣ ਜਦ ਸ਼ਿਅਰਾਂ ਦੇ ਤਾਂ ਚਿੰਗਾਰੀਆਂ ਨਿਕਲਣ,
ਤੇ ਰੂਹ ਜ਼ਾਲਮ ਦੀ ਕੰਬਾਵੇ, ਉਹ ਕੈਸੀ ਸੋਚ ਹੋਵੇਗੀ?

ਗੁਰੂ, ਚੇਲਾ, ਕਵੀ ਤੇ ਬਾਦਸ਼ਾਹ, ਦਰਵੇਸ਼ ਵੀ ਹੋਵੇ,
ਤੇ ਰਣ ਤੱਤੇ 'ਚ ਡਟ ਜਾਵੇ, ਉਹ ਕੈਸੀ ਸੋਚ ਹੋਵੇਗੀ?

ਜੋ ਸੱਚ ਖਾਤਰ ਪਿਤਾ ਵਾਰੇ, ਜੋ ਮਾਂ ਵਾਰੇ, ਜੋ ਪੁੱਤ ਵਾਰੇ,
ਤੇ ਖੁਦ ਕੁਰਬਾਨ ਹੋ ਜਾਵੇ, ਉਹ ਕੈਸੀ ਸੋਚ ਹੋਵੇਗੀ?

ਬਣੇ ਦੁਸ਼ਮਣ ਜੋ ਜੋਕਾਂ ਦੀ, ਬਣੇ ਸੱਜਣ ਜੋ ਲੋਕਾਂ ਦੀ,
ਕਦੇ ਵੀ ਥਿੜਕ ਨਾ ਪਾਵੇ, ਉਹ ਕੈਸੀ ਸੋਚ ਹੋਵੇਗੀ?

**ਮੱਖਣ ਕੁਹਾੜ**
'ਕੇਤਕੀ ਦੇ ਫੁੱਲ' ਗ਼ਜ਼ਲ ਸੰਗ੍ਰਹਿ ਵਿਚੋਂ

ਨਵੀਂ ਦੁਨੀਆ

# ਅਰਪਨ ਲਿਖਾਰੀ ਸਭਾ ਨੇ ਵਿਛੜਿਆਂ ਨੂੰ ਦਿੱਤੀਆਂ ਸ਼ਰਧਾਂਜਲੀਆਂ



ਕੈਲਗਰੀ (ਇਕਬਾਲ ਖ਼ਾਨ) : ਅਰਪਨ ਲਿਖਾਰੀ ਸਭਾ ਦੀ ਮੀਟਿੰਗ ਸਤਨਾਮ ਸਿੰਘ ਢਾਅ ਦੀ ਪ੍ਰਧਾਨਗੀ ਹੇਠ ਕੋਸੋ ਦੇ ਹਾਲ ਵਿਚ ਹੋਈ। ਸਭ ਤੋਂ ਪਹਿਲਾਂ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਕੁਝ ਸ਼ੋਕ ਸਮਾਚਾਰ ਸਰੋਤਿਆਂ ਨਾਲ ਸਾਂਝੇ ਕੀਤੇ ਅਤੇ ਵਿਛੜੀਆਂ ਸ਼ਖ਼ਸੀਅਤਾਂ ਰੇਸ਼ਮਾ, ਕਹਾਣੀਕਾਰ ਤਲਵਿੰਦਰ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਦੀ ਸੜਕ ਹਾਦਸੇ ਵਿਚ ਹੋਈ ਬੇਵਕਤ ਮੌਤ, ਨਾਟਕਕਾਰ ਚਰਨਦਾਸ ਸਿੱਧੂ, ਕਵੀ ਗੁਰਦਿਆਚ ਸਿੰਘ ਹੰਸਰਾ, ਸਾਹਿਤਕਾਰ ਦਲਜੀਤ ਸਿੰਘ ਰੱਖੜਾ ਅਤੇ ਨੈਲਸਨ ਮੰਡੇਲਾ ਨੂੰ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ। ਡਾ. ਹਰਭਜਨ ਸਿੰਘ ਢਿੱਲੋਂ ਨੇ ਨੈਲਸਲ ਮੰਡੇਲਾ, ਤਲਵਿੰਦਰ ਸਿੰਘ ਅਤੇ ਚਰਨਦਾਸ ਸਿੱਧੂ ਬਾਰੇ ਜਾਣਕਾਰੀ ਸਾਂਝੀ ਕੀਤੀ। ਕੇਸਰ ਸਿੰਘ ਨੀਰ ਨੇ ਗੁਰਦਿਆਲ ਸਿੰਘ ਹੰਸਰਾ, ਦਲਜੀਤ ਸਿੰਘ ਰੱਖੜਾ ਅਤੇ ਕੀਨੀਆ ਵਾਲੇ ਜੋਗਿੰਦਰ ਸਿੰਘ ਸ਼ਿੰਬਾ (ਸ਼ੇਰ) ਪੰਜਾਬੀ ਅਤੇ ਅਫ਼ਰੀਕੀ ਲੋਕਾਂ ਦਾ ਹਰਮਨ ਪਿਆਰਾ, ਜੋ ਕੀਨੀਆ ਵਿਚ ਲੰਬਾ ਸਮਾਂ ਕਾਰ ਰੈਲੀਆਂ ਵਿਚ ਹਿੱਸਾ ਲੈਂਦਾ ਰਿਹਾ ਸੀ, ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਬਲਵਿੰਦਰ ਕੌਰ ਬਰਾੜ ਨੇ ਚਰਨਦਾਸ ਸਿੱਧੂ ਅਤੇ ਤਲਵਿੰਦਰ ਬਾਰੇ ਯਾਦਾਂ ਸਾਂਝੀਆਂ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਨੌਜਵਾਨ ਗਾਇਕ ਰਵੀ ਪ੍ਰਕਾਸ਼ ਜਨਾਗਲ ਨੇ, ਸ਼ਿਵ ਦਾ ਗੀਤ 'ਕੌਣ ਮੇਰੇ ਸ਼ਹਿਰ ਆ ਕੇ ਮੁੜ ਗਿਆ' ਨਾਲ ਪ੍ਰੋਗਾਰਾਮ ਦੀ ਸ਼ੁਰੂਆਤ ਕੀਤੀ। ਹਰਮਿੰਦਰ ਕੌਰ ਢਿੱਲੋਂ ਨੇ ਧਰੂੰ ਭਗਤ ਦੀ ਗਾਥਾ ਬਿਆਨ ਕਰਦੀ ਕਵਿਤਾ ਸੁਣਾਈ। ਕਲਬੀਰ ਸਿੰਘ ਸ਼ੇਰਗਿੱਲ ਨੇ ਆਪਣੇ ਵਿਚਾਰ ਸਾਂਝੇ ਕੀਤੇ। ਰਾਜ ਹੁੰਦਲ ਨੇ ਉਰਦੂ ਕਵਿਤਾ ਸੁਣਾਈ। ਕਮਲਜੀਤ ਕੌਰ ਸ਼ੇਰਗਿੱਲ ਨੇ ਕਾਮਰੇਡ ਅਜੀਤ ਸਿੰਘ ਕਾਲੀਰਾਏ ਨੂੰ ਯਾਦ ਕਰਦੇ ਹੋਏ ਕਵਿਤਾ 'ਪਿਤਾ' ਸੁਣਾਈ ਜਿਸ ਨੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਕੁਲਦੀਪ ਕੌਰ ਘਟੋੜਾ ਨੇ ਦੇਸ਼ ਦੀ ਵੰਡ ਵੇਲੇ ਦਾ ਦੁਖਾਂਤ ਬਿਆਨ ਕਰਦੀ ਗੁਲਸ਼ਨ ਦਿਆਲ ਦੀ ਲਿਖੀ ਕਵਿਤਾ ਸੁਣਾਈ। ਸਰੂਪ ਸਿੰਘ ਮੰਡੇਰ ਨੇ 'ਕਲੀ' ਕਵੀਸ਼ਰੀ ਰੰਗ ਵਿਚ ਪੇਸ਼ ਕਰ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਕੁੰਦਨ ਸਿੰਘ ਸ਼ੇਰਗਿੱਲ ਨੇ ਵਿਅੰਗ ਸੁਣਾ ਕੇ ਮਾਹੌਲ ਨੂੰ ਰੰਗਲਾ ਬਣਾ ਦਿੱਤਾ। ਕੇਸਰ ਸਿੰਘ ਨੀਰ ਨੇ ਗ਼ਜ਼ਲ ਨੇ ਸੁਣਾਈ। ਸਤਨਾਮ ਸਿੰਘ ਢਾਅ ਨੇ ਰਾਜਪਾਲ ਸੰਧੂ ਦੀ ਲਿਖੀ ਕਹਾਣੀ 'ਮੰਜਾ' ਸਰੋਤਿਆਂ ਨਾਲ ਸਾਂਝੀ ਕੀਤੀ।

# ਸ਼ਹੀਦਾਂ ਦੀ ਯਾਦ 'ਚ ਪੰਜਾਬੀ ਸਾਹਿਤ ਸਭਾ ਵਲੋਂ ਮੀਟਿੰਗ

ਕੈਲਗਰੀ (ਨਦਬ) : ਚਾਰ ਸਾਹਿਬਜ਼ਾਦਿਆਂ ਅਤੇ ਚਮਕੌਰ ਸਾਹਿਬ ਦੀ ਗੜ੍ਹੀ ਦੇ ਸਮੂਹ ਸ਼ਹੀਦਾਂ ਦੀ ਸ਼ਹਾਦਤਾਂ ਨੂੰ ਸਮਰਪਤ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੌਂਸਲ ਆਫ ਸਿੱਖ ਆਰਗੇਨਾਈਜ਼ੇਸ਼ਨ ਦੇ ਹਾਲ ਕਮਰੇ ਵਿਚ ਜਸਵੀਰ ਸਿੰਘ ਸਿਹੋਤਾ ਅਤੇ ਪ੍ਰਭਦੇਵ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ। ਸਟੇਜ ਦੀ ਜ਼ਿੰਮੇਵਾਰੀ ਕੁਲਬੀਰ ਸਿੰਘ ਸ਼ੇਰਗਿੱਲ ਨੇ ਨਿਭਾਈ। ਸਭ ਤੋਂ ਪਹਿਲਾਂ ਨੈਲਸਨ ਮੰਡੇਲਾ ਨੂੰ ਸ਼ਰਧਾਂਜਲੀ ਦਿੱਤੀ ਗਈ। ਨਾਲ ਹੀ ਸਭਾ ਦੇ ਮੈਂਬਰ ਕੈਲਗਰੀ ਵਾਸੀ ਬਿਕਰ ਸਿੰਘ ਸੰਧੂ ਦੀ ਪਤਨੀ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਗਈ। ਇਕੱਤਰਤਾ ਦੇ ਮੁੱਖ ਬੁਲਾਰੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਸਿੰਘ ਮਾਨ, ਗਲੋਬਲ ਪਰਵਾਸੀ ਸੀਨੀਅਰ ਸੁਸਾਇਟੀ ਦੇ ਪ੍ਰਧਾਨ ਸਤਪਾਲ ਕੌਸ਼ਲ ਅਤੇ ਵਾਇਲਡਰੋਜ਼ ਪਾਰਟੀ ਦੇ ਮੈਂਬਰ ਹਰਦਿਆਲ ਸਿੰਘ ਮਾਨ ਹੋਰਾਂ ਆਪਣੇ ਆਪਣੇ ਸ਼ਬਦਾਂ ਵਿਚ ਮੰਡੇਲਾ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਜਸਵੰਤ ਸਿੰਘ ਹਿਸੋਵਾਲ, ਜਰਨੈਲ ਸਿੰਘ ਤੱਗੜ ਨੇ ਆਪਣੇ-ਆਪਣੇ ਵਿਚਾਰ ਰੱਖੇ। ਅਜੈਬ ਸਿੰਘ ਸੇਖੋਂ ਹੋਰਾਂ ਕਵਿਤਾ ਦੇ ਨਾਲ ਨਾਲ ਪਰਿਵਾਰਕ ਮਸਲਿਆਂ ਵਾਰੇ ਵਿਚਾਰ ਰੱਖੇ। ਜਸਵੀਰ ਸਿੰਘ ਸਿਹੋਤਾ ਨੇ ਦਸੰਵਰ ਮਹੀਨੇ ਨੂੰ, ਚਾਰ ਸਾਹਿਬਜ਼ਾਦਿਆਂ ਅਤੇ ਖਾਲਸੇ ਦੀਆਂ ਬੇਮਿਸਾਲ ਸ਼ਹਾਦਤਾਂ ਲਈ ਇਤਿਹਾਸਕ ਮਹੀਨਾ ਆਖਿਆ। ਪ੍ਰਭਦੇਵ ਸਿੰਘ ਗਿੱਲ, ਸੁਰਜੀਤ ਸਿੰਘ ਸੀਤਲ, ਬੀਬੀ ਕਮਲਜੀਤ ਕੌਰ, ਕੁੰਦਨ ਸਿੰਘ ਹੋਰਾਂ ਆਪਣੀਆਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅੰਤ ਵਿਚ ਕੁਲਬੀਰ ਸਿੰਘ ਨੇ ਕੁਝ ਮਸਲਿਆਂ ਲਈ ਸੁਝਾਅ ਪੇਸ਼ ਕੀਤੇ ਅਤੇ ਬੁਹ ਭਾਵੀ, ਵੱਖੋ ਵੱਖਰੇ ਵਿਚਾਰਾਂ ਨਾਲ ਇਕੱਤਰਤਾ ਨੂੰ ਅਰਥ ਭਰਪੂਰ ਬਣਾਉਣ ਲਈ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

# ਏਅਰ ਮਾਰਸ਼ਲ ਸੇਖੋਂ ਦਾ ਲੇਖਕਾਂ ਸੰਗ ਸੰਵਾਦ



ਸਰੀ (ਨਦਬ) ਨਾਮਵਰ ਲੇਖਕ ਤੇ ਸਾਬਕਾ ਏਅਰਮੈਨ ਨਛੱਤਰ ਸਿੰਘ ਬਰਾੜ ਨੇ ਕਨੇਡਾ ਫੇਰੀ 'ਤੇ ਆਏ ਸਾਬਕਾ ਏਅਰ ਮਾਰਸ਼ਲ ਮਨਜੀਤ ਸਿੰਘ ਸੇਖੋਂ ਦੇ ਸਨਮਾਨ ਵਿਚ ਬਰਾੜ ਤੰਦੂਰੀ ਗਰਿਲ ਸਰੀ ਵਿਖੇ, ਰਾਤ ਦੇ ਖਾਣੇ ਦਾ ਸੱਦਾ ਦਿੱਤਾ। ਇਸ ਦੌਰਾਨ ਐਕਸ ਸਰਵਿਸਮੈਨ ਸੁਸਾਇਟੀ ਸਰੀ ਦੇ ਪ੍ਰਧਾਨ ਕਰਨਲ ਦਰਸ਼ਨ ਸਿੰਘ ਸਿੱਧੂ ਅਤੇ ਵੈਨਕੂਵਰ ਦੇ ਲੇਖਕ, ਨਦੀਮ ਪਰਮਾਰ, ਅਜਮੇਰ ਰੋਡੇ, ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਨਛੱਤਰ ਗਿੱਲ, ਦਰਸ਼ਨ ਸਿੰਘ ਸੰਘਾ, ਅੰਗਰੇਜ਼ ਸਿੰਘ ਬਰਾੜ ਅਤੇ ਗੁਰਚਰਨ ਟੱਲੇ ਵਾਲੀਆ ਨੇ ਸ਼ਿਰਕਤ ਕੀਤੀ। ਨਛੱਤਰ ਸਿੰਘ ਬਰਾੜ ਨੇ ਆਪਣੀ ਪੁਸਤਕ 'ਯਾਦਾ ਫਾਈਟਰ ਨੈੱਟ ਦੀਆਂ' ਵਿਚੋਂ ਏਅਰ ਮਾਰਸ਼ਲ ਮਨਜੀਤ ਸਿੰਘ ਸੇਖੋਂ ਬਾਰੇ ਲਿਖਿਆ ਕਾਂਡ ਪੜ੍ਹ ਕੇ ਸੁਣਾਇਆ।

ਕਰਨਲ ਦਰਸ਼ਨ ਸਿੰਘ ਸਿੱਧੂ ਨੇ ਵੀ ਆਪਣੇ ਫੌਜੀ ਜੀਵਨ ਨਾਲ ਸਬੰਧਤ ਕੁਝ ਯਾਦਾਂ ਸਾਂਝੀਆਂ ਕੀਤੀਆਂ। ਅਖੀਰ ਵਿਚ ਦਰਸ਼ਨ ਸਿੰਘ ਸੰਘਾ, ਅੰਗਰੇਜ਼ ਸਿੰਘ ਬਰਾੜ ਅਤੇ ਗੁਰਚਰਨ ਟੱਲੇ ਵਾਲੀਆ ਨੇ ਬੋਲੀਆਂ ਸੁਣਾ ਕੇ ਮਹਿਫਲ ਨੂੰ ਰੰਗੀਨ ਬਣਾ ਦਿੱਤਾ। ਚੰਗੇ ਖਾਣੇ ਅਤੇ ਸੋਹਣੇ ਪ੍ਰਬੰਧ ਲਈ ਹਰਿੰਦਰਪਾਲ ਬਰਾੜ, ਬਿੰਦਰਪਾਲ ਬਰਾੜ ਤੇ ਐਮ.ਪੀ. ਸੰਧੂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੀਂ ਕਮੇਟੀ ਦੀ ਚੋਣ

ਕੈਲਗਰੀ (ਬਲਜਿੰਦਰ ਸੰਘਾ) : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਸਾਲ 2014-2015 ਲਈ ਚੁਣੀ ਗਈ ਕਮੇਟੀ ਵਿਚ ਸਰਪ੍ਰਸਤ ਜਸਵੰਤ ਸਿੰਘ ਗਿੱਲ, ਪ੍ਰਧਾਨ ਹਰੀਪਾਲ, ਮੀਤ ਪ੍ਰਧਾਨ ਤਰਲੋਚਨ ਸੈਂਭੀ, ਜਨਰਲ ਸਕੱਤਰ ਸੁਖਪਾਲ ਪਰਮਾਰ, ਸਕੱਤਰ ਬਲਵੀਰ ਗੋਰਾ, ਖ਼ਜ਼ਾਨਚੀ ਅਵਨਿੰਦਰ ਨੂਰ, ਮੀਡੀਆ ਸਲਾਹਕਾਰ ਬਲਜਿੰਦਰ ਸੰਘਾ ਅਤੇ ਕਾਰਜਕਾਰੀ ਮੈਂਬਰ ਜੋਗਿੰਦਰ ਸਿੰਘ ਸੰਘਾ, ਗੁਰਬਚਨ ਬਰਾੜ, ਜ਼ੋਰਾਵਰ ਬਾਂਸਲ, ਰਣਜੀਤ ਲਾਡੀ, ਦਵਿੰਦਰ ਮਲਹਾਂਸ, ਮਹਿੰਦਰਪਾਲ ਸਿੰਘ ਪਾਲ, ਮੰਗਲ ਚੱਠਾ, ਬੀਜਾ ਰਾਮ ਚੁਣੇ ਗਏ। ਨਵੇਂ ਚੁਣੇ ਪ੍ਰਧਾਨ ਹਰੀਪਾਲ ਅਤੇ ਜਨਰਲ ਸਕੱਤਰ ਸੁਖਪਾਲ ਪਰਮਾਰ ਨੇ ਕਿਹਾ ਕਿ ਉਹ ਸਾਰੇ ਮੈਂਬਰਾਂ ਦੇ ਸਹਿਯੋਗ ਨਾਲ ਪੰਜਾਬੀ ਬੋਲੀ ਅਤੇ ਸਭਿਆਚਾਰ ਦੇ ਪਸਾਰ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਪਿਛਲੀ ਕਮੇਟੀ ਦੇ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ ਅਤੇ ਜਨਰਲ ਸਕੱਤਰ ਬਲਜਿੰਦਰ ਸੰਘਾ ਵਲੋਂ ਹਰ ਤਰ੍ਹਾਂ ਦੇ ਸਹਿਯੋਗ ਦੀ ਹਾਮੀ ਭਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ ਗਈ।



ਕੋਸੋ ਦੇ ਦਫਤਰ ਹਾਲ ਵਿਚ ਪੰਜਾਬੀ ਲਿਖਾਰੀ ਸਭਾ ਦੀ ਮਹੀਨਾਵਾਰ ਮੀਟਿੰਗ ਹੋਈ। ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ ਬਲਜਿੰਦਰ ਸੰਘਾ ਨੇ ਨੈਲਸਨ ਮੰਡੇਲਾ, ਦਲਜੀਤ ਸਿੰਘ ਰੱਖੜਾ (ਐਡਮਿਟਨ) ਅਤੇ ਸਭਾ ਨਵੇਂ ਚੁਣੇ ਪ੍ਰਧਾਨ ਹਰੀਪਾਲ ਦੀ ਸਦੀਵੀਂ ਵਿਛੋੜਾ ਦੇ ਗਈ ਸੱਸ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ। ਸੁਖਪਾਲ ਪਰਮਾਰ ਨੇ ਪਿਛਲੇ ਦੋ ਸਾਲਾਂ ਵਿਚ ਕੀਤੇ ਕੰਮਾਂ ਦਾ ਵੇਰਵਾ ਸੁਣਾਇਆ। ਮਹਿੰਦਰਪਾਲ ਅਗੇ ਵਾਸਤੇ ਵੀ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਵੱਚਨਬਧ ਹੋਏ। ਪਿਛਲੀ ਕਮੇਟੀ ਵਲੋਂ ਨਵੀਂ ਕਮੇਟੀ ਨੂੰ ਚਾਰਜ ਦਿੱਤਾ ਗਿਆ। ਰਚਨਾਵਾਂ ਦੇ ਦੌਰ ਵਿਚ ਨਵੇਂ ਆਏ ਮੈਂਬਰ ਰਣਜੀਤ ਸਿੰਘ ਮਿਨਹਾਸ ਨੇ ਹਾਜ਼ਰੀ ਲਗਵਾਈ। ਜਗਵੰਤ ਗਿੱਲ, ਹਰਮਿੰਦਰ ਕੌਰ ਢਿਲੋਂ, ਜੋਗਿੰਦਰ ਸੰਘਾ, ਸੁਖਮਿੰਦਰ ਤੂਰ, ਰਵੀ ਜਨਾਗਲ, ਬਲਜਿੰਦਰ ਸੰਘਾ ਨੇ ਆਪਣੀ-ਆਪਣੀ ਪੇਸ਼ਕਾਰੀ ਦਿੱਤੀ। ਪਰਮ ਸੂਰੀ ਨੇ ਲਾਇਬਰੇਰੀ ਵਿਚੋਂ ਪੰਜਾਬੀ ਦੀਆਂ ਕਿਤਾਬਾਂ ਨਾ ਪੜ੍ਹਨ ਦਾ ਦੁਖਾਂਤ ਸਾਂਝਾ ਕੀਤਾ। ਕੈਲਗਰੀ ਰੈਡ ਐਫ ਐਮ ਤੋਂ ਆਏ ਰਿਸ਼ੀ ਨਾਂਗਰ ਨੂੰ ਇਕਬਾਲ ਅਰਪਣ ਦੀ ਕਿਤਾਬ ਭੇਟ ਕੀਤੀ ਗਈ ਅਤੇ ਰਿਸ਼ੀ ਨਾਂਗਰ ਨੇ ਤਰੁੰਨਮ ਵਿਚ ਕਵਿਤਾ ਸੁਣਾਈ। ਉਸ ਤੋਂ ਬਾਅਦ ਹਰਕਮਲ ਸਹਿਲ, ਤਰਲੋਚਨ ਸੈਭੀਂ, ਸਰੂਪ ਸਿੰਘ ਮਡੇਰ, ਮੁਹਿੰਦਰਪਾਲ, ਗਰੁਬਚਨ ਬਰਾੜ ਅਤੇ ਵੀਜਾ ਰਾਮ ਨੇ ਆਪਣੀਆਂ ਕਵਿਤਾਵਾਂ ਤੇ ਗੀਤ ਸੁਣਾਏ। ਇਸ ਤੋਂ ਇਲਾਵਾ ਗੁਪਾਲ ਰੁਪਾਲੋ, ਮੰਗਲ ਚੱਠਾ ਅਤੇ ਰਣਜੀਤ ਲਾਡੀ (ਗੋਬਦਿਪੁਰੀ) ਵੀ ਸਭਾ ਵਿਚ ਹਾਜ਼ਰ ਸਨ।


PAKISTANI & EAST AFRICAN MENU
BEEF RIB, MOGO, MISHKAKI, CHOPS, CHAPPALI KABAB, SEEKH KABAB
Shafi Tandoori Grill
Ask for Chazal or Asad
(780) 462-3556
3444 - 93 Street Edmonton, AB T6E 6A4
Phone: (780) 462-3556 Fax: (780) 462-3575
Toll Free: 1-866-362-3556
Party Hall Available
Catering in Town or Out of Town
Hours
Sun-Mon: 11am - 9 pm
Wed to Sat: 11 am - 9:30 pm
Closed Tuesdays

Birthday Wedding Parties etc.
Mulani Paanwala
"Best in the West"
Business Hours
Thursday 2:30 - 6:00 pm
Friday 2:30 - 9:00 pm
Saturday 12:00 - 9:00 pm
Sunday 12:00 - 6:00 pm
East African & Bombay Style Paans
Specialty Mitha Paan, Khara Paan & more...
mulanipaanwala@gmail.com
(780) 901-PAAN (7226)
We take Orders for any Special Occasion!
At Shafi Tandoori Grill 3444-93 St. Edmonton, AB

# ਪੀ.ਸੀ.ਏ. ਵੱਲੋਂ ਕਰਵਾਈ ਗਈ ਵਲੰਟੀਅਰਜ਼ ਧੰਨਵਾਦ ਪਾਰਟੀ

ਐਡਮਿੰਟਨ (ਕਿਰਤਮੀਤ)- ਮਾਂ-ਬੋਲੀ ਪੰਜਾਬੀ ਅਤੇ ਸੱਭਿਆਚਾਰ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਨ ਲਈ ਲੰਬੇ ਸਮੇਂ ਤੋਂ ਯਤਨਸ਼ੀਲ ਐਡਮਿੰਟਨ ਦੀ ਸਿਰਮੌਰ ਸੰਸਥਾ ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ (ਪੀ.ਸੀ.ਏ.) ਵੱਲੋਂ ਇਸ ਦੇ ਆਪਣੇ ਹਾਲ ਵਿਚ ਵਲੰਟੀਅਰਜ਼ ਨੂੰ ਧੰਨਵਾਦ ਪਾਰਟੀ ਦਾ ਆਯੋਜਨ ਕੀਤਾ ਗਿਆ ਗ਼ ਇਸ ਪਾਰਟੀ ਦਾ ਮਕਸਦ ਸਾਲ 2013 ਵਿੱਚ ਪੀ.ਸੀ.ਏ. ਵੱਲੋਂ ਕਰਵਾਏ ਗਏ ਵੱਖ-ਵੱਖ ਸਮਾਗਮਾਂ (ਮੇਲਾ ਮਾਂਵਾਂ-ਧੀਆਂ ਦਾ, ਸਲਾਨਾ ਸਮਾਗਮ, ਪੰਜਾਬੀ ਸਕੂਲ, ਕਸੀਨੋ ਆਦਿ) ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੇ ਵਲੰਟੀਅਰਜ਼ ਨੂੰ ਸਨਮਾਨਿਤ ਕਰਨਾ ਅਤੇ ਆਉਣ ਵਾਲੇ ਸਮਾਗਮਾਂ ਲਈ ਉਤਸ਼ਾਹਤ ਕਰਨਾ ਸੀ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਲੰਟੀਅਰਜ਼ ਔਰਤਾਂ ਅਤੇ ਮੀਡੀਆ ਕਰਮੀਆ ਨੇ ਹਿੱਸਾ ਲਿਆ। ਸ਼ੁਰੂਆਤ ਪੀ.ਸੀ.ਏ. ਦੇ ਸਕੱਤਰ ਦਲਬੀਰ ਸਾਂਗਿਆਣ ਨੇ ਸਾਰਿਆਂ ਦਾ ਧੰਨਵਾਦ ਕਰਕੇ ਕੀਤੀ। ਉਪਰੰਤ ਮਹਿੰਦਰ ਸਿੰਘ ਭੁੱਲਰ ਅਤੇ ਕੁਲਦੀਪ ਕੌਰ ਧਾਲੀਵਾਲ ਨੇ ਪ੍ਰਗਤੀਵਾਦੀ ਕਵਿਤਾਵਾਂ ਸੁਣਾਈਆਂ। ਪੀ.ਸੀ.ਏ. ਦੇ ਵੱਖ-ਵੱਖ ਸਮਾਗਮਾਂ ਵਿੱਚ ਹਿੱਸਾ ਲੈਣ ਵਾਲੇ ਜੋਬਨ ਪ੍ਰਤਾਪ ਅਤੇ ਸਾਹਿਲ ਪ੍ਰਤਾਪ ਨੇ ਪੰਜਾਬੀ ਗੀਤ ਸੁਣਾਇਆ। ਅੰਤ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਗੁਰਚਰਨ ਬਰਾੜ ਨੇ ਸਮੂਹ ਸਹਿਯੋਗੀਆਂ ਤੇ ਵਲੰਟੀਅਰਜ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਹਰ ਸਾਲ ਕਰਵਾਏ ਜਾਂਦੇ ਸੱਭਿਆਚਾਰਕ ਸਮਾਗਮਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਇਨ੍ਹਾਂ ਵੱਲੋਂ ਵਡਮੁੱਲਾ ਯੋਗਦਾਨ ਪਾਇਆ ਜਾਂਦਾ ਹੈ ਗ਼ ਉਨ੍ਹਾਂ ਕਿਹਾ ਕਿ



ਵਿਦੇਸ਼ਾਂ 'ਚ ਜੰਮੇ ਪਲੇ ਪੰਜਾਬੀ ਮੂਲ ਦੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੀ ਸੰਸਥਾ ਦਾ ਮੁੱਖ ਮਨੋਰਥ ਹੈ। ਇਸ ਮੌਕੇ ਜਸਬੀਰ ਦਿਓਲ, ਨਵਤੇਜ ਬੈਂਸ, ਪਵਿੱਤਰ ਧਾਲੀਵਾਲ, ਤੇਜਿੰਦਰ ਬਰਾੜ, ਸੁਖਦੇਵ ਧਨੋਆ, ਬਿੱਕਰ ਗਿੱਲ, ਗੁਰਚਰਨ ਸਿੰਘ ਗਰਚਾ ਤੇ ਮਨਜੀਤ ਸਿੰਘ, ਜਗਦੇਵ ਸੋਹੀ, ਰਾਜ ਪੰਧੇਰ, ਸੈਂਡੀ ਬਰਾੜ, ਮਨਪ੍ਰੀਤ ਭੱਠਲ , ਜਤਿੰਦਰ ਧਾਲੀਵਾਲ, ਰਵਿੰਦਰ ਸ਼ਾਹੀ ਆਦਿ ਤੋਂ ਇਲਾਵਾ ਪੀ.ਸੀ.ਏ. ਕਮੇਟੀ ਦੇ ਇੰਦਰਾ ਸਰੋਆ (ਮੀਤ ਪ੍ਰਧਾਨ) ਗੁਰਸੇਵਕ ਮਾਨ (ਖ਼ਜ਼ਾਨਚੀ), ਪਰਮਿੰਦਰ ਧਾਲੀਵਾਲ (ਸਭਿਆਚਾਰਕ ਨਿਰਦੇਸ਼ਕ), ਬਖ਼ਸ਼ ਸੰਘਾ (ਸਭਿਆਚਾਰਕ ਨਿਰਦੇਸ਼ਕਾ), ਕਿਰਤਮੀਤ ਕੁਹਾੜ (ਪ੍ਰੈਸ ਸਕੱਤਰ), ਵਰਿੰਦਰ ਭੁੱਲਰ (ਭਾਸ਼ਾ ਨਿਰਦੇਸ਼ਕ), ਅਰਵਿੰਦ ਸ਼ੇਖੋਂ (ਭਾਸ਼ਾ ਨਿਰਦੇਸ਼ਕਾ), ਗੁਰਵਿੰਦਰ ਸੋਨੀ ਗਿੱਲ (ਖੇਡ ਨਿਰਦੇਸ਼ਕ), ਕੁਲਦੀਪ ਧਾਲੀਵਾਲ (ਖੇਡ ਨਿਰਦੇਸ਼ਕਾ) ਵੀ ਹਾਜ਼ਰ ਸਨ।



# ਭਾਈ ਕਾਹਨ ਸਿੰਘ ਨਾਭਾ ਦੀ ਯਾਦ 'ਚ ਸਾਹਿਤਕ ਸਮਾਗਮ



ਪਟਿਆਲਾ (ਨਦਬ) : ਮਾਨਵਤਾ ਪੱਖੀ ਮੰਚ ਪੰਜਾਬ ਵਲੋਂ ਇਨਸਾਈਕਲੋਪੀਡੀਆ ਆਫ਼ ਸਿੱਖ ਲਿਟਰੇਚਰ ਦੇ ਕਰਤਾ ਭਾਈ ਕਾਹਨ ਸਿੰਘ ਨਾਭਾ ਦੀ 75ਵੀਂ ਬਰਸੀ ਮੌਕੇ ਉਨ੍ਹਾਂ ਦੀ ਯਾਦ ਨੂੰ ਸਮਰਪਤ ਸਾਹਿਤਕ ਸਮਾਗਮ ਪ੍ਰੀਤ ਨਗਰ ਪਟਿਆਲਾ ਦੇ ਗੁੱਡ ਐਕਸ਼ਨ ਆਰਟ ਸੈਂਟਰ ਵਿਚ ਕਰਵਾਇਆ ਗਿਆ। ਸਮਾਗਮ ਵਿਚ ਮਹੰਤ ਚਮਕੌਰ ਸਿੰਘ ਸੇਵਾ ਪੰਥੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਸਿੰਘ ਸਭਾ ਲਹਿਰ ਦੇ ਸਾਰੇ ਵਿਦਵਾਨਾਂ ਵਿਚੋਂ ਭਾਈ ਕਾਹਨ ਸਿੰਘ ਨਾਭਾ ਪ੍ਰਮੁੱਖ ਹਨ। ਮਾਂ ਬੋਲੀ ਪੰਜਾਬੀ ਦੇ ਸਨਮਾਨ ਲਈ ਉਹ ਪੂਰੀ ਉਮਰ ਯਤਨਸ਼ੀਲ ਰਹੇ। ਦਿੱਲੀ ਤੋਂ ਪਹੁੰਚੇ ਉਘੇ ਵਿਦਵਾਨ ਡਾ. ਜਗਮੇਲ ਸਿੰਘ ਭਾਠੂਆ ਨੇ ਦੱਸਿਆ ਕਿ ਭਾਈ ਸਹਿਬ ਦਾ ਸਮੁੱਚਾ ਦ੍ਰਿਸ਼ਟੀਕੋਣ ਆਧੁਨਿਕ, ਤਰਕਸ਼ੀਲ ਤੇ ਵਿਗਿਆਨਕ ਹੈ।

ਉਘੇ ਫਿਲਮ ਸਟਾਰ ਅਤੇ ਮਾਨਵਤਾ ਪੱਖੀ ਮੰਚ ਦੇ ਕਨਵੀਨਰ ਇਕਬਾਲ ਗੱਜਣ, ਭਾਈ ਕਾਹਨ ਸਿੰਘ ਨਾਭਾ ਦੇ ਪੜਪੋਤਰੇ ਮੇਜਰ ਆਦਰਸ਼ਪਾਲ ਸਿੰਘ ਨੇ ਵੀ ਵਿਚਾਰ ਸਾਂਝੇ ਕੀਤੇ। ਸ੍ਰੀਮਤੀ ਕੋਮਲ ਗੱਜਣ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਜੇ.ਐਸ. ਜੱਗੀ ਨੇ ਬਾਖੂਬੀ ਕੀਤਾ। ਇਸ ਮੌਕੇ ਭਾਈ ਕਾਹਨ ਸਿੰਘ ਨਾਭਾ ਦੇ ਵਿਚਾਰਾਂ ਉਪਰ ਆਧਾਰਤ ਡਾਕੂਮੈਂਟਰੀ ਫਿਲਮ "ਵਿਦਿਆ ਵਿਚਾਰੀ ਤਾਂ ਪਰਉਪਕਾਰੀ" ਵਿਖਾਈ ਗਈ ਅਤੇ ਭਾਈ ਕਾਹਨ ਸਿੰਘ ਰਚਨਾ ਵਿਚਾਰ ਮੰਚ ਨਾਭਾ ਵਲੋਂ ਪ੍ਰਕਾਸ਼ਤ 'ਭਾਈ ਕਾਹਨ ਸਿੰਘ ਨਾਭਾ' ਲਘੂ-ਪੁਸਤਿਕਾ ਵੰਡੀ ਗਈ। ਇਸ ਮੌਕੇ ਉੱਘੇ ਸਮਾਜ ਸੇਵੀ ਦਰਸ਼ਨ ਸਿੰਘ ਦੀਪਕ, ਮਨੋਹਰਪਾਲ ਸਿੰਘ, ਰੁਪਿੰਦਰ ਸਿੰਘ, ਗੁਰਧਿਆਨ ਸਿੰਘ ਅਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨਾਲ ਜੁੜੀਆਂ ਪ੍ਰਸਿੱਧ ਹਸਤੀਆਂ ਨੇ ਸ਼ਿਰਕਤ ਕੀਤੀ।

# ਸਰਘੀ ਕਲਾ ਕੇਂਦਰ ਮੁਹਾਲੀ ਦੇ ਅਹੁਦੇਦਾਰਾਂ ਦੀ ਚੋਣ

**ਸੰਜੀਵਨ ਸਿੰਘ ਅਤੇ ਅਸ਼ੋਕ ਬਜਹੇੜੀ ਦੋ ਸਾਲਾਂ ਲਈ ਪ੍ਰਧਾਨ ਅਤੇ ਜਨਰਲ ਸਕੱਤਰ ਬਣੇ**



ਮੁਹਾਲੀ (ਨਦਬ) : ਸਰਘੀ ਕਲਾ ਕੇਂਦਰ, ਮੁਹਾਲੀ ਦੀ ਜਨਰਲ ਬਾਡੀ ਦੀ ਇਕੱਤਰਤਾ ਵਿਚ ਕੇਂਦਰ ਦੀਆਂ ਪਿਛਲੇ ਅਰਸੇ ਦੀਆਂ ਰੰਗਮੰਚੀ ਗਤੀਵਿਧੀਆਂ ਦਾ ਲੇਖਾ-ਜੋਖਾ ਕੀਤਾ ਗਿਆ। ਇਸ ਦੌਰਾਨ ਭਵਿੱਖ ਦੀਆਂ ਯੋਜਨਾਵਾਂ ਉਲੀਕਣ ਤੋਂ ਇਲਾਵਾ 2013-15 ਦੋ ਸਾਲਾਂ ਵਾਸਤੇ ਸੰਜੀਵਨ ਸਿੰਘ ਨੂੰ ਪ੍ਰਧਾਨ ਅਤੇ ਅਸ਼ੋਕ ਬਜਹੇੜੀ ਨੂੰ ਜਨਰਲ ਸੱਕਤਰ ਸਰਬਸੰਮਤੀ ਨਾਲ ਚੁਣਨ ਗਿਆ। ਪਿਆਰਾ ਸਿੰਘ ਜਸਧੌਲ ਨੂੰ ਸੀਨੀਅਰ ਮੀਤ ਪ੍ਰਧਾਨ, ਸੈਵੀ ਸਤਵਿੰਦਰ ਨੂੰ ਮੀਤ ਪ੍ਰਧਾਨ, ਕੁਲਵਿੰਦਰ ਬਾਵਾ ਨੂੰ ਸਹਿ-ਸੱਕਤਰ, ਸੰਜੀਵ ਦੀਵਾਨ ਨੂੰ ਵਿੱਤ ਸਕੱਤਰ, ਲਖਵਿੰਦਰ ਸਿੰਘ ਨੂੰ ਸਹਿ-ਵਿੱਤ ਸਕੱਤਰ, ਰੰਜੀਵਨ ਸਿੰਘ ਪ੍ਰਚਾਰ ਸਕੱਤਰ ਅਤੇ ਕਾਰਜਕਾਰਨੀ ਵਿਚ ਨਰਿੰਦਰ ਕੌਰ, ਗੁਰਪ੍ਰੀਤ ਸਿੰਘ, ਰਿੱਤੂਰਾਗ ਕੌਰ ਅਤੇ ਮਨੀ ਸਭਰਵਾਲ ਨੂੰ ਚੁਣਿਆ ਗਿਆ। ਹਰਨੇਕ ਸਿੰਘ ਘੜੂੰਆਂ (ਸਾਬਕਾ ਮੰਤਰੀ), ਸੀਨੀਅਰ ਐਡਵੋਕੇਟ ਰਾਜਿੰਦਰ ਸਿੰਘ ਚੀਮਾ ਅਤੇ ਐਡਵੋਕੇਟ ਅਸ਼ੋਕ ਸਿੰਗਲਾ ਨੂੰ ਸਰਘੀ ਕਲਾ ਕੇਂਦਰ ਦੇ ਸਰਪ੍ਰਸਤ ਅਤੇ ਮੇਜਰ ਸਿੰਘ ਨਾਗਰਾ (ਕਨੇਡਾ), ਡਾ. ਸਵੈਰਾਜ ਸੰਧੂ, ਮਨੋਜ ਅਗਰਵਾਲ, ਕ੍ਰਿਸ਼ਨ ਲਾਲ ਸੈਣੀ ਅਤੇ ਬਲਜਿੰਦਰ ਸਿੰਘ ਕੂਕੀ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬਾਈ ਸਾਲਾਂ ਵਿਚ ਸਰਘੀ ਕਲਾ ਕੇਂਦਰ ਨਾਲ ਤਕਰੀਬਨ ਦੋ-ਢਾਈ ਸੌ ਨਾਟ-ਕਰਮੀ, ਨਾਟਕਕਾਰ, ਨਾਟ-ਨਿਰਦੇਸ਼ਕ, ਸੰਗੀਤਕਾਰ ਤੇ ਗਾਇਕ ਜੁੜ ਚੁੱਕੇ ਹਨ ਅਤੇ ਹੁਣ ਰੰਗਮੰਚ ਦੇ ਖੇਤਰ ਵਿਚ ਕਾਰਜਸ਼ੀਲ ਹਨ।

K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

ਨਵੀਂ ਦੁਨੀਆ

## ਸੰਪਾਦਕੀ

# ਆਮ ਬੰਦੇ ਦੀ ਮੁਕੰਮਲ ਮੁਕਤੀ ਦੀ ਲੜਾਈ ਹੋਰ ਪਿੱਛੇ ਪਈ

ਕੀ ਭਾਰਤ ਦੇ 'ਆਮ ਆਦਮੀ' ਦੀ ਤਕਦੀਰ ਬਦਲਣ ਵਾਲੀ ਹੈ ?

ਮੌਜੂਦਾ ਭਾਰਤੀ ਸਿਆਸਤ ਦੇ ਦਿਲਚਸਪ ਦ੍ਰਿਸ਼ ਵਿਚ ਇਹ ਸਵਾਲ ਬੇਹੱਦ ਪ੍ਰਸੰਗਕ ਹੈ ਪਰ ਇਹਦਾ ਜੁਆਬ ਏਨਾ ਸਹਿਜ ਤੇ ਸਰਲ ਨਹੀਂ ਹੈ। ਸਾਧਾਰਨ ਸਮਝ ਮੁਤਾਬਕ ਤਾਂ 'ਆਮ ਆਦਮੀ ਪਾਰਟੀ' (ਆਪ) ਦੇ ਅਚਾਨਕ ਉਦੈ ਨੂੰ ਦੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ- ਹਾਂ ਭਾਰਤ ਦੇ ਆਮ ਬੰਦੇ ਦੀ ਕਿਸਮਤ ਬਦਲਣ ਵਾਲੀ ਹੈ ਪਰ ਤੀਖਣ ਰਾਜਸੀ ਸੋਚ ਰੱਖਣ ਵਾਲੇ ਇਵੇਂ ਸੋਚ ਵੀ ਨਹੀਂ ਸਕਦੇ। ਸ਼ਾਇਦ ਪਾਠਕਾਂ ਨੂੰ ਸਾਡੀ ਇਹ ਗੱਲ ਅੱਜ ਥੋੜ੍ਹੀ ਓਪਰੀ ਲੱਗੇ ਕਿਉਂਕਿ ਸਭ ਅੱਜ ਇਹੀ ਸੋਚ ਰਹੇ ਹਨ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ 'ਆਪ' ਨੇ ਭਾਰਤ ਦੀ ਸਮੁੱਚੀ ਰਾਜਸੀ ਵਿਵਸਥਾ ਨੂੰ ਬੇਹੱਦ ਲੋਕ-ਪੱਖੀ ਦਿਸ਼ਾ ਪ੍ਰਦਾਨ ਕਰ ਦਿੱਤੀ ਹੈ, ਇਸੇ ਲਈ ਕਾਂਗਰਸ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਸਮੇਤ ਭਾਰਤ ਦੀਆਂ ਸਮੁੱਚੀਆਂ ਰਾਜਸੀ ਪਾਰਟੀਆਂ ਆਪੋ-ਆਪਣੇ ਪ੍ਰੋਗਰਾਮਾਂ ਨੂੰ ਹੁਣ ਆਮ ਆਦਮੀ ਦੇ ਪੱਖ ਵਿਚ ਤਬਦੀਲ ਕਰਨ ਲਈ ਮਜਬੂਰ ਹੋ ਰਹੀਆਂ ਹਨ। ਪਰ ਇਹ ਸੱਚ ਨਹੀਂ ਹੈ। ਫੇਰ ਸੱਚ ਕੀ ਹੈ ? ਆਓ ਕੁਝ ਤਲਖ਼ ਹਕੀਕਤਾਂ ਦਾ ਸਾਹਮਣਾ ਕਰੀਏ।

ਹਕੀਕਤ ਇਹ ਹੈ ਕਿ 'ਆਮ ਆਦਮੀ ਪਾਰਟੀ' ਕੋਈ ਨਵਾਂ ਵਰਤਾਰਾ ਨਹੀਂ ਹੈ। ਅੱਜ ਤੋਂ ਪਹਿਲਾਂ ਵੀ ਭਾਰਤੀ ਅਵਾਮ ਇਸ ਤਰ੍ਹਾਂ ਦੀਆਂ ਰਾਜਸੀ ਘਟਨਾਵਾਂ ਨੂੰ ਹੰਢਾ ਚੁੱਕਾ ਹੈ। ਯਾਦ ਕਰਨਾ ਪਵੇਗਾ 1970ਵਿਆਂ ਦੇ ਜੈਪ੍ਰਕਾਸ਼ ਅੰਦੋਲਨ, ਫਿਰ ਜਨਸੰਘ ਦਾ ਉਭਾਰ, ਜਨਤਾ ਪਾਰਟੀ ਤੇ ਫਿਰ ਭਾਰਤੀ ਜਨਤਾ ਪਾਰਟੀ ਦਾ ਉਦੈ ਹੋਣਾ। ਇਨ੍ਹਾਂ ਇਤਿਹਾਸਕ ਵਕਤਾਂ ਦੀ ਪੁਣ-ਛਾਣ ਕਰਦਿਆਂ ਦੇਖਣਾ ਪਵੇਗਾ ਕਿ ਉਦੋਂ ਭਾਰਤੀ ਅਵਾਮ ਕਿਵੇਂ ਜੀਅ ਰਿਹਾ ਸੀ ਤੇ ਅੱਜ ਭਾਰਤੀ ਅਵਾਮ ਦੀ ਕੀ ਦਸ਼ਾ ਹੈ। ਇਹ ਦੇਖਦਿਆਂ ਸਾਫ਼ ਤੌਰ 'ਤੇ ਸਮਝਿਆ ਜਾ ਸਕਦਾ ਹੈ ਕਿ ਉਦੋਂ ਵੀ ਭਾਰਤ ਦੀ ਸਿਆਸੀ ਪ੍ਰਭੂਸਤਾ ਦੇ ਖ਼ਿਲਾਫ਼ ਵਿਸ਼ਾਲ ਲੋਕ ਰੋਹ ਉਬਲ ਰਿਹਾ ਸੀ ਤੇ ਇਸ ਲੋਕ ਰੋਹ ਨੂੰ ਇਨ੍ਹਾਂ ਅੰਦੋਲਨਾਂ ਨੇ ਆਪੋ-ਆਪਣੇ ਪੱਖ ਵਿਚ ਭੁਗਤਾਉਂਦਿਆਂ ਲੋਕ ਮੁਕਤੀ ਅੰਦੋਲਨ ਵੱਲ ਵੱਧਣ ਵਾਲੇ ਗੁੱਸੇ ਨੂੰ ਲੋਕ ਵਿਰੋਧੀ ਵਿਵਸਥਾ ਦੇ ਪੱਖ ਵਿਚ ਭੁਗਤਾਇਆ ਤੇ ਅੱਜ ਵੀ ਉਹੀ ਕੁਝ ਹੋਣ ਜਾ ਰਿਹਾ ਹੈ। ਅੱਜ ਹਾਲਾਤ ਕੀ ਹਨ ?

ਹਾਲਾਤ ਇਹ ਹਨ ਕਿ ਅੰਤਾਂ ਦੀ ਮਹਿੰਗਾਈ ਨਾਲ ਜਨਤਾ ਕੁਰਲਾਅ ਰਹੀ ਹੈ, ਬੇਰੁਜ਼ਗਾਰੀ ਨੇ ਭਿਆਨਕ ਸ਼ਕਲ ਅਖਤਿਆਰ ਕਰ ਲਈ ਹੈ, ਭੁੱਖਮਰੀ ਦਾ ਦੌਰ-ਦੌਰਾ ਹੈ ਤੇ ਪੂੰਜੀਵਾਦੀ ਸਿਆਸੀ ਵਰਗ ਨੇ ਆਮ ਬੰਦੇ ਦੀ ਹੋਂਦ ਨੂੰ ਖੋਰਾ ਲਾ ਛੱਡਿਆ ਹੈ। ਇਸ ਤਰ੍ਹਾਂ ਦੇ ਮਨੁੱਖ ਮਾਰੂ ਹਾਲਾਤ ਨੇ ਇਕ ਵਾਰ ਫੇਰ ਤੋਂ ਪੂੰਜੀਵਾਦੀ ਰਾਜਸੀ ਵਿਵਸਥਾ ਵਿਰੁੱਧ ਆਮ ਬੰਦੇ ਦੇ ਮਨ ਵਿਚ ਅੰਤਾਂ ਦਾ ਗੁੱਸਾ ਭਰ ਦਿੱਤਾ ਹੈ। ਇਸੇ ਗੁੱਸੇ ਦੇ ਚਲਦਿਆਂ ਆਮ ਬੰਦਾ ਕਦੇ ਅੰਨਾ ਹਜ਼ਾਰੇ ਵਿਚੋਂ ਆਪਣੀ ਮੁਕਤੀ ਭਾਲਦਾ ਹੈ, ਕਦੇ ਬਾਬਾ ਰਾਮਦੇਵ ਵਿਚੋਂ ਤੇ ਫੇਰ ਅਰਵਿੰਦ ਕੇਜਰੀਵਾਲ ਨੂੰ ਆਪਣਾ ਤਾਰਣਹਾਰ ਸਮਝ ਲੈਂਦਾ ਹੈ। ਪਰ ਕੀ ਇਹ ਲੋਕ ਭਾਰਤ ਦੇ ਆਮ ਬੰਦੇ ਦੇ ਸੱਚਮੁਚ ਤਾਰਣਹਾਰ ਹੋ ਸਕਦੇ ਹਨ ? ਕੁਝ ਹੋਰ ਬੁਨਿਆਦੀ ਸਵਾਲਾਂ ਦੇ ਜੁਆਬ ਤਲਾਸ਼ਣ ਦੀ ਕੋਸ਼ਿਸ਼ ਕਰਦੇ ਹਾਂ।

ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ 'ਆਪ' ਦਾ ਦਿੱਲੀ ਵਿਚ ਫ਼ਿਲਮੀ ਅੰਦਾਜ਼ ਵਿਚ ਵਾਪਰਿਆ 'ਚਮਤਕਾਰ' ਅੰਨਾ ਹਜ਼ਾਰੇ ਦੇ ਅੰਦੋਲਨ ਦੇ ਗਰਭ ਵਿਚੋਂ ਪੈਦਾ ਹੋਇਆ ਹੈ। ਅੰਨਾ ਹਜ਼ਾਰੇ ਅੰਦੋਲਨ ਦੀ ਸੰਖੇਪ ਚੀਰਫਾੜ ਇਹ ਦਸਦੀ ਹੈ ਕਿ ਇਹ ਅੰਦੋਲਨ ਪੂਰੀ ਤਰ੍ਹਾਂ ਗ਼ੈਰ ਜਨਵਾਦੀ ਅਤੇ ਗ਼ੈਰ-ਜਮਹੂਰੀ ਅੰਦੋਲਨ ਰਿਹਾ ਹੈ। ਅੰਨਾ ਅੰਦੋਲਨ ਆਮ ਬੰਦੇ ਨੂੰ ਇਹ ਕਹਿ ਕੇ ਨਕਾਰਦਾ ਹੈ ਕਿ ਆਮ ਆਦਮੀ ਤਾਂ ਬੇਵਕੂਫ਼ ਹੈ, ਜਿਹੜਾ ਭਾਰਤੀ ਸੰਸਦ ਨੂੰ ਬਣਾਉਂਦਾ ਹੈ। ਅੰਨਾ ਅੰਦੋਲਨ ਭ੍ਰਿਸ਼ਟਾਚਾਰ ਨੂੰ ਹੀ ਸਭ ਬਿਮਾਰੀਆਂ ਦੀ ਜੜ੍ਹ ਦੱਸਦਾ ਹੋਇਆ, ਇਸੇ ਵਿਵਸਥਾ ਵਿਚ ਰਹਿੰਦਿਆਂ ਤਾਨਾਸ਼ਾਹੀ ਪ੍ਰਵਿਰਤੀਆਂ ਦਾ ਅੰਦੋਲਨ ਹੋ ਨਿਬੜਦਾ ਹੈ ਤੇ ਭਾਰਤ ਦੀ ਸਮੁੱਚੀ ਲੋਕ-ਜਮਹੂਰੀਅਤ ਨੂੰ ਨਕਾਰਦਾ ਹੈ ਤੇ ਫੇਰ ਇਸੇ ਜਮਹੂਰੀਅਤ ਦੀ ਇਕ ਰਾਜਸੀ ਧਿਰ ਦੀ ਪਾਲਣਹਾਰ ਆਰ.ਐਸ.ਐਸ. ਦੀ ਗੋਦ ਦਾ ਨਿੱਘ ਮਾਨਣ ਤਕ ਚਲਾ ਜਾਂਦਾ ਹੈ। ਇਸੇ ਅੰਨਾ ਹਜ਼ਾਰੇ ਅੰਦੋਲਨ ਦੀ ਉਲਟ ਦਿਸ਼ਾ ਵਿਚ ਜਾਂਦੀ ਹੋਈ ਅਰਵਿੰਦ ਕੇਜਰੀਵਾਲ ਦੀ 'ਆਮ ਆਦਮੀ ਪਾਰਟੀ' ਸਿਆਸਤ ਵਿਚ ਪ੍ਰਵੇਸ਼ ਕਰਦਿਆਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਤੋਂ ਬਰਾਬਰ ਦੀ ਦੂਰੀ ਦਾ ਐਲਾਨ ਕਰਦੀ ਹੈ ਤੇ ਆਖ਼ਰ ਵਿਚ ਮੌਜੂਦਾ ਰਾਜਸੀ ਵਿਵਸਥਾ ਦੇ ਪੱਖ ਵਿਚ ਵੀ ਭੁਗਤਦੀ ਨਜ਼ਰ ਆਉਂਦੀ ਹੈ। ਇਹ ਤਾਂ ਹਾਲੇ ਸ਼ੁਰੂਆਤ ਹੈ। ਦਿੱਲੀ ਵਿਚ ਸਰਕਾਰ ਬਣਾ ਕੇ ਸਾਰੇ ਮੁਲਕ ਵਿਚ ਜਾਣ ਦਾ ਐਲਾਨ ਕਰਨ ਵਾਲੀ 'ਆਪ' ਦੀਆਂ ਰਾਜਸੀ ਪ੍ਰਵਿਰਤੀਆਂ ਕੀ ਹਨ; ਇਹਦਾ ਖੁਲਾਸਾ ਹਾਲੇ ਹੋਣਾ ਹੈ ਕਿਉਂਕਿ ਸਮੁੱਚੇ ਰਾਜਸੀ ਦ੍ਰਿਸ਼ ਵਿਚ 'ਆਪ' ਦੀਆਂ ਪਹਿਲਕਦਮੀਆਂ ਕੀ ਹਨ; ਇਹ ਹਾਲੇ ਖ਼ੁਦ ਅਰਵਿੰਦ ਕੇਜਰੀਵਾਲ ਨੂੰ ਨਹੀਂ ਪਤਾ।

ਕਿਸੇ ਵੀ ਸਿਆਸੀ ਪਾਰਟੀ ਦਾ ਸਿਆਸੀ ਚਰਿੱਤਰ ਜਾਨਣ ਲਈ ਵਿਚਾਰਧਾਰਕ ਜ਼ਮੀਨ 'ਤੇ ਉਸਰਿਆ ਉਹਦਾ ਪ੍ਰੋਗਰਾਮ ਦੇਖਣਾ ਜ਼ਰੂਰੀ ਹੈ ਤੇ ਵਿਚਾਰਧਾਰਾ ਅਤੇ ਇਹ ਪ੍ਰੋਗਰਾਮ ਹਾਲੇ ਉਨ੍ਹਾਂ ਕੋਲ ਹੈ ਹੀ ਨਹੀਂ; ਇਸੇ ਲਈ 'ਆਪ' ਦੇ ਪ੍ਰਮੁੱਖ ਆਗੂ ਪ੍ਰਸ਼ਾਂਤ ਭੂਸ਼ਣ ਕਸ਼ਮੀਰ ਵਿਚ ਰਾਇ ਸੁਮਾਰੀ ਦੀ ਗੱਲ ਕਰਦੇ ਹਨ ਪਰ ਅਰਵਿੰਦ ਕੇਜਰੀਵਾਲ ਉਨ੍ਹਾਂ ਦੀ ਇਸ ਰਾਇ ਨੂੰ ਖਾਰਜ ਕਰ ਦਿੰਦੇ ਹਨ। ਇਹ ਇਕ ਮਿਸਾਲ ਹੈ। ਅਨੇਕਾਂ ਅਨੇਕ ਹੋਰ ਮਸਲੇ ਹਨ ਜਿਨ੍ਹਾਂ 'ਤੇ 'ਆਪ' ਦੀ ਕੋਈ ਸਮਝ ਨਹੀਂ। ਸਿਰਫ਼ ਭ੍ਰਿਸ਼ਟਾਚਾਰ ਨੂੰ ਸਾਰੀਆਂ ਬਿਮਾਰੀਆਂ ਦੀ ਜੜ੍ਹ ਦੱਸਣ ਵਾਲੀ 'ਆਪ' ਇਸੇ ਲੋਟੂ ਪੂੰਜੀਵਾਦੀ ਵਿਵਸਥਾ ਨੂੰ ਕਾਇਮ ਰੱਖਣ ਦਾ ਉਹ ਤਰੱਦਦ ਹੈ; ਜਿਸ ਨੂੰ ਲੋਕ ਰੋਹ ਨੂੰ ਮੁਕੰਮਲ ਲੋਕ-ਮੁਕਤੀ ਅੰਦੋਲਨ ਵੱਲ ਜਾਣ ਤੋਂ ਰੋਕਣ ਦਾ ਜ਼ਿੰਮਾ ਮਿਲਿਆ ਹੈ। ਇਹ ਜ਼ਿੰਮਾ ਅਰਵਿੰਦ ਕੇਜਰੀਵਾਲ ਅਤੇ ਉਹਦੇ ਸਾਥੀਆਂ ਨੂੰ ਕਿਹਨੇ ਦਿੱਤਾ ਹੈ; ਇਹਦਾ ਪਤਾ ਉਦੋਂ ਹੀ ਲੱਗ ਜਾਂਦਾ ਹੈ ਜਦੋਂ ਇਹ ਖੁਲਾਸਾ ਹੁੰਦਾ ਹੈ ਕਿ ਅਰਵਿੰਦ ਦੀ 'ਇੰਡੀਆ ਅਗੇਂਸਟ ਕੁਰਪਸ਼ਨ ਨਾਂਅ ਦੀ ਜਥੇਬੰਦੀ ਨੂੰ ਵਿਸ਼ਵ ਬੈਂਕ ਦੀ ਮਦਦ ਮਿਲਦੀ ਰਹੀ ਹੈ। ਸਾਡੇ ਸੂਝਵਾਨ ਪਾਠਕਾਂ ਨੂੰ ਇਹ 'ਗੱਲਾਂ' ਅੱਜ ਸ਼ਾਇਦ ਚੰਗੀਆਂ ਨਾ ਲਗ ਰਹੀਆ ਹੋਣ ਪਰ ਵਰਤਮਾਨ ਜਦੋਂ ਇਤਿਹਾਸ ਬਣੇਗਾ ਤਾਂ ਬਹੁਤ ਕੁਝ ਸਪੱਸ਼ਟ ਹੁੰਦਾ ਚਲਾ ਜਾਵੇਗਾ।

ਆਖ਼ਰੀ, ਕੌੜੀ ਪਰ ਸੱਚੀ ਸਤਰ : 'ਆਮ ਆਦਮੀ ਪਾਰਟੀ' ਦੇ ਉਦੈ ਨੇ ਭਾਰਤ ਦੇ ਆਮ ਬੰਦੇ ਦੀ ਮੁਕੰਮਲ ਮੁਕਤੀ ਦੀ ਲੜਾਈ ਨੂੰ ਹੋਰ ਪਿੱਛੇ ਪਾ ਦਿੱਤਾ ਹੈ।

# ਇਹ ਕਿਸ ਆਮ ਆਦਮੀ ਦੀ ਗੱਲ ਕਰਦੇ ਹਨ ?



ਅਜੇ ਸੇਤੀਆ

ਆਮ ਆਦਮੀ ਸਿਆਸੀ ਮਗਰਮੱਛਾਂ ਲਈ ਆਫ਼ਤ ਬਣ ਗਿਆ ਹੈ। ਖਾਸ ਕਰ ਕੇ ਉਨ੍ਹਾਂ ਸਿਆਸਤਦਾਨਾਂ ਲਈ, ਜਿਨ੍ਹਾਂ ਨੇ 'ਇੰਡੀਆ ਸ਼ਾਈਨਿੰਗ' ਨੂੰ ਮਾਤ ਪਾਉਣ ਲਈ 'ਆਮ ਆਦਮੀ' ਦਾ ਨਾਅਰਾ ਲਾਇਆ ਸੀ। ਸਮੇਂ ਨੇ ਉਨ੍ਹਾਂ ਦੇ ਸਾਹਮਣੇ ਹੀ ਆਮ ਆਦਮੀ ਪਾਰਟੀ ਬਣਾ ਦਿੱਤੀ। ਹੁਣ ਦੋ ਸਿਆਸੀ ਪਾਰਟੀਆਂ ਆਮ ਆਦਮੀ - ਆਮ ਆਦਮੀ ਖੇਡ ਰਹੀਆਂ ਹਨ। ਪਿਛਲੇ ਦਿਨੀਂ ਉਦੋਂ ਰਾਮ ਰਾਜ ਦੀ ਯਾਦ ਆ ਗਈ ਜਦੋਂ ਭਾਜਪਾ ਨੇ ਦਿੱਲੀ ਦੀ ਸੱਤਾ ਤੋਂ ਮੂੰਹ ਮੋੜ ਲਿਆ। ਦੋਵੇਂ ਪਾਰਟੀਆਂ ਵਿਚ ਪਹਿਲਾਂ ਆਪ-ਪਹਿਲਾਂ ਆਪ ਦੀ ਹੋੜ ਲੱਗੀ ਸੀ।

ਗੱਲ ਰਾਮ ਰਾਜ ਦੀ ਹੈ, ਜਿਸ ਦੀ ਕਲਪਨਾ ਪਹਿਲਾਂ ਗਾਂਧੀ ਨੇ ਕੀਤੀ ਸੀ, ਫਿਰ ਅੰਨਾ ਹਜ਼ਾਰੇ ਨੇ ਕੀਤੀ। ਅਰਵਿੰਦ ਕੇਜਰੀਵਾਲ ਰਾਮ ਰਾਜ ਦਾ ਨਾਮ ਤਾਂ ਨਹੀਂ ਲੈਂਦੇ ਪਰ ਸੁਪਨੇ ਉਨ੍ਹਾਂ ਨੇ ਉਸੇ ਤਰ੍ਹਾਂ ਦੇ ਦਿਖਾਏ ਹਨ। ਅੱਜ ਦੇ ਪੈਮਾਨੇ 'ਤੇ ਆਮ ਆਦਮੀ ਕੌਣ ਹੈ ? ਕਿਸੇ ਲਈ ਪੇਂਡੂ ਰੁਜ਼ਗਾਰ ਯੋਜਨਾ ਵਿਚ ਸ਼ਾਮਲ ਵਿਅਕਤੀ ਆਦਮੀ ਹੈ, ਕਿਸੇ ਦੀ ਨਜ਼ਰ ਵਿਚ ਬਿਜਲੀ- ਪਾਣੀ ਦਾ ਬਿਲ ਭਰਨ ਵਾਲਾ ਆਮ ਆਦਮੀ ਹੈ।

ਪਰ ਸੱਚ ਕੁਝ ਹੋਰ ਹੈ। ਆਮ ਆਦਮੀ ਉਹ ਜਿਸ ਨੂੰ ਨਾ ਇੰਡੀਆ ਸ਼ਾਈਨਿੰਗ ਵਾਲਿਆਂ ਨੇ ਪਛਾਣਿਆ, ਨਾ ਪੇਂਡੂ ਗ੍ਰਾਮੀਣ ਰੁਜ਼ਗਾਰ ਯੋਜਨਾ ਵਾਲਿਆਂ ਨੇ ਅਤੇ ਨਾ ਬਿਜਲੀ-ਪਾਣੀ ਦਾ ਬਿਲ ਭਰਨ ਵਾਲਿਆਂ ਦੀ ਚਿੰਤਾ ਕਰਨ ਵਾਲਿਆਂ ਨੇ। ਆਮ ਆਦਮੀ ਦੀ ਸਭ ਤੋਂ ਵੱਡੀ ਪਰਿਭਾਸ਼ਾ ਆਪਣੇ ਦਾਇਰੇ ਵਿਚ ਸੀਮਤ ਹੈ। ਪਰ ਇਕ ਚੀਜ਼ ਆਮ ਹੈ, ਉਹ ਹੈ ਕਿ ਆਮ ਆਦਮੀ ਵੋਟਰ ਹੋਣਾ ਚਾਹੀਦਾ ਹੈ। ਆਮ ਆਦਮੀ ਵੋਟ ਬੈਂਕ ਬਣ ਕੇ ਰਹਿ ਗਿਆ ਹੈ। ਜਿਸ ਦਾ ਵੋਟ ਨਹੀਂ ਹੈ, ਰਾਜਸੀ ਪਾਰਟੀਆਂ ਦੀ ਨਜ਼ਰ 'ਚ ਉਹ ਆਮ ਆਦਮੀ ਨਹੀਂ ਹੈ। ਜਿਵੇਂ ਗਲੀਆਂ, ਬਾਜ਼ਾਰਾਂ, ਚੌਰਾਹਿਆਂ 'ਤੇ ਭਟਕਦੇ ਬੱਚੇ। ਜਿਵੇਂ ਆਰ.ਟੀ.ਈ. ਲਾਗੂ ਹੋਣ ਦੇ ਬਾਵਜੂਦ ਭੀਖ ਮੰਗ ਰਹੇ, ਕੂੜਾ ਛਾਣ ਰਹੇ ਅਤੇ ਬਾਲ ਮਜ਼ਦੂਰੀ ਕਰ ਰਹੇ ਲੱਖਾਂ ਬੱਚੇ। ਇਨ੍ਹਾਂ ਲਈ ਕੋਈ ਯੋਜਨਾ ਨਹੀਂ। ਕਿਉਂਕਿ ਇਹ ਵੋਟਰ ਸੂਚੀ ਵਿਚ ਸ਼ਾਮਲ ਨਹੀਂ ਹੈ। ਕੀ ਕਿਸੇ ਮਰਦਮ ਸ਼ੁਮਾਰੀ ਵਿਚ ਇਨ੍ਹਾਂ ਦੀ ਗਿਣਤੀ ਕੀਤੀ ਗਈ ? ਕੀ ਇਨ੍ਹਾਂ ਦਾ ਕੋਈ ਮਨੁੱਖੀ ਅਧਿਕਾਰ ਨਹੀਂ ?

ਅਸਲੀ ਆਮ ਆਦਮੀ ਤਾਂ ਉਹ ਹੈ, ਜੋ ਪੇਂਡੂ ਰੁਜ਼ਗਾਰ ਯੋਜਨਾ ਵਿਚ ਸ਼ਾਮਲ ਨਹੀਂ, ਜੋ ਸੜਕਾਂ ਦੇ ਕਿਨਾਰੇ ਝੁੱਗੀਆਂ ਬਣਾ ਕੇ ਰਹਿੰਦੇ ਹਨ। ਬਿਜਲੀ ਪਾਣੀ ਦਾ ਕਨੈਕਸ਼ਨ ਇਨ੍ਹਾਂ ਨੂੰ ਨਸੀਬ ਨਹੀਂ। ਸੰਯੁਕਤ ਰਾਸ਼ਟਰ ਦੇ ਪ੍ਰੋਟੋਕਾਲ 'ਤੇ ਦਸਤਖ਼ਤ ਕੀਤੇ ਹਨ ਅਸੀਂ। ਅਜਿਹੇ ਹੀ ਆਮ ਆਦਮੀਆਂ ਦੇ ਬੱਚਿਆਂ ਨੂੰ ਸਰਪ੍ਰਸਤੀ ਦਾ ਹੱਕ ਦਿੱਤਾ ਹੈ ਅਸੀਂ। ਵਾਅਦਾ ਕੀਤਾ ਹੈ ਕਿ ਹਰ ਜ਼ਿਲ੍ਹੇ ਵਿਚ ਇਕ ਬਾਲ ਗ੍ਰਹਿ ਹੋਵੇਗਾ, ਇਕ ਬਿਰਧ ਆਸ਼ਰਮ ਹੋਵੇਗਾ। ਦਸਤਖ਼ਤ ਕੀਤਿਆਂ 21 ਸਾਲ ਹੋ ਗਏ ਪਰ ਅਜੇ ਦੇਸ਼ ਦੇ ਅੱਧੇ ਜ਼ਿਲ੍ਹਿਆਂ ਵਿਚ ਵੀ ਬਾਲ ਗ੍ਰਹਿ ਅਤੇ ਇਕ ਚੌਥਾਈ ਜ਼ਿਲ੍ਹਿਆਂ ਵਿਚ ਬਿਰਧ ਆਸ਼ਰਮ ਨਹੀਂ ਬਣੇ। ਜਿਨ੍ਹਾਂ ਨੂੰ ਸਿਆਸੀ ਪਾਰਟੀਆਂ ਆਮ ਆਦਮੀ ਕਹਿ ਰਹੀਆਂ ਹਨ, ਉਹ ਅਸਲ ਵਿਚ ਖਾਸ ਆਦਮੀ ਹੈ, ਕਿਉਂਕਿ ਉਸਦਾ ਵੋਟਰ ਸੂਚੀ ਵਿਚ ਨਾਮ ਹੈ, ਉਹ ਰੁਜ਼ਗਾਰ ਯੋਜਨਾ ਦਾ ਹੱਕਦਾਰ ਹੈ ਅਤੇ ਬਿਜਲੀ ਪਾਣੀ ਦਾ ਬਿਲ ਭਰਨ ਦੀ ਹੈਸੀਅਤ ਰਖਦਾ ਹੈ।

ਬੱਚੇ ਜੇਕਰ ਵੋਟਰ ਹੁੰਦੇ ਤਾਂ ਕਿਸੇ ਸੂਬੇ ਦਾ ਮੁੱਖ ਸਕੱਤਰ ਇਹ ਨਾ ਕਹਿ ਸਕਦਾ ਕਿ ਸਰਦੀ ਵਿਚ ਕੋਈ ਨਹੀਂ ਮਰਦਾ। ਬੱਚੇ ਜੇਕਰ ਵੋਟਰ ਹੁੰਦੇ ਤਾਂ ਹਰ ਆਫ਼ਤ ਤੋਂ ਬਾਅਦ ਸਭ ਤੋਂ ਪਹਿਲਾਂ ਬੱਚਿਆਂ ਦੀ ਚਿੰਤਾ ਹੁੰਦੀ। ਉਤਰਾਖੰਡ 'ਚ ਆਫ਼ਤ ਸਮੇਂ 1,066 ਬੱਚੇ ਪ੍ਰਭਾਵਤ ਹੋਏ। ਇਨ੍ਹਾਂ ਵਿਚੋਂ 777 ਤਾਂ ਉਤਰਾਖੰਡ ਦੇ ਹੀ ਹਨ। ਇਨ੍ਹਾਂ ਵਿਚੋਂ 554 ਤਾਂ ਅਜਿਹੇ ਹਨ, ਜਿਨ੍ਹਾਂ ਨੇ ਮਾਂ ਜਾਂ ਪਿਓ ਨੂੰ ਗੁਆ ਦਿੱਤਾ ਹੈ। ਜਿਹੜੇ ਇਸ ਦੁਨੀਆ ਵਿਚ ਨਹੀਂ ਰਹੇ, ਉਨ੍ਹਾਂ ਦੀ ਗਿਣਤੀ 504 ਤੋਂ ਉਪਰ ਹੈ। ਇਨ੍ਹਾਂ ਵਿਚੋਂ 215 ਉਤਰਾਖੰਡ ਦੇ ਹੀ ਸਨ। ਉਹ ਚਾਰ ਧਾਮ ਦੀ ਯਾਤਰਾ ਕਰਨ ਨਹੀਂ ਆਏ ਸਨ। ਉਹ ਬਹੁਤ ਹੀ ਗ਼ਰੀਬ ਪਰਿਵਾਰਾਂ ਦੇ ਬੱਚੇ ਸਨ। ਮਜ਼ਦੂਰ ਵਿਭਾਗ ਕਹਿੰਦਾ ਹੈ ਕਿ ਉਹ ਬਾਲ ਮਜ਼ਦੂਰ ਨਹੀਂ ਸਨ। ਤਾਂ ਐਨੀ ਵੱਡੀ ਗਿਣਤੀ ਵਿਚ ਉਹ ਬੱਚੇ ਇਥੇ ਕੀ ਕਰ ਰਹੇ ਸਨ ? ਉਨ੍ਹਾਂ ਦੇ ਮਾਪੇ ਤਾਂ ਵੋਟਰ ਸਨ, ਪਰ ਉਹ ਬੱਚੇ ਵੋਟਰ ਨਹੀਂ ਸਨ। ਇਸ ਲਈ ਉਨ੍ਹਾਂ ਲਈ ਨਾ ਕਿਸੇ ਸਰਕਾਰ ਨੇ ਕੁਝ ਕੀਤਾ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਨੇ। ਆਫ਼ਤ ਦੀ ਕਿਸੇ ਸਮੀਖਿਆ ਵਿਚ ਬੱਚੇ ਮੁੱਦਾ ਨਹੀਂ ਬਣਦੇ, ਕਿਉਂਕਿ ਉਹ ਵੋਟਰ ਨਹੀਂ ਹਨ, ਉਹ ਬਿਜਲੀ ਅਤੇ ਪਾਣੀ ਦਾ ਬਿਲ ਨਹੀਂ ਭਰਦੇ। ਫਿਰ ਸਿਆਸੀ ਪਾਰਟੀਆਂ ਕਿਸ ਆਮ ਆਦਮੀ ਦੀ ਬੇਹਤਰੀ ਦਾ ਦਮ ਭਰ ਰਹੀਆਂ ਹਨ ?



ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜਨ ਅੰਦੋਲਨਾਂ 'ਚ ਤਬਦੀਲ ਹੋ ਜਾ ਰਹੇ ਦੋ ਅਹਿਮ ਮੁੱਦੇ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਜੇਕਰ ਕੋਈ ਮੁੱਦਾ ਆਮ ਲੋਕਾਂ ਦੀ ਜ਼ਮੀਰ ਵਿਚ ਅੰਗੜਾਈ ਲੈਣ ਲੱਗ ਪਏ, ਤਾਂ ਉਸ ਦੇ ਜਨ ਅੰਦੋਲਨ ਬਣਨ ਦੀ ਪੂਰੀ-ਪੂਰੀ ਸੰਭਾਵਨਾ ਹੁੰਦੀ ਹੈ। ਪੰਜਾਬ ਵਿਚ ਲਗਾਇਆ ਗਿਆ ਪ੍ਰਾਪਰਟੀ ਟੈਕਸ ਅਤੇ ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਅਜਿਹੇ ਹੀ ਦੋ ਮੁੱਦੇ ਹਨ, ਜਿਹੜੇ ਪਿਛਲੇ ਕੁਝ ਅਰਸੇ ਤੋਂ ਪੰਜਾਬੀਆਂ ਦੇ ਮਨਾਂ ਵਿਚ ਲਾਗਤਾਰ ਉਸਲਵੱਟੇ ਲੈ ਰਹੇ ਹਨ। ਜੇਕਰ ਪਹਿਲੇ ਮੁੱਦੇ ਕਾਰਨ ਪੰਜਾਬ ਦੀ ਸ਼ਹਿਰੀ ਵਸੋਂ ਬੇਹੱਦ ਨਿਰਾਸ਼ ਅਤੇ ਸੂਬੇ ਦੀ ਹੁਕਮਰਾਨ ਗਠਜੋੜ ਤੋਂ ਨਰਾਜ਼ ਹੈ ਤਾਂ ਦੂਜੇ ਮੁੱਦੇ ਕਾਰਨ ਸਮੁੱਚੇ ਪੰਜਾਬੀ, ਕੀ ਸ਼ਹਿਰੀ ਤੇ ਕੀ ਪੇਂਡੂ, ਸੂਬੇ ਦੇ ਭਵਿੱਖ ਪ੍ਰਤੀ ਡਾਢੇ ਫ਼ਿਕਰਮੰਦ ਹਨ। ਆਓ, ਇਨ੍ਹਾਂ ਦੋਵਾਂ ਮੁੱਦਿਆਂ ਉਪਰ ਇਕੱਲਿਆਂ-ਇਕੱਲਿਆਂ ਵਿਚਾਰ ਕਰੀਏ।

ਪ੍ਰਾਪਰਟੀ ਟੈਕਸ :-

ਇਹ ਟੈਕਸ ਪੰਜਾਬ ਦੇ ਸ਼ਹਿਰਾਂ ਅਤੇ ਨਗਰਾਂ ਦੀ ਹੱਦ ਵਿਚ ਆਉਣ ਵਾਲੀਆਂ ਜਾਇਦਾਦਾਂ ਉਪਰ ਲਗਾਇਆ ਗਿਆ ਹੈ। ਜਾਇਦਾਦਾਂ ਦੀਆਂ ਕੀਮਤਾਂ ਦੇ ਆਧਾਰ 'ਤੇ ਉਨ੍ਹਾਂ ਦਾ ਵਰਗੀਕਰਨ ਕਰ ਦਿੱਤਾ ਗਿਆ ਹੈ ਤੇ ਜਾਇਦਾਦ ਮਾਲਕ ਨੂੰ ਆਪਣੇ ਵਰਗ ਦੇ ਹਿਸਾਬ ਨਾਲ ਟੈਕਸ ਦੀ ਅਦਾਇਗੀ ਕਰਨੀ ਪੈਂਦੀ ਹੈ। ਇਹ ਵਰਗੀਕਰਨ ਹੀ ਆਪਣੇ ਆਪ ਵਿਚ ਦੋਸ਼ਪੂਰਨ ਹੈ। ਜ਼ਰੂਰੀ ਨਹੀਂ ਕਿ ਮਹਿੰਗੀ ਕੀਮਤ ਦੀ ਜਾਇਦਾਦ ਵਾਲੇ ਗਰੁੱਪ 'ਚ ਆ ਗਏ ਲੋਕਾਂ ਦੇ ਕਮਾਈ ਦੇ ਸਾਧਨ ਵੀ ਉਨ੍ਹਾਂ ਦੀ ਜਾਇਦਾਦ ਦੇ ਮੁਤਾਬਕ ਹੀ ਹੋਣ। ਜਾਇਦਾਦ ਦੇ ਮੁੱਲ ਦਾ ਲਾਭ ਤਾਂ ਉਦੋਂ ਮਾਲਕ ਨੂੰ ਮਿਲਦਾ ਹੈ, ਜਦੋਂ ਉਸ ਨੇ ਇਸ ਨੂੰ ਵੇਚਣਾ ਹੈ, ਜਦਕਿ ਟੈਕਸ ਦੀ



ਅਦਾਇਗੀ ਉਸ ਨੂੰ ਆਪਣੇ ਕਮਾਈ ਦੇ ਵਸੀਲਿਆਂ ਤੋਂ ਕਰਨੀ ਪੈਣੀ ਹੈ। ਖ਼ੈਰ, ਪ੍ਰਾਪਰਟੀ ਟੈਕਸ ਦੀਆਂ ਖਾਮੀਆਂ ਅਰਥਾਤ ਇਸ ਦੇ ਢਾਂਚੇ ਦੀਆਂ ਤਰੁੱਟੀਆਂ ਦਾ ਤਾਂ ਕੋਈ ਅੰਤ ਹੀ ਨਹੀਂ ਹੈ। ਇਨ੍ਹਾਂ ਤਰੁੱਟੀਆਂ ਦੀ ਚਰਚਾ ਦਾ ਨਤੀਜਾ ਇਹੋ ਨਿਕਲਦਾ ਹੈ ਕਿ ਇਹ ਟੈਕਸ ਪੰਜਾਬ ਦੀ ਸ਼ਹਿਰੀ ਵਸੋਂ ਉਪਰ ਮਲੋਮੱਲੀ ਥੋਪਿਆ ਗਿਆ ਹੈ। ਸ਼ਹਿਰਾਂ-ਨਗਰਾਂ ਦੀ ਆਰਥਕ ਥੁੜ੍ਹਾਂ ਦੀ ਲਤਾੜੀ ਅਤੇ ਸਤਾਈ ਹੋਈ ਜਨਤਾ ਨੂੰ ਇਸ ਟੈਕਸ ਦੀ ਮਾਰ ਹੇਠ ਲਿਆ ਕੇ ਸੂਬੇ ਦੀ ਸਰਕਾਰ ਚਲਾ ਰਹੇ ਗਠਜੋੜ ਨੇ ਆਪਣੇ ਆਮ ਆਦਮੀ ਵਿਰੋਧੀ ਕਿਰਦਾਰ ਨੂੰ ਨੰਗਿਆਂ ਕੀਤਾ ਹੈ। ਸ਼ਹਿਰੀ ਵਸੋਂ ਨੂੰ ਲੱਗ ਰਿਹਾ ਹੈ ਕਿ ਉਹ ਆਪਣੇ ਖ਼ੂਨ ਪਸੀਨੇ ਦੀ ਕਮਾਈ ਨਾਲ ਬਣਾਏ ਘਰਾਂ 'ਚ ਕਿਰਾਏਦਾਰ ਬਣ ਕੇ ਰਹਿ ਗਏ ਹਨ।

ਪਿਛਲੇ ਵਰ੍ਹੇ ਦਾ ਪ੍ਰਾਪਰਟੀ ਟੈਕਸ ਸ਼ਹਿਰੀ ਵਸੋਂ ਦੇ ਕਾਫ਼ੀ ਹਿੱਸੇ ਤੋਂ ਵਸੂਲ ਵੀ ਲਿਆ ਗਿਆ ਹੈ। ਪਰ ਇਹ ਕਿਥੇ ਚਲਾ ਗਿਆ? ਲੋਕਾਂ ਨੂੰ ਕੁਝ ਪਤਾ ਨਹੀਂ। ਇਹ ਕਿਵੇਂ ਖਰਚਿਆ ਜਾਣਾ ਹੈ? ਇਸ ਦੀ ਵੀ ਆਮ ਆਦਮੀ ਨੂੰ ਕੋਈ ਸਪੱਸ਼ਟ ਜਾਣਕਾਰੀ ਨਹੀਂ। ਜੇਕਰ ਇਸ ਧਾਰਨਾ ਨੂੰ ਪ੍ਰਵਾਨ ਕਰ ਲਿਆ ਜਾਵੇ ਕਿ ਇਸ ਦੀ ਵਰਤੋਂ ਸ਼ਹਿਰਾਂ-ਕਸਬਿਆਂ ਦੀ ਸਫ਼ਾਈ, ਜਨਤਕ ਸਹੂਲਤਾਂ ਦੀ ਪੂਰਤੀ ਅਤੇ ਹੋਰ ਲੋਕ ਭਲਾਈ ਦੇ ਕਾਰਜਾਂ ਲਈ ਕੀਤੀ ਜਾਣੀ ਹੈ ਤਾਂ ਇਹ ਦੇਖਣ ਲਈ ਪੰਜਾਬ ਦੇ ਸ਼ਹਿਰਾਂ-ਕਸਬਿਆਂ 'ਤੇ ਨਜ਼ਰ ਦੌੜਾ ਲੈਣੀ ਚਾਹੀਦੀ ਹੈ। ਏਥੇ ਥਾਂ-ਥਾਂ ਕੂੜੇ ਤੇ ਗੰਦਗੀ ਦੇ ਢੇਰ ਦੇਖ ਕੇ ਲਗਦਾ ਹੈ ਜਿਵੇਂ ਸਥਾਨਕ ਪ੍ਰਸ਼ਾਸਨ ਨਾਂ ਦੀ ਕੋਈ ਸ਼ੈਅ ਹੀ ਨਾ ਹੋਵੇ। ਕਿਤੇ ਵਾਟਰ ਸਪਲਾਈ ਦੀਆਂ ਪਾਈਪਾਂ ਲੀਕ ਕਰ ਰਹੀਆਂ ਹਨ, ਕਿਤੇ ਟੋਇਆਂ 'ਚ ਮੁਸ਼ਕ ਮਾਰਦਾ ਹੈ ਤੇ ਬਿਮਾਰੀਆਂ ਨੂੰ ਬੁਲਾਵਾ ਦਿੰਦਾ ਪਾਣੀ ਖੜਾ ਹੈ। ਸਪੱਸ਼ਟ ਹੈ ਪ੍ਰਾਪਰਟੀ ਟੈਕਸ ਅਤੇ ਇਸ ਨੂੰ ਇਕੱਤਰ ਕਰਨ ਦੇ ਦੱਸੇ ਜਾਂਦੇ ਮਨੋਰਥ ਵਿਚਕਾਰਲੀ ਕੜੀ ਵੀ ਗ਼ਾਇਬ ਹੈ।

ਆਮ ਲੋਕਾਂ ਤੋਂ ਟੈਕਸ ਰਾਹੀਂ ਇਕੱਤਰ ਪੈਸਾ ਜੇਕਰ ਉਨ੍ਹਾਂ ਦੀ ਭਲਾਈ ਅਤੇ ਸਹੂਲਤਾਂ ਉਪਰ ਨਹੀਂ ਖ਼ਰਚ ਹੋ ਰਿਹਾ ਤਾਂ ਇਹਦਾ ਭਾਵ ਇਹ ਨਹੀਂ ਕਿ ਇਸ ਬਾਰੇ ਲੋਕ ਬਿਲਕੁਲ ਅਨਜਾਣ ਹਨ। ਲੋਕਾਂ ਨੂੰ ਸਾਫ਼ ਨਜ਼ਰ ਆ ਰਿਹਾ ਹੈ ਕਿ ਉਨ੍ਹਾਂ ਦੇ ਖ਼ੂਨ-ਪਸੀਨੇ ਤੋਂ ਪੈਦਾ ਹੋਏ ਧਨ ਦਾ ਬੇਕਿਰਕੀ ਨਾਲ ਉਜਾੜਾ ਹੋ ਰਿਹਾ ਹੈ। ਇਸ ਧਨ ਨਾਲ ਕਬੱਡੀ ਕੱਪਾਂ 'ਚ ਨਚਾਈਆਂ ਜਾਂਦੀਆਂ ਨਾਚੀਆਂ ਉਪਰ ਉਜਾੜਾ ਹੋ ਰਿਹਾ ਹੈ। ਇਸ ਧਨ ਨਾਲ ਪੰਜਾਬ ਵਿਚ ਲਾਲ ਬੱਤੀ ਕਲਚਰ ਦੀ ਦਹਿਸ਼ਤ ਫੈਲੀ ਹੋਈ ਹੈ। ਲੋਕਾਂ ਦੇ ਟੈਕਸ ਦੀ ਪਹਿਲਾਂ ਹੀ ਬੁਰੀ ਤਰ੍ਹਾਂ ਦੁਰਵਰਤੋਂ ਹੋ ਰਹੀ ਹੈ ਤਾਂ ਫਿਰ ਲੋਕਾਂ ਉਪਰ ਹੋਰ ਟੈਕਸ ਠੋਸਣ ਦਾ ਕੀ ਅਰਥ ਰਹਿ ਜਾਂਦਾ ਹੈ। ਹੁਕਮਰਾਨ ਗਠਜੋੜ ਦੀ ਲੋਕਾਂ ਤੋਂ ਇਕੱਤਰ ਪੈਸਿਆਂ ਪ੍ਰਤੀ (ਖ਼ਜ਼ਾਨੇ ਪ੍ਰਤੀ) ਧਾੜਵੀਆਂ ਵਾਲੀ ਪਹੁੰਚ ਦੇ ਮੱਦੇਨਜ਼ਰ ਵੀ ਲੋਕ (ਸ਼ਹਿਰੀ) ਮਹਿਸੂਸ ਕਰ ਰਹੇ ਹਨ ਕਿ ਪ੍ਰਾਪਰਟੀ ਟੈਕਸ ਲਗਾਇਆ ਜਾਣਾ ਬਿਲਕੁਲ ਵਾਜਬ ਨਹੀਂ। ਪ੍ਰਾਪਰਟੀ ਟੈਕਸ ਦਾ ਵਿਰੋਧ ਹੁਣ ਰਾਜ ਵਿਆਪੀ ਅੰਦੋਲਨ ਬਣਨ ਵੱਲ ਵੱਧ ਰਿਹਾ ਹੈ। ਵੱਖ-ਵੱਖ ਕਸਬਿਆਂ ਤੇ ਸ਼ਹਿਰਾਂ ਤੋਂ ਪ੍ਰਾਪਰਟੀ ਟੈਕਸ ਵਿਰੋਧੀ ਕਮੇਟੀਆਂ ਦੇ ਗਠਨ ਦੀਆਂ ਖ਼ਬਰਾਂ ਮੀਡੀਏ 'ਚ ਆ ਰਹੀਆਂ ਹਨ ਤੇ ਬੀਤੇ ਦਿਨੀਂ ਸੂਬਾ ਪੱਧਰੀ ਕਮੇਟੀ ਦਾ ਗਠਨ ਵੀ ਹੋ ਗਿਆ ਹੈ। ਇਹ ਜਥੇਬੰਦਕ ਵਿਰੋਧ ਜ਼ਰੂਰ ਪੰਜਾਬ ਦੀ ਸ਼ਹਿਰੀ ਵਸੋਂ ਨੂੰ ਇਕ ਅਨਿਆਂਕਾਰੀ ਟੈਕਸ ਦੇ ਬੋਝ ਤੋਂ ਮੁਕਤ ਕਰਵਾਉਣ ਲਈ ਕਾਰਗਰ ਸਾਬਤ ਹੋਵੇਗਾ।

ਨਸ਼ਿਆਂ ਦੀ ਤਸਕਰੀ :-

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿਚ ਅੱਜਕਲ੍ਹ ਛੇਵਾਂ ਦਰਿਆ ਵੀ ਵਹਿ ਰਿਹਾ ਹੈ। ਇਹ ਛੇਵਾਂ ਦਰਿਆ ਨਸ਼ਿਆਂ ਦਾ ਹੈ। ਜਿਥੇ ਪਹਿਲੇ ਪੰਜ ਦਰਿਆਵਾਂ ਨੇ ਪੰਜਾਬ ਦੀ ਧਰਤੀ ਨੂੰ ਖ਼ੁਸ਼ਹਾਲੀ ਦੀ ਦਾਤ ਬਖ਼ਸ਼ੀ ਹੈ, ਉਥੇ ਇਹ ਛੇਵਾਂ ਦਰਿਆ ਪੰਜਾਬ ਦੀ ਬਰਬਾਦੀ ਦਾ ਪ੍ਰਤੀਕ ਬਣ ਗਿਆ ਹੈ। ਇਨ੍ਹੀਂ ਦਿਨੀਂ ਨਸ਼ਿਆਂ ਦਾ ਦਰਿਆ ਨਾ ਕੇਵਲ ਚਰਚਾ ਦਾ ਸਗੋਂ ਗ਼ਹਿਰੀ ਚਿੰਤਾ ਦਾ ਵਿਸ਼ਾ ਵੀ ਬਣ ਗਿਆ ਹੈ। ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਨਸ਼ਿਆਂ ਦੀ ਸਥਿਤੀ ਇਸ ਗੱਲੋਂ ਹੋਰ ਵੀ ਗੰਭੀਰ ਬਣ ਗਈ ਹੈ ਕਿ ਰਵਾਇਤੀ ਨਸ਼ਿਆਂ, ਜਿਵੇਂ ਕਿ ਸ਼ਰਾਬ, ਅਫ਼ੀਮ, ਪੋਸਤ ਆਦਿ ਦੇ ਨਾਲ ਸਿੰਥੈਟਿਕ ਨਸ਼ੇ ਵੀ ਰਲ਼ ਗਏ ਹਨ। ਸਿੰਥੈਟਿਕ ਨਸ਼ੇ ਜਿਨ੍ਹਾਂ ਨੂੰ ਮੈਡੀਕਲ ਨਸ਼ੇ ਵੀ ਕਿਹਾ ਜਾਂਦਾ ਹੈ, ਕੈਮਸਿਟ ਦੀਆਂ ਦੁਕਾਨਾਂ 'ਤੇ ਨਾਜਾਇਜ਼ ਢੰਗ ਨਾਲ ਵੇਚੇ ਜਾਂਦੇ ਹਨ, ਪ੍ਰਸ਼ਾਸਨਕ ਮਿਲੀਭੁਗਤ ਨਾਲ ਮੈਡੀਕਲ ਸਟੋਰਾਂ ਵਾਲਿਆਂ ਵਿਚੋਂ ਬਹੁਤ ਸਾਰੇ ਇਨ੍ਹਾਂ ਦੇ ਧੰਦੇ 'ਚੋਂ ਖ਼ੂਬ ਕਮਾਈ ਕਰ ਰਹੇ ਹਨ।

ਨਸ਼ਿਆਂ ਦੇ ਸੇਵਨ ਦੇ ਦੁਰਪ੍ਰਭਾਵ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਪੰਜਾਬ ਵਿਚ ਇਨ੍ਹਾਂ ਦੇ ਦੁਰਪ੍ਰਭਾਵ ਭਿਅੰਕਰ ਰੂਪ ਧਾਰਨ ਕਰਦੇ ਜਾ ਰਹੇ ਹਨ। ਨਸ਼ਿਆਂ ਨੇ ਸਾਡੀ ਇਕ ਪੂਰੀ ਪੀੜ੍ਹੀ ਹੀ ਤਬਾਹ ਕਰ ਦਿੱਤੀ ਹੈ। ਨੌਜਵਾਨ ਸ਼ੌਂਕ ਤੇ ਫ਼ੈਸ਼ਨ ਵਜੋਂ ਜਿਨ੍ਹਾਂ ਨਸ਼ਿਆਂ ਨੂੰ ਲੈਣਾ ਸ਼ੁਰੂ ਕਰਦੇ ਹਨ, ਛੇਤੀ ਹੀ ਉਨ੍ਹਾਂ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ। ਫਿਰ ਉਮਰ ਭਰ ਲਈ ਨਸ਼ਿਆਂ ਦੀ ਗ੍ਰਿਫ਼ਤ ਵਿਚ ਫਸੇ ਰਹਿੰਦੇ ਹਨ। ਆਪਣੀ ਹੀਰੇ ਜਿਹੀ ਅਨਮੋਲ ਜਵਾਨੀ ਨਸ਼ਿਆਂ ਲੇਖੇ ਲਾ ਦਿੰਦੇ ਹਨ। ਉਨ੍ਹਾਂ ਦੇ ਪਰਿਵਾਰ ਨਸ਼ੇੜੀ ਜੀਆਂ ਹੱਥੋਂ ਆਰਥਕ ਪੱਖੋਂ ਤਾਂ ਬਰਬਾਦ ਹੁੰਦੇ ਹੀ ਹਨ, ਨਾਲ ਹੀ ਨਸ਼ੇੜੀਆਂ ਕਾਰਨ ਕਈ ਤਰ੍ਹਾਂ ਦੇ ਮਾਨਸਿਕ ਤਸੀਹੇ ਵੀ ਸਹਿੰਦੇ ਹਨ। ਪੰਜਾਬ ਵਿਚ ਇੰਨ੍ਹੀਂ ਦਿਨੀਂ ਇਹੀ ਕੁਝ ਹੋ ਰਿਹਾ ਹੈ। ਪੰਜਾਬ ਦੇ ਹਿੰਦ-ਪਾਕਿ ਸਰਹੱਦ ਨੇੜਲੇ ਪਿੰਡਾਂ ਦੇ ਪਿੰਡ ਨਸ਼ਿਆਂ ਨੇ ਤਬਾਹ ਕਰ ਦਿੱਤੇ ਹਨ। ਨਸ਼ਿਆਂ ਦੇ ਆਦੀ ਪੰਜਾਬੀ ਨੌਜਵਾਨ ਸਿਹਤ ਸਬੰਧੀ ਅਨੇਕਾਂ ਵਿਗਾੜਾਂ ਦਾ ਸ਼ਿਕਾਰ ਹੋ ਗਏ ਹਨ। ਉਹ ਨਕਾਰਾ, ਅਪਰਾਧੀ ਅਤੇ ਨਿਪੁੰਸਕ ਬਣ ਰਹੇ ਹਨ। ਨਸ਼ਿਆਂ ਦੀ ਮਾਰ ਇਥੋਂ ਤਕ ਵਗ ਗਈ ਹੈ ਕਿ ਖਿਡਾਰੀ ਵੀ ਇਨ੍ਹਾਂ ਦੀ ਲਪੇਟ ਵਿਚ ਆ ਗਏ ਹਨ। ਨਸ਼ਿਆਂ ਦੇ ਟੀਕੇ ਲਗਾ ਕੇ ਖਿਡਾਰੀ ਕੁਝ ਸਮੇਂ ਲਈ ਆਪਣੀ ਸਮਰੱਥਾ ਤਾਂ ਵਧਾ ਲੈਂਦਾ ਹੈ, ਪਰ ਆਪਣੀ ਜਾਨ ਲਈ ਖਤਰਾ ਪੈਦਾ ਕਰ ਲੈਂਦਾ ਹੈ। ਬੀਤੇ ਸਮੇਂ ਪੰਜਾਬ ਵਿਚ ਬਹੁਤ ਸਾਰੇ ਖਿਡਾਰੀਆਂ ਦੀ ਅਚਨਚੇਤੀ ਮੌਤ ਦਾ ਕਾਰਨ ਸਮਰੱਥਾ ਵਧਾਉਣ ਵਾਲੀਆਂ ਨਸ਼ੀਲੀਆਂ ਦਵਾਈਆਂ ਨੂੰ ਹੀ ਦੱਸਿਆ ਜਾ ਰਿਹਾ ਹੈ। ਖਿਡਾਰੀਆਂ ਅਤੇ ਖੇਡ ਕਲੱਬਾਂ ਨਾਲ ਨਸ਼ਿਆਂ ਦੀ ਤਸਕਰੀ ਦੀਆਂ ਤੰਦਾ ਜੁੜੀਆਂ ਹੋਣ ਦੀਆਂ ਕਈ ਖ਼ਤਰਨਾਕ ਤੇ ਸ਼ਰਮਨਾਕ ਮਿਸਾਲਾਂ ਵੀ ਅੱਜ ਸਾਡੇ ਸਾਹਮਣੇ ਹਨ। ਅਤਿਕਥਨੀ ਨਹੀਂ ਹੋਵੇਗੀ ਜੇਕਰ ਕਿਹਾ ਜਾਵੇ ਕਿ ਇਸ ਸਮੇਂ ਨਸ਼ਿਆਂ ਨੇ ਪੰਜਾਬ ਦੇ ਜਵਾਨਾਂ ਦੀ ਚੁਣੌਤੀ ਖ਼ਤਮ ਕਰ ਦਿੱਤੀ ਹੈ।



ਨਸ਼ਿਆਂ ਦੇ ਮਾਮਲੇ 'ਚ ਜਿਸ ਚੀਜ਼ ਨੇ ਪੰਜਾਬੀਆਂ ਨੂੰ ਬੁਰੀ ਤਰ੍ਹਾਂ ਬੇਚੈਨ ਕੀਤਾ ਹੈ, ਉਹ ਹੈ ਇਨ੍ਹਾਂ ਦੇ ਕਾਰੋਬਾਰੀਆਂ ਦੀ ਸਿਆਸੀ ਸਰਪ੍ਰਸਤੀ। ਹੁਣੇ-ਹੁਣੇ ਨਸ਼ਿਆਂ ਦੇ ਕਾਰੋਬਾਰਾਂ ਦੇ ਜਿੰਨੇ ਵੀ ਵੱਡੇ ਸਕੈਂਡਲ ਬੇਨਕਾਬ ਹੋਏ ਹਨ, ਉਨ੍ਹਾਂ ਰਾਹੀਂ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ ਹਨ। ਸਿੰਥੈਟਿਕ ਨਸ਼ੇ ਬਣਾਉਣ ਵਾਲੀਆਂ ਫ਼ੈਕਟਰੀਆਂ ਦੇ ਮਾਲਕ ਨਾ ਕੇਵਲ ਕਈ ਗਠਜੋੜ ਵਜ਼ੀਰਾਂ ਦੇ ਨੇੜਲੇ ਹਨ, ਸਗੋਂ ਲਾਲ ਬੱਤੀ ਵਰਗੀਆਂ ਸਹੂਲਤਾਂ ਵੀ ਮਾਣਦੇ ਰਹੇ ਹਨ। ਨਸ਼ਿਆਂ ਦੇ ਕੌਮਾਂਤਰੀ ਗਿਰੋਹ ਦੇ ਸਰਗਣੇ ਜਗਦੀਸ਼ ਭੋਲਾ ਦੇ ਹਵਾਲੇ ਨਾਲ ਵੀ ਨਸ਼ਿਆਂ ਦੇ ਤਸਕਰਾਂ ਦੀਆਂ ਤਾਰਾਂ ਵਜੀਰਾਂ ਨਾਲ ਜੁੜੀਆਂ ਦੱਸੀਆਂ ਜਾ ਰਹੀਆਂ ਹਨ। ਪੰਜਾਬ ਦੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੇ ਨਸ਼ਿਆਂ ਵਿਰੋਧੀ ਆਪਣੀ ਮੁਹਿੰਮ ਦੌਰਾਨ ਨਸ਼ਿਆਂ ਦੀ ਤਸਕਰੀ ਵਿਚ ਵਜ਼ੀਰਾਂ ਦੀ ਸ਼ਮੂਲੀਅਤ ਦੀ ਜਾਂਚ ਦੀ ਮੰਗ ਕੀਤੀ ਹੈ, ਪਰ ਹੁਕਮਰਾਨ ਗਠਜੋੜ ਇਸ ਦਿਸ਼ਾ 'ਚ ਕੁਝ ਨਹੀਂ ਕਰ ਰਿਹਾ।

ਪੰਜਾਬ ਦੇ ਲੋਕਾਂ ਕੋਲ ਆਪਣੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ, ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ ਸ਼ਕਤੀਸ਼ਾਲੀ ਜਨ-ਅੰਦੋਲਨ ਨੂੰ ਵਿੱਢਣ ਤੋਂ ਇਲਾਵਾ ਕੋਈ ਚਾਰਾ ਨਹੀਂ ਰਿਹਾ। ਯਕੀਨਨ ਹੀ ਇਸ ਅੰਦੋਲਨ ਦਾ ਨਿਸ਼ਾਨਾ ਨਸ਼ਿਆਂ ਦੇ ਸਿਆਸੀ ਸੌਦਾਗਰ ਹੋਣਗੇ।

ਧੁਖ਼ਦਾ ਕਾਲਮ

# 'ਸਿਰਫਿਰਿਆਂ' ਦੀ ਲੋੜ ਹੈ ਡਾਢੀ

ਸੁਸ਼ੀਲ ਦੁਸਾਂਝ +91-97813-60066

ਤੁਸੀਂ ਹਰਦਿਆਲ ਸਾਗਰ ਨੂੰ ਜਾਣਦੇ ਹੋ? ਜੁਆਬ ਦੇਣ ਦੀ ਥਾਂ ਤੁਸੀਂ ਉਲਟਾ ਸਵਾਲ ਦਾਗ ਸਕਦੇ ਹੋ ਕਿ ਇਹ ਕੀ ਸਵਾਲ ਹੋਇਆ? ਸੰਸਾਰ ਵਿਚ ਹਰ ਬੰਦੇ ਨੂੰ ਕੁਝ ਲੋਕ ਜਾਣਦੇ ਹੋ ਸਕਦੇ ਹਨ ਤੇ ਬਹੁਤੇ ਨਹੀਂ। ਚਲੋ ਛੱਡੋ, ਮੈਂ ਦਸਦਾਂ-ਹਰਦਿਆਲ ਸਾਗਰ ਡੀ.ਏ.ਵੀ. ਕਾਲਜ ਨਕੋਦਰ ਵਿਚ ਲੈਕਚਰਾਰ ਹਨ। ਤੁਹਾਡੇ ਵਲੋਂ ਆਇਆ ਪ੍ਰਤੀਕਰਮ ਜਾਇਜ਼ ਹੈ ਕਿ ਇਹ ਵੀ ਕਿੱਡੀ ਕੁ ਵੱਡੀ ਗੱਲ ਹੈ; ਆਲੇ-ਦੁਆਲੇ ਪਤਾ ਨਹੀਂ ਕਿੰਨੇ ਕੁ ਲੈਕਚਰਾਰ ਤੇ ਪ੍ਰੋਫੈਸਰ ਰਹਿੰਦੇ ਹਨ, ਐਵੇਂ ਤਾਂ ਨਹੀਂ ਹਰ ਸ਼ਹਿਰ ਵਿਚ ਹੀ ਪ੍ਰੋਫੈਸਰ ਕਲੋਨੀਆਂ ਉੱਸਰ ਰਹੀਆਂ। ਮੈਂ ਮੰਨਦਾ ਹਾਂ ਕਿ ਤੁਸੀਂ ਦਰੁਸਤ ਹੋ। ਚਲੋ ਮੈਂ ਅਗਲੀ ਤੇ ਅਸਲੀ ਗਲ ਦੱਸਦਾਂ, "ਭਾਈ ਜਾਨ, ਹਰਦਿਆਲ ਸਾਗਰ ਪੰਜਾਬੀ ਸ਼ਾਇਰ ਹਨ।" ਤੁਸੀਂ ਵੀ ਕਮਾਲ ਦੇ ਬੰਦੇ ਓ, ਇਕ ਹੋਰ ਧੋਬੀ ਪਟਕਾ, "ਹੂੰ-ਸ਼ਾਇਰ-ਪਾਤਸ਼ਾਹੋ, ਅੱਜ ਕੱਲ੍ਹ ਤਾਂ ਇੱਟ ਚੁੱਕਣ ਦੀ ਵੀ ਲੋੜ ਨਹੀਂ ਇੱਟ ਉਤੇ ਹੀ ਪੰਜ-ਪੰਜ, ਛੇ-ਛੇ ਸ਼ਾਇਰ ਬੈਠੇ ਮਿਲਦੇ ਆ, ਕੋਈ ਦੁਆਨੀ ਨੂੰ ਨਹੀਂ ਪੁੱਛਦਾ, ਕੋਈ ਹੋਰ ਗੱਲ ਕਰੋ।" ਕਮਾਲ ਹੈ ਬਈ, ਮੈਂ ਹੁਣ ਕਿੱਧਰ ਨੂੰ ਜਾਵਾਂ, ਤੁਸੀਂ ਤਾਂ ਮੇਰੇ ਲਈ ਕੋਈ ਰਾਹ ਹੀ ਨਹੀਂ ਛਡਿਆ। ਚਲੋ ਖੈਰ! ਸ਼ੇਅਰ ਸੁਣੋ। ਇਹ ਮੈਂ 'ਮੈਨੂੰ ਟੈਗੋਰ ਬਣਾਦੇ ਮਾਂ' ਵਾਲੇ ਮੋਹਨ ਭੰਡਾਰੀ ਤੋਂ ਸਿਖਿਆ ਹੈ ਕਿ ਜੇ ਕੋਈ ਰਾਹ ਨਾ ਲੱਭੇ ਤਾਂ ਇਕ ਅੱਧ ਲਤੀਫਾ ਜਾਂ ਸ਼ੇਅਰ ਛੱਡ ਦਿਓ; ਤੁਹਾਡੇ ਨਾਲ-ਨਾਲ ਪੜ੍ਹਨ-ਸੁਣਨ ਵਾਲੇ ਦਾ ਹਾਜ਼ਮਾ ਵੀ ਦਰੁਸਤ ਹੋ ਜਾਂਦੈ। ਲਓ ਜੀ ਫੇਰ ਅਰਜ਼ ਹੈ:

"ਜਿਨ੍ਹਾਂ ਦਾ ਜ਼ੁਰਮ ਹੈ ਇਸ ਦੇਸ਼ ਦੀ ਹਰ ਜੇਲ੍ਹ ਤੋਂ ਵੱਡਾ
ਉਨ੍ਹਾਂ ਦੇ ਵਾਸਤੇ ਇਸ ਮੁਲਕ ਨੇ ਸੰਸਦ ਬਣਾਈ ਹੈ।"

ਲਓ ਜੀ, ਤੁਰ ਪਈ ਗੱਲ। ਪਾਰਲੀਮੈਂਟ 'ਚ ਦਾਗ਼ੀ ਮੰਤਰੀਆਂ ਦਾ ਮਾਮਲਾ ਵਾਹਵਾ ਰਿੜਕਿਆ ਜਾਂਦਾ ਰਿਹਾ ਹੈ। ਤੁਹਾਨੂੰ ਪਤੈ ਕਿ ਪਾਰਲੀਮੈਂਟ ਮੈਂਬਰਾਂ ਦੀ ਕੁਲ ਗਿਣਤੀ ਦਾ ਪੰਜਵਾਂ ਹਿੱਸਾ ਯਾਨੀ ਸੌ ਤੋਂ ਵੀ ਵੱਧ ਮੈਂਬਰ ਕਿਸੇ ਨਾ ਕਿਸੇ ਕੇਸ 'ਚ ਫਸੇ ਹੋਏ ਹਨ ਤੇ ਇਨ੍ਹਾਂ 'ਚ ਸਭ ਤੋਂ ਵਧੇਰੇ ਗਿਣਤੀ ਭਾਜਪਾ ਦੇ ਮੈਂਬਰਾਂ ਦੀ ਹੈ, ਦੂਸਰਾ ਨੰਬਰ ਕਾਂਗਰਸ ਦਾ ਤੇ ਫੇਰ ਆਉਂਦੇ ਹਨ ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ ਅਤੇ ਬਹੁਜਨ ਸਮਾਜ ਪਾਰਟੀ ਵਾਲੇ। ਉਂਜ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਨ੍ਹਾਂ ਉਪਰ ਤਾਂ ਸੌੜੇ ਸਿਆਸੀ ਟਕਰਾਅ ਦੇ ਚਲਦਿਆਂ ਕੇਸ ਬਣੇ ਹਨ ਪਰ ਇਹ ਤਾਂ ਸਾਫ ਦਿਖਾਈ ਦੇ ਰਿਹਾ ਹੈ ਕਿ ਦਾਗ਼ ਹਨ, ਜੋ ਮਿਟਾਇਆਂ ਵੀ ਨਹੀਂ ਮਿਟਣੇ।

ਸਾਡੀ ਚੋਣ ਪ੍ਰਣਾਲੀ ਦੀ ਵੀ ਤ੍ਰਾਸਦੀ ਦੇਖੋ। ਇਕ ਬੰਦਾ ਵੱਖ-ਵੱਖ ਧਾਰਾਵਾਂ ਤਹਿਤ ਜੇਲ੍ਹ 'ਚ ਨਜ਼ਰਬੰਦ ਹੈ। ਉਸ ਨੂੰ ਵੋਟ ਪਾਉਣ ਦਾ ਤਾਂ ਅਧਿਕਾਰ ਨਹੀਂ ਹੈ ਪਰ ਉਹ ਚੋਣ ਲੜ ਸਕਦਾ ਹੈ। ਇਸੇ ਚੋਰ ਮੋਰੀ ਰਾਹੀਂ ਹੀ ਹੱਤਿਆਵਾਂ, ਬਲਾਤਕਾਰਾਂ ਤੇ ਹੋਰ ਹਰ ਤਰ੍ਹਾਂ ਦੇ ਦਰਜਨਾਂ ਜੁਰਮਾਂ ਕਰ ਕੇ ਵੀ ਅਪਰਾਧੀ ਕਿਸਮ ਦੇ ਬੰਦੇ ਸੰਸਦ ਭਵਨ 'ਚ ਪਹੁੰਚ ਜਾਂਦੇ ਹਨ। ਦੇਸ਼ ਦੀ ਵਰਤਮਾਨ ਪ੍ਰਣਾਲੀ ਦਾ ਹੀ ਕਮਾਲ ਹੈ ਕਿ ਚੌਥਾ ਦਰਜਾ ਨੌਕਰੀ ਹਾਸਲ ਕਰਨ ਲਈ ਵੀ ਘੱਟੋ-ਘੱਟ ਯੋਗਤਾ ਤੇ ਚਰਿੱਤਰ ਪ੍ਰਮਾਣ ਪੱਤਰ ਲੋੜੀਂਦਾ ਹੈ ਪਰ ਰਾਜਸੀ ਕੈਰੀਅਰ ਬਣਾਉਂਦਿਆਂ ਸਰਕਾਰਾਂ ਚਲਾਉਣ ਤੱਕ ਦੀ ਕੁਰਸੀ ਹਾਸਲ ਕਰਨ ਲਈ ਕਿਸੇ ਵਿਦਿਅਕ ਯੋਗਤਾ ਦੀ ਲੋੜ ਹੀ ਨਹੀਂ। ਸੋ-ਪਾਰਲੀਮੈਂਟ; ਜਿਸ ਨੇ ਦੇਸ਼ ਨੂੰ ਚਲਾਉਣਾ ਹੁੰਦਾ ਹੈ, ਉਥੇ ਇਸ ਤਰ੍ਹਾਂ ਦੇ ਦਾਗ਼ਦਾਰ ਲੋਕ ਬੈਠੇ ਹੋਣ ਤਾਂ ਦੇਸ਼ ਕਿਸ ਦਿਸ਼ਾ ਵੱਲ ਜਾਵੇਗਾ, ਦੱਸਣ ਦੀ ਲੋੜ ਨਹੀਂ। ਹੁਣ ਤਾਂ ਤੁਸੀਂ ਉਪਰਲੇ ਸ਼ੇਅਰ ਦੀ ਸਾਰਥਕਤਾ ਸਮਝ ਰਹੇ ਹੋ ਨਾ? ਜੇ ਹਾਂ, ਤਾਂ ਫੇਰ ਦੱਸਣਾ ਹੀ ਪਵੇਗਾ ਕਿ ਇਹ ਸ਼ੇਅਰ ਹਰਦਿਆਲ ਸਾਗਰ ਦਾ ਹੈ। ਜਿਸ ਤਰ੍ਹਾਂ ਦੀ ਬੇਬਾਕ ਤੇ ਨਿਡਰ ਟਿੱਪਣੀ ਇਸ ਸ਼ੇਅਰ 'ਚ ਹੈ, ਇਹ ਪੰਜਾਬੀ ਸ਼ਾਇਰੀ ਦਾ ਹਾਸਲ ਹੈ। ਇਹ ਇਕੋ-ਇਕ ਸ਼ੇਅਰ ਹੀ ਮੁਕੰਮਲ ਪੁਸਤਕ ਦੀ ਹੈਸੀਅਤ ਰੱਖਦਾ ਹੈ। ਪਰ ਦੱਸਣਾ ਵਾਜਬ ਹੋਵੇਗਾ ਕਿ ਹਰਦਿਆਲ ਸਾਗਰ ਦੇ ਗ਼ਜ਼ਲ ਸੰਗ੍ਰਿਹ 'ਜੰਗਲ ਦਾ ਕੁਹਰਾਮ' 'ਚ ਹਰ ਸਫੇ 'ਤੇ ਇਸ ਤਰ੍ਹਾਂ ਦੇ ਸ਼ਿਅਰ ਦਿਖਾਈ ਦਿੰਦੇ ਹਨ, ਜੋ ਸਾਗਰ ਨੂੰ ਪੰਜਾਬੀ ਦੀ ਪ੍ਰਚਲਤ ਗ਼ਜ਼ਲ ਤੋਂ ਵੱਖਰੀ ਵਿੱਥ 'ਤੇ ਸਾਬਤ ਕਦਮੀਂ ਖੜਾ ਕਰਦੇ ਹਨ।

ਤੁਹਾਡਾ ਹਰਦਿਆਲ ਸਾਗਰ ਨੂੰ ਪੂਰੀ ਤਰ੍ਹਾਂ ਜਾਨਣਾ ਇਸ ਲਈ ਲਾਜ਼ਮੀ ਹੋ ਗਿਆ ਹੈ ਕਿ ਉਹ ਸ਼ਾਇਰ ਹੀ ਨਹੀਂ, ਸਗੋਂ ਅਜਿਹਾ 'ਸਿਰਫਿਰਿਆ ਸ਼ਾਇਰ' ਹੈ ਜਿਹੋ-ਜਿਹੇ ਸ਼ਾਇਰ ਤੇ ਲੇਖਕਾਂ ਦੀ ਵੱਡੀ ਜਮਾਤ ਅੱਜ ਸਦੀਆਂ ਤੋਂ ਰਾਜਸੀ ਪੈਰਾਂ ਹੇਠਾਂ ਮਧੋਲੇ ਜਾ ਰਹੇ ਅਵਾਮ ਨੂੰ ਡਾਹਢੀ ਲੋੜੀਂਦੀ ਹੈ। ਕਿਉਂਕਿ ਕੋਈ 'ਸਿਰਫਿਰਿਆ' ਹੀ ਇਹ ਸ਼ੇਅਰ ਕਹਿ ਸਕਦਾ ਹੈ-

"ਜੁਰਮ ਹੈ ਜੇ ਜਗਮਗਾਉਣਾ, ਗੁਣਗੁਣਾਉਣਾ, ਮਹਿਕਣਾ
ਮਾਣ ਹੈ, ਮੁਜ਼ਰਿਮ ਹਾਂ, ਮੈਨੂੰ, ਹਰ ਸਜ਼ਾ ਮਨਜ਼ੂਰ ਹੈ।"

ਸ਼ਰਧਾਂਜਲੀ ਵਿਸ਼ੇਸ਼


ਅਟਲ ਬਿਹਾਰੀ ਵਾਜਪੇਈ ਨਾਲ ਮੰਡੇਲਾ

### ਭਾਰਤ ਨਾਲ ਸਬੰਧ

**1990 ਵਿਚ ਭਾਰਤ ਰਤਨ**

■ **ਕਿਉਂ ਮਿਲਿਆ ਭਾਰਤ ਰਤਨ :** ਦੱਖਣੀ ਅਫ਼ਰੀਕਾ ਵਿਚ ਰੰਗਭੇਦ ਤੇ ਗੁਲਾਮੀ ਵਿਰੁੱਧ ਸ਼ਾਂਤੀਪੂਰਨ ਅੰਦੋਲਨ ਅਤੇ ਸਮਾਜਕ ਕੰਮਾਂ ਲਈ।

■ **ਸਨਮਾਨ ਪ੍ਰਾਪਤ ਕਰਨ ਵਾਲੇ ਦੂਜੇ ਗ਼ੈਰ ਭਾਰਤੀ :** 1987 ਵਿਚ ਪਾਕਿਸਤਾਨ ਦੇ ਖ਼ਾਨ ਅਬਦੁਲ ਗੱਫ਼ਾਰ ਖ਼ਾਨ ਤੋਂ ਬਾਅਦ ਭਾਰਤ ਰਤਨ ਪ੍ਰਾਪਤ ਕਰਨ ਵਾਲੇ ਦੂਜੇ ਗ਼ੈਰ-ਭਾਰਤੀ

**ਪਹਿਲੀ ਕੈਬਨਿਟ ਵਿਚ ਭਾਰਤੀ**

■ **6 ਭਾਰਤੀ ਮੰਡੇਲਾ ਦੀ ਟੀਮ ਵਿਚ :** ਰਾਸ਼ਟਰਪਤੀ ਬਣਨ ਤੋਂ ਬਾਅਦ ਮੰਡੇਲਾ ਨੇ ਆਪਣੀ ਕੈਬਨਿਟ ਵਿਚ ਛੇ ਭਾਰਤੀਆਂ ਨੂੰ ਸ਼ਾਮਲ ਕੀਤਾ ਸੀ।

■ **ਇਸੇ ਲਈ ਸ਼ਾਮਲ ਕੀਤਾ ਸੀ ਭਾਰਤੀਆਂ :** ਇਹ ਛੇ ਭਾਰਤੀ ਮੰਡੇਲਾ ਦੇ ਨਾਲ ਨਸਲਭੇਦ ਅਤੇ ਗੁਲਾਮੀ ਵਿਰੁੱਧ ਅੰਦੋਲਨ ਵਿਚ ਸ਼ਾਮਲ ਸਨ।

### ਚਾਰ ਵਾਰ ਆਏ ਭਾਰਤ

**1990** ਪਹਿਲੀ ਭਾਰਤ ਯਾਤਰਾ 'ਤੇ ਆਏ

**1993** ਦੂਜੀ ਵਾਰ ਵਿਅਕਤੀਗਤ ਯਾਤਰਾ

**1995** ਬਤੌਰ ਰਾਸ਼ਟਰਪਤੀ ਪਹਿਲੀ ਯਾਤਰਾ। ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਵ ਨਾਲ ਮੁਲਾਕਾਤ ਅਤੇ ਦੁਵੱਲੇ ਸਬੰਧਾਂ ਬਾਰੇ ਗੱਲਬਾਤ

2001 : ਭਾਰਤ ਸਰਕਾਰ ਦੇ ਸੱਦੇ 'ਤੇ ਆਏ। ਰਾਸ਼ਟਰਪਤੀ ਕੇ.ਆਰ. ਨਾਰਾਇਣਨ ਨੇ ਗਾਂਧੀ ਸ਼ਾਂਤੀ ਪੁਰਸਕਾਰ ਨਾਲ ਕੀਤਾ ਸਨਮਾਨਤ।

**ਮੰਡੇਲਾ ਨੇ 27 ਵਰ੍ਹੇ ਜੇਲ੍ਹ 'ਚ ਗੁਜ਼ਾਰੇ**

## ਦੱਖਣੀ ਅਫ਼ਰੀਕਾ ਨੂੰ ਰੰਗਭੇਦ ਤੋਂ ਆਜ਼ਾਦੀ ਦਿਵਾਉਣ ਵਾਲਾ 'ਮਦੀਬਾ' ਨੈਲਸਨ ਮੰਡੇਲਾ

# ਇਸ ਤਰ੍ਹਾਂ ਰੰਗ ਦਿੱਤਾ ਕਿ ਕੋਈ ਭੇਦ ਨਾ ਰਿਹਾ

1989 ਵਿਚ ਮੰਡੇਲਾ 71 ਸਾਲ ਦੇ ਸਨ। ਜ਼ਿੰਦਗੀ ਦੀ ਸ਼ਾਮ ਢਲ ਰਹੀ ਸੀ, ਉਸੇ ਸਮੇਂ ਉਨ੍ਹਾਂ ਜੇਲ੍ਹ ਦੀਆਂ ਸਲਾਖਾਂ ਤੋਂ ਆਜ਼ਾਦੀ ਦੇ ਸੂਰਜ ਦੀ ਪਹਿਲੀ ਕਿਰਨ ਦੇਖੀ। ਉਹ 27 ਸਾਲ ਬਾਅਦ 11 ਫ਼ਰਵਰੀ 1990 ਨੂੰ ਆਜ਼ਾਦ ਹੋਏ। ਉਨ੍ਹਾਂ ਦਾ 50 ਸਾਲ ਦਾ ਰਾਜਨੀਤਕ ਸੰਘਰਸ਼ ਦੱਖਣੀ ਅਫ਼ਰੀਕਾ ਦੀ ਜ਼ਮੀਨ ਨੂੰ ਆਪਣੇ ਰੰਗ ਵਿਚ ਰੰਗ ਰਿਹਾ ਸੀ। ਉਹ ਰੰਗ ਸੀ- ਬਰਾਬਰੀ ਅਤੇ ਆਜ਼ਾਦੀ ਦਾ, ਜਿਸ ਵਿਚ ਕਾਲੇ ਤੇ ਗੋਰੇ ਦਾ ਕੋਈ ਭੇਦ ਨਹੀਂ ਸੀ...

ਗਾਂਧੀ ਤੋਂ ਪ੍ਰਭਾਵਤ : ਇਹ ਉਹ ਦੌਰ ਸੀ ਜਦੋਂ ਪੂਰੀ ਦੁਨੀਆ ਮਹਾਤਮਾ ਗਾਂਧੀ ਤੋਂ ਪ੍ਰਭਾਵਤ ਸੀ, ਮੰਡੇਲਾ ਵੀ ਹੋਏ। ਵਿਚਾਰਕ ਤੌਰ 'ਤੇ ਉਹ ਖ਼ੁਦ ਨੂੰ ਗਾਂਧੀ ਦੇ ਨੇੜੇ ਮੰਨਦੇ ਸਨ ਅਤੇ ਇਹ ਪ੍ਰਭਾਵ ਉਨ੍ਹਾਂ ਵਲੋਂ ਚਲਾਏ ਗਏ ਅੰਦੋਲਨਾਂ ਵਿਚ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਸੀ। ਸਰਕਾਰ ਨੂੰ ਉਸ ਦੀ ਵਧਦੀ ਹਰਮਨ ਪਿਆਰਤਾ ਪਸੰਦ ਨਹੀਂ ਸੀ। ਉਨ੍ਹਾਂ 'ਤੇ ਪਾਬੰਦੀ ਲਾ ਦਿੱਤੀ ਗਈ। ਉਨ੍ਹਾਂ ਨੂੰ ਰੰਗਭੇਦ ਦੇ ਦੋਸ਼ ਵਿਚ ਜੋਨਸਬਰਗ ਤੋਂ ਬਾਹਰ ਭੇਜ ਦਿੱਤਾ ਗਿਆ। ਮੀਟਿੰਗਾਂ ਵਿਚ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ। ਸਰਕਾਰੀ ਦਮਨ ਤੋਂ ਬਚਣ ਲਈ ਮੰਡੇਲਾ ਅਤੇ ਆਲੀਵਰ ਟਾਮਬੋ ਨੇ 'ਐਮ' ਪਲਾਨ ਬਣਾਇਆ। 'ਐਮ' ਮਤਲਬ ਮੰਡੇਲਾ ਸੀ। ਫ਼ੈਸਲਾ ਕੀਤਾ ਗਿਆ ਕਿ ਕਾਂਗਰਸ ਨੂੰ ਟੁਕੜਿਆਂ ਵਿਚ ਤੋੜ ਕੇ ਕੰਮ ਕੀਤਾ ਜਾਵੇਗਾ। ਜ਼ਰੂਰਤ ਪਵੇ ਤਾਂ ਰੂਪੋਸ਼ ਹੋ ਕੇ ਕੰਮ ਕੀਤਾ ਜਾਵੇ। ਪਾਬੰਦੀ ਦੇ ਬਾਵਜੂਦ ਉਹ ਭੱਜ ਕੇ ਕਲਿਪ ਟਾਊਨ ਪਹੁੰਚ ਗਏ। ਕਾਂਗਰਸ ਦੇ ਜਲਸਿਆਂ ਵਿਚ ਹਿੱਸਾ ਲੈਣ ਲੱਗੇ। ਲੋਕਾਂ ਦੀ ਭੀੜ ਦਾ ਸਹਾਰਾ ਲੈ ਕੇ ਬਚਦਿਆਂ ਉਨ੍ਹਾਂ ਸਾਰੇ ਸੰਗਠਨਾਂ ਨਾਲ ਕੰਮ ਕੀਤਾ ਜਿਹੜੇ ਆਜ਼ਾਦੀ ਲਈ ਸੰਘਰਸ਼ ਕਰ ਰਹੇ ਸਨ। ਅੰਦੋਲਨ ਵਿਚ ਆਪਣੇ ਰੁਝੇਵਿਆਂ ਕਾਰਨ ਉਹ ਪਰਿਵਾਰ ਨੂੰ ਸਮਾਂ ਨਹੀਂ ਦੇ ਸਕੇ। ਪਤਨੀ ਏਵੇਲਿਨ ਨਾਲ ਉਨ੍ਹਾਂ ਦੀਆਂ ਦੂਰੀਆਂ ਵਧਦੀਆਂ ਚਲੀਆਂ ਗਈਆਂ। ਅਖ਼ੀਰ ਏਵੇਲਿਨ ਨੇ ਉਨ੍ਹਾਂ ਦਾ ਸਾਥ ਛੱਡ ਦਿੱਤਾ।

ਅੰਦੋਲਨ ਅਤੇ ਮੰਡੇਲਾ ਜੀਵਨ ਸਾਥੀ ਬਣ ਗਏ। ਉਨ੍ਹਾਂ ਦੀ ਅਗਵਾਈ ਵਿਚ ਅੰਦੋਲਨ ਲਗਾਤਾਰ ਵਧਦਾ ਜਾ ਰਿਹਾ ਸੀ। ਸਰਕਾਰ ਘਬਰਾਈ ਹੋਈ ਸੀ। ਇਸੇ ਦੌਰਾਨ ਪਾਰਟੀ ਨੇ ਆਜ਼ਾਦੀ ਦਾ ਚਾਰਟਰ ਮੰਨ ਲਿਆ। ਇਸ ਨੇ ਸਰਕਾਰ ਦਾ ਸਬਰ ਤੋੜ ਦਿੱਤਾ। ਪੂਰੇ ਦੇਸ਼ ਵਿਚ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਨੈਲਸ ਅਤੇ ਸਾਥੀਆਂ 'ਤੇ ਦੇਸ਼ ਵਿਰੁੱਧ ਯੁੱਧ ਸ਼ੁਰੂ ਕਰਨ ਅਤੇ ਦੇਸ਼ ਧ੍ਰੋਹ ਦਾ ਮੁਕੱਦਮਾ ਚਲਿਆ। ਇਸ ਅਪਰਾਧ ਦਾ ਸਜ਼ਾ ਮੌਤ ਸੀ। 1961 ਵਿਚ ਮੰਡੇਲਾ ਅਤੇ 29 ਸਾਥੀਆਂ ਨੂੰ ਨਿਰਦੋਸ਼ ਐਲਾਨ ਕਰਦਿਆਂ ਛੱਡ ਦਿੱਤਾ ਗਿਆ। ਇਸੇ ਮੁਕੱਦਮੇ ਦੌਰਾਨ ਮੰਡੇਲਾ ਦੀ ਮੁਲਾਕਾਤ ਲੋਮਜਾਮੋ ਵਿਨੀ ਮੇਡਲੀਕਿਜਾਲਾ ਨਾਲ ਹੋਈ ਤੇ ਦੋਵਾਂ ਨੇ ਸ਼ਾਦੀ ਕਰ ਲਈ।

ਸਰਕਾਰ ਵਲੋਂ ਚਲਾਇਆ ਗਿਆ ਦਮਨ ਪਾਰਟੀ ਅਤੇ ਮੰਡੇਲਾ ਦਾ ਜਨ-ਆਧਾਰ ਵਧਾ ਰਿਹਾ ਸੀ। ਇਸ ਦੌਰਾਨ ਕੁਝ ਅਜਿਹੇ ਕਾਨੂੰਨ ਪਾਸ ਕੀਤੇ ਗਏ, ਜਿਹੜੇ ਉਨ੍ਹਾਂ ਨੂੰ ਮਨਜ਼ੂਰ ਨਹੀਂ ਸਨ। ਉਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਲਈ ਪ੍ਰਦਰਸ਼ਨ ਕੀਤਾ। ਇਕ ਪ੍ਰਦਰਸ਼ਨ ਦੌਰਾਨ ਦੱਖਣੀ ਅਫ਼ਰੀਕੀ ਪੁਲੀਸ ਨੇ ਸ਼ਾਰਪਵਿਲੇ ਸ਼ਹਿਰ ਵਿਚ ਪ੍ਰਦਰਸ਼ਨਕਾਰੀਆਂ 'ਤੇ ਗੋਲੀਆਂ ਚਲਾਈਆਂ। 180 ਲੋਕ ਮਾਰੇ ਗਏ ਅਤੇ 69 ਲੋਕ ਜ਼ਖ਼ਮੀ ਹੋਏ। ਇਸ ਘਟਨਾ ਨੇ ਮੰਡੇਲਾ ਦਾ ਅਹਿੰਸਾ ਤੋਂ ਵਿਸ਼ਵਾਸ ਉਠਾ ਦਿੱਤਾ। ਦੱਖਣੀ ਅਫ਼ਰੀਕਾ ਦੀ ਜ਼ਮੀਨ ਅਤਿਆਚਾਰਾਂ ਦੇ ਰੰਗ ਨਾਲ ਸੁਰਖ਼ ਹੋ ਚੁੱਕੀ ਸੀ। ਪਾਰਟੀ ਅਤੇ ਦੂਜੇ ਪ੍ਰਮੁੱਖ ਦਲਾਂ ਨੇ ਹਥਿਆਰਬੰਦ ਲੜਾਈ ਲੜਨ ਦਾ ਫ਼ੈਸਲਾ ਲਿਆ। ਦੋਵਾਂ ਨੇ ਹੀ ਆਪਣੇ ਲੜਾਕਾ ਦਲ ਬਣਾ ਲਏ। ਪਾਰਟੀ ਨੇ ਲੜਾਕੇ ਦਲ ਦਾ ਨਾਮ 'ਸਪੀਅਰ ਆਫ਼ ਦਾ ਨੇਸ਼ਨ' ਰੱਖਿਆ। ਮੰਡੇਲਾ ਨੂੰ ਇਸ ਦਾ ਪ੍ਰਧਾਨ ਬਣਾਇਆ ਗਿਆ। ਸਰਕਾਰ ਨੇ ਉਨ੍ਹਾਂ ਦੇ ਦਲ 'ਤੇ ਪਾਬੰਦੀ ਲਾ ਦਿੱਤੀ। ਦੁਨੀਆ ਭਰ ਵਿਚ ਇਸ ਕਰਕੇ ਸਰਕਾਰ ਦੀ ਆਲੋਚਨਾ ਹੋ ਰਹੀ ਸੀ। ਮੰਡੇਲਾ ਕੌਮਾਂਤਰੀ ਨੇਤਾ ਬਣ ਕੇ ਉਭਰ ਰਹੇ ਸਨ। ਸਰਕਾਰ ਦਾ ਧਿਆਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਸੰਗਠਨ ਨੂੰ ਖ਼ਤਮ ਕਰਨ ਵਿਚ ਸੀ।

ਸਰਕਾਰੀ ਕਾਰਵਾਈਆਂ ਤੋਂ ਬਚਣ ਲਈ ਮੰਡੇਲਾ ਦੇਸ਼ ਤੋਂ ਬਾਹਰ ਚਲੇ ਗਏ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਦਿਸ ਅਬਾਬਾ ਵਿਚ ਅਫ਼ਰੀਕੀ ਨੈਸ਼ਨਲਿਸਟ ਲੀਡਰਜ਼ ਕਾਨਫ਼ਰੰਸ ਨੂੰ ਸੰਬੋਧਨ ਕੀਤਾ। ਇਥੋਂ ਉਹ ਅਲਜੀਰੀਆ ਗਏ। ਗੁਰੀਲਾ ਲੜਾਈ ਸਿੱਖੀ। ਫਿਰ ਲੰਦਨ ਗਏ, ਉਥੇ ਟਾਮਬੋ ਉਨ੍ਹਾਂ ਨਾਲ ਆ ਮਿਲੇ। ਲੰਦਨ ਦੀਆਂ ਵਿਰੋਧੀਆਂ ਪਾਰਟੀਆਂ ਨੂੰ ਮਿਲੇ ਅਤੇ ਦੁਨੀਆ ਨੂੰ ਅੰਦੋਲਨ ਦੇ ਅਰਥ ਸਮਝਾਏ। ਉਹ ਇਕ ਵਾਰ ਫਿਰ ਦੱਖਣੀ ਅਫ਼ਰੀਕਾ ਪਹੁੰਚੇ। ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ।

ਮੰਡੇਲਾ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਗਈ। ਦੋਸ਼ ਲੱਗਿਆ ਸੀ ਕਿ ਉਹ ਗ਼ੈਰ-ਕਾਨੂੰਨੀ ਤਰੀਕੇ ਨਾਲ ਦੇਸ਼ ਤੋਂ ਬਾਹਰ ਗਏ। ਇਸੇ ਦੌਰਾਨ ਜੋਹਨਸਬਰਗ ਦੇ ਲੀਲੀਸਲੀਫ਼ ਵਿਚ ਸਰਕਾਰ ਨੇ ਛਾਪਾ ਮਾਰ ਕੇ ਮੰਡੇਲਾ ਦੇ ਦਫ਼ਤਰ ਨੂੰ ਤਬਾਹ ਕਰ ਦਿੱਤਾ। ਸਾਰੇ ਨੇਤਾ ਫੜੇ ਗਏ ਅਤੇ ਨੈਲਸਨ ਸਮੇਤ ਸਾਰਿਆਂ 'ਤੇ ਦੇਸ਼ ਵਿਰੁੱਧ ਲੜਨ ਦਾ ਦੋਸ਼ ਤੈਅ ਕੀਤਾ ਗਿਆ। ਉਨ੍ਹਾਂ ਦੇ ਪੰਜ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਉਨ੍ਹਾਂ ਨੂੰ ਰੋਬਨ ਦੀਪ 'ਤੇ ਭੇਜ ਦਿੱਤਾ ਗਿਆ। ਇਸ ਨੂੰ ਦੱਖਣੀ ਅਫ਼ਰੀਕਾ ਦਾ ਕਾਲਾ ਪਾਣੀ ਮੰਨਿਆ ਜਾਂਦਾ ਹੈ। ਰੰਗਭੇਦੀ ਸਰਕਾਰ 'ਤੇ ਪੂਰੀ ਦੁਨੀਆ ਤੋਂ ਦਬਾਅ ਵੱਧ ਰਿਹਾ ਸੀ। ਸਰਕਾਰ ਨੇ ਮੰਡੇਲਾ ਅਤੇ ਸਿਸੁਲੂ ਨੂੰ ਰੋਬਨ ਦੀਪ ਤੋਂ ਅਫ਼ਰੀਕਾ ਲਿਆ ਕੇ ਕੇਪਟਾਊਨ ਦੇ ਕੋਲ ਪਾਲਸਮੂਰ ਜੇਲ ਵਿਚ ਰੱਖਿਆ। ਇਹ ਉਨ੍ਹਾਂ ਦੀ ਨੇਤਾ ਦੇ ਤੌਰ 'ਤੇ ਪਹਿਲੀ ਜਿੱਤ ਸੀ। ਇਸੇ ਦੌਰਾਨ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ। ਸਰਕਾਰ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਇਸੇ ਦੌਰਾਨ ਨੈਲਸਨ ਦਾ ਪ੍ਰੋਸਟੇਟ ਗਲੈਂਡ ਦਾ ਅਪਰੇਸ਼ਨ ਸਫ਼ਲ ਰਿਹਾ। ਇਸ ਤੋਂ ਬਾਅਦ ਸਰਕਾਰ ਨੈਲਸਨ ਪ੍ਰਤੀ ਥੋੜ੍ਹੀ ਨਰਮ ਹੋਈ।

ਕਾਨੂੰਨ ਮੰਤਰੀ ਕੋਏਤਜੀ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਆਜ਼ਾਦੀ ਹਾਸਲ ਕਰਨ ਲਈ ਹਿੰਸਾ ਦਾ ਰਸਤਾ ਛੱਡ ਦੇਣ ਪਰ ਨੈਲਸਨ ਨੇ ਇਨਕਾਰ ਕਰ ਦਿੱਤਾ। ਸਰਕਾਰ ਨੇ ਉਨ੍ਹਾਂ 'ਤੇ ਰਿਆਇਤਾਂ ਦੀ ਝੜੀ ਲਾ ਦਿੱਤੀ। ਉਨ੍ਹਾਂ ਨੂੰ ਪਰਿਵਾਰ ਨਾਲ ਮਿਲਣ ਦੀ ਛੋਟ ਦੇ ਦਿੱਤੀ ਗਈ। ਨਾਲ ਹੀ ਉਹ ਹੁਣ ਇਕ ਜੇਲ ਵਾਰਡ ਨਾਲ ਕੇਪਟਾਊਨ ਵਿਚ ਘੁੰਮਣ ਜਾ ਸਕਦੇ ਸਨ। ਕਾਫ਼ੀ ਲੰਮੇ ਅਰਸੇ ਤੋਂ ਬਾਅਦ ਨੈਲਸਨ ਨੇ ਬਾਹਰੀ ਦੁਨੀਆ ਦੀ ਖੁੱਲ੍ਹੀ ਹਵਾ ਵਿਚ ਸਾਹ ਲਿਆ ਸੀ। 1983 ਵਿਚ ਮੰਡੇਲਾ ਮੌਤ ਦੇ ਨੇੜੇ ਆ ਗਏ। ਜਾਂਚ ਵਿਚ ਪਤਾ ਲੱਗਾ ਕਿ ਉਨ੍ਹਾਂ ਨੂੰ ਟੀ.ਬੀ. ਹੈ। ਇਲਾਜ ਲਈ ਉਨ੍ਹਾਂ ਨੂੰ ਪਾਰਲ ਦੇ ਕੋਲ ਵਿਕਟਰ ਜੇਲ੍ਹ ਭੇਜਿਆ ਗਿਆ। 1989 ਵਿਚ ਦੱਖਣੀ ਅਫ਼ਰੀਕਾ ਵਿਚ ਸਤਾ ਬਦਲੀ ਉਦਾਰ ਐਫ਼.ਡਬਲਯੂ. ਕਲਾਰਕ ਦੇਸ਼ ਦੇ ਮੁਖੀ ਬਣੇ। ਸਤਾ ਸੰਭਾਲਦਿਆਂ ਹੀ ਉਨ੍ਹਾਂ ਨੇ ਕਾਲਿਆਂ 'ਤੇ ਲਗੀਆਂ ਪਾਬੰਦੀਆਂ ਹਟਾ ਦਿੱਤੀਆਂ। ਨਾਲ ਹੀ ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਨੈਲਸਨ ਵਿਚ ਉਨ੍ਹਾਂ ਵਿਚੋਂ ਇਕ ਸਨ। ਕਾਲਿਆਂ ਨੂੰ ਉਨ੍ਹਾਂ ਦੇ ਅਧਿਕਾਰ ਲਈ 1991 ਵਿਚ 'ਕਨਵੈਂਸ਼ਨ ਫ਼ਾਰ ਏ ਡੈਮੋਕ੍ਰੇਟਿਕ ਸਾਊਥ ਅਫ਼ਰੀਕਾ' ਦਾ ਗਠਨ ਕੀਤਾ ਗਿਆ। ਦੇਸ਼ ਦਾ ਸੰਵਿਧਾਨ ਬਦਲਿਆ ਗਿਆ। ਅਗਲੇ ਸਾਲ ਦੱਖਣੀ ਅਫ਼ਰੀਕਾ ਵਿਚ ਰੰਗਭੇਦ ਰਹਿਤ ਚੋਣਾਂ ਹੋਈਆਂ। ਅਫ਼ਰੀਕੀ ਨੈਸ਼ਨਲ ਕਾਂਗਰਸ ਨੂੰ ਜਿੱਤ ਹਾਸਲ ਹੋਈ ਅਤੇ ਮੰਡੇਲਾ ਨੂੰ ਰਾਸ਼ਟਰਪਤੀ ਬਣਾਇਆ ਗਿਆ।

**50 ਸਟੀਲ ਕਾਲਮ ਦੀ ਯਾਦਗਾਰ**

ਦੱਖਣੀ ਅਫ਼ਰੀਕਾ ਦੇ ਹਾਵਿਕ ਵਿਚ ਇਸ ਯਾਦਗਾਰ ਨੂੰ ਮਾਰਕੋ ਸਿਆਨਫਨੇਲੀ ਨੇ 1962 ਵਿਚ ਬਣਾਇਆ ਸੀ। ਕਾਲਮ 21.32 ਤੋਂ 29.52 ਫੁੱਟ ਉੱਚੇ ਹਨ।


ਲੋਕ ਸਮਝਦੇ ਸਨ ਕਿ ਮੰਡੇਲਾ ਰਿਟਾਇਰ ਹੋ ਗਏ ਹਨ ਪਰ ਉਹ ਖ਼ੁਦ ਅਜਿਹਾ ਨਹੀਂ ਮੰਨਦੇ ਸਨ। 1997 ਵਿਚ ਉਨ੍ਹਾਂ ਨੇ ਕਿਹਾ ਸੀ, "ਮੈਂ ਇਕ ਸੁਪਨਾ ਦੇਖਿਆ ਹੈ, ਸਾਰਿਆਂ ਲਈ ਸ਼ਾਂਤੀ ਹੋਵੇ, ਕੰਮ ਹੋਵੇ, ਰੋਟੀ ਹੋਵੇ, ਪਾਣੀ ਅਤੇ ਨਮਕ ਹੋਵੇ। ਜਿਥੇ ਸਾਡੀ ਸਾਰਿਆਂ ਦੀ ਆਤਮਾ, ਸਰੀਰ ਅਤੇ ਦਿਮਾਗ ਨੂੰ ਸਮਝਿਆ ਜਾ ਸਕੇ ਅਤੇ ਇਕ-ਦੂਜੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੀਏ। ਅਜਿਹੀ ਦੁਨੀਆ ਬਣਾਉਣ ਲਈ ਅਜੇ ਮੀਲਾਂਬੱਧੀ ਚਲਨਾ ਬਾਕੀ ਹੈ। ਅਸੀਂ ਹੁਣੇ ਚਲਨਾ ਅਤੇ ਚਲਦੇ ਰਹਿਣਾ ਹੈ।"

– ਦੈਨਿਕ ਭਾਸਕਰ ਤੋਂ ਧੰਨਵਾਦ ਸਹਿਤ

# ਵੋਹ ਸੁਬਹਾ ਕਭੀ ਤੋ ਆਏਗੀ

ਮੱਖਣ ਕੁਹਾੜ
+91-95013-65522
makhansinghkohar@gmail.com





ਹਰ ਸਾਲ ਸਰਕਾਰੀ ਪੱਧਰ 'ਤੇ 15 ਅਗਸਤ ਨੂੰ ਆਜ਼ਾਦੀ ਦਿਵਸ ਅਤੇ 26 ਜਨਵਰੀ ਨੂੰ ਗਣਤੰਤਰਤਾ ਦਿਵਸ ਬੜੇ ਹੀ ਧੂਮ ਧੜੱਕੇ ਨਾਲ ਮਨਾਇਆ ਜਾਂਦਾ ਹੈ। ਪਰ ਇਹ ਦੋਵੇਂ ਦਿਨ ਸਰਕਾਰੀ ਪੱਧਰ 'ਤੇ ਹੀ ਮਨਾਏ ਜਾਂਦੇ ਹਨ। ਆਮ ਲੋਕ ਇਸ ਵਿਚ ਸ਼ਾਮਲ ਨਹੀਂ ਹੁੰਦੇ। ਜੇ ਕੁਝ ਲੋਕ ਸਰਕਾਰੀ ਸਮਾਰੋਹਾਂ ਵਿਚ ਸ਼ਿਰਕਤ ਕਰਦੇ ਵੀ ਹਨ ਤਾਂ ਬੱਧੇ ਰੁੱਧੇ ਹੀ, ਕੇਵਲ ਵਿਖਾਵੇ ਮਾਤਰ। ਆਪਣੇ ਸਰਕਾਰੀ- ਸਿਆਸੀ ਆਗੂਆਂ ਨੂੰ ਖੁਸ਼ ਕਰਨ ਲਈ, ਉਨ੍ਹਾਂ ਦੀ ਵਗਾਰ ਪੂਰੀ ਕਰਨ ਲਈ। ਜਾਂ ਮੁਲਾਜ਼ਮ ਜਾਂਦੇ ਹਨ, ਸਰਕਾਰੀ ਹੁਕਮਾਂ ਦੇ ਬੱਝੇ ਹੋਏ, ਕਿਉਂਕਿ ਉਨ੍ਹਾਂ ਦੀ ਸਮਾਰੋਹਾਂ ਵਿਚ 'ਹਾਜ਼ਰੀ' ਲਾਈ ਜਾਂਦੀ ਹੈ। ਜਾਂ ਫਿਰ ਵਿਦਿਆਰਥੀਆਂ ਨੂੰ ਪ੍ਰੇਡ ਆਦਿ ਦੇ ਬਹਾਨੇ ਜਾਂ ਹਾਜ਼ਰੀ ਵਧਾਉਣ ਲਈ ਵਿਸ਼ੇਸ਼ ਤੌਰ 'ਤੇ ਸ਼ਾਮਲ ਕਰਵਾਇਆ ਜਾਂਦਾ ਹੈ। ਆਮ ਲੋਕ ਇਨ੍ਹਾਂ ਸਰਕਾਰੀ 'ਜਸ਼ਨਾਂ' ਤੋਂ ਬਿਲਕੁਲ ਬੇਲਾਗ ਰਹਿੰਦੇ ਹਨ। ਇਹ ਸਰਕਾਰੀ ਸਮਾਰੋਹ ਸਰਕਾਰ ਵਿਚ ਭਾਈਵਾਲ, ਅਮੀਰ ਤੇ ਸਰਕਾਰੀ ਲੋਕ ਹੀ ਮਨਾਉਂਦੇ ਹਨ। ਇਹ ਸਰਕਾਰ ਹੈ ਹੀ ਅਮੀਰ ਲੋਕਾਂ ਦੀ। ਅਮੀਰ ਲੋਕਾਂ ਵਾਸਤੇ ਅਤੇ ਅਮੀਰ ਲੋਕਾਂ ਵਲੋਂ ਹੀ ਬਣਾਈ ਜਾਂਦੀ ਹੈ।

ਆਮ ਲੋਕਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਸਨ। ਇਕ ਲਹੂ ਵੀਟਵੀਂ ਲੜਾਈ ਲੜੀ ਸੀ। ਆਮ ਲੋਕ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਗਏ। ਉਨ੍ਹਾਂ ਨੇ ਅਮਨ-ਅਮਾਨ ਸ਼ਾਂਤੀ ਨਾਲ ਬਹੁਤ ਕੁਰਬਾਨੀਆਂ ਕੀਤੀਆਂ। ਉਨ੍ਹਾਂ ਜ਼ਲ੍ਹਿਆਂ ਵਾਲੇ ਬਾਗ਼ ਵਿਚ ਗੋਲੀਆਂ ਵੀ ਖਾਧੀਆਂ। ਆਮ ਲੋਕਾਂ ਨੇ ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਸਾਈਮਨ ਕਮਿਸ਼ਨ ਦਾ ਡਟ ਕੇ ਵਿਰੋਧ ਵੀ ਕੀਤਾ। ਉਨ੍ਹਾਂ ਭਗਤ ਸਿੰਘ ਨੂੰ ਆਪਣਾ ਹੀਰੋ ਮੰਨਿਆ। ਭਗਤ ਸਿੰਘ, ਰਾਜ ਗੁਰੂ ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਆਦਿ ਆਗੂਆਂ ਨੂੰ ਆਪਣਾ ਮਹਾਨ ਆਗੂ ਸਵੀਕਾਰ ਕੀਤਾ। ਆਮ ਲੋਕਾਂ ਨੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਆਜ਼ਾਦ ਹਿੰਦ ਫ਼ੌਜ ਬਣਾ ਕੇ ਅੰਗਰੇਜ਼ਾਂ ਵਿਰੁੱਧ ਖ਼ੂਬ ਯੁੱਧ ਕੀਤਾ। ਗ਼ਦਰ ਪਾਰਟੀ ਦੀ ਅਗਵਾਈ ਵਿਚ ਸੋਹਣ ਸਿੰਘ ਭਕਨਾ ਤੇ ਕਰਤਾਰ ਸਿੰਘ ਸਰਾਭਾ, ਸੰਤੋਖ ਸਿੰਘ ਕਿਰਤੀ ਆਦਿ ਦੀ ਅਗਵਾਈ ਵਿਚ ਅਨੇਕਾਂ ਅਨੇਕ ਲੋਕਾਂ ਨੇ ਫਾਸੀਆਂ ਦੇ ਰੱਸੇ ਚੁੰਮੇ। ਅੰਡੇਮਨ ਨਿਕੋਬਾਰ ਦੇ ਕਾਲੇ ਪਾਣੀ ਦੀਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਉਮਰਾਂ ਬਿਤਾ ਦਿੱਤੀਆਂ। ਕਿਹੜਾ ਤਸੀਹਾ ਸੀ ਜੋ ਆਮ ਲੋਕਾਂ ਨੇ ਦੇਸ਼ ਦੀ ਆਜ਼ਾਦੀ ਲਈ ਨਹੀਂ ਸੀ ਝੱਲਿਆ।

ਆਮ ਲੋਕਾਂ ਨੇ 'ਆਪਣਾ ਰਾਜ' ਸਥਾਪਤ ਕਰਨ ਲਈ, 'ਆਪਣਾ ਰਾਜ' ਲਿਆਉਣ ਲਈ ਸਭ ਤੋਂ ਪਹਿਲਾਂ ਅੰਗਰੇਜ਼ਾਂ ਨੂੰ ਬਾਹਰ ਕੱਢਣਾ ਇਕੋ ਇਕ ਟੀਚਾ ਮਿਥਿਆ ਤੇ ਏਸ ਮਕਸਦ ਲਈ ਉਨ੍ਹਾਂ ਹਰ ਹੀਲਾ ਵਰਤਿਆ। ਉਨ੍ਹਾਂ ਸੁਪਨਾ ਲਿਆ ਸੀ ਕਿ ਅੰਗਰੇਜ਼ਾਂ ਨੂੰ ਬਾਹਰ ਕੱਢ ਕੇ ਇਕ ਐਸੀ ਕਾਲੀ ਬੋਲ਼ੀ ਰਾਤ ਤੋਂ ਨਿਜ਼ਾਤ ਹਾਸਲ ਹੋਵੇਗੀ ਜਿਸ ਵਿਚ ਉਹ ਹੋਰ-ਹੋਰ ਗ਼ਰੀਬ ਹੋ ਰਹੇ ਹਨ। ਰੁਜ਼ਗਾਰ ਨਹੀਂ ਮਿਲ ਰਹੇ। ਇਨਸਾਫ਼ ਨਹੀਂ ਮਿਲ ਰਿਹਾ। ਨਾ ਕੋਈ ਆਰਥਕ ਆਜ਼ਾਦੀ ਹੈ ਨਾ ਰਾਜਨੀਤਕ, ਨਾ ਸਮਾਜਕ, ਨਾ ਧਾਰਮਕ। ਅੰਨ ਪੈਦਾ ਕਰਨ ਵਾਲਾ ਭੁੱਖਾ ਮਰ ਰਿਹਾ ਹੈ। ਜ਼ਮੀਨਾਂ ਛੱਡ-ਛੱਡ ਕੇ ਦੌੜ ਰਿਹਾ ਹੈ। ਪਲੇਗ ਤੇ ਕਾਲ ਨਾਲ ਅਨੇਕਾਂ ਲੋਕ ਤੇ ਆਮ ਬੱਚੇ ਮੌਤ ਦੇ ਭਿਆਨਕ ਗਰਭ ਵਿਚ ਸਮਾ ਰਹੇ ਹਨ। ਉਨ੍ਹਾਂ ਦੀ ਖ਼ਾਹਿਸ਼ ਸੀ ਕਿ ਅੰਗਰੇਜ਼ ਸਾਮਰਾਜ ਨੂੰ ਬਾਹਰ ਕੱਢਣ ਨਾਲ ਇਸ ਅਤਿ ਹਨੇਰੀ ਰਾਤ ਦਾ ਅੰਤ ਹੋ ਜਾਵੇਗਾ, ਜੋ ਵਿਦਿਆ ਰੂਪੀ ਸੂਰਜ ਦੀ ਰੋਸ਼ਨੀ ਸਾਹਮਣੇ ਨਹੀਂ ਆਉਣ ਦੇਂਦੀ ਅਤੇ ਐਸੀ ਸੁਬਹਾ ਐਸਾ ਸਵੇਰਾ ਸਾਹਮਣੇ ਆਵੇਗਾ ਜਿਥੇ ਹਰ ਕਿਸੇ ਲਈ ਰੁਜ਼ਗਾਰ ਦੀ ਗਰੰਟੀ ਹੋਵੇਗੀ। ਕੋਈ ਭੁੱਖਾ ਨਹੀਂ ਹੋਵੇਗਾ। ਕੁਦਰਤੀ ਖ਼ਜ਼ਾਨਿਆਂ ਦੀ ਲੁੱਟ ਨਹੀਂ ਹੋਵੇਗੀ। ਕੋਈ ਅਨਪੜ੍ਹ ਨਹੀਂ ਹੋਵੇਗਾ। ਸ਼ੇਰ ਤੇ ਹਿਰਨ ਇਕ ਘਾਟ ਪਾਣੀ ਪੀਣਗੇ। ਰਾਜ ਪ੍ਰਬੰਧ ਹਿਰਨਾਂ ਦੀ ਸ਼ੇਰਾਂ ਤੋਂ ਰਾਖੀ ਕਰੇਗਾ ਅਤੇ ਖ਼ੂੰਖਾਰ ਸ਼ਿਕਾਰੀ ਹਿਰਨਾਂ ਤੇ ਹੋਰ ਮਜ਼ਲੂਮ ਜਾਨਵਰਾਂ ਨੂੰ ਚੁੰਗੀਆਂ ਭਰਨ ਤੋਂ, ਜੰਗਲ ਵਿਚ ਖੁਲ੍ਹੇ ਵਿਚਰਨ ਤੋਂ ਨਹੀਂ ਰੋਕਣਗੇ। ਚਿੜੀਆਂ ਬਾਜ਼ਾਂ ਤੋਂ ਖੰਭ ਨਹੀਂ ਤੁੜਾਉਣਗੀਆਂ। ਜੰਗਲ ਦਾ ਰਾਜ ਖ਼ਤਮ ਹੋਵੇਗਾ। ਗ਼ਰੀਬ ਤੇ ਅਮੀਰ ਦਾ ਵਿਤਕਰਾ ਬੰਦ ਹੋਵੇਗਾ। ਇਹ ਆਮ ਲੋਕਾਂ ਦੀ ਖ਼ਾਹਿਸ਼ ਸੀ ਕਿ ਉਹ ਖ਼ੁਦ ਸਰਕਾਰ ਚੁਣਨਗੇ। ਸਰਕਾਰ ਆਮ ਲੋਕਾਂ ਦੁਆਰਾ ਚੁਣੀ ਜਾਵੇਗੀ ਆਮ ਲੋਕਾਂ ਵਾਸਤੇ ਕੰਮ ਕਰੇਗੀ। ਆਮ ਲੋਕਾਂ ਦੀ ਹੀ ਸਰਕਾਰ ਹੋਵੇਗੀ। ਸੋਵੀਅਤ ਯੂਨੀਅਨ ਵਰਗੀ। ਇਹੀ ਸੁਪਨਾ ਲੈ ਕੇ ਆਮ ਲੋਕਾਂ ਨੇ ਇਹ ਆਜ਼ਾਦੀ ਦੀ ਲੜਾਈ ਲੜੀ ਸੀ।

15 ਅਗਸਤ 1947 ਨੂੰ ਜਦ ਦੇਸ਼ ਆਜ਼ਾਦ ਹੋਇਆ ਤਾਂ ਲੋਕਾਂ ਨੂੰ ਲੱਗਾ ਕਿ ਉਹ 'ਸੁਬਹਾ' ਆਣ ਪੁੱਜੀ ਹੈ ਜੋ ਉਨ੍ਹਾਂ ਦੀ ਖਾਹਿਸ਼ ਦੀ ਪੂਰਤੀ ਕਰੇਗੀ। ਉਹ ਸਵੇਰਾ ਆ ਗਿਆ ਹੈ ਜੋ ਗੂੜ੍ਹ ਹਨੇਰੇ ਦਾ ਖਾਤਮਾ ਕਰੇਗਾ। ਪਰ ਸੂਝਵਾਨ ਲੋਕਾਂ ਦੇ ਕੰਨ ਉਦੋਂ ਹੀ ਖੜੇ ਹੋ ਗਏ ਜਦੋਂ ਦੇਸ਼ ਦੀ ਵੰਡ ਵੇਲੇ ਵੱਡੇ ਪੱਧਰ 'ਤੇ ਕਤਲੇਆਮ ਹੋਇਆ। ਅੰਗਰੇਜ਼ ਸਾਮਰਾਜ ਦਾ ਇਕ ਪ੍ਰਤੀਨਿਧ ਹੀ ਲਾਰਡ ਮਾਊਂਟਬੈਟਨ ਦੇ ਰੂਪ ਵਿਚ ਭਾਰਤ ਦੀ ਸਰਕਾਰ ਦੀ ਅਗਵਾਈ ਕਰਦਾ ਰਿਹਾ।

26 ਜਨਵਰੀ 1950 ਦੇ ਉਸ ਦਿਨ ਦੀ ਲੋਕ ਉਡੀਕ ਕਰਨ ਲੱਗੇ ਜਦ ਨਵਾਂ ਸੰਵਿਧਾਨ ਬਣਨਾ ਸੀ। ਜਿਸ ਮੁਤਾਬਕ ਲੋਕਾਂ ਨੂੰ 'ਅਸਲ ਗਣਰਾਜ' ਮਿਲਣਾ ਸੀ। ਜਿਸ ਦੁਆਰਾ ਉਹ ਆਪਣੀ ਸਰਕਾਰ ਆਪ ਚੁਣ ਸਕਣਗੇ। ਪਰ 26 ਜਨਵਰੀ 1950 ਨੂੰ ਜੋ ਸੰਵਿਧਾਨ ਆਇਆ ਉਸ ਨੇ ਆਮ ਲੋਕਾਂ ਦੇ ਸੁਪਨੇ ਮਧੋਲ ਸੁੱਟੇ। ਉਹ ਅੰਗਰੇਜ਼ਾਂ ਦੇ ਬਣੇ ਜ਼ਬਾਨੀ ਸੰਵਿਧਾਨ ਦਾ ਹੀ ਲਿਖਤੀ ਰੂਪ ਵਧੇਰੇ ਸੀ। ਆਮ ਲੋਕਾਂ ਨੂੰ ਦਰ-ਕਿਨਾਰ ਕਰ ਦਿੱਤਾ ਗਿਆ। ਰਾਜ ਭਾਗ ਫੇਰ ਉਨ੍ਹਾਂ ਦੇ ਹੀ ਹੱਥ ਆ ਗਿਆ ਜਿਨ੍ਹਾਂ ਸਰਮਾਏਦਾਰਾਂ ਤੇ ਜਗੀਰਦਾਰਾਂ ਤੋਂ ਉਹ ਨਿਜ਼ਾਤ ਹਾਸਲ ਕਰਨਾ ਚਾਹੁੰਦੇ ਸਨ। ਥੋੜ੍ਹੇ ਹੀ ਚਿਰ ਬਾਅਦ ਆਮ ਲੋਕਾਂ ਦੀ ਸਮਝ ਵਿਚ ਸਾਰਾ ਕੁਝ ਆ ਗਿਆ ਜਦ ਉਹ ਵੋਟ ਦੇਣ ਤੀਕ ਹੀ ਸੀਮਤ ਹੋ ਗਏ। ਸਹਿਜੇ ਸਹਿਜੇ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦੇ ਉਨ੍ਹਾਂ ਤੋਂ ਹੋਰ-ਹੋਰ ਦੂਰ ਹੋਣ ਲੱਗੇ। ਆਮ ਲੋਕਾਂ ਨੂੰ ਕੋਈ ਰਾਹਤ ਨਾ ਮਿਲੀ। ਸ਼ੁਰੂ ਸ਼ੁਰੂ ਵਿਚ ਕੁਝ ਪੜ੍ਹੇ ਲਿਖਿਆਂ ਨੂੰ ਰੁਜ਼ਗਾਰ ਮਿਲਣ ਲੱਗੇ ਪਰ ਬਾਅਦ ਵਿਚ ਆਮ ਲੋਕਾਂ ਲਈ ਸਕੂਲ ਹੋਰ ਅਤੇ ਅਮੀਰ ਤੇ ਸਰਕਾਰ ਵਿਚ ਭਾਈਵਾਲ ਲੋਕਾਂ ਲਈ ਸਕੂਲ ਵਖਰੇ ਹੋਣ ਲੱਗੇ। ਹਸਪਤਾਲ ਵੀ ਵਖਰੇ ਹੋਣ ਲੱਗੇ।

ਗਣਤੰਤਰ ਵਿਚੋਂ ਆਮ ਲੋਕ ਬਾਹਰ ਹੋ ਗਏ। ਨਾ ਉਹ 'ਗਣ' ਰਹੇ ਨਾ 'ਤੰਤਰ'। ਕਰੋੜਪਤੀ ਹੀ ਵਿਧਾਇਕ ਤੇ ਮੰਤਰੀ ਬਣਨ ਲੱਗੇ। ਮੁਗ਼ਲਾਂ ਵਾਂਗ ਹੀ ਪਿਤਾ ਪੁਰਖੀ ਖ਼ਾਨਦਾਨੀ ਹਕੂਮਤਾਂ ਬਣਨ ਲੱਗੀਆਂ। ਕੇਂਦਰ ਵਿਚ ਵੀ ਰਾਜਾਂ ਵਿਚ ਵੀ। ਸਭ ਕੁਝ ਉਨ੍ਹਾਂ ਤੋਂ ਖੁਸ ਗਿਆ। ਅਮੀਰ ਹੋਰ ਅਮੀਰ ਹੋਣ ਲੱਗਾ। ਗ਼ਰੀਬ ਹੋਰ ਗ਼ਰੀਬ ਹੋਣ ਲੱਗਾ। ਆਮ ਲੋਕਾਂ ਨੇ ਖੱਬੀ ਧਿਰ ਵਾਲਿਆਂ 'ਤੇ ਆਸ ਲਾਈ ਪਰ ਉਹ ਵੀ ਹਾਕਮ ਧਿਰ ਨਾਲ ਹੱਥ ਮਿਲਾਉਣ ਲੱਗੇ। ਆਮ ਲੋਕ ਚੋਣਾਂ ਬਾਅਦ ਕੁਝ ਵੀ ਪੱਲੇ ਨਾ ਪੈਂਦਾ ਵੇਖ ਵੋਟਾਂ ਦਾ ਮੁੱਲ ਮੌਕੇ 'ਤੇ ਹੀ ਲੈਣ ਲੱਗੇ। ਗ਼ਰੀਬ ਨੂੰ ਅਣਖਹੀਣ ਕਰਨ ਦੀ ਚਾਲ ਚੱਲੀ ਗਈ। ਵੋਟਾਂ ਮੁੱਲ ਲੈਣ ਦੀ ਚਾਲ। ਆਮ ਲੋਕ ਪੜ੍ਹ ਲਿਖ ਕੇ ਸਿਆਣੇ ਨਾ ਹੋ ਜਾਣ, ਉਨ੍ਹਾਂ ਤੋਂ ਸਿਖਿਆ ਦਾ ਹੱਕ ਵੀ ਦੂਰ ਕਰਨ ਦੀਆਂ ਚਾਲਾਂ ਸਾਹਮਣੇ ਆਉਂਦੀਆਂ ਗਈਆਂ। ਅੱਜ ਦੋ ਤਰ੍ਹਾਂ ਦੇ ਲੋਕ ਸਾਹਮਣੇ ਆ ਗਏ ਹਨ। ਇਕ ਸਾਧਨ ਸੰਪਨ ਤੇ ਦੂਜੇ ਸਾਧਨ ਹੀਣ। ਆਮ ਲੋਕਾਂ ਦਾ ਸੁਪਨਾ ਸੋਵੀਅਤ ਯੂਨੀਅਨ ਤੋੜ ਦਿੱਤਾ ਗਿਆ। ਲੋਕ ਸੁਪਨੇ ਵਿਹੂਣੇ ਮਹਿਸੂਸ ਕਰ ਰਹੇ ਹਨ। ਸੁਪਨੇ ਜੇ ਆਉਂਦੇ ਵੀ ਹਨ ਤਾਂ ਐਸੇ ਡਰਾਉਣੇ ਕਿ ਉਹ ਹੁਣ ਨੀਂਦ ਲੈਣ ਤੋਂ ਵੀ ਡਰਦੇ ਹਨ। ਸੌਂਦੇ ਹਨ ਤਾਂ ਤ੍ਰਬਕ ਕੇ ਉਠਦੇ ਹਨ। ਉਨ੍ਹਾਂ ਲਈ ਇਹ ਮਨ੍ਹਾਂ ਹੈ ਕਿ ਉਹ ਅਨੰਦਮਈ ਸੁਪਨੇ ਲੈਣ। ਉਨ੍ਹਾਂ ਦਾ ਬੱਚਾ ਪੜ੍ਹ ਲਿਖ ਜਾਵੇਗਾ, ਕੋਈ ਨੌਕਰੀ ਕਰੇਗਾ। ਚੰਗਾ ਘਰ ਬਣ ਜਾਵੇਗਾ, ਉਨ੍ਹਾਂ ਦੀਆਂ ਬੀਮਾਰੀਆਂ, ਦੁੱਖ ਤਕਲੀਫ਼ਾਂ ਦਾ ਹੱਲ ਹੋ ਜਾਵੇਗਾ। ਉਨ੍ਹਾਂ ਦਾ ਜਾਤ-ਪਾਤ ਦਾ ਬੰਧਨ ਖ਼ਤਮ ਹੋ ਜਾਵੇਗਾ। ਫਿਰਕਾਪ੍ਰਸਤੀ ਦੀ ਖ਼ੂੰਖਾਰ ਹਿੰਸਾ ਤੋਂ ਮੁਕਤੀ ਮਿਲੇਗੀ। ਨਵੇਂ ਜ਼ਮਾਨੇ ਦੀਆਂ ਨਵੀਆਂ ਤਕਨੀਕਾਂ ਦੇ ਉਹ ਵੀ ਸੁੱਖ ਭੋਗ ਸਕਣਗੇ। ਮਹਿੰਗਾਈ ਬੇਰੁਜ਼ਗਾਰੀ, ਠਾਣਿਆਂ ਵਿਚ ਹੁੰਦੀ ਖੱਜਲ ਖੁਆਰੀ ਤੋਂ ਉਨ੍ਹਾਂ ਨੂੰ ਰਾਹਤ ਮਿਲੇਗੀ। ਜਿਸ ਵਿਧਾਨਕਾਰ ਨੂੰ ਉਹ ਚੁਣਨਗੇ, ਉਹ ਉਨ੍ਹਾਂ ਦਾ ਐਸਾ 'ਰੱਬ' ਬਣ ਕੇ ਨਹੀਂ ਬੈਠੇਗਾ ਕਿ ਉਸ ਦੇ ਹੁਕਮ ਬਿਨਾਂ ਉਹ ਸਾਹ ਵੀ ਨਹੀਂ ਲੈ ਸਕਣਗੇ। ਉਨ੍ਹਾਂ ਦੇ ਹਾਕਮ ਧਿਰ ਵਾਲੇ ਨੂੰ ਵੋਟ ਨਾ ਪਾਉਣ ਕਰ ਕੇ ਉਨ੍ਹਾਂ ਦੇ ਝੂਠੇ ਪਰਚੇ ਦਾਇਰ ਨਹੀਂ ਹੋਣਗੇ। ਹਰ ਨਿੱਕਾ ਮੋਟਾ ਕੰਮ ਕਰਾਉਣ ਲਈ ਰਿਸ਼ਵਤ ਨਹੀਂ ਦੇਣੀ ਪਵੇਗੀ। ਅਦਾਲਤਾਂ ਫ਼ੈਸਲੇ ਨਹੀਂ ਇਨਸਾਫ਼ ਕਰਨਗੀਆਂ। ਉਹ ਚਾਹੁੰਦੇ ਹਨ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਹੁੰਦਾ ਵੇਖਣ ਪਰ ਹੁਣ ਤਾਂ ਉਹ ਐਸਾ ਸੋਚਣ ਤੋਂ ਵੀ ਡਰਦੇ ਹਨ। ਉਹ ਹਾਲੇ ਵੀ ਖੱਬੀ ਧਿਰ 'ਤੇ ਆਸ ਲਾਈ ਬੈਠੇ ਹਨ ਸ਼ਾਇਦ ਉਹ ਅਜੇ ਵੀ ਸਵੈ ਲਛਮਣ ਰੇਖਾਵਾਂ ਦੀਆਂ ਬੰਦ ਗੁਫ਼ਾਵਾਂ ਤੋਂ ਬਾਹਰ ਆਉਣਗੇ ਤੇ ਉਨ੍ਹਾਂ ਦੀ ਬਾਂਹ ਫੜਨਗੇ।

ਐਸੀ ਹਾਲਤ ਵਿਚ ਆਮ ਲੋਕ ਏਸ ਆਜ਼ਾਦੀ ਤੇ ਗਣਤੰਤਰੀ ਦਿਵਸ ਦੀ 'ਸਰਕਾਰੀ ਸਰਕਸੀ ਖੇਖਣੀ ਪ੍ਰੇਡ' ਵਿਚ ਕਿਉਂ ਸ਼ਾਮਲ ਹੋਣ। ਆਮ ਲੋਕਾਂ ਨੂੰ ਹੁਣ ਨਾ ਆਜ਼ਾਦੀ ਦਾ ਕੋਈ ਚਾਅ ਰਹਿ ਗਿਆ ਹੈ ਨਾ ਸੰਵਿਧਾਨਕ ਹੱਕਾਂ ਦਾ। ਉਨ੍ਹਾਂ ਲਈ ਹੁਣ ਕੋਈ ਗਣਤੰਤਰ ਨਹੀਂ ਹੈ। ਜਿਨ੍ਹਾਂ ਅੰਗਰੇਜ਼ ਸਾਮਰਾਜੀ ਹਾਕਮਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਲਈ ਲੱਖਾਂ-ਲੱਖਾਂ ਕੁਰਬਾਨੀਆਂ ਕੀਤੀਆਂ ਸਨ, ਉਨ੍ਹਾਂ ਦੇ ਨਾਲ ਦੇਸ਼ ਦੇ ਹਾਕਮ ਹੁਣ ਘਿਓ ਖਿਚੜੀ ਹਨ। ਸੰਸਾਰ ਨੂੰ ਇਕ ਪਿੰਡ ਬਣਾ ਕੇ ਉਹੀ ਸਾਮਰਾਜੀ ਲੋਕ ਅਮਰੀਕਾ ਦੀ ਅਗਵਾਈ ਵਿਚ ਏਸ ਪਿੰਡ ਦੇ ਇਕੋ ਇਕ 'ਲੰਬੜਦਾਰ' ਬਣਨ ਲਈ ਹਰ ਹੀਲਾ ਵਰਤ ਰਹੇ ਹਨ ਤੇ ਦੇਸ਼ ਦੀ ਸਰਕਾਰ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਰਹੀ ਹੈ। ਦੇਸ਼ ਦੇ ਅਮੀਰ ਘਰਾਣਿਆਂ ਦੀ ਗਿਣਤੀ ਵੀ ਵੱਧ ਗਈ ਹੈ ਤੇ ਧੰਨ ਦੌਲਤ ਜਾਇਦਾਦ ਵੀ। ਦੇਸ਼ ਦੇ ਅਜਾਰੇਦਾਰ ਘਰਾਣੇ ਦੁਨੀਆ ਭਰ 'ਚੋਂ ਨੰਬਰ ਇਕ ਦੇ ਅਮੀਰ ਹੋ ਰਹੇ ਹਨ। ਹੋਰ-ਹੋਰ ਅਮੀਰ ਹੋਣ ਲਈ ਉਹ ਉਸੇ ਹੀ ਸਮਾਰਾਜ ਨਾਲ ਇਕਮਿਕ ਹੋ ਗਏ ਹਨ ਜਿਨ੍ਹਾਂ ਤੋਂ ਆਮ ਲੋਕ ਨਿਜਾਤ ਹਾਸਲ ਕਰਕੇ ਨਵੀਂ ਸਵੇਰ ਲੋਚਦੇ ਹਨ। ਇਸ ਵੇਲੇ ਆਮ ਲੋਕਾਂ ਦੀ ਬਾਂਹ ਕੌਣ ਫੜੇ ? ਜੇ ਖੱਬੇ ਪੱਖੀ ਨਹੀਂ ਤਾਂ ਆਮ ਆਦਮੀ ਦੀ ਨੁਮਾਇੰਦਗੀ ਵਿਚ ਚਾਹੇ 'ਕੇਜਰੀਵਾਲ' ਹੀ ਕਿਉਂ ਨਾ ਹੋਵੇ ਉਹ ਤਾਂ ਸਰਕਾਰੀ ਤੰਤਰ ਭ੍ਰਿਸ਼ਟ ਗੰਦ ਹੂੰਝਣ ਲਈ ਉਸ ਦੇ ਝਾੜੂ ਬਰਦਾਰ ਬਣਨ ਲਈ ਵੀ ਤਿਆਰ ਹਨ। ਕੀ ਕਰਨ ਆਮ ਲੋਕ ? ਆਮ ਲੋਕਾਂ ਨੂੰ ਕਦੋਂ 'ਅਸਲ ਆਜ਼ਾਦੀ' ਮਿਲੇਗੀ। ਆਮ ਲੋਕਾਂ ਲਈ ਅਸਲ ਗਣਤੰਤਰ ਕਿਵੇਂ ਹਾਸਲ ਹੋਵੇਗਾ। ਪਰ ਆਮ ਲੋਕ ਜਿਨ੍ਹਾਂ ਦੀ ਗਿਣਤੀ 80 ਫ਼ੀਸਦੀ ਤੋਂ ਵੀ ਵਧੇਰੇ ਹੈ, ਉਹ ਮੁੱਠੀ ਭਰ ਸਰਕਾਰੀ ਆਜ਼ਾਦੀ ਪ੍ਰਾਪਤ ਲੋਕਾਂ ਤੋਂ ਬੁਰੀ ਤਰ੍ਹਾਂ ਦੁਖੀ ਹਨ। ਨਪੀੜੇ ਜਾ ਰਹੇ ਹਨ। ਉਨ੍ਹਾਂ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ ਹਨ। ਬੇਕਿਰਕ, ਹਨੇਰੀ ਰਾਤ ਦੀ ਗ੍ਰਿਫ਼ਤ ਵਿਚ ਹਨ। ਪਰ ਆਮ ਲੋਕ ਆਸਵੰਦ ਹਨ ਕਿ ਨਵਾਂ ਸੂਰਜ ਯਕੀਨਨ ਉਦੈ ਹੋਵੇਗਾ ਜਿਸ ਵਿਚ ਉਨ੍ਹਾਂ ਦੇ ਸਾਰੇ ਸੁਪਨੇ ਸਾਕਾਰ ਹੋਣਗੇ। ਉਹ ਆਸਵੰਦ ਹਨ ਕਿ ਅਸਲ ਆਜ਼ਾਦੀ ਤੇ ਅਸਲ ਗਣਤੰਤਰ ਹਰ ਹਾਲਤ ਵਿਚ ਉਨ੍ਹਾਂ ਦੇ ਰੂਬਰੂ ਹੋਵੇਗਾ ਤੇ ਫੇਰ ਉਹ ਇਸ ਦੀ ਆਜ਼ਾਦੀ ਦਿਵਸ 'ਤੇ ਹਰ ਸਾਲ ਦੁਸਹਿਰੇ, ਦੀਵਾਲੀ, ਹੋਲੀ, ਵਿਸਾਖੀ ਦੀ ਤਰ੍ਹਾਂ ਮਨਾਉਣਗੇ। ਆਮ ਲੋਕ ਆਸਵੰਦ ਹਨ ਕਿ ਉਹ ਸਮਾਜਵਾਦ ਜ਼ਰੂਰ ਆਵੇਗਾ ਜੋ ਉਨ੍ਹਾਂ ਦੇ ਸੁਪਨੇ ਸਾਕਾਰ ਕਰੇਗਾ। ਸਾਹਿਰ ਲੁਧਿਆਣਵੀ ਦੇ ਸ਼ਬਦਾਂ ਵਿਚ "ਵੋਹ ਸੁਬਹਾ ਕਭੀ ਤੋ ਆਏਗੀ।"



# 2013 ਸਿਆਸੀ ਨਜ਼ਰੀਏ ਤੋਂ



ਭਾਰਤ ਵਿਚ ਸਿਆਸੀ ਮਾਫ਼ੀਏ ਨੇ ਸਿਧਾਂਤਾਂ ਦੇ ਆਧਾਰ 'ਤੇ ਸਿਆਸਤ ਕਰਨ ਵਾਲੀਆਂ ਧਿਰਾਂ ਨੂੰ ਮੁੱਖ ਧਾਰਾ ਦੀ ਸਿਆਸਤ ਤੋਂ ਲਾਂਭੇ ਕਰ ਦਿੱਤਾ ਹੈ। ਇਸ ਮਾਫ਼ੀਏ ਦੇ ਹੱਥ ਵਿਚ ਵਾਗਡੋਰ ਆਉਣ ਨਾਲ ਸਿਆਸਤ ਵਿਚ ਬਹੁਤ ਸਾਰੇ ਨਾਕਾਰਾਤਮਕ ਰੁਝਾਨ ਸਾਹਮਣੇ ਆਏ ਹਨ, ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਸਾਨੂੰ ਹੁਣ ਇਨ੍ਹਾਂ ਦੇ ਹੱਥੋਂ 'ਕੁਝ ਚੰਗਾ' ਹੋਣ ਦੀ ਆਸ ਛੱਡ ਦੇਣੀ ਚਾਹੀਦੀ ਹੈ। ਪਿਛਲੇ ਕਈ ਦਹਾਕਿਆਂ ਤੋਂ ਸਾਲਾਂ ਰਾਹੀਂ ਹੁੰਦਾ ਹੋਇਆ ਸਮਾਂ ਬਦਲ ਰਿਹਾ ਹੈ, ਪਰ ਸਾਡੀ ਸਿਆਸਤ ਭ੍ਰਿਸ਼ਟਾਚਾਰ ਅਤੇ ਅਪਰਾਧ ਤੰਤਰ 'ਤੇ ਹੀ ਟਿਕੀ ਹੋਈ ਹੈ। ਸਿਆਸੀ ਮਾਫ਼ੀਆ ਕਾਰਪੋਰੇਟ ਖਾਸੇ ਵਾਲੇ ਮੀਡੀਏ ਨਾਲ ਮਿਲ ਕੇ ਆਪਣੀ ਸੌਖ ਲਈ ਨਵੇਂ ਸਿਆਸੀ ਰੁਝਾਨਾਂ ਨੂੰ ਜਨਮ ਦੇ ਰਿਹਾ ਹੈ। ਇਸ ਵਿਸ਼ੇਸ਼ ਰਿਪੋਰਟ ਰਾਹੀਂ ਜਗਤਾਰ ਸਾਲਮ ਨੇ ਅਜਿਹੇ ਹੀ ਰੁਝਾਨਾਂ ਦੀ ਨਿਸ਼ਾਨਦੇਹੀ ਕਰ ਕੇ ਚਰਚਾ ਛੇੜਨ ਦੀ ਕੋਸ਼ਿਸ਼ ਕੀਤੀ ਹੈ।

ਜਗਤਾਰ ਸਾਲਮ
+91-97804-70386
jagtar.saalam@rediffmail.com



## ਮੁੱਖ ਧਾਰਾ ਦੀ ਸਿਆਸਤ ਪ੍ਰਤੀ ਗੁੱਸਾ

ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਸਾਡੇ ਦੇਸ਼ ਦੇ ਲੋਕਾਂ ਵਿਚ ਸਿਆਸੀ ਚੇਤਨਤਾ ਦੀ ਘਾਟ ਹੈ, ਇਹੀ ਕਾਰਨ ਹੈ ਕਿ ਇੱਥੇ ਸਿਧਾਂਤਕ ਸਿਆਸਤ ਵਿਕਸਤ ਨਹੀਂ ਹੋ ਸਕੀ। ਜਿਹੜੀਆਂ ਧਿਰਾਂ ਸਿਧਾਂਤਕ ਸਿਆਸਤ ਕਰਨ ਵਿਚ ਵਿਸ਼ਵਾਸ ਰੱਖਦੀਆਂ ਹਨ, ਲੋਕਾਂ ਨੇ ਉਨ੍ਹਾਂ ਨੂੰ ਨਹੀਂ ਪਛਾਣਿਆ। ਹਾਲ ਇਹ ਹੈ ਕਿ ਭ੍ਰਿਸ਼ਟਾਚਾਰ ਅਤੇ ਅਪਰਾਧ ਤੰਤਰ ਨੇ ਸਿਆਸਤ ਨੂੰ ਇਸ ਕਦਰ ਆਪਣੀ ਲਪੇਟ ਵਿਚ ਲੈ ਲਿਆ ਹੈ ਕਿ ਸਿਆਸੀ ਪਾਰਟੀਆਂ ਦੇ ਆਗੂ ਸਿਆਸੀ ਮਾਫ਼ੀਆ ਦੇ ਰੂਪ ਵਿਚ ਤਬਦੀਲ ਹੋ ਗਏ ਹਨ।

ਜੇਕਰ ਅਸੀਂ ਸਾਲ 2013 ਦੀ ਗੱਲ ਕਰੀਏ ਤਾਂ ਇਸ ਸਾਲ ਦਰਮਿਆਨ ਕਾਬਜ਼ ਸਿਆਸੀ ਧਿਰਾਂ ਨੇ ਕੋਈ ਅਜਿਹਾ ਕਾਰਜ ਨਹੀਂ ਕੀਤਾ ਜਿਸ 'ਤੇ ਅਸੀਂ ਮਾਣ ਕਰ ਸਕੀਏ। ਪਿਛਲੇ ਕੁਝ ਸਾਲਾਂ ਤੋਂ ਕਦਰਾਂ-ਕੀਮਤਾਂ ਦੇ ਸੰਦਰਭ ਵਿਚ ਸਿਆਸੀ ਖੇਤਰ 'ਚ ਲਗਾਤਾਰ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਹਰ ਸਾਲ ਅਜਿਹਾ ਜਾਪਦਾ ਹੈ ਕਿ ਲੰਘ ਗਿਆ ਸਮਾਂ ਕੁਝ ਹੱਦ ਤੱਕ ਠੀਕ ਸੀ, ਕਹਿਣ ਦਾ ਭਾਵ ਇਹ ਹੈ ਕਿ ਮੁੱਖ ਧਾਰਾ ਦੀਆਂ ਸਿਆਸੀ ਧਿਰਾਂ ਹਰ ਸਾਲ ਗਿਰਾਵਟ ਦੇ ਨਵੇਂ ਕੀਰਤੀਮਾਨ ਸਿਰਜ ਰਹੀਆਂ ਹਨ। ਇਸ ਨਜ਼ਰੀਏ ਤੋਂ ਜੇਕਰ ਦੇਖਿਆ ਜਾਵੇ ਤਾਂ ਸਾਲ 2013 ਵੀ ਹਿੰਦੁਸਤਾਨ ਦੇ ਲੋਕਾਂ ਨੂੰ ਪਿਛਲੇ ਸਾਲਾਂ ਵਾਂਗ ਭਵਿੱਖ ਪ੍ਰਤੀ ਨਿਰਾਸ਼ ਕਰਦਾ ਹੈ। ਇਸ ਸਾਲ ਵੀ ਕੇਂਦਰੀ ਮੰਤਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਤੇ ਉਨ੍ਹਾਂ ਨੂੰ ਮੰਤਰਾਲਿਆਂ ਤੋਂ ਅਸਤੀਫ਼ਾ ਦੇਣਾ ਪਿਆ। ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਇਸ ਸਾਲ ਵੀ ਕਈ ਨੇਤਾਵਾਂ ਨੂੰ ਜੇਲ੍ਹ ਜਾਣਾ ਪਿਆ। ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਦਿੱਲੀ ਦੇ ਲੋਕਾਂ ਨੇ ਵਿਧਾਨ ਸਭਾ ਚੋਣਾਂ ਵਿਚ ਸੁਧਾਰਵਾਦੀ ਸਿਆਸਤ ਨੂੰ ਜੀ ਆਇਆਂ ਆਖਿਆ ਹੈ ਤੇ ਹੁਣ ਦੇਖਣਾ ਇਹ ਹੈ ਕਿ ਇਹ ਆਸ ਦੀ ਕਿਰਨ ਕਿੰਨਾ ਕੁ ਚਾਨਣ ਬਿਖੇਰਦੀ ਹੈ।

ਹੁਣ ਕਰਨ ਵਾਲੀ ਗੱਲ ਇਹ ਹੈ ਕਿ ਕੀ ਇਹ ਸਿਆਸੀ ਮਾਫ਼ੀਆ ਇਸ ਤਰ੍ਹਾਂ ਹੀ ਵਧਦਾ ਫੁੱਲਦਾ ਰਹੇਗਾ, ਅਸੀਂ ਸਿਰਫ਼ ਤਮਾਸ਼ਾ ਦੇਖਦੇ ਰਹਾਂਗੇ ? ਜੇਕਰ ਇਹ ਗੱਲ ਹੈ ਤਾਂ ਸਾਡਾ ਭਵਿੱਖ ਤੋਂ ਆਸ ਕਰਨਾ ਫਜ਼ੂਲ ਹੈ ਪਰ ਜੇਕਰ ਲੰਘੇ ਵੇਲਿਆਂ ਤੋਂ ਸਬਕ ਲੈ ਕੇ ਇਹ ਅਹਿਦ ਕਰੀਏ ਕਿ ਅਸੀਂ ਸਿਆਸੀ ਭਵਿੱਖ ਦੀ ਵਾਗਡੋਰ ਉਨ੍ਹਾਂ ਧਿਰਾਂ ਦੇ ਹੱਥਾਂ ਵਿਚ ਸੌਂਪਾਂਗੇ ਜਿਹੜੀਆਂ ਸਿਧਾਂਤਕ ਸਿਆਸਤ ਵਿਚ ਯਕੀਨ ਰੱਖਦੀਆਂ ਹਨ ਤੇ ਸਾਡੀ ਯੋਗ ਅਗਵਾਈ ਕਰ ਸਕਦੀਆਂ ਹਨ ਤਾਂ ਹੀ ਅਸੀਂ ਸਿਆਸੀ ਸ਼ੁੱਧੀਕਰਨ ਵੱਲ ਮੋੜਾ ਕੱਟ ਸਕਦੇ ਹਾਂ। ਜੇਕਰ ਅਸੀਂ ਇਸ ਤਰ੍ਹਾਂ ਨਹੀਂ ਕਰਦੇ ਤਾਂ ਸਾਡੇ ਲਈ ਇੱਥੇ ਇਹ ਕਹਿਣਾ ਮੁਸ਼ਕਲ ਹੈ ਕਿ ਸਾਡਾ ਭਵਿੱਖ ਉਜਵਲ ਹੈ।

ਜੇਕਰ ਲੋਕ ਸਭਾ ਜਾਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਲਗਾਤਾਰ ਵਧਦੀ ਲੋਕਾਂ ਦੀ ਸ਼ਮੂਲੀਅਤ ਨੂੰ ਦੇਖਿਆ ਜਾਵੇ ਤਾਂ ਕੋਈ ਵੀ ਇਹ ਟਪਲਾ ਖਾ ਸਕਦਾ ਹੈ ਕਿ ਹਿੰਦੁਸਤਾਨ ਦੇ ਲੋਕਾਂ ਦਾ ਮੁੱਖ ਧਾਰਾ ਦੀ ਸਿਆਸਤ (ਕਾਂਗਰਸ-ਭਾਜਪਾ ਤੇ ਇਨ੍ਹਾਂ ਨਾਲ ਜੁੜੀਆਂ ਪਾਰਟੀਆਂ ਦੀ ਸਿਆਸਤ) ਵਿਚ ਪੂਰਨ ਵਿਸ਼ਵਾਸ ਹੈ, ਜਦੋਂਕਿ ਸੱਚ ਇਹ ਹੈ ਕਿ ਹਿੰਦੁਸਤਾਨ ਦੀ ਜਨਤਾ ਮੁੱਖ ਧਾਰਾ ਦੀ ਸਿਆਸਤ ਤੋਂ ਬਿਲਕੁੱਲ ਨਿਰਾਸ਼ ਹੋ ਚੁੱਕੀ ਹੈ। ਲੋਕਾਂ ਦਾ ਮਨ ਯੂ.ਪੀ.ਏ. ਅਤੇ ਐਨ.ਡੀ.ਏ. ਜਾਂ ਕਹਿ ਲਵੋ ਕਿ ਕਾਂਗਰਸ ਅਤੇ ਭਾਜਪਾ ਦੀ ਸਿਆਸਤ ਤੋਂ ਪੂਰੀ ਤਰ੍ਹਾਂ ਉਚਾਟ ਹੈ। ਉਹ ਚਾਹੁੰਦੇ ਹਨ ਕਿ ਇਨ੍ਹਾਂ ਦੋਵੇਂ ਪਾਰਟੀਆਂ ਦੀ ਸਿਆਸਤ ਦਾ ਕੋਈ ਬਦਲ ਲੱਭਿਆ ਜਾਵੇ। ਪਰ ਇਹ ਬਦਲ ਲੱਭਣ ਵਿਚ ਹਿੰਦੁਸਤਾਨ ਦੇ ਲੋਕ ਹੁਣ ਤਕ ਅਸਫਲ ਰਹੇ ਹਨ। ਇਸ ਦਾ ਇੱਕ ਕਾਰਨ ਹੈ ਇਹ ਕਿ ਸਾਡੇ ਦੇਸ਼ ਦੇ ਲੋਕਾਂ ਵਿਚ ਸਿਆਸੀ ਚੇਤਨਾ ਦੀ ਘਾਟ ਹੈ। ਦੂਜਾ ਕਾਰਨ ਇਹ ਹੈ ਕਿ ਮੁੱਖ ਧਾਰਾ ਦੀ ਵਿਰੋਧੀ ਸਿਆਸਤ ਆਪਣਾ ਪਾਸਾਰ ਕਰਨ ਵਿਚ ਨਾਕਾਮਯਾਬ ਰਹੀ ਹੈ, ਉਹ ਲੋਕਾਂ ਨਾਲ ਸਿੱਧੇ ਤੌਰ 'ਤੇ ਰਾਬਤਾ ਕਾਇਮ ਕਰਨ ਵਿਚ ਅਸਫਲ ਰਹੀ ਹੈ। ਇਸ ਦਾ ਲਾਭ ਹੀ ਮੁੱਖ ਧਾਰਾ ਦੀ ਸਿਆਸਤ ਨੂੰ ਹੁਣ ਤਕ ਮਿਲਦਾ ਆ ਰਿਹਾ ਹੈ। ਪਰ ਹੁਣ ਇਸ ਸੰਦਰਭ ਵਿਚ ਲੋਕਾਂ ਨੂੰ ਇਹ ਜਾਪਦਾ ਹੈ ਕਿ ਇਸ ਵਰਤਾਰੇ ਨੂੰ ਸੁਧਾਰਵਾਦੀ ਸਿਆਸਤ ਰਾਹੀਂ ਠੱਲ ਪਾਇਆ ਜਾ ਸਕਦਾ ਹੈ। ਇਸ ਸੰਦਰਭ ਵਿਚ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਲੋਕਾਂ ਦੁਆਰਾ ਆਮ ਆਦਮੀ ਪਾਰਟੀ ਨੂੰ ਸਮਰਥਨ ਦੇਣਾ ਮਹੱਤਵਪੂਰਨ ਤੱਥ ਹੈ।

ਅਰਵਿੰਦ ਕੇਜਰੀਵਾਲ ਦੀ ਪਾਰਟੀ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਵੇਂ ਪੂਰਨ ਰੂਪ ਵਿਚ ਬਹੁਮਤ ਹਾਸਲ ਨਹੀਂ ਹੋਇਆ ਪਰ ਇੱਥੇ ਅਸੀਂ ਇਹ ਸਪਸ਼ਟ ਤੌਰ 'ਤੇ ਕਹਿ ਸਕਦੇ ਹਾਂ ਕਿ ਦਿੱਲੀ ਦੇ ਲੋਕਾਂ ਨੇ ਕੇਜਰੀਵਾਲ ਦੀ ਟੀਮ 'ਤੇ ਪੂਰਾ ਵਿਸ਼ਵਾਸ ਜਿਤਾਇਆ ਹੈ। ਇਨ੍ਹਾਂ ਚੋਣਾਂ ਵਿਚ 70 'ਚੋਂ 28 ਸੀਟਾਂ ਕੇਜਰੀਵਾਲ ਦੀ ਪਾਰਟੀ ਨੇ ਜਿੱਤੀਆਂ ਹਨ। ਵੱਖ-ਵੱਖ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵਲੋਂ ਅੰਦਾਜ਼ੇ ਲਗਾਏ ਜਾ ਰਹੇ ਸਨ ਕਿ ਕੇਜਰੀਵਾਲ ਦੀ ਪਾਰਟੀ ਦਸ ਤੋਂ ਪੰਦਰਾਂ ਵਿਚਕਾਰ ਸੀਟਾਂ ਹਾਸਲ ਕਰੇਗੀ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਸਿਆਸੀ ਮਾਹਰਾਂ ਦਾ ਵੀ ਇਹੀ ਕਹਿਣਾ ਸੀ ਕਿ ਆਮ ਆਦਮੀ ਪਾਰਟੀ ਦੀ ਚੋਣ ਨਤੀਜਿਆਂ ਤੋਂ ਬਾਅਦ ਫੂਕ ਨਿਕਲ ਜਾਣੀ ਹੈ। ਪਰ ਸਭ ਅੰਦਾਜ਼ੇ ਗਲਤ ਸਿੱਧ ਹੋਏ। ਇਸ ਦਾ ਕਾਰਨ ਇਹ ਸੀ ਕਿ ਸਿਆਸੀ ਮਾਹਰਾਂ ਅਤੇ ਕਾਰਪੋਰੇਟ ਖਾਸੇ ਵਾਲੇ ਮੀਡੀਏ ਨੇ ਲੋਕਾਂ ਅੰਦਰ ਪਲ਼ ਰਹੀ ਗ਼ੁੱਸੇ ਦੀ ਭਾਵਨਾ ਨੂੰ ਨਹੀਂ ਸਮਝਿਆ। ਪਰ ਚੋਣ ਨਤੀਜੇ ਆਉਣ ਤੋਂ ਬਾਅਦ ਲੋਕਾਂ ਦੀ ਇਸ ਭਾਵਨਾ ਨੂੰ ਕਾਂਗਰਸ ਪਾਰਟੀ ਨੇ ਖ਼ੂਬ ਸਮਝਿਆ ਹੈ। ਇਹੀ ਕਾਰਨ ਹੈ ਕਿ ਸਾਲਾਂ ਤੋਂ ਲਟਕਦਾ ਆ ਰਿਹਾ ਲੋਕਪਾਲ ਬਿਲ ਦਿੱਲੀ ਵਿਧਾਨ ਸਭਾ ਦੇ ਚੋਣ ਨਤੀਜੇ ਆਉਣ ਤੋਂ ਬਾਅਦ ਤੁਰੰਤ ਪਾਸ ਕਰ ਦਿੱਤਾ ਗਿਆ। ਦਿੱਲੀ ਵਿਧਾਨ ਸਭਾ ਦੇ ਨਤੀਜਿਆਂ ਤੋਂ ਬਾਅਦ ਗੱਲ ਭਾਜਪਾ ਵਾਲਿਆਂ ਦੇ ਵੀ ਪੱਲੇ ਪੈ ਗਈ ਹੈ, ਹਾਲਾਂਕਿ ਉਹ ਅਜੇ ਜਿੱਤ ਦੇ ਜਸ਼ਨ ਵਿਚ ਡੁੱਬੇ ਹੋਏ ਹਨ।

ਜ਼ਿਕਰਯੋਗ ਹੈ ਕਿ ਲੋਕਾਂ ਦੀ ਇਸ ਗ਼ੁੱਸੇ ਦੀ ਭਾਵਨਾ ਨੇ ਹੀ ਗਾਂਧੀਵਾਦੀ ਅੰਨਾ ਹਜ਼ਾਰੇ ਨੂੰ ਪੂਰੇ ਭਾਰਤ ਵਿਚ ਪ੍ਰਸਿੱਧ ਕੀਤਾ ਹੈ, ਨਹੀਂ ਤਾਂ ਜਿਸ ਲੋਕਪਾਲ ਬਿਲ ਦੇ ਮੁੱਦੇ 'ਤੇ ਅੰਨੇ ਹਜ਼ਾਰੇ ਨੇ ਵਰਤ ਰੱਖਿਆ ਸੀ, ਉਸ ਤੋਂ ਪਹਿਲਾਂ ਬਹੁਤ ਸਾਰੇ ਵਿਅਕਤੀਆਂ ਵਲੋਂ ਉਸ ਬਿਲ ਨੂੰ ਲੈ ਕੇ ਚਰਚਾ ਅਰੰਭੀ ਗਈ ਸੀ, ਜਿਨ੍ਹਾਂ ਦਾ ਲੋਕ ਨਾਂ ਤਕ ਨਹੀਂ ਜਾਣਦੇ।

ਸਾਲ 2013 ਵਿਚ ਨੌਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਈਆਂ ਹਨ। ਇਨ੍ਹਾਂ ਨੌਂ ਰਾਜਾਂ ਵਿਚ ਕਾਂਗਰਸ ਸਿਰਫ਼ ਦੋ ਰਾਜਾਂ ਵਿਚ ਆਪਣੀ ਸਰਕਾਰ ਬਣਾ ਸਕੀ ਹੈ। ਦਸੰਬਰ ਵਿਚ ਸਾਹਮਣੇ ਆਏ ਪੰਜ ਰਾਜਾਂ ਦੇ ਚੋਣ ਨਤੀਜਿਆਂ ਵਿਚ ਕਾਂਗਰਸ ਸਿਰਫ਼ ਇਕ ਰਾਜ ਮਿਜ਼ੋਰਮ ਵਿਚ ਬਹੁਮਤ ਹਾਸਲ ਕਰਨ ਵਿਚ ਕਾਮਯਾਬ ਹੋਈ ਹੈ। ਇਸ ਤੋਂ ਪਹਿਲਾਂ ਮਈ ਵਿਚ ਕਰਨਾਟਕ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਬਹੁਮਤ ਹਾਸਲ ਕੀਤਾ ਸੀ। ਦਸੰਬਰ ਵਿਚ ਸਾਹਮਣੇ ਆਏ ਵਿਧਾਨ ਸਭਾਵਾਂ ਦੇ ਚੋਣ ਨਤੀਜਿਆਂ ਵਿਚ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਦਿੱਲੀ ਵਰਗੇ ਵੱਡੇ ਰਾਜਾਂ ਵਿਚ ਕਾਂਗਰਸ ਨੂੰ ਮੂੰਹ ਦੀ ਖਾਣੀ ਪਈ ਹੈ। ਕਾਂਗਰਸ ਸੁਪਰੀਮੋ ਸੋਨੀਆ ਗਾਂਧੀ ਅਤੇ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਇਸ ਗ਼ੁੱਸੇ ਦੇ ਸੰਦਰਭ ਵਿਚ ਕਾਫ਼ੀ ਚਿੰਤਤ ਹਨ। ਇਸ ਸੰਦਰਭ ਵਿਚ ਜੇਕਰ ਭਾਜਪਾ ਦੀ ਗੱਲ ਕਰੀਏ ਤਾਂ ਚੋਣ ਨਤੀਜੇ ਦੇਖ ਕੇ ਭਾਵੇਂ ਇਹ ਜਾਪਦਾ ਹੈ ਕਿ ਉਸ ਨੂੰ ਲੋਕਾਂ ਨੇ ਪ੍ਰਵਾਨਗੀ ਦਿੱਤੀ ਹੈ ਪਰ ਸੱਚ ਇਹ ਹੈ ਕਿ ਲੋਕ ਭਾਜਪਾ ਅਤੇ ਕਾਂਗਰਸ ਵਿਚ ਕੋਈ ਫਰਕ ਨਹੀਂ ਸਮਝਦੇ। ਇਹ ਵੀ ਹੋ ਸਕਦਾ ਸੀ ਕਿ ਦਿੱਲੀ ਵਾਂਗ ਜੇਕਰ ਕੋਈ ਸੁਧਾਰਵਾਦੀ ਧਿਰ ਇਨ੍ਹਾਂ ਸੂਬਿਆਂ ਵਿਚ ਵੀ ਹੁੰਦੀ ਤਾਂ ਇੱਥੇ ਵੀ ਡੋਰ ਭਾਜਪਾ ਦੀ ਥਾਂ ਕਿਸੇ ਤੀਸਰੀ ਧਿਰ ਦੇ ਹੱਥ ਵਿਚ ਜਾ ਸਕਦੀ ਸੀ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service



- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



Phone:780 463 2886
WE CARE YOUR CAR BETTER

## ਆਮ ਆਦਮੀ ਪਾਰਟੀ ਦੀ ਜਿੱਤ



ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਨੂੰ ਲੋਕਾਂ ਦਾ ਭਰਵਾਂ ਸਮਰਥਨ ਮਿਲਣਾ ਇਸ ਸਾਲ ਦਾ ਸਭ ਤੋਂ ਰੌਚਕ ਸਿਆਸੀ ਵਰਤਾਰਾ ਹੈ ਤੇ ਇਸ ਤੋਂ ਵੀ ਵੱਧ ਰੌਚਕ ਗੱਲ ਦਿੱਲੀ ਵਿਚ ਸਰਕਾਰ ਬਣਾਉਣ ਲਈ ਆਮ ਆਦਮੀ ਪਾਰਟੀ ਵਲੋਂ ਕਾਂਗਰਸ ਨਾਲ ਗਠਜੋੜ ਕਰਨਾ ਪਿਆ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਕੇਜਰੀਵਾਲ ਦੀ ਪਾਰਟੀ ਨੇ ਕੁੱਲ 70 ਸੀਟਾਂ ਵਿਚੋਂ 28 ਹਾਸਲ ਕੀਤੀਆਂ ਹਨ। ਜੇਕਰ ਪਈ ਵੋਟ ਨੂੰ ਪ੍ਰਤੀਸ਼ਤ ਦੇ ਹਿਸਾਬ ਨਾਲ ਆਂਕਿਆ ਜਾਵੇ ਤਾਂ ਕੁੱਲ ਪਈਆਂ ਵੋਟਾਂ 'ਚੋਂ ਤੀਹ ਪ੍ਰਤੀਸ਼ਤ ਵੋਟਾਂ ਆਪ ਨੇ ਹਾਸਲ ਕੀਤੀਆਂ ਹਨ। ਦਿੱਲੀ ਦੇ ਵੋਟਰਾਂ ਨੇ ਇਸ ਵਾਰ ਆਪਣਾ ਫਤਵਾ ਦੇ ਕੇ ਪੂਰੇ ਦੇਸ਼ ਦੇ ਸਿਆਸੀ ਆਗੂਆਂ ਅੱਗੇ ਚੁਣੌਤੀ ਖੜੀ ਕਰ ਦਿੱਤੀ ਹੈ। ਅਸੀਂ ਕਹਿ ਸਕਦੇ ਹਾਂ ਕਿ ਇਸ ਫਤਵੇ ਨਾਲ ਭਾਰਤ ਵਿਚ ਨਵੀਂ ਤਰ੍ਹਾਂ ਦੀ ਸਿਆਸਤ ਲਈ ਜ਼ਮੀਨ ਤਿਆਰ ਹੋ ਗਈ ਹੈ, ਜਿਸ ਨੂੰ ਅਸੀਂ ਸੁਧਾਰਵਾਦੀ ਸਿਆਸਤ ਕਹਿ ਸਕਦੇ ਹਾਂ ਤੇ ਸਿਆਸੀ ਮਾਹਰਾਂ ਵਲੋਂ ਇਹ ਵਿਚਾਰ ਪ੍ਰਗਟਾਏ ਜਾ ਰਹੇ ਹਨ ਕਿ ਇਸ ਤਰ੍ਹਾਂ ਦੇ ਤਜ਼ਰਬੇ ਦੂਸਰੇ ਸੂਬਿਆਂ ਵਿਚ ਵੀ ਹੋਣ ਦੀਆਂ ਸੰਭਾਵਨਾਵਾਂ ਹਨ। ਭਾਰਤ ਵਿਚ ਇਹ ਵੀ ਪਹਿਲੀ ਵਾਰੀ ਹੋਇਆ ਹੈ ਕਿ ਕੋਈ ਸਮਾਜ ਸੇਵੀ ਸਾਲ ਵਿਚ ਆਪਣੀ ਪਾਰਟੀ ਦਾ ਗਠਨ ਕਰ ਕੇ ਮੁੱਖ ਮੰਤਰੀ ਦੀ ਕੁਰਸੀ ਤਕ ਪਹੁੰਚ ਜਾਵੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਅਜਿਹਾ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਹੋਵੇ, ਜਿੱਥੇ ਹਿੰਦੁਸਤਾਨ ਦੇ ਘਾਗ ਸਿਆਸਤਦਾਨ ਬੈਠੇ ਹਨ। ਦਿੱਲੀ ਵਿਧਾਨ ਸਭਾ ਦੇ ਚੋਣ ਨਤੀਜੇ ਆਉਣ ਤੋਂ ਪਹਿਲਾਂ ਕੋਈ ਵੀ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ 28 ਸੀਟਾਂ ਹਾਸਲ ਕਰ ਕੇ ਆਪ ਨੇ ਸਰਕਾਰ ਬਣਾ ਲੈਣੀ ਹੈ।

ਦਿੱਲੀ ਦੇ ਇਨ੍ਹਾਂ ਚੋਣ ਨਤੀਜਿਆਂ ਦਾ ਪ੍ਰਭਾਵ ਪੰਜਬ ਵਿਚ ਵੀ ਦੇਖਿਆ ਜਾ ਰਿਹਾ ਹੈ। ਇਨ੍ਹਾਂ ਚੋਣ ਨਤੀਜਿਆਂ ਤੋਂ ਪੰਜਾਬ ਦੀ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀਪੀਪੀ) ਪੂਰੀ ਉਤਸ਼ਾਹਤ ਨਜ਼ਰ ਆ ਰਹੀ ਹੈ। ਜ਼ਿਕਰਯੋਗ ਹੈ ਕਿ ਪੀਪੀਪੀ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ 2012 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਸੁਧਾਰਵਾਦੀ ਸਿਆਸਤ ਨੂੰ ਲੈ ਕੇ ਲੋਕਾਂ ਵਿਚ ਗਏ ਸਨ। ਪਰ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਪ੍ਰਵਾਨ ਨਹੀਂ ਕੀਤਾ ਸੀ। ਇਸ ਤੋਂ ਪਾਰਟੀ ਵਿਚ ਮਾਯੂਸੀ ਜਿਹੀ ਛਾ ਗਈ ਸੀ। ਪਰ ਕੇਜਰੀਵਾਲ ਦੀ ਜਿੱਤ ਨੇ ਪੀਪੀਪੀ ਦੇ ਆਗੂਆਂ ਵਿਚ ਨਵੀਂ ਆਸ ਜਗਾ ਦਿੱਤੀ ਹੈ। ਹੁਣ ਉਹ ਆਪਣੀ ਹਾਰ ਨੂੰ ਮੁਕਾਮੀ ਹਾਰ ਗਿਣ ਰਹੇ ਹਨ ਤੇ ਨਿਸਚਤ ਤੌਰ 'ਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪੀਪੀਪੀ ਦੇ ਵਰਕਰ ਸਾਨੂੰ ਉਤਸ਼ਾਹਤ ਦਿਖਾਈ ਦੇਣਗੇ।

## ਲੋਕਪਾਲ ਬਿਲ ਪਾਸ ਹੋਇਆ



ਪਿਛਲੇ ਲੰਮੇ ਸਮੇਂ ਤੋਂ ਲੈ ਕੇ ਸਿਆਸੀ ਦਲਾਂ ਵਿਚ ਲੋਕਪਾਲ ਬਿਲ ਨੂੰ ਲੈ ਕੇ ਬਹਿਸ ਚੱਲਦੀ ਰਹੀ ਹੈ। ਪਰ ਇਸ ਬਿਲ ਨੂੰ ਪਾਸ ਕਰਨ ਦੇ ਮਾਮਲੇ ਵਿਚ ਕੁੱਲ ਮਿਲਾ ਕੇ ਅਸੀਂ ਇਹ ਕਹਿ ਸਕਦੇ ਹਾਂ ਕਿਸੇ ਵੀ ਸਿਆਸੀ ਦਲ ਦੀ ਨੀਅਤ ਸਾਫ਼ ਨਹੀਂ ਸੀ। ਭਾਰਤ ਦੇ ਆਮ ਲੋਕਾਂ ਵਿਚ ਇਸ ਬਿਲ ਬਾਰੇ ਚਰਚਾ 2011 ਵਿਚ ਉਦੋਂ ਸ਼ੁਰੂ ਹੋਈ ਜਦੋਂ ਸਮਾਜ ਸੇਵੀ ਅਤੇ ਗਾਂਧੀਵਾਦੀ ਅੰਨਾ ਹਜ਼ਾਰੇ ਇਹ ਬਿਲ ਪਾਸ ਕਰਵਾਉਣ ਲਈ ਦਿੱਲੀ ਵਿਚ ਧਰਨਾ ਲਾ ਕੇ ਬੈਠ ਗਏ। ਇਲੈਕਟ੍ਰੋਨਿਕ ਮੀਡੀਆ ਨੇ ਰਾਤੋ-ਰਾਤ ਅੰਨਾ ਹਜ਼ਾਰੇ ਅਤੇ ਉਸ ਦੀ ਟੀਮ ਨੂੰ ਪੂਰੇ ਭਾਰਤ ਵਿਚ ਪ੍ਰਸਿੱਧ ਕਰ ਦਿੱਤਾ। ਨਿਊਜ਼ ਚੈਨਲਾਂ ਦੁਆਰਾ ਕੀਤੀ ਗਈ ਕਵਰੇਜ਼ ਤੋਂ ਪ੍ਰਭਾਵਤ ਹੋ ਕੇ ਕੱਚੀ ਸਿਆਸੀ ਸਮਝ ਵਾਲੇ ਕੁਝ ਲੋਕਾਂ ਨੇ ਅੰਨਾ ਹਜ਼ਾਰੇ ਦੇ ਵਰਤ ਨੂੰ ਬਹੁਤ ਵੱਡਾ ਅੰਦੋਲਨ ਸਮਝਿਆ। ਮੀਡੀਆ ਨੇ ਇਸ ਘਟਨਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਿਵੇਂ ਇਹ ਦੇਸ਼ ਦੀ ਆਜ਼ਾਦੀ ਦਾ ਅੰਦੋਲਨ ਹੋਵੇ। ਪਰ ਕੇਂਦਰ ਸਰਕਾਰ ਨੇ ਨਾਟਕੀ ਢੰਗ ਅੰਨਾ ਹਜ਼ਾਰੇ ਦਾ ਵਰਤ ਤੁੜਵਾ ਦਿੱਤਾ ਤੇ ਆਪਣੀ ਮਰਜ਼ੀ ਦਾ ਬਿਲ ਲੋਕ ਸਭਾ ਵਿਚ ਪੇਸ਼ ਕਰ ਕੇ ਰਾਜ ਸਭਾ ਵਿਚ ਅਟਕਾ ਦਿੱਤਾ। ਬਿਲ ਦੀ ਰੂਪ-ਰੇਖਾ ਤੋਂ ਨਾਰਾਜ਼ ਹੋ ਕੇ ਅੰਨਾ ਹਜ਼ਾਰੇ ਨੇ ਇੱਕ ਵਾਰ ਫਿਰ ਵਰਤ ਰੱਖਿਆ ਪਰ ਨਤੀਜਾ ਕੁਝ ਨਹੀਂ ਨਿਕਲਿਆ, ਸਗੋਂ ਇਸ ਵਾਰੀ ਅੰਨਾ ਹਜ਼ਾਰੇ ਦੀ ਟੀਮ ਵਿਚ ਪੈਦਾ ਹੋਏ ਮਤਭੇਦ ਲੋਕਾਂ ਸਾਹਮਣੇ ਆ ਗਏ। ਇਸ ਤਰ੍ਹਾਂ ਟੀਮ ਵਿਚ ਪੈਦਾ ਹੋਏ ਮਤਭੇਦਾਂ ਕਾਰਨ ਟੀਮ ਖਿੱਲਰ ਗਈ। ਅੰਨਾ ਹਜ਼ਾਰੇ ਦੇ ਸਭ ਤੋਂ ਨੇੜਲੇ ਅਤੇ ਵਿਸ਼ਵਾਸਯੋਗ ਸਾਥੀ ਅਰਵਿੰਦ ਕੇਜਰੀਵਾਲ ਨੇ ਅੰਨਾ ਤੋਂ ਵੱਖ ਕੇ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ। ਹੌਲੀ-ਹੌਲੀ ਅੰਨਾ ਨੂੰ ਲੈ ਕੇ ਮੀਡੀਆ ਵਿਚ ਵੀ ਕਰੇਜ਼ ਘੱਟ ਗਿਆ ਤੇ ਲੋਕਾਂ ਨੂੰ ਵੀ ਇਹ ਅਹਿਸਾਸ ਹੋ ਗਿਆ ਕਿ ਅੰਨਾ ਨੇ ਸਿਰਫ਼ ਵਰਤ ਰੱਖਿਆ ਸੀ ਕੋਈ ਅੰਦੋਲਨ ਨਹੀਂ ਸੀ ਆਰੰਭਿਆ।

ਪਰ ਹੁਣ ਜਦੋਂ ਅਰਵਿੰਦ ਕੇਜਰੀਵਾਲ ਦੁਆਰਾ ਸੰਗਠਤ ਕੀਤੀ ਗਈ ਸਿਆਸੀ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਸਫਲਤਾ ਹਾਸਲ ਕਰ ਲਈ ਤਾਂ ਅੰਨਾ ਨੂੰ ਵੀ ਇਹ ਜਾਪਿਆ ਕਿ ਉਹ ਇਕੱਲਾ ਪੈ ਗਿਆ ਹੈ ਤੇ ਕਾਂਗਰਸ ਪਾਰਟੀ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ। ਇਸ ਤਰ੍ਹਾਂ ਨਾਟਕੀ ਢੰਗ ਨਾਲ ਅੰਨਾ ਹਜ਼ਾਰੇ ਨੇ ਆਪਣੇ ਪਿੰਡ ਵਿਚ ਲੋਕਪਾਲ ਬਿਲ ਨੂੰ ਲੈ ਕੇ ਫਿਰ ਵਰਤ ਰੱਖ ਲਿਆ ਤੇ ਨਾਲ ਹੀ ਕਾਂਗਰਸ ਦੇ ਆਗੂਆਂ ਦੇ ਇਹ ਬਿਆਨ ਮੀਡੀਆ ਵਿਚ ਆਉਣੇ ਸ਼ੁਰੂ ਹੋ ਗਏ ਕਿ ਅਸੀਂ ਹਰ ਹਾਲ ਵਿਚ ਲੋਕਪਾਲ ਬਿਲ ਪਾਸ ਕਰਾਂਗੇ। ਇਸ ਤਰ੍ਹਾਂ ਦੇ ਨਾਟਕੀ ਮਹੌਲ ਵਿਚ ਲੋਕਪਾਲ ਬਿਲ ਪਾਸ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦੋ ਸਾਲਾਂ ਤੋਂ ਇਸ ਬਿਲ ਨੂੰ ਲੈ ਕੇ ਮੀਡੀਆ ਅਤੇ ਆਮ ਲੋਕਾਂ ਵਿਚ ਬਹੁਤ ਚਰਚਾ ਰਹੀ ਹੈ, ਹੁਣ ਇਹ ਭਵਿੱਖ ਨੇ ਦੱਸਣਾ ਹੈ ਕਿ ਲੋਕਪਾਲ ਬਿਲ ਪਾਸ ਹੋਣ ਨਾਲ ਬਣਦਾ ਕੀ ਹੈ।

## ਫ਼ਿਰਕੂ ਹਿੰਸਾ ਨੇ ਫਿਰ ਕੀਤਾ ਸ਼ਰਮਸਾਰ

ਬੇਸ਼ੱਕ ਭਾਰਤੀ ਸਿਆਸੀ ਆਗੂ ਭਾਰਤ ਨੂੰ ਜਮਹੂਰੀ ਦੇਸ਼ਾਂ ਵਿਚ ਮੋਹਰੀ ਗਿਣਦੇ ਹਨ, ਪਰ ਸੱਚ ਇਹ ਹੈ ਕਿ ਭਾਰਤ ਵਿਚ ਜਮਹੂਰੀ ਕਦਰਾਂ-ਕੀਮਤਾਂ ਦੀ ਕੋਈ ਕਦਰ ਨਹੀਂ ਕਰਦਾ। ਇਸ ਮਾਮਲੇ ਵਿਚ ਸਭ ਤੋਂ ਵੱਧ ਜ਼ਿੰਮੇਵਾਰੀ ਰਾਜਨੀਤਕ ਦਲਾਂ 'ਤੇ ਆਉਂਦੀ ਹੈ। ਹਾਲ ਇਹ ਇਹ ਹੈ ਕਿ ਭਾਰਤ ਵਿਚ ਰਾਜਨੀਤਕ ਦਲ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਦੰਗੇ ਤਕ ਕਰਵਾ ਦਿੰਦੇ ਹਨ, ਜਿਸ ਵਿਚ ਸੈਂਕੜੇ ਲੋਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ, ਹਜ਼ਾਰਾਂ ਲੋਕ ਬੇਘਰ ਹੋ ਜਾਂਦੇ ਹਨ। ਇਸ ਸਾਲ ਅਜਿਹਾ ਹੀ ਉੱਤਰ ਪ੍ਰਦੇਸ਼ ਦੇ ਮੁਜ਼ੱਫ਼ਰਨਗਰ ਜਿਲ੍ਹੇ ਵਿਚ ਹੋਇਆ ਹੈ। ਦੰਗਿਆਂ ਦੀ ਸ਼ੁਰੂਆਤ ਮੁਜ਼ੱਫ਼ਰਨਗਰ ਜਿਲ੍ਹੇ ਦੇ ਕਵਾਲ ਪਿੰਡ ਵਿਚ ਇਕ ਮੁਸਲਿਮ ਲੜਕੇ ਦੁਆਰਾ ਹਿੰਦੂ ਲੜਕੀ ਨਾਲ ਛੇੜਖਾਨੀ ਨੂੰ ਲੈ ਕੇ ਹੋਈ। ਹਿੰਦੂ ਅਤੇ ਮੁਸਲਿਮ ਫਿਰਕੇ ਦੇ ਲੋਕਾਂ ਵਿਚ ਹੋਏ ਇਨ੍ਹਾਂ ਦੰਗਿਆਂ 'ਚ ਲਗਭਗ 50 ਮੌਤਾਂ ਹੋਈਆਂ ਤੇ 100 ਦੇ ਕਰੀਬ ਵਿਅਕਤੀ ਜ਼ਖ਼ਮੀ ਹੋਏ। ਇਸ ਤੋਂ ਇਲਾਵਾ ਬਹੁਤ ਸਾਰੇ ਲਾਪਤਾ ਦੱਸੇ ਜਾਂਦੇ ਹਨ, ਜਿਹੜੇ ਨਾ ਤਾਂ ਘਰਾਂ ਨੂੰ ਪਰਤੇ ਤੇ ਨਾ ਹੀ ਸ਼ਰਨਾਰਥੀ ਕੈਂਪਾਂ ਤਕ ਪਹੁੰਚੇ ਹਨ। ਇਸ ਤੋਂ ਇਲਾਵਾ 50000 ਲੋਕਾਂ ਨੂੰ ਦੰਗਿਆਂ ਕਾਰਨ ਆਪਣਾ ਘਰ-ਬਾਰ ਛੱਡ ਕੇ ਦੌੜਨਾ ਪਿਆ। ਦੰਗਿਆਂ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਸੰਪਤੀ ਦਾ ਵੀ ਕਾਫ਼ੀ ਨੁਕਸਾਨ ਹੋਇਆ, ਜਿਸ ਦੇ ਸਹੀ ਅੰਕੜੇ ਅਜੇ ਤਕ ਵੀ ਦੱਸੇ ਨਹੀਂ ਗਏ। ਇਨ੍ਹਾਂ ਦੰਗਿਆਂ ਦੀ ਸ਼ੁਰੂਆਤ 27 ਅਗਸਤ ਨੂੰ ਹੋਈ ਤੇ 17 ਸਤੰਬਰ ਤੱਕ ਮਾਹੌਲ ਪੂਰਾ ਤਣਾਅਪੂਰਨ ਬਣਿਆ ਰਿਹਾ। ਤਿੰਨ ਹਫ਼ਤਿਆਂ ਦੇ ਇਸ ਵਕਤ ਦਰਮਿਆਨ ਦੰਗਿਆਂ ਨੇ ਹੌਲੀ-ਹੌਲੀ ਘਾਤਕ ਰੂਪ ਧਾਰਿਆ। ਇਸ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਜੇ ਰਾਜ ਸਰਕਾਰ ਚਾਹੁੰਦੀ ਤਾਂ ਇਸ ਤਣਾਅ ਨੇ ਦੰਗਿਆਂ ਵਿਚ ਤਬਦੀਲ ਨਹੀਂ ਹੋਣਾ ਸੀ, ਕਿਉਂਕਿ ਸਰਕਾਰ ਕੋਲ ਦੰਗਿਆਂ ਨੂੰ ਕਾਬੂ ਕਰਨ ਲਈ ਪੂਰਾ ਸਮਾਂ ਸੀ।

ਅਸਲ ਵਿਚ ਇਹ ਦੰਗੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਸਿਆਸੀ ਧਿਰਾਂ ਵਲੋਂ ਪਹਿਲਾਂ ਹੀ ਸੋਚ ਵਿਚਾਰ ਕੇ ਕਰਵਾਏ ਗਏ ਸਨ। ਸਟਿੰਗ ਅਪਰੇਸ਼ਨ ਵਿਚ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਉੱਤਰ ਪ੍ਰਦੇਸ਼ ਦਾ ਘੱਟ ਗਿਣਤੀਆਂ ਦੀ ਭਲਾਈ ਬਾਰੇ ਮੰਤਰੀ ਆਜ਼ਮ ਖਾਨ ਪੁਲੀਸ ਨੂੰ ਇਹ ਨਿਰਦੇਸ਼ ਦਿੰਦਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਸਲਿਮ ਦੰਗਾਕਾਰੀਆਂ ਨੂੰ ਤੁਰੰਤ ਰਿਹਾਅ ਕਰ ਦਿੱਤਾ ਜਾਵੇ ਤੇ ਉਨ੍ਹਾਂ ਖਿਲਾਫ਼ ਕੋਈ ਕਾਰਵਾਈ ਨਾ ਕੀਤੀ ਜਾਵੇ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਰਕਾਰੀ ਮਸ਼ੀਨਰੀ ਦੰਗਾਕਾਰੀਆਂ ਨੂੰ ਸ਼ਹਿ ਦੇ ਰਹੀ ਸੀ। ਇਨ੍ਹਾਂ ਦੰਗਿਆਂ ਵਿਚ ਜਿੱਥੇ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਨੇ ਮੁਸਲਿਮ ਆਗੂਆਂ ਨੂੰ ਭੜਕਾਇਆ, ਉੱਥੇ ਭਾਜਪਾ ਨੇ ਹਿੰਦੂਆਂ ਨੂੰ ਮਾਰ-ਧਾੜ ਕਰਨ ਲਈ ਉਕਸਾਇਆ। ਇਨ੍ਹਾਂ ਦੰਗਿਆਂ ਵਿਚ ਸਿਆਸੀ ਆਗੂਆਂ ਦੀ ਦਖ਼ਲਅੰਦਾਜ਼ੀ ਇਸ ਤੋਂ ਵੀ ਸਪਸ਼ਟ ਹੁੰਦੀ ਹੈ ਕਿ ਪੁਲੀਸ ਵਲੋਂ ਵੱਖ-ਵੱਖ ਧਿਰਾਂ ਦੇ 17 ਸਿਆਸੀ ਆਗੂਆਂ ਵਿਰੁੱਧ ਮਾਮਲੇ ਦਰਜ ਕੀਤੇ ਗਏ ਹਨ।

ਉੱਤਰ ਪ੍ਰਦੇਸ਼ ਦੇ ਇਨ੍ਹਾਂ ਦੰਗਿਆਂ ਨੇ ਇਕ ਵਾਰ ਫਿਰ ਭਾਰਤ ਦੇ ਅਖੌਤੀ ਸਿਆਸੀ ਆਗੂਆਂ ਦੇ ਆਚਰਨ ਨੂੰ ਨੰਗਾ ਕਰ ਕੇ ਰੱਖ ਦਿੱਤਾ ਹੈ। ਇਨ੍ਹਾਂ ਦੰਗਿਆਂ ਨਾਲ ਇੱਕ ਵਾਰੀ ਫਿਰ ਕੌਮਾਂਤਰੀ ਭਾਈਚਾਰੇ ਵਿਚ ਭਾਰਤ ਦੀ ਹੇਠੀ ਹੋਈ ਹੈ।

## ਭ੍ਰਿਸ਼ਟਾਚਾਰ ਤੇ ਕਾਂਗਰਸ ਦੀ ਹਾਰ



ਇਸ ਸਾਲ ਵੀ ਪਿਛਲੇ ਸਾਲ ਵਾਂਗ ਭ੍ਰਿਸ਼ਟਾਚਾਰ ਦੇ ਮੁੱਦੇ ਨੇ ਭਾਰਤ ਦੇ ਸਿਆਸੀ ਸਮੀਕਰਨ ਕਾਫ਼ੀ ਪ੍ਰਭਾਵਤ ਕੀਤੇ ਹਨ। ਕਾਂਗਰਸ ਨੂੰ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਭ੍ਰਿਸ਼ਟਾਚਾਰ ਦੇ ਮੁੱਦੇ ਕਾਰਨ ਹੀ ਮੂੰਹ ਦੀ ਖਾਣੀ ਪਈ ਹੈ। ਇਸ ਮਾਮਲੇ ਵਿਚ ਜੇਕਰ ਕੇਂਦਰ ਸਰਕਾਰ ਦੇ ਮੰਤਰੀਆਂ ਦੀ ਗੱਲ ਕਰੀਏ ਤਾਂ ਇਸ ਵਾਰ ਪਵਨ ਕੁਮਾਰ ਬਾਂਸਲ ਨੂੰ ਰੇਲਵੇ ਮੰਤਰੀ ਤੋਂ ਇਸ ਲਈ ਅਸਤੀਫ਼ਾ ਦੇਣਾ ਪਿਆ ਕਿਉਂਕਿ ਉਸ ਦੇ ਨੇੜਲੇ ਰਿਸ਼ਤੇਦਾਰ ਵਿਜੈ ਸਿੰਗਲਾ 'ਤੇ ਇੰਡੀਅਨ ਰੇਲਵੇ ਬੋਰਡ ਦਾ ਮੈਂਬਰ ਨਿਯੁਕਤ ਕਰਨ ਨੂੰ ਲੈ ਕੇ ਪੰਜਾਹ ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਲੱਗੇ ਹਨ ਤੇ ਪੂਰੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰ ਰਹੀ ਹੈ। ਇਸ ਤਰ੍ਹਾਂ ਹੀ ਅਸ਼ਵਨੀ ਕੁਮਾਰ ਨੂੰ ਕੇਂਦਰੀ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਉਨ੍ਹਾਂ 'ਤੇ ਸੀ.ਬੀ.ਆਈ. ਡਾਇਰੈਕਟਰ ਰਣਜੀਤ ਸਿਨਹਾ ਨੇ ਦੋਸ਼ ਲਾਇਆ ਸੀ ਕਿ ਕੋਲਗੇਟ ਘੁਟਾਲੇ ਦੀ ਜਾਂਚ ਰਿਪੋਰਟ ਸੁਪਰੀਮ ਕੋਰਟ ਵਿਚ ਪੇਸ਼ ਕਰਨ ਤੋਂ ਪਹਿਲਾਂ ਅਸ਼ਵਨੀ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਚੈਕ ਕੀਤੀ ਸੀ। ਇਸ ਮੁੱਦੇ ਨੂੰ ਲੈ ਕੇ ਜਦੋਂ ਵਿਵਾਦ ਜ਼ਿਆਦਾ ਵੱਧ ਗਿਆ ਤਾਂ ਅਸ਼ਵਨੀ ਕੁਮਾਰ ਨੂੰ ਵੀ ਅਸਤੀਫ਼ਾ ਦੇਣਾ ਪਿਆ ਸੀ। ਜੇਕਰ ਸਾਲ ਦੇ ਆਰੰਭ ਵਿਚ ਡੇਢ ਨੰਬਰ ਲੈਣ ਦੀ ਗੱਲ ਕਰੀਏ ਤਾਂ ਉਹ ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਅਤੇ ਉਨ੍ਹਾਂ ਦੇ ਪੁੱਤਰ ਅਜੈ ਚੌਟਾਲਾ ਨੇ ਲਿਆ ਹੈ। ਉਨ੍ਹਾਂ ਨੂੰ ਦਿੱਲੀ ਦੀ ਇੱਕ ਅਦਾਲਤ ਵਲੋਂ ਜਨਵਰੀ ਵਿਚ ਅਧਿਆਪਕਾਂ ਦੀ ਭਰਤੀ ਵਿਚ ਘਪਲਾ ਕਰਨ ਦੇ ਮਾਮਲੇ ਨੂੰ ਲੈ ਕੇ ਸਜ਼ਾ ਸੁਣਾਈ ਗਈ ਸੀ, ਜਿਸ ਦੇ ਚਲਦਿਆਂ ਸੁਪਰੀਮ ਕੋਰਟ ਵਲੋਂ ਜ਼ਮਾਨਤ ਰੱਦ ਕੀਤੇ ਜਾਣ ਕਰ ਕੇ ਉਨ੍ਹਾਂ ਨੂੰ ਸਤੰਬਰ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਸਾਲ ਹੀ ਲਾਲੂ ਪ੍ਰਸ਼ਾਦ ਯਾਦਵ ਨੂੰ ਵੀ ਚਾਰਾ ਘੁਟਾਲੇ ਦੇ ਮਾਮਲੇ ਵਿਚ ਅਦਾਲਤ ਵਲੋਂ ਪੰਜ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪਰ ਹੁਣ ਉਹ ਜ਼ਮਾਨਤ 'ਤੇ ਬਾਹਰ ਆ ਗਏ ਹਨ। ਜੇਕਰ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਗੱਲ ਕਰੀਏ ਤਾਂ ਦਿੱਲੀ ਵਿਚ ਕੇਜਰੀਵਾਲ ਨੂੰ ਲੋਕਾਂ ਦਾ ਇੰਨੇ ਵੱਡੇ ਪੱਧਰ 'ਤੇ ਸਮਰਥਨ ਮਿਲਣ ਦਾ ਸਭ ਤੋਂ ਮੁੱਖ ਕਾਰਨ ਭ੍ਰਿਸ਼ਟਾਚਾਰ ਹੈ। ਹਿੰਦੁਸਤਾਨ ਦੇ ਲੋਕ ਭ੍ਰਿਸ਼ਟ ਸਿਆਸੀ ਆਗੂਆਂ ਤੋਂ ਤੰਗ ਆ ਚੁੱਕੇ ਹਨ। ਅੰਨਾ ਹਜ਼ਾਰੇ ਅਤੇ ਬਾਬਾ ਰਾਮਦੇਵ ਦੀ ਪ੍ਰਸਿੱਧੀ ਪਿੱਛੇ ਵੀ ਭ੍ਰਿਸ਼ਟਾਚਾਰ ਫੈਕਟਰ ਹੈ। ਪਰ ਇਸ ਮਾਮਲੇ ਵਿਚ ਸਿਆਸੀ ਪਾਰਟੀਆਂ ਸ਼ੁੱਧੀਕਰਨ ਨੂੰ ਲੈ ਕੇ ਬਿਲਕੁੱਲ ਵੀ ਗੰਭੀਰ ਨਹੀਂ ਹਨ।

## ਖੱਬੇ ਪੱਖੀਆਂ ਦੀਆਂ ਚੁਣੌਤੀਆਂ ਵਧੀਆਂ

ਜਦ ਤੋਂ ਸਿਆਸਤ ਵਿਚ ਕੋਰਪੋਰੇਟ ਦਾ ਦਖ਼ਲ ਵਧਿਆ ਹੈ ਉਸ ਵੇਲੇ ਤੋਂ ਹੀ ਖੱਬੇ ਪੱਖੀ ਧਿਰਾਂ ਨੂੰ ਸਿਆਸੀ ਮੁਹਾਜ਼ 'ਤੇ ਲਗਾਤਾਰ ਚੁਣੌਤੀਆਂ ਵੱਧ ਰਹੀਆਂ ਹਨ, ਇੱਥੇ ਇਸ ਦਾ ਇਹ ਮਤਲਬ ਨਹੀਂ ਕਿ ਖੱਬੇ ਪੱਖੀ ਧਿਰਾਂ ਲਈ ਪਹਿਲਾਂ ਘੱਟ ਚੁਣੌਤੀਆਂ ਸਨ, ਚੁਣੌਤੀਆਂ ਪਹਿਲਾਂ ਵੀ ਬਹੁਤ ਸਨ, ਪਰ ਪਹਿਲਾਂ ਖੱਬੇ ਪੱਖੀ ਸਿਆਸਤ ਦੇ ਵਿਰੋਧੀਆਂ ਕੋਲ ਇੰਨੇ ਸੰਦ ਨਹੀਂ ਸਨ। ਇਸ ਗੱਲ ਨੂੰ ਸਪਸ਼ਟ ਕਰਨ ਲਈ ਉਦਾਹਰਨ ਹੀ ਕਾਫ਼ੀ ਹੈ ਉਹ ਹੈ ਕੋਰਪੋਰੇਟ ਪੱਖੀ ਮੀਡੀਆ ਦੀ। ਮੁੱਖ ਧਾਰਾ ਦੀ ਸਿਆਸਤ ਕੋਲ ਖੱਬੇ ਪੱਖੀਆਂ ਨੂੰ ਮਾਤ ਦੇਣ ਲਈ ਇਹ ਸਭ ਤੋਂ ਵੱਡਾ ਸੰਦ ਹੈ। ਉਹ ਕੋਰਪੋਰੇਟ ਨਾਲ ਰਲ ਕੇ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਰਾਹੀਂ ਜਨ ਮਾਨਸਿਕਤਾ ਨੂੰ ਪ੍ਰਭਾਵਤ ਕਰਦੇ ਹਨ, ਉਹ ਇਸ ਸੰਦ ਨਾਲ ਆਪਣੀ ਸੁਵਿਧਾ ਮੁਤਾਬਕ ਨਵੇਂ ਰਾਜਨੀਤਿਕ, ਆਰਥਕ, ਸਮਾਜਕ ਅਤੇ ਸਭਿਆਚਾਰਕ ਰੁਝਾਨ ਪੈਦਾ ਕਰਦੇ ਹਨ, ਇਸ ਦੇ ਮੁਕਾਬਲੇ ਖੱਬੇ ਪੱਖੀਆਂ ਕੋਲ ਅਜਿਹੀਆਂ ਚਾਲਾਂ ਦਾ ਬਦਲ ਨਹੀਂ ਹੈ। ਇਸ ਗੱਲ ਨੂੰ ਸਪਸ਼ਟ ਕਰਨ ਲਈ ਅਸੀਂ ਆਮ ਆਦਮੀ ਪਾਰਟੀ ਦੀ ਉਦਾਹਰਨ ਲੈ ਸਕਦੇ ਹਾਂ। ਜਦੋਂ ਕੋਰਪੋਰੇਟ ਮੀਡੀਆ ਦੇ ਇਹ ਗੱਲ ਸਮਝ ਵਿਚ ਆ ਗਈ ਕਿ ਲੋਕਾਂ ਵਿਚ ਗੁੱਸੇ ਦੀ ਭਾਵਨਾ ਲਗਾਤਾਰ ਵੱਧ ਰਹੀ ਹੈ ਤਾਂ ਉਨ੍ਹਾਂ ਨੇ ਇਹ ਸੋਚ ਕੇ ਕਿਤੇ ਲੋਕ ਪੱਖੀ ਧਿਰਾਂ ਇਕਜੁੱਟ ਨਾ ਹੋ ਜਾਣ, ਤਾਂ ਆਮ ਆਦਮੀ ਪਾਰਟੀ ਦੀਆਂ ਗਤੀਵਿਧੀਆਂ ਦੀ ਕਵਰੇਜ ਵਧਾ ਦਿੱਤੀ, ਹੁਣ ਜਦੋਂ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਾਂਗਰਸ ਸਮਰਥਨ ਦੇ ਰਹੀ ਹੈ ਤਾਂ ਇਹ ਬਿਲਕੁੱਲ ਸਪਸ਼ਟ ਵੀ ਹੋ ਜਾਂਦਾ ਹੈ, ਉਨ੍ਹਾਂ ਨੂੰ ਸੁਧਾਰਵਾਦੀ ਸਿਆਸਤ ਰਾਸ ਆ ਸਕਦੀ ਹੈ ਪਰ ਖੱਬੇ ਪੱਖੀ ਸਿਆਸਤ ਨਹੀਂ। ਇਨ੍ਹਾਂ ਹਾਲਤਾਂ ਵਿਚ ਕੀ ਖੱਬੇ ਪੱਖੀ ਸੰਘਰਸ਼ ਕਰਨ ਦੇ ਆਪਣੇ ਰਵਾਇਤੀ ਢੰਗ ਨਾਲ ਜੂਝਦੇ ਰਹਿ ਸਕਣਗੇ। ਅਜਿਹੀਆਂ ਹਾਲਤਾਂ ਦਾ ਟਾਕਰਾ ਕਰਨ ਲਈ ਖੱਬੇ ਪੱਖੀ ਧਿਰਾਂ ਨੂੰ ਨਿਸਚਤ ਹੀ ਨਵੇਂ ਰਾਹ ਤਲਾਸ਼ਣੇ ਪੈਣਗੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਖੱਬੇ ਪੱਖੀ ਧਿਰਾਂ ਲੋਕ ਹਿਤਾਂ ਨਾਲ ਜੁੜੀ ਸਿਧਾਂਤਕ ਸਿਆਸਤ ਕਰਦੀਆਂ ਹਨ, ਪਰ ਇਨ੍ਹਾਂ ਧਿਰਾਂ ਦੀ ਸਮਝ ਵਿਚ ਕਾਫ਼ੀ ਹੱਦ ਤਕ ਸਮਰੂਪਤਾ ਹੋਣ ਦੇ ਬਾਵਜੂਦ ਇਹ ਖਿੱਲਰੀਆਂ ਹੋਈਆਂ ਹਨ, ਹੁਣ ਜਦੋਂ ਮੁੱਖ ਧਾਰਾ ਦੀ ਸਿਆਸਤ ਖੱਬੀਆਂ ਧਿਰਾਂ ਦੇ ਖਾਤਮੇ ਲਈ ਨਵੇਂ ਹਥਿਆਰ ਤਲਾਸ਼ ਰਹੀ ਹੈ ਤਾਂ ਕੀ ਖੱਬੀਆਂ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਕੋਈ ਸਾਂਝਾ ਕਾਰਜਕ੍ਰਮ ਨਹੀਂ ਉਲੀਕਣਾ ਚਾਹੀਦਾ। ਇਸ ਮਾਮਲੇ ਵਿਚ ਖੱਬੇ ਪੱਖੀ ਧਿਰਾਂ ਪੱਛੜੀਆਂ ਹੋਈਆਂ ਹਨ ਤੇ ਉਨ੍ਹਾਂ ਨੂੰ ਇਹ ਤੱਥ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਪਰੋਕਤ ਗੱਲਾਂ ਖੱਬੇ ਪੱਖੀਆਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਹਨ ਪਰ ਇਸ ਦੇ ਬਾਵਜੂਦ ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਕੋਈ ਸਾਧਾਰਨ ਕਾਮਿਆਂ, ਕਿਸਾਨਾਂ, ਨੌਕਰੀਪੇਸ਼ਾ ਲੋਕਾਂ ਦੇ ਹੱਕਾਂ ਲਈ ਸੰਘਰਸ਼ ਹੁੰਦਾ ਹੈ ਤਾਂ ਉਸ ਦੀ ਅਗਵਾਈ ਖੱਬੇ ਪੱਖੀ ਧਿਰਾਂ ਵਲੋਂ ਕੀਤੀ ਜਾਂਦੀ ਹੈ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਆਪਣੀ ਸਿਧਾਂਤਕ ਸਿਆਸਤ ਰਾਹੀਂ ਦੇਸ਼ ਦੇ ਲੋਕਾਂ ਦੇ ਜਮਹੂਰੀ ਹੱਕਾਂ ਲਈ ਇਨ੍ਹਾਂ ਧਿਰਾਂ ਨੇ ਆਵਾਜ਼ ਬੁਲੰਦ ਕੀਤੀ ਹੈ।

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 43

# ਤੇਰੀ ਤਾਂ ਜ਼ਾਤ ਕੋਈ ਨਹੀਂ ਵੇ ਸ਼ਿਵਜੀ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

ਸਿੱਠਣੀਆਂ ਤੋਂ ਬਗ਼ੈਰ ਲੋਕ-ਗੀਤਾਂ ਦਾ ਸੰਗ੍ਰਹਿ ਸੰਪੂਰਨ ਨਹੀਂ ਮੰਨਿਆ ਜਾ ਸਕਦਾ। ਸਿੱਠ ਦਾ ਮਤਲਬ ਤਾਂ ਵਿਅੰਗ ਹੀ ਹੈ ਪਰ ਵਿਆਹਾਂ ਵਿਚ ਗਾਈਆਂ ਜਾਂਦੀਆਂ ਸਿੱਠਣੀਆਂ ਦਾ ਆਧਾਰ ਗਾਲ਼ ਹੈ। ਇਸੇ ਲਈ ਕਈ ਥਾਂ ਇਨ੍ਹਾਂ ਨੂੰ ਗਾਲ਼ੀ ਵੀ ਕਿਹਾ ਜਾਂਦਾ ਹੈ। ਹਰਿਆਣੇ ਵਿਚ ਇਸ ਲਈ 'ਸੀਟਣੇ' ਸ਼ਬਦ ਵਰਤਿਆ ਜਾਂਦਾ ਹੈ। ਕੋਈ ਵੀ ਸਮਾਜ ਕਿੰਨਾ ਵੀ ਦਬਾਅ ਵਾਲਾ ਹੋਵੇ ਉਹ ਦੱਬੇ ਹੋਏ ਲੋਕਾਂ ਨੂੰ ਕੁਝ ਚਿਰ ਲਈ ਖੁੱਲ੍ਹਾ ਛੱਡ ਕੇ ਇਹ ਪ੍ਰਭਾਵ ਦੇਣ ਦਾ ਯਤਨ ਕਰਦਾ ਹੈ ਕਿ ਉਹ ਉਦਾਰ ਵੀ ਹੈ। ਅਜਿਹੀ ਉਦਾਰਤਾ ਦਾ ਪ੍ਰਗਟਾਵਾ ਸਾਡੇ ਵਿਆਹਾਂ ਵਿਚ ਹੁੰਦਾ ਹੈ। ਜਿੱਥੇ ਖ਼ੁਸ਼ੀ ਦੇ ਮਾਹੌਲ ਵਿਚ ਔਰਤਾਂ ਨੂੰ ਹਾਸਾ-ਠੱਠਾ ਕਰਨ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਉਹ ਕੁੜਮਾਂ ਦਾ, ਵਿਚੋਲਿਆਂ ਦਾ, ਜੀਜਿਆਂ ਦਾ ਤੇ ਹੋਰ ਰਿਸ਼ਤੇਦਾਰੀਆਂ ਦਾ ਗਾਲ਼ੀਆਂ ਨਾਲ ਸੁਆਗਤ ਕਰ ਸਕਦੀਆਂ ਹਨ।

ਸਾਰੀ ਰਾਤ ਮੇਲ ਦੇ ਰੂਪ ਵਿਚ ਪੂਰੇ ਪਿੰਡ ਦੀ ਨੀਂਦ ਹਰਾਮ ਕਰ ਸਕਦੀਆਂ ਹਨ। ਅਜਿਹਾ ਕਰਦਿਆਂ ਉਹ ਗਾ ਕੇ ਸਿੱਠਣੀਆਂ ਦਿੰਦੀਆਂ ਇਕ ਦਿਨ ਦੀਆਂ ਮਹਾਰਾਣੀਆਂ ਬਣ ਜਾਂਦੀਆਂ ਹਨ। ਪਰ ਧਰਮ ਨੂੰ ਇਹ ਇਕ ਦਿਨ ਦੀ ਖੁੱਲ੍ਹ ਵੀ ਪ੍ਰਵਾਨ ਨਹੀਂ ਹੁੰਦੀ। ਉਹ ਮਰਦ-ਪ੍ਰਧਾਨ ਸਮਾਜ ਨੂੰ ਪੂਰੀ ਸਖ਼ਤਾਈ ਨਾਲ ਲਾਗੂ ਕਰ ਕੇ ਆਪਣੇ ਵਲੋਂ ਧਾਰਮਕ ਗੀਤ ਗਾਉਣ ਦਾ ਹੁਕਮ ਚਾੜ੍ਹਦਾ ਹੈ। ਸਿੰਘ ਸਭਾ ਵਲੋਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਨ੍ਹਾਂ ਗੀਤਾਂ ਦੇ ਖ਼ਿਲਾਫ਼ ਚਲਾਈ ਮੁਹਿੰਮ ਨੂੰ ਇਸੇ ਸੰਦਰਭ ਵਿਚ ਦੇਖਣ ਦੀ ਲੋੜ ਹੈ। ਸਿੰਘ ਸਭੀਆਂ ਦੇ ਅਜਿਹੇ ਦਬਾਅ ਦੇ ਬਾਵਜੂਦ ਔਰਤਾਂ ਨੇ ਉਨ੍ਹਾਂ ਦੀ ਹਾਂਅ ਪੱਖੀ ਮੁਹਿੰਮ ਨੂੰ ਤਾਂ ਹੁੰਗਾਰਾ ਦਿੱਤਾ ਹੈ, ਪਰ ਕਈ ਗੱਲਾਂ ਵਿਚ ਉਨ੍ਹਾਂ ਦਾ ਮਖੌਲ ਉਡਾ ਕੇ ਉਨ੍ਹਾਂ ਵਲੋਂ ਦਮਨਕਾਰੀ ਆਦੇਸ਼ਾਂ ਨੂੰ ਮੰਨਣ ਤੋਂ ਇਨਕਾਰ ਵੀ ਕੀਤਾ ਹੈ।

ਟੋਲ਼ੀ ਬਾਪੂ ਸਿੰਘ ਸਭੀਏ
ਮੈਨੂੰ ਮੰਨਣੇ ਨਾ ਪੈਣ ਜਠੇਰੇ।
ਟੋਲ਼ੇ ਧੀਏ ਸਿੰਘ ਸਭੀਏ
ਖੁੱਲ੍ਹੇ ਕੇਸ ਗਲਾਂ ਵਿਚ ਪੈਂਦੇ।

ਇਨ੍ਹਾਂ ਸ਼ਬਦਾਂ ਵਿਚ ਮਖੌਲ ਦੀ ਚਾਸ਼ਣੀ ਵੀ ਸਾਫ਼ ਹੈ, ਪਰ ਕਈ ਥਾਈਂ ਤਾਂ ਸਿੱਧੀ ਬਗ਼ਾਵਤ ਹੈ।

ਮਰ ਜਾਣ ਸਿੰਘ ਸਭੀਏ
ਜਿਹੜੇ ਗਿੱਧਾ ਪਾਉਣ ਨਹੀਂ ਦਿੰਦੇ।
ਮਰ ਜਾਣ ਸਿੰਘ ਸਭੀਏ।

ਅਸਲ ਵਿਚ ਸਿੱਠਣੀਆਂ ਔਰਤਾਂ ਦੀਆਂ ਦਬੀਆਂ ਜਿਨਸੀ ਭਾਵਨਾਵਾਂ ਨੂੰ ਪ੍ਰਗਟਾਅ ਦਿੰਦੀਆਂ ਹਨ। ਉਹ ਕਲਪਿਤ ਤੌਰ 'ਤੇ ਸਮਾਜਕ ਰਿਸ਼ਤਿਆਂ ਨੂੰ ਤੋੜ ਕੇ ਤੇ ਨਾਜਾਇਜ਼ ਸਬੰਧ ਜੋੜ ਕੇ ਸੁਆਦ ਲੈਂਦੀਆਂ ਹਨ। ਕਿਸੇ ਇਕ ਨੂੰ ਕਿਸੇ ਦੂਸਰੇ ਮਰਦ ਨਾਲ ਉਧਾਲਿਆ ਜਾਂਦਾ ਹੈ। ਸਾਰੇ ਪਿੰਡ ਦੇ ਮੁੰਡਿਆਂ, ਬੁੱਢਿਆਂ ਨਾਲ ਦੂਜੇ ਪਿੰਡ ਦੀਆਂ ਕੁੜੀਆਂ/ਬੁੱਢੀਆਂ ਦੇ ਨਾਜਾਇਜ਼ ਸਬੰਧ ਜੋੜੇ ਜਾਂਦੇ ਹਨ ਤੇ ਇਉਂ ਥੋੜ੍ਹੇ ਚਿਰ ਲਈ ਜਿਨਸੀ ਭਾਵਨਾਵਾਂ ਦਾ ਕਥਾਰਸਿਸ ਕਰ ਲਿਆ ਜਾਂਦਾ ਹੈ। ਪਰ ਵਿਆਹ ਖ਼ਤਮ ਹੁੰਦਿਆਂ ਹੀ ਉਹੀ ਸਮਾਜਕ ਦਬਾਅ ਹੇਠ ਔਰਤ ਨੂੰ ਵਗਣਾ ਪੈਂਦਾ ਹੈ, ਜਿਸ ਤੋਂ ਥੋੜ੍ਹੇ ਚਿਰ ਰਾਹਤ ਲਈ ਕਿਸੇ ਹੋਰ ਮੌਕੇ ਦੀ ਇੰਤਜ਼ਾਰ ਕਰਨੀ ਪੈਂਦੀ ਹੈ।

ਆਮ ਤੌਰ 'ਤੇ ਸਿੱਠਣੀਆਂ ਵਿਚ ਲਗ-ਲਪੇਟ ਕੋਈ ਨਹੀਂ ਹੁੰਦਾ। ਪਰ ਕਈ ਵਾਰ ਮਰਦ ਨੂੰ ਲਤਾੜਨ ਲਈ ਦੇਵਤਿਆਂ ਦਾ ਓਹਲਾ ਵੀ ਲੈ ਲਿਆ ਜਾਂਦਾ ਹੈ। ਸ਼ਿਵ-ਪਾਰਬਤੀ ਦੇ ਵਿਆਹ ਦਾ ਕਿੱਸਾ ਸਾਰੇ ਭਾਰਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਚੱਲਤ ਹੈ। ਇਕ ਪਾਸੇ ਸੱਪਾਂ ਦੀ ਮਾਲਾ ਪਾਈ, ਸਰੀਰ ਤੇ ਬਭੂਤ ਮਲੀ, ਜਟਾਧਾਰੀ, ਭੰਗੀ ਸ਼ਿਵ ਹੈ ਪਰ ਉਸ ਦੇ ਮੁਕਾਬਲੇ ਔਰਤਾਂ ਦੀ ਆਪਣੀ ਆਦਰਸ਼ ਰੂਪ ਪਾਰਬਤੀ। ਸ਼ਿਵ ਨਾਲ ਸ਼ਿਵ ਵਰਗੇ ਬਰਾਤੀ, ਪਰ ਇੱਧਰ ਉਸ ਤੋਂ ਉਲਟ। ਇਸ ਸਾਰੇ ਪ੍ਰਸੰਗ ਵਿਚ ਔਰਤਾਂ ਸਾਲੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਨੇ ਜੀਜੇ ਨੂੰ ਸਿੱਠਣੀਆਂ/ਗਾਲ਼ਾਂ ਦੇਣ ਦਾ ਪੂਰਾ ਅਧਿਕਾਰ ਹੈ। ਅਜਿਹੀਆਂ ਸਿੱਠਣੀਆਂ ਮੈਂ ਮੋਹਰੀ ਚੱਕ ਦੀਆਂ ਕੁੜੀਆਂ ਤੋਂ ਸੁਣੀਆਂ, ਜਦੋਂ ਉਨ੍ਹਾਂ ਇਹ ਸਿੱਠਣੀਆਂ ਗਾਉਣੀਆਂ ਸ਼ੁਰੂ ਕੀਤੀਆਂ ਤਾਂ ਉਨ੍ਹਾਂ ਸਾਲ਼ੀਆਂ ਵਾਲਾ ਰੂਪ ਧਾਰਨ ਕਰ ਲਿਆ, ਵਿਅੰਗ-ਬਾਣਾਂ ਨਾਲ ਲੈਸ, ਚਿਹਰਿਆਂ 'ਤੇ ਮਖੌਲ ਉਡਾਉਣ ਦਾ ਭਾਵ। ਸਿੱਠਣੀ ਇਕੱਲੀ ਇਕੱਲੀ ਨਹੀਂ, ਪੂਰੀ ਲੜੀ ਦੀ ਲੜੀ।

ਜੰਜ ਗੌਰਾਂ ਜੀ ਦੀ ਆਈ ਏ
ਅਸੀਂ ਓਅਦੇ ਲਾੜੇ ਆਂ
ਜਿਨ੍ਹਾਂ ਗੌਰਾਂ ਬਿਆ੍ਹਈ ਏ।

'ਜੀ' ਤੇ ਬਹੁਵਚਨ ਦਾ ਸੰਬੋਧਨ 'ਸਿੱਠ' ਦੇ ਬਾਵਜੂਦ ਸ਼ਾਲੀਨਤਾ ਨੂੰ ਹੱਥੋਂ ਨਹੀਂ ਖਿਸਕਣ ਦਿੰਦਾ। ਪਹਿਲੀਆਂ ਪੰਗਤੀਆਂ ਸ਼ਿਵ ਵਲੋਂ ਉਚਰਿਤ ਹਨ, ਪਰ ਛੇਤੀ ਹੀ ਲਗਾਮ ਸਾਲੀਆਂ ਹੱਥ ਆ ਗਈ।

ਚੜ੍ਹ ਬੈਲ ਤੇ ਆਇਆ ਏ
ਗੌਰਾਂ ਦੇ ਬਾਗ਼ ਵਿਚ
ਘੋਟਾ ਭੰਗ ਦਾ ਵੀ ਲਾਇਆ ਏ।

ਇਨ੍ਹਾਂ ਸਿੱਠਣੀਆਂ ਦਾ ਰੂਪ ਟੱਪਿਆਂ ਵਾਲਾ ਹੈ। ਸ਼ੁਰੂ ਵਿਚ ਹੀ ਸ਼ਿਵ ਦੇ ਭੰਗੀ ਹੋਣ ਉੱਪਰ ਚੋਟ। ਸਾਰੇ ਵਿਦਵਾਨ (ਆਰ.ਐਸ.ਐਸ.) ਦੇ ਵਿਦਵਾਨਾਂ ਨੂੰ ਛੱਡ ਕੇ ਇਸ ਗੱਲ ਨਾਲ ਸਹਿਮਤ ਹਨ ਕਿ ਸ਼ਿਵ ਸਿੰਧੂ ਘਾਟੀ ਦੀ ਸਭਿਅਤਾ ਦਾ ਦੇਵਤਾ ਹੈ। ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਵਿਚ ਇਸ ਗੱਲ ਦੇ ਪੂਰੇ ਸੰਕੇਤ ਹਨ ਕਿ ਆਰੀਆ ਨੇ ਆਦਿ ਵਾਸੀਆਂ ਤੋਂ ਇਹ ਦੇਵਤਾ ਖੋਹ ਲਿਆ। ਜਦੋਂ ਵੀ ਰਾਵਣ ਤੇ ਉਸ ਦਾ ਪਰਿਵਾਰ ਸ਼ਿਵ ਦੀ ਅਰਾਧਨਾ ਕਰ ਕੇ ਕੋਈ ਵਰ ਪ੍ਰਾਪਤ ਕਰਨ ਪਹੁੰਚਦਾ ਹੈ ਤਾਂ ਦੇਵਤੇ ਕੋਈ ਘਟੀਆ ਚਾਲ ਚਲ ਕੇ ਉਸ ਅਰਾਧਨਾ ਵਿਚ ਵਿਘਨ ਪਾ ਦਿੰਦੇ ਹਨ। ਇਸ ਤਰ੍ਹਾਂ ਸਦੀਆਂ ਦੇ ਤਰਕਾਂ, ਕੁਤਰਕਾਂ ਨਾਲ ਆਰੀਆ ਨੇ ਸ਼ਿਵ ਨੂੰ ਆਪਣਾ ਬਣਾ ਲਿਆ। ਪਰ ਸ਼ਿਵ ਦਾ ਭੋਲਾ-ਭਾਲਾ ਆਦਿ-ਵਾਸੀਆਂ ਵਾਲਾ ਸੁਭਾਅ, ਦੁਸ਼ਮਣ ਦੇ ਝਾਂਸੇ ਵਿਚ ਆ ਕੇ ਵਰ ਦੇ ਦੇਣ ਦੀ ਪ੍ਰਵਿਰਤੀ 'ਤੇ ਪਹਿਰਾਵਾ ਸਭ ਕੁਝ ਪੂਰਵ-ਆਰੀਆ ਸਭਿਅਤਾ ਵਾਲਾ ਹੈ।

ਇਸ ਦੇ ਮੁਕਾਬਲੇ ਆਰੀਆ ਦੇਵਤੇ ਹਰ ਘਟੀਆ ਹਥਿਆਰ ਵੀ ਵਰਤ ਸਕਦੇ ਹਨ, ਜਿਸ ਦਾ ਪ੍ਰਗਟਾਵਾ ਰਾਮਾਇਣ ਮਹਾਂਭਾਰਤ ਦੇ ਅਨੇਕਾਂ ਪ੍ਰਸੰਗ ਕਰਦੇ ਹਨ। ਰਾਮ ਦਲਿਤ ਭਗਤਾਂ ਦਾ ਵੱਧ ਕਰਦਾ ਹੈ, ਬਾਲੀ ਨੂੰ ਧੋਖੇ ਨਾਲ ਮਾਰਦਾ ਹੈ ਅਤੇ ਸੀਤਾ ਨੂੰ ਗਰਭਵਤੀ ਹੋਣ ਦੇ ਬਾਵਜੂਦ ਜੰਗਲਾਂ ਵਿਚ ਭੇਜਦਾ ਹੈ। ਅਸੀਂ ਥੋੜ੍ਹਾ ਦੂਰ ਨਿਕਲ ਗਏ ਹਾਂ ਪਰ ਲੋਕ-ਦੇਵਤਾ ਨੂੰ ਸਮਝਣ ਲਈ ਇਹ ਸਭ ਜ਼ਰੂਰੀ ਹੈ। ਸ਼ਿਵ ਦਾ ਵਾਹਨ ਬੈਲ ਵੀ ਸਿੰਧ ਘਾਟੀ ਦਾ ਪ੍ਰਤੀਕ ਹੈ। ਆਰੀਆ ਨੇ ਤਾਂ ਗਊ-ਧਨ ਨੂੰ ਪ੍ਰਾਥਮਿਕਤਾ ਦਿੱਤੀ ਹੈ, ਗਊ-ਪਤੀ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ। ਕਬੀਲਾਈ ਸਮਾਜ ਵਿਚ ਅਜਿਹੇ (ਪ੍ਰਕਿਰਤਕ) ਨਸ਼ਿਆਂ ਬਾਰੇ ਕੋਈ ਟੈਬੂ ਨਹੀਂ। ਮੁੱਢਲੇ ਆਰੀਆ ਵਿਚ ਵੀ 'ਸੋਮ-ਰਸ' ਪ੍ਰਵਾਨ ਹੈ। ਖ਼ੈਰ ਲੜੀਦਾਰ ਸਿੱਠਣੀਆਂ ਅਗਾਂਹ ਵਧੀਆਂ ਹਨ।

ਗੁੱਸਾ ਸਖੀਆਂ ਨੂੰ ਆਇਆ ਏ
ਨਾਲੇ ਉਹਦੀਆਂ ਜਟਾਂ ਫੜੀਆਂ,
ਨਾਲੇ ਦਾੜ੍ਹਾ ਹਿਲਾਇਆ ਏ।

ਇਉਂ ਲੱਗਦਾ ਹੈ ਜਾਣੇ-ਅਣਜਾਣੇ ਸਾਲੀਆਂ ਨੇ ਆਰੀਅਨ (ਉੱਚੀ ਜਾਤ ਵਾਲਿਆਂ) ਦੀ ਥਾਂ ਲੈ ਲਈ ਹੈ ਅਤੇ ਸ਼ਿਵ ਵਿਰੋਧੀ ਧਿਰ ਵਜੋਂ ਕਬੀਲਾਈ ਸਮਾਜ ਦੇ ਪ੍ਰਤਿਨਿੱਧ ਵਜੋਂ ਸਾਹਮਣੇ ਆ ਖਲੋਤਾ ਹੈ। ਇਸੇ ਲਈ ਉਹ ਭੰਗ ਦੇ ਘੋਟਾ ਲਾਉਣ ਤੋਂ ਖ਼ਫਾ ਹੋ ਗਈਆਂ ਹਨ।

ਸ਼ਿਵ ਸ਼ੰਕਰ ਹੱਸਦੇ ਨੇ।
ਨੰਦੀ ਜੀ ਕਰੋਧ ਨਾ ਕਰੋ,
ਇਥੇ ਫੁਲਕੇ ਬਰਸਦੇ ਨੇ।
ਗੁੱਸਾ ਭੋਲੇ ਜੀ ਨੂੰ ਆਇਆ ਏ।
ਗਲ਼ ਪਏ ਸ਼ੇਖ ਨਾਗ ਨੂੰ
ਮਗਰ ਸਖੀਆਂ ਦੇ ਲਾਇਆ ਏ।

ਨੰਦੀ ਨੂੰ ਗੁੱਸਾ ਨਾ ਕਰਨ ਦੀ ਸਿੱਖਿਆ, ਪਰ ਆਪ ਗੁੱਸੇ ਹੋ ਕੇ ਨਾਗ ਨੂੰ ਹੀ ਮਗਰ ਲਾ ਦਿੱਤਾ ਹੈ। ਇਕ ਬਿਰਤਾਂਤ ਬਣ ਰਿਹਾ ਹੈ, ਭਾਵੇਂ ਥੋੜ੍ਹਾ ਚਿਰ ਹੀ। ਸਖੀਆਂ ਨੂੰ ਗੌਰਾਂ (ਪਾਰਬਤੀ) ਪਾਸ ਪਹੁੰਚਾਉਣ ਲਈ ਇਹ ਕੁਝ ਕੀਤਾ ਗਿਆ ਹੈ।

ਸਖੀਆਂ ਘਬਰਾਈਆਂ ਨੇ
ਨਸਦੀਆਂ ਨੂੰ ਰਾਹ ਨਾ ਲੱਭੇ
ਪਾਸ ਗੌਰਾਂ ਜੀ ਦੇ ਆਈਆਂ ਨੇ।
ਗੌਰਾਂ ਦੇਖਿਆ ਤੇਰਾ ਲਾੜਾ ਏ
ਸਿਰ ਉਤੇ ਜਟਾਂ ਉਸ ਦੇ
ਲੰਮਾ ਗਜ ਗਜ ਦਾਅੜਾ ਏ।

ਸਿੰਧ ਘਾਟੀ ਤੋਂ ਮਿਲੀ ਸ਼ਿਵ ਮੂਰਤੀ ਵਿਚ ਦਾੜ੍ਹੀ ਹੈ, ਪਰ ਬਾਅਦ ਵਿਚ ਦੇਵਤੇ ਸਿਰਫ਼ ਸਿਰ 'ਤੇ ਵਾਲ ਰੱਖਦੇ ਹਨ, ਰਿਸ਼ੀ ਮੁਨੀਆਂ ਲਈ ਲੰਮੀ ਦਾੜ੍ਹੀ ਰਾਖਵੀਂ ਕਰ ਦਿੱਤੀ ਗਈ ਹੈ। ਸ਼ਿਵ ਦੇ ਮਰਦ ਫੁੰਕਾਰੇ ਤੋਂ ਡਰ ਗਈਆਂ। ਸਾਲ਼ੀਆਂ ਪਾਰਬਤੀ ਕੋਲ ਆ ਕੇ ਫਿਰ ਤੋਂ ਸ਼ੇਰ ਹੋ ਗਈਆਂ ਹਨ। ਸਿੱਠ ਦੇ ਮੂਡ ਵਿਚ ਆ ਗਈਆਂ ਹਨ। ਪਾਰਬਤੀ ਜੋ ਕੁਝ ਕਹਿੰਦੀ ਹੈ ਉਸ ਤੋਂ ਸਪਸ਼ਟ ਹੈ ਕਿ ਉਸ ਨੇ ਮਰਦ ਦੇ ਹਰ ਰੂਪ ਨੂੰ ਸਹਿਜ ਵਿਚ ਪ੍ਰਵਾਨ ਕਰ ਲਿਆ ਹੋਇਆ ਹੈ। ਮਿੱਥਾਂ ਦਾ ਡੂੰਘਾਈ ਵਿਚ ਅਧਿਐਨ ਕਰੀਏ ਤਾਂ ਪਤਾ ਲੱਗੇਗਾ ਕਿ ਦੁਰਗਾ ਆਦਿ ਮਾਤਾ ਪ੍ਰਧਾਨ ਸਮਾਜ ਦੀਆਂ ਦੇਵੀਆਂ ਨੂੰ ਛੱਡ ਕੇ ਮਰਦ ਪ੍ਰਧਾਨ ਸਮਾਜ ਦੀਆਂ ਦੇਵੀਆਂ, ਦੇਵਤਿਆਂ ਦੀ ਅਧੀਨਗੀ ਸਵੀਕਾਰ ਕਰਦੀਆਂ ਹਨ। ਉਨ੍ਹਾਂ ਵਿਚ ਹੱਠ, ਜ਼ਿਦ ਆਦਿ ਉਹ ਸਾਰੇ ਗੁਣ ਹਨ ਜੋ ਮਰਦ ਪ੍ਰਧਾਨ ਸਮਾਜ ਨੇ ਉਨ੍ਹਾਂ ਲਈ ਰਾਖਵੇਂ ਕਰ ਦਿੱਤੇ ਹਨ। ਪਾਰਬਤੀ ਉਸ ਤੋਂ ਬਾਹਰ ਨਹੀਂ।

ਗੌਰਾਂ ਹੱਸ ਫ਼ੁਰਮਾਇਆ ਏ
ਤੁਸੀਂ ਕੀ ਲੈਣਾ ਸਖੀਉ,
ਮੇਰੇ ਭੋਲੇ ਜੀ ਦੀ ਮਾਇਆ ਏ।

ਅਚਾਨਕ ਕੁੜੀਆਂ ਨੇ ਅਜਿਹੀਆਂ ਪੰਗਤੀਆਂ ਗਾਈਆਂ ਜੋ ਸੱਚਮੁਚ ਗੁੰਝਲ ਤੋਂ ਘੱਟ ਨਹੀਂ ਸਨ।

ਤਕਦੀਰਾਂ ਸੌਂ ਨੀ ਗਈਆਂ।
ਮੂੰਅ 'ਤੇ ਝੁਰੜੀਆਂ ਪੈ ਨੀ ਗਈਆਂ।

'ਤਕਦੀਰਾਂ' ਕਿਹਦੀਆਂ ਸੁੱਤੀਆਂ ਪਾਰਬਤੀ ਦੀਆਂ? ਗਾਉਣ ਵਾਲੀਆਂ ਔਰਤਾਂ ਦੀਆਂ? ਜਾਂ ਕਿਸੇ ਹੋਰ ਦੀਆਂ? ਇਸ ਦਾ ਜਵਾਬ ਗਾਉਣ ਵਾਲੀਆਂ ਕੁੜੀਆਂ ਵੀ ਮੈਨੂੰ ਨਹੀਂ ਦੇ ਸਕੀਆਂ। ਹਾਂ ਇਨ੍ਹਾਂ ਪੰਗਤੀਆਂ ਦੀ ਲੈਅ ਬਦਲੀ ਹੋਈ ਸੀ ਤੇ ਅਗਾਂਹ ਇਕ ਦਮ ਸਿੱਠਣੀ ਦੀ ਢੋਲਕ ਵਾਲੀ ਲੈਅ ਸ਼ੁਰੂ ਹੋ ਗਈ ਜੋ ਪੰਜਾਬੀ ਲੋਕ ਮਾਨਸ ਦਾ ਹਿੱਸਾ ਬਣੀ ਹੋਈ ਹੈ।

ਸ਼ਿਵ ਸੰਭੂ ਕੈਲਾਸ਼ਪਤੀ, ਜੈ ਗੌਰਾਂ ਜੈ ਪਾਰਬਤੀ।
ਸਾਡੇ ਤਾਂ ਵਿਹੜੇ ਵਿਚ ਪਿੱਤਲ ਪਰਾਤਾਂ,
ਸਾਡੀ ਤਾਂ ਗੌਰਾਂ ਦੀਆਂ ਉਚੀਆਂ ਜਾਤਾਂ,
ਤੇਰੀ ਤਾਂ ਜਾਤ ਕੋਈ ਨਈਂ।
ਨਈਂ ਵੇ ਸ਼ਿਵ ਜੀ ਤੇਰੀ ਤਾਂ ਜਾਤ ਕੋਈ ਨਹੀਂ।

ਜੈ ਵੀ ਬੁਲਾਈ ਜਾ ਰਹੀ ਹੈ, ਪਰ ਨਾਲ ਹੀ ਸਿੱਠ ਵੀ ਪੂਰਾ ਕੀਤਾ ਗਿਆ ਹੈ। ਜਾਤੀ ਵਿਵਸਥਾ ਇੰਨੀ ਧੁਰ ਅੰਦਰ ਧਸ ਗਈ ਹੈ ਕਿ ਦੇਵਤੇ ਨੂੰ ਵੀ ਇਸ ਦਾ ਮਿਹਣਾ ਦੇ ਕੇ ਮਖੌਲ ਕੀਤਾ ਜਾ ਸਕਦਾ ਹੈ। ਆਮ ਆਦਮੀ ਤਾਂ ਕਿਹਦਾ ਪਾਣੀਹਾਰ ਹੈ? ਵੈਸੇ ਅਣਜਾਣੇ ਵਿਚ ਕੁੜੀਆਂ ਨੇ ਦਰਾਵੜ ਦੇਵਤੇ ਨੂੰ ਸਹੀ ਟਿਕਾਣੇ ਲਿਆ ਦਿੱਤਾ ਹੈ, ਕਿਉਂਕਿ ਇੱਲ੍ਹਾਂ ਦਰਾਵੜਾਂ ਨੂੰ ਹੀ ਹਰਾ ਕੇ ਆਰੀਅਨ ਨੇ ਆਪਣੇ ਦਾਸ ਬਣਾ ਉਨ੍ਹਾਂ ਨੂੰ ਚੰਡਾਲ ਤੱਕ ਬਣਾ ਦਿੱਤਾ ਹੈ। (ਸ਼ਿਵ ਜੀ ਦਾ ਇਹੀ ਤਾਂ ਰੂਪ ਹੈ) ਕੁੜੀਆਂ ਅਚੇਤ ਹੀ ਬਹੁਤ ਕੁਝ ਕਹੀ ਜਾ ਰਹੀਆਂ ਹਨ।

ਲੱਜ ਤਾਂ ਪਾਈ ਕੋਈ, ਅਸੀਂ ਆਪਣੇ ਖੂਹ ਨੂੰ।
ਗੌਰਾਂ ਵਿਆਹੀ ਅਸੀਂ ਨਣਦੇ ਦੇ ਮੂੰਹ ਨੂੰ।
ਤੈਨੂੰ ਤਾਂ ਜਾਣਦੇ ਨਹੀਂ,
ਨਹੀਂ ਵੇ ਸ਼ਿਵਜੀ, ਤੈਨੂੰ ਤਾਂ ਜਾਣਦੇ ਨਹੀਂ।
ਸਾਡੇ ਤਾਂ ਵਿਹੜੇ ਵਿਚ ਸੁੰਢ ਜਵੈਣ ਏਂ,
ਨਾ ਇਹਦਾ ਭਾਈ ਤੇ ਨਾ ਇਹਦੀ ਭੈਣ ਏਂ
ਤੇਰੀ ਤਾਂ ਸਾਲੀ ਕੋਈ ਨਹੀਂ,
ਨਹੀਂ ਵੇ ਸ਼ਿਵਜੀ, ਤੇਰੀ ਤਾਂ ਸਾਲੀ ਕੋਈ ਨਹੀਂ।

ਕੁੜੀਆਂ ਨੇ ਸਾਰੇ ਵਿਆਹ ਸੰਸਕਾਰ ਦਾ ਨਕਸ਼ਾ ਖਿੱਚ ਦਿੱਤਾ ਹੈ। ਵਿਆਹ ਵਿਚ ਵਿਚੋਲਣ ਜ਼ਰੂਰੀ ਹੈ। ਪਰ ਇਹ ਬਣੀ ਨਣਾਨ। ਲੱਗਦਾ ਹੈ ਵੱਟਾ-ਸੱਟਾ ਹੋ ਰਿਹਾ ਹੈ, ਪਰ ਨਾਲ ਹੀ ਪਾਰਬਤੀ ਦੀ ਭੈਣ ਹੀ ਕੋਈ ਨਹੀਂ ਖ਼ੈਰ ਇਹੋ ਜਿਹੇ ਅੰਤਰ-ਵਿਰੋਧ ਅਚੇਤ ਹੀ ਆ ਜਾਂਦੇ ਹਨ। ਦੇਵਤਿਆਂ ਨਾਲ ਅਜਿਹੇ ਰਿਸ਼ਤੇ ਜੋੜਨ ਦਾ ਅਰਥ ਉਨ੍ਹਾਂ ਨੂੰ ਆਪਣੇ ਬਰਾਬਰ ਲਿਆ ਦੇਣਾ ਹੈ, ਜੋ ਲੋਕ ਕਰਦੇ ਹਨ। ਲੋਕਾਂ ਨੇ ਹੀ ਤਾਂ ਆਪਣੇ ਰੂਪ ਵਿਚ ਉਨ੍ਹਾਂ ਦੀ ਕਲਪਨਾ ਕੀਤੀ ਹੁੰਦੀ ਹੈ। ਇਹ ਤਾਂ ਬਾਅਦ ਵਿਚ ਸੰਸਥਾਵਾਂ ਉਨ੍ਹਾਂ ਉੱਪਰ ਪਵਿੱਤਰਤਾ ਦਾ ਦਰਜਾ ਥੋਪ ਕੇ ਉਨ੍ਹਾਂ ਨੂੰ ਲੋਕਾਂ ਲਈ ਹਊਆ ਬਣਾ ਦਿੰਦੀਆਂ ਹਨ। ਅਜੇ ਕੁੜੀਆਂ ਦੀਆਂ ਸਿੱਠਣੀਆਂ ਖ਼ਤਮ ਨਹੀਂ ਹੋਈਆਂ।

ਸਾਡੇ ਤਾਂ ਵਿਹੜੇ ਵਿਚ ਵਜਦੀ ਢੋਲਕੀ,
ਅਸੀਂ ਤਾਂ ਸੁਣਿਆ ਸ਼ਿਵਜੀ ਭੰਗੀ ਤੇ ਪੋਸਤੀ
ਇਹ ਗੱਲ ਬਣਦੀ ਨਹੀਂ।
ਨਹੀਂ ਵੇ ਸ਼ਿਵਜੀ, ਇਹ ਗੱਲ ਬਣਦੀ ਨਹੀਂ।

ਜਿੱਥੋਂ ਗੱਲ ਸ਼ੁਰੂ ਹੋਈ ਸੀ, ਉਥੇ ਹੀ ਆ ਕੇ ਖ਼ਤਮ ਹੋ ਗਈ। ਇਸ ਤਰ੍ਹਾਂ ਦੀਆਂ ਲੜੀਦਾਰ ਸਿੱਠਣੀਆਂ ਤਾਂ ਮੈਂ ਹੋਰ ਵੀ ਕਈ ਥਾਂ ਸੁਣੀਆਂ ਹਨ, ਪਰ ਸ਼ਿਵਜੀ ਨਾਲ ਸਬੰਧਤ ਅਜਿਹੀਆਂ ਸਿੱਠਣੀਆਂ ਮੈਨੂੰ ਹੋਰ ਕਿਤੇ ਵੀ ਨਹੀਂ ਮਿਲੀਆਂ। ਪਹਾੜੀ ਇਲਾਕੇ ਵਿਚ ਸ਼ਿਵ-ਪਾਰਬਤੀ ਦੇ ਵਿਆਹ ਬਾਰੇ ਵਧੇਰੇ ਚਰਚਾ ਹੈ, ਉਥੇ ਅਜਿਹੀਆਂ ਸਿੱਠਣੀਆਂ ਮਿਲਣ ਦੀ ਵਧੇਰੇ ਆਸ ਹੋ ਸਕਦੀ ਹੈ।

ਅਜੋਕੇ ਫਿਰਕੂ ਮਾਹੌਲ ਨੇ ਸਾਡੀਆਂ ਅਜਿਹੀਆਂ ਸੱਚੀਆਂ-ਸੁੱਚੀਆਂ ਭਾਵਨਾਵਾਂ ਨੂੰ ਵੀ ਮਧੋਲ ਕੇ ਰੱਖ ਦਿੱਤਾ ਹੈ। ਲੋਕਾਂ ਦੇ ਨਾਇਕਾਵਾਂ ਤੇ ਦੇਵਤਿਆਂ ਨੂੰ ਸੰਪ੍ਰਦਾਇਕ ਤੱਤ ਨੇ ਸੰਪ੍ਰਦਾਇਕ ਵਿਸ਼ੇਸ਼ ਦੇ ਫਾਸੀਵਾਦੀ ਨਾਇਕ ਦੇ ਦੇਵਤੇ ਬਣਾ ਕੇ ਰੱਖ ਦਿੱਤਾ ਹੈ। ਇਸੇ ਲਈ ਲੋਕਾਂ ਦੇ ਵਿਰਸੇ ਦੀ ਸਹੀ ਰੂਪ ਵਿਚ ਪਛਾਣ ਅੱਜ ਪਹਿਲਾਂ ਨਾਲੋਂ ਵੀ ਵਧੇਰੇ ਜ਼ਰੂਰੀ ਹੈ।

***

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
GHI
Ontario Association of Certified Home Inspectors
OAHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Cell: 416 839 3436 ▲ Ph: 905 479 5807

# ਉਮੀਦ ਦਾ ਸ਼ਾਇਰ ਗੁਰਪ੍ਰੀਤ ਸਿੰਘ ਰੰਗੀਲਪੁਰ



ਗੁਰਪ੍ਰੀਤ ਰੰਗੀਲਪੁਰ
+91-98552-07071
rangilpur@gmail.com



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਨੌਜਵਾਨ ਕਵੀ ਗੁਰਪ੍ਰੀਤ ਸਿੰਘ ਰੰਗੀਲਪੁਰ ਮੇਰੇ ਜ਼ਿਲ੍ਹੇ ਗੁਰਦਾਸਪੁਰ ਦੇ ਪਿੰਡ ਰੰਗੀਲਪੁਰ, ਤਹਿਸੀਲ ਬਟਾਲਾ ਦਾ ਜੰਮਪਲ ਹੈ। ਉਹ ਦੱਬੇ-ਕੁਚਲੇ ਸਮਾਜਕ ਵਰਗ ਵਿਚ ਗ਼ਰੀਬੀ ਵਿਚ ਪਲਿਆ। ਅੱਜ ਉਹ ਅਧਿਆਪਕ ਹੈ। ਉਸ ਨੂੰ ਸਮਾਜ ਦੇ ਹੇਠਲੇ ਵਰਗ ਨਾਲ ਅੰਤਾਂ ਦਾ ਮੋਹ ਹੈ। ਉਹ ਮੱਖਣ ਕੁਹਾੜ ਵਰਗੇ ਲੋਕ ਸੰਘਰਸ਼ਾਂ ਦੇ ਨਾਇਕਾਂ ਨੂੰ ਰਹਿਨੁਮਾ ਮੰਨਦਾ ਹੈ। ਉਸ ਨੂੰ ਇਲਮ ਹੋ ਗਿਆ ਹੈ ਕਿ ਸਮਾਜਕ ਕ੍ਰਾਂਤੀ ਵਾਸਤੇ ਸੰਘਰਸ਼ ਜ਼ਰੂਰੀ ਹੈ ਅਤੇ ਏਕੇ ਬਿਨਾਂ ਸੰਘਰਸ਼ ਨਹੀਂ ਹੋ ਸਕਦਾ। ਏਕੇ ਦੀ ਸੂਤਰਧਾਰ ਚੇਤਨਾ ਹੈ। ਚੇਤਨਾ ਦੀ ਤੀਜੀ ਅੱਖ ਨੇ ਹੀ ਉਸ ਨੂੰ ਕਵਿਤਾ ਨਾਲ ਜੋੜਿਆ ਹੈ। ਉਹ ਲੋਕਾਂ ਦਾ ਕਵੀ ਹੈ। ਲੋਕਾਂ ਦੇ ਮਸਲੇ ਉਹ ਕਵਿਤਾ ਵਿਚ ਤੇ ਗੀਤਾਂ, ਗ਼ਜ਼ਲਾਂ ਵਿਚ ਸਿਰਜ ਰਿਹਾ ਹੈ। ਉਸ ਦੀ ਰਾਜਸੀ ਚੇਤਨਾ ਆਰਥਕ ਨਾਬਰਾਬਰੀ ਨੂੰ ਅੱਖ ਤਿਣ ਜਾਣਦੀ ਹੈ। ਉਹ ਉਨ੍ਹਾਂ ਕਵੀਆਂ ’ਚੋਂ ਨਹੀਂ ਜਿਹੜੇ ਕਵਿਤਾ ਨੂੰ ਮਹਿਜ਼ ਮਸ਼ਹੂਰ ਹੋਣ ਲਈ ਅਤੇ ਹਉਮੈ ਨੂੰ ਪੱਠੇ ਪਾਉਣ ਵਾਸਤੇ ਲਿਖਦੇ ਹਨ, ਸਗੋਂ ਉਸ ਦੇ ਬੋਲ ਲੋਕਾਂ ਦੇ ਸੰਕਟ ਮੋਚਨ ਦੇ ਮੰਤਰ ਹਨ। ਉਸ ਦੇ ਬੋਲ ਲੋਕਾਂ ਨੂੰ ਲਲਕਾਰਦੇ ਹਨ ਕਿ ਉੱਠੋ ਤੇ ਹਨੇਰੇ ਨੂੰ ਦੂਰ ਕਰਨ ਲਈ ਮਿਸਾਲਾਂ ਬਾਲੋ। ਕੇਵਲ ਰੁਦਨ ਕੀਤਿਆਂ ਅਤੇ ਇਕ ਦੂਜੇ ਨੂੰ ਮਿਹਣੇ ਤਾਅਨੇ ਦੇਣ ਨਾਲ ਹੀ ਇਹ ਹਨੇਰੇ ਦੂਰ ਨਹੀਂ ਹੋਣੇ। ਸੂਰਮਾ ਉਹ ਹੈ ਜਿਸ ਨੇ ਘੱਟੋ ਘੱਟ ਇਕ ਦੀਪ ਤਾਂ ਜਗਾਇਆ ਭਾਵੇਂ ਕਮਰੇ ਵਿਚ ਹੀ।

ਉਹ ਉਨ੍ਹਾਂ ਕਵੀਆਂ ’ਚੋਂ ਨਹੀਂ ਜਿਹੜੇ ਸੰਸਾਰ ਦੀਆਂ ਕਠਿਨਾਈਆਂ ਅਤੇ ਔਰੰਗਜ਼ੇਬੀ ਜ਼ੁਲਮਾਂ ਤੋਂ ਡਰਦਿਆਂ ਸੰਘਰਸ਼ਾਂ ਤੋਂ ਮੂੰਹ ਮੋੜ ਕੇ ਕੇਵਲ ਰੂਪਵਾਦ ਦੇ ਸ਼ਿਕਾਰ ਹੋ ਕੇ ‘ਕਲਾ ਕਲਾ ਲਈ’ ਦਾ ਹੋਕਾ ਦੇਣ ਲੱਗਦੇ ਹਨ ਅਤੇ ਕਾਵਿ ਅਤੇ ਕਲਾ ਨੂੰ ਇਕ ਸੁਗੰਧਤ ਅਧਾਰ ਭੂਮੀ ਦੇ ਰੂਪ ਵਿਚ ਮੰਨਦੇ ਹਨ। ਇਹ ਜੀਵਨ ਤੋਂ ਭਗੋੜੇ ਸਿੱਧ ਵਾਦੀਦੇ ਸਮਝਦੇ ਨਾਲ ਕੁਝ ਨਹੀਂ ਸੰਵਰਨਾ। ਉਹ ਦੁੱਖਾਂ ਨੂੰ ਭੁਲਾਉਣ ਲਈ ‘ਸੁਥਰਾ ਸ਼ਾਹ’ ਹੋ ਜਾਂਦੇ ਹਨ। ਐਸੇ ਭਾਂਜਵਾਦੀ ਕਵੀ ਆਪਣੇ ਘਰ ਦੇ ਸੋਫ਼ੇ ’ਤੇ ਬੈਠ ਕੇ ਕਵਿਤਾ ਦੀ ਜੁਗਾਲੀ ਕਰਦੇ ਹਨ ਅਤੇ ਬੜੀ ‘ਡੂੰਘੀ ਕਵਿਤਾ’ ਸਿਰਜਦੇ ਹਨ। ਉਸ ਦੀ ਕਵਿਤਾ ਲੋਕਾਂ ਦੇ ਬੋਲ ਹਨ। ਉਹ ਲੋਕ ਸ਼ਕਤੀ ਦੀ ਵਿਰਾਟਤਾ ਵਿਚ ਵਿਸ਼ਵਾਸ ਰੱਖਣ ਵਾਲਾ ਜਿਉੜਾ ਹੈ। ਉਹ ਆਸ ਮੁਖੀ ਹੈ ਤੇ ਨਿਰਾਸ਼ਾ ਨੂੰ ਨੇੜੇ ਵੀ ਫਟਕੜ ਨਹੀਂ ਦੇਂਦਾ। ‘ਨਵੀਂ ਦੁਨੀਆ’ ਦੇ ਪਾਠਕਾਂ ਲਈ ਪੇਸ਼ ਹਨ ਉਸ ਦੀਆਂ ਕੁਝ ਕਵਿਤਾਵਾਂ :-

## ਅਨੁਵਾਦ ਤਲਖ਼ੀਆਂ ਦਾ

ਕਿਰਤ ਤੇ ਕਿਰਤੀਓ ਵੱਧ ਗਈ ਦੂਰੀ,
ਭੁੱਖ, ਸਮਝੌਤਾ, ਢਿੱਡ ਮਜਬੂਰੀ,
ਰੋਜ਼ੀ ਬਦਲੇ ਮਿਲਦੀ ਘੂਰੀ,
ਲਾਰਿਆਂ ਦੀ ਹੈ ਮਿੱਠੀ ਚੂਰੀ,
ਚਾਰੇ ਪਾਸੇ ਗੂੰਜ ਰਿਹਾ ਬਸ ਨਾਦ ਤਲਖ਼ੀਆਂ ਦਾ
ਕਰਨਾ ਹੈ ਤਾਂ ਕਰ ਕਵੀਆ ਅਨੁਵਾਦ ਤਲਖ਼ੀਆਂ ਦਾ

ਧਰਤੀਓਂ ਪਾਣੀ ਮੁੱਕਦੇ ਜਾਂਦੇ, ਸਾਹ ਖੇਤਾਂ ਦੇ ਸੁੱਕਦੇ ਜਾਂਦੇ।
ਕਰਜ਼ੇ ਵਿਚ ਡੁੱਬੀ ਕਿਰਸਾਨੀ, ਫ਼ਸਲਾਂ ਖਾ ਗਈ ਲੋਟੂ ਢਾਣੀ।
ਲੇਖਾ ਜੋਖਾ ਕਰੇਂਗਾ ਮਰਨ ਤੋਂ ਬਾਅਦ ਤਲਖ਼ੀਆਂ ਦਾ
ਕਰਨਾ ਹੈ ਤਾਂ ਕਰ ਕਵੀਆ ਅਨੁਵਾਦ ਤਲਖ਼ੀਆਂ ਦਾ।

ਰਾਖੇ ਬਣ ਗਏ ਚੋਰ ਓ ਲੋਕੋ, ਮਾੜੇ ਉਤੇ ਜ਼ੋਰ ਓ ਲੋਕੋ।
ਹਰ ਪਾਸੇ ਬਦਮਾਸ਼ੀ ਖ਼ਤਰਾ, ਰੱਤ ਨਿਚੋੜੇ ਕਤਰਾ-ਕਤਰਾ।
ਅਖ਼ਬਾਰਾਂ ਵਿਚ ਛਪਦਾ ਰੋਜ਼ ਵਿਵਾਦ ਤਲਖ਼ੀਆਂ ਦਾ
ਕਰਨਾ ਹੈ ਤਾਂ ਕਰ ਕਵੀਆਂ ਅਨੁਵਾਦ ਤਲਖ਼ੀਆਂ ਦਾ

ਜਵਾਨੀ ਨਸ਼ਿਆਂ ਦੇ ਲੜ ਲੱਗੀ, ਨੌਕਰੀ ਰਿਸ਼ਵਤਖੋਰੀ ਠੱਗੀ।
ਰੋਗ ਵਧੇ ਨੇ ਘਟੀ ਦਵਾਈ, ਵਿਹੜਿਆਂ ’ਚੋਂ ਮੁੱਕ ਗਈ ਪੜ੍ਹਾਈ।
ਗਲ਼-ਗਲ਼, ਨੱਕ-ਨੱਕ ਆ ਗਿਆ ਹੈ ਹੁਣ ਆਬ ਤਲਖ਼ੀਆਂ ਦਾ
ਕਰਨਾ ਹੈ ਤਾਂ ਕਰ ਕਵੀਆ ਅਨੁਵਾਦ ਤਲਖ਼ੀਆਂ ਦਾ

ਫੁਲਕਿਆਂ ਉਤੋਂ ਦਾਲ ਵੀ ਭੱਜੀ, ਲੱਜ ਨਹੀਂ ਸਰਕਾਰ ਨਿਲੱਜੀ
ਪੈਟਰੋਲ ਦੀ ਕੀਮਤ ਅੰਬਰ ਛੂਹੇ, ਖਾਲੀ ਸਿਲੰਡਰ ’ਚ ਭੁੜਕਣ ਚੂਹੇ
ਨਵਾਂ ਬਣਾਈਏ ਬਣ ਜਾਏ, ਇਕ ਵਾਦ ਤਲਖ਼ੀਆਂ ਦਾ
ਕਰਨਾ ਹੈ ਤਾਂ ਕਰ ਕਵੀਆ ਅਨੁਵਾਦ ਤਲਖ਼ੀਆਂ

ਮਾਂ, ਭੈਣ ਤੇ ਪਤਨੀ ਬਣਦੀ, ਜਗ ਜਣਨੀ ਹੈ ਸਭ ਨੂੰ ਜਣਦੀ
‘ਕੁੱਖ ਦੇ ਵਿਚ ਹੀ ਮਾਰ ਮੁਕਾਵੇ, ਜਾਂ ਫਿਰ ਦਾਜ ਦੀ ਬਲੀ ਚੜ੍ਹਾਵੇ’
ਮਸਾਲੇ ਲਾ-ਲਾ ਨਾ ਲਿਆ ਕਰ ਸੁਆਦ ਤਲਖ਼ੀਆਂ ਦਾ
ਕਰਨਾ ਹੈ ਤਾਂ ਕਰ ਕਵੀਆ ਅਨੁਵਾਦ ਤਲਖ਼ੀਆਂ ਦਾ

ਤਲਖੀਆਂ ਨੇ ਹੈ ਨਾਅਰਾ ਬਣਨਾ, ਮੁੱਕੇ ਬਣ ਸੜਕਾ ਤੇ ਤਣਨਾ
ਲੋਕ ਵਹੀਰਾਂ ਘੱਤ ਤੁਰਨੇ ਨੇ, ਫਿਰ ਇਹ ਰੋਕਿਆ ਕਦ ਰੁਕਣੇ ਨੇ।
ਫੇਰ ਕਰਾਂਗਾ ਮੈਂ ਵੀ ਖ਼ੁਦ ਧੰਨਵਾਦ ਤਲਖ਼ੀਆਂ ਦਾ
ਕਰਨਾ ਹੈ ਤਾਂ ਕਰ ਕਵੀਆ ਅਨੁਵਾਦ ਤਲਖ਼ੀਆਂ ਦਾ।

---

## ਇਹ ਕੇਹੀ ਤਰੱਕੀ ਹੈ...

ਐਸ਼ਾਂ ਲਈ ਸਹੂਲਤਾਂ ਬੜੀਆਂ,
ਸਾਹਾਂ ਦੀਆਂ ਘਟੀਆਂ ਨੇ ਘੜੀਆਂ,
ਓ ਵਿਕਦੇ ਕੁਦਰਤੀ ਸੋਮੇ,
ਕਿਸੇ ਨਾ ਖੁਲ੍ਹ ਇਹ ਡੱਕੀ ਹੈ।
ਇਹ ਕੇਹੀ ਤਰੱਕੀ ਹੈ ?

ਪਾਣੀ ਵੀ ਗੰਧਲੇ ਹੋ ਗਏ, ਪੀਣੇ ਪੈਂਦੇ ਨੇ ਪੁਣ-ਪੁਣ ਕੇ,
ਹਵਾ ਵਿਚ ਜ਼ਹਿਰਾਂ ਘੁੱਲ ਗਈਆਂ, ਘੋਲੀਆਂ ਆਪੇ ਚੁਣ-ਚੁਣ ਕੇ,
ਮਿੱਟੀ ਦਾ ਉਪਜਾਉਪਣ ਵੀ, ਬਹੁਤੇ ਥਾਵਾਂ ’ਤੇ ਸ਼ੱਕੀ ਹੈ।
ਇਹ ਕੇਹੀ ਤਰੱਕੀ ਹੈ ?

ਆਇਆ ਵਿਗਿਆਨਕ ਯੁੱਗ ਕੈਸਾ, ਮਸ਼ੀਨਾਂ ਰਾਹੀਂ ਜਾਂਚਦੇ ਨੇ,
ਕੁੱਖ ਵਿਚ ਕੁੜੀ ਹੈ ਜਾਂ ਮੁੰਡਾ, ਡਾਕਟਰ ਪਹਿਲਾਂ ਹੀ ਭਾਂਪਦੇ ਨੇ,
ਧੀ ਦੇ ਕਾਤਲਾਂ ਦੇ ਵਿਚ, ਇਹਦੀ ਹਿੱਸੇਦਾਰੀ ਪੱਕੀ ਹੈ।
ਇਹ ਕੇਹੀ ਤਰੱਕੀ ਹੈ ?

ਭੀੜ ਹੈ ਮੋਟਰ-ਗੱਡੀਆਂ ਦੀ, ਕਿੱਲੀ ਫਿਰ ਪੂਰੀ ਨੱਪਦੇ ਨੇ,
ਕਾਹਲੀ ਹੈ ਅੱਗੇ ਨਿਕਲਣ ਦੀ, ਮੀਟਰ ਸੌ ਤੋਂ ਉਪਰ ਟੱਪਦੇ ਨੇ,
ਗਿੜਦੀ ਹਾਦਸਿਆਂ ਦੀ ਪਈ, ਰੋਜ਼ਾਨਾ ਇਕੋ ਇਕ ਚੱਕੀ ਹੈ।
ਇਹ ਕੇਹੀ ਤਰੱਕੀ ਹੈ ?

ਪੱਥਰ ਨੂੰ ਪੂਜਦੇ ਲੋਕੀਂ, ਬੰਦੇ ਨੂੰ ਕੋਈ ਪੁੱਛਦਾ ਨਾ,
ਜਾਨਵਰ ਸੀਨੇ ਲਾ ਸੌਂਦੇ, ਮਾਪਿਆਂ ਕੋਲ ਕੋਈ ਢੁੱਕਦਾ ਨਾ,
ਢਿੱਡ ਆਪਣਾ ਨੰਗਾ ਹੋਊ, ਰਹਿਣ ਦੇ ਰਿੱਝਦੀ ਢੱਕੀ ਹੈ।
ਇਹ ਕੇਹੀ ਤਰੱਕੀ ਹੈ ?

---

## ਕਿਰਤੀਓ

ਲੁੱਟ ਹੁੰਦੀ ਪਈ ਏ ਕਿਰਤ ਦੀ, ਤੁਸੀਂ ਆਪ ਬਚਾਉਣੀ,
ਤੁਹਾਡੇ ਬੱਚੜੇ ਭੁੱਖੇ ਸੌਣ ਕਿਉਂ ? ਪਊ ਜੁਗਤ ਬਣਾਉਣੀ,
ਸੱਜਣ ਠੱਗਾਂ, ਭਾਗੋਆਂ ਨੂੰ ਸਬਕ ਸਿਖਾ ਲਓ।
ਕਰਕੇ ਏਕਾ ਕਿਰਤੀਓ, ਇਹ ਦੇਸ਼ ਬਚਾਅ ਲਓ।

ਨਸ਼ਾ ਹੈ ਸਸਤਾ ਵਿਕ ਰਿਹਾ ਤੇ ਮਹਿੰਗਾ ਰਾਸ਼ਨ,
ਪੀਣ ਲਈ ਪਾਣੀ ਸਾਫ਼ ਨਾ, ਸੁੱਤਾ ਪਿਆ ਪ੍ਰਸ਼ਾਸਨ
ਖ਼ੁੱਸੀਆਂ ਸਿਹਤ ਸਹੂਲਤਾਂ, ਢਾਂਚਾ ਬਦਲਾ ਲਓ
ਕਰ ਕੇ ਏਕਾ ਕਿਰਤੀਓ, ਇਹ ਦੇਸ਼ ਬਚਾ ਲਓ।

ਦਿਨ-ਦੀਵੀਂ ਹੁੰਦੇ ਚੀਰ-ਹਰਨ, ਅੱਖਾਂ ’ਤੇ ਪੱਟੀਆਂ,
ਪੱਗਾਂ ਤਮਾਸ਼ਾ ਵੇਖਦੀਆਂ, ਚਿੱਟੀਆਂ ਤੇ ਖੱਟੀਆਂ,
ਜੀਣਾ ਦੁਭਰ ਧੀਆਂ ਦਾ, ਹਰ ਵਹਿਸ਼ੀ ਢਾਹ ਲਓ।
ਕਰ ਕੇ ਏਕਾ ਕਿਰਤੀਓ, ਇਹ ਦੇਸ਼ ਬਚਾਅ ਲਓ।

ਰੁਲਿਆ ਅੱਜ ਬੁਢਾਪਾ ਹੈ, ਵਿਹਲੀ ਪਈ ਜਵਾਨੀ,
ਮਜ਼ਦੂਰਾਂ ਦਾ ਬੁਰਾ ਹਾਲ ਹੈ, ਰੁਲ ਗਈ ਕਿਸਾਨੀ,
ਮਸਲੇ ਬੜੇ ਨੇ ਦੋਸਤੋ, ਸਭ ਹੱਲ ਕਰਾ ਲਓ,
ਕਰ ਕੇ ਏਕਾ ਕਿਰਤੀਓ, ਇਹ ਦੇਸ਼ ਬਚਾਅ ਲਓ।

ਰਾਜ ਕਰਨ ਲਈ ਹਾਕਮਾਂ, ਤੁਹਾਨੂੰ ਪਾੜ੍ਹ ਕੇ ਰੱਖਣਾ,
ਪੈਰਾਂ ਉਤੇ ਖੜਜੋ ਨਾ ਕਿਤੇ, ਜੜ੍ਹੋਂ ਉਖਾੜ ਕੇ ਰੱਖਣਾ,
ਭੁੱਲ ਕੇ ਵੈਰ ਵਿਰੋਧ ਨੂੰ, ਹਰ ਸਾਂਝ ਵਧਾ ਲਓ।
ਕਰ ਕੇ ਏਕਾ ਕਿਰਤੀਓ, ਇਹ ਦੇਸ਼ ਬਚਾਅ ਲਓ।

---

## ਗ਼ਜ਼ਲ

ਯਾਰ ਵਿਦੇਸ਼ੀ ਉਸ ਦੇ, ਜੋ ਦਿੱਲੀ ਰਾਣੀ।
ਕੌਣ ਕਹੇ ਨੀ ਅੱਗਾ ਢੱਕ, ਆਪਣਾ ਪਟਰਾਣੀ।

ਬੋਲਣੋ, ਲਿਖਣੋ ਰੋਕਦੀ, ਹੱਕ ਮੰਗਣੋ ਡੱਕਦੀ,
ਗੌਡਸੇਵਾਦੀ ਫਿਰ ਰਹੀ ਸੰਵਿਧਾਨਿਕ ਢਾਣੀ।

ਅੰਨਿਆਂ ਵੰਡੀ ਸੀਰਨੀ, ਬਸ ਟੱਬਰ ਨੂੰ ਹੀ,
ਖ਼ਾਲੀ ਖ਼ਜ਼ਾਨਾ ਕਰ ਦਿੱਤਾ ਚੋਰਾਂ ਦੀ ਢਾਣੀ।

ਥਾਂ-ਥਾਂ ਸ਼ਿਕਰੇ ਉਡਦੇ, ਚਿੜੀਆਂ ਨੂੰ ਨੋਚਣ,
ਢਿੱਡੀਂ ਠੱਗੀ, ਪਾਪ ਹੈ, ਮੁੱਖ ’ਤੇ ਗੁਰਬਾਣੀ।

ਗ਼ਰੀਬ ਲਈ ਬਣੀਆਂ ਨੀਤੀਆਂ, ਆਮ ਤਕ ਨਾ ਪੁੱਜਣ,
ਰਿੜਕ ਕੇ ਕੀ ਹੈ ਨਿਕਲਣਾ ? ਪਾਣੀ ਵਿਚ ਮਧਾਣੀ।

ਨਾ ਆਟਾ ਹੈ ਨਾ ਲੂਣ ਹੈ, ਖ਼ਾਲੀ ਭਾਂਡੇ ਭੁੜਕਣ,
ਘੜਿਉਂ ਪਾਣੀ ਨੱਸਿਆ, ਅੱਖਾਂ ਵਿਚ ਪਾਣੀ।

ਲੋਕੀਂ ਤਖ਼ਤ ਨੂੰ ਪਲਟ ਕੇ, ਤਖ਼ਤਾ ਕਰ ਦੇਂਦੇ,
ਇਤਿਹਾਸ ਗਵਾਹੀ ਭਰਦਾ ਹੈ, ਇਹ ਗੀਤ ਪੁਰਾਣੀ।

---

## ਉਹ ਰਾਜ

ਜਿਥੇ ਸਿੱਖਿਆ ਮੁਫ਼ਤ ਸਰਕਾਰ ਦਏ,
ਚੰਗੀ ਸਿਹਤ ਤੇ ਰੁਜ਼ਗਾਰ ਦਏ,
ਬਰਾਬਰ ਦੇ ਅਧਿਕਾਰ ਦਏ,
ਹਰ ਭੇਦ ਮਿਟਾਉਣਾ ਚਾਹੁੰਦੇ ਹਾਂ।
ਉਹ ਰਾਜ ਲਿਆਉਣਾ ਚਾਹੁੰਦੇ ਹਾਂ।

ਜਿਥੇ ਕਦੇ ਵੀ ਰੁਲੇ ਕਿਰਸਾਨੀ ਨਾ,
ਫਸਲਾਂ ਖਾਏ ਲੋਟੂ ਢਾਣੀ ਨਾ,
ਪਏ ਜ਼ਹਿਰ ਕਿਸਾਨ ਨੂੰ ਖਾਣੀ ਨਾ,
ਹਰ ਕਰਜ਼ਾ ਲਾਹੁਣਾ ਚਾਹੁੰਦੇ ਹਾਂ।
ਉਹ ਰਾਜ.......

ਜਿਥੇ ਬੱਚੜੇ ਭੁੱਖੇ ਸੋਵਣ ਨਾ,
ਚੁੱਲ੍ਹੇ ਕਦੇ ਵੀ ਠੰਢੇ ਹੋਵਣ ਨਾ,
ਮਜ਼ਦੂਰ ਵਿਚਾਰੇ ਰੋਵਣ ਨਾ,
ਮਿਹਨਤਾਨਾ ਵਧਾਉਣਾ ਚਾਹੁੰਦੇ ਹਾਂ।
ਉਹ ਰਾਜ.......

ਜਿਥੇ ਰਿਸ਼ਵਤਖੋਰੀ ਚੱਲੇ ਨਾ,
ਜਵਾਨੀ ਬੇਰੁਜ਼ਗਾਰੀ ਝੱਲੇ ਨਾ,
ਸਿਫ਼ਾਰਸ਼ ਕੋਈ ਅਹੁਦਾ ਮੱਲੇ ਨਾ,
ਢਾਂਚਾ ਬਦਲਾਉਣਾ ਚਾਹੁੰਦੇ ਹਾਂ।
ਉਹ ਰਾਜ.......

ਜਿਥੇ ਔਰਤ ਦਾ ਸਤਿਕਾਰ ਹੋਏ,
ਧੀ ਨੂੰ ਜੰਮਣ ਦਾ ਅਧਿਕਾਰ ਹੋਏ,
ਕੋਈ ਹਵਸ਼ ਦੀ ਨਾ ਸ਼ਿਕਾਰ ਹੋਏ,
ਹਰ ਧੀ ਬਚਾਉਣਾ ਚਾਹੁੰਦੇ ਹਾਂ।
ਉਹ ਰਾਜ.......

ਹੁਣ ਤਾਂ ਆਪਣੀ ਚੁੱਪ ਤੋੜੋ ਬਈ,
ਸਾਡੇ ਮੋਢੇ ਨਾਲ ਮੋਢਾ ਜੋੜੋ ਬਈ,
ਕਦਮਾਂ ਨੂੰ ਜ਼ਾਲਮ ਵੱਲ ਮੋੜੋ ਬਈ,
ਹਰ ਜ਼ੁਲਮ ਮੁਕਾਉਣਾ ਚਾਹੁੰਦੇ ਹਾਂ।
ਉਹ ਰਾਜ ਲਿਆਉਣਾ ਚਾਹੁੰਦੇ ਹਾਂ
ਉਹ ਰਾਜ.......

---

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
# MEDICAL CLINIC
**WALK-INS WELCOME** **FAMILY PHYSICIANS**



Dr. V.K. Thapar (M.D., CCFP)* By Appointments Only

Dr. B.S. Jassar (M.D. , Ph.D, CCFP)* Cell: 780 918 0516

Dr. S. Bananda (M.D.)

Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।

Ph: 780 462 4229 Fax: 780 462 3315

131 Millbourne Road East, Lee Ridge Plaza Edmonton, AB T6K 1P6

* Professional Corporation

WESTFORK Interiors

## Specializing in Cabinets & Counter Tops

*Kitchen & Vanities,*
*Custom Cabinets,*
*Staining & Spraying Doors*



ਕੈਬਨਿਟ ਅਤੇ ਕਾਊਂਟਰ ਟੌਪ
ਬਣਾਉਣ ਦੇ ਮਾਹਰ

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ

ਵੈਸਟਫੋਰਕ ਇੰਟੀਰੀਅਰਜ਼

**Endless Options**

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and dellvery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.

Gurmail Matharu : 780-990-9349
Ranjit Matharu : 780-907-9889

Contact
Westfork Interiors, 8307 Argyll Road, Edmonton T6C 4B2
Tel : 780-490-4983 Fax : 780-490-4982
www.westforkinteriors.com
info@westforkinteriors.com



# Passport Photos
by:
Kanwal Lyall

All types of Immigration, Passport, PIO, Citizenship Photos

Phone: 780-952-8017 lyallstudio@gmail.com

# Auto Shine

Interior Shampooing ✦ Power Polishing ✦ Engine Cleaning ✦ Fabric Guard ✦ Tar Ramoval

Move to New & Bigger Location for Better Service



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

Fancy
DOORS & MOULDINGS LTD.

JELD-WEN WINDOWS & DOORS · Masonite

# FALL SHOWCASE
## CHECK OUT OUR QUALITY SELECTION

### Interior Doors

**Cheyenne**
Smooth, H/C, Pre-Hung
18" x 36"
MDF Jamb, 3 Hinges

**Bostonian**
6-Panel, Pre-Hung
18" x 36"
MDF Jamb, 3 Hinges

### Exterior Doors

**Fibreglass "Parliament"**
Pre-Hung
(32" or 36" x80")
with 4.5" Jamb

**6-Panel Steel Door**
with Brick Moulding
Pre-Hung (32" or 36")
with 4.5" Jamb



### French Doors



A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF

Single or Double "Paris" Doors
Pantry Slab

### Exterior Wood Doors
Prefinished 32" x 32" x 96"



Square Ring with Band

### SAVE ON DOOR KNOBS AND HANDLES!

**BOSTAT Clearance Locks**

| | |
|---|---|
| Keyed Lever | $15.00 |
| Deadbolt | $15.00 |
| Privacy Lever | $12.00 |
| Passage Lever | $12.00 |

*Please Note - All Sales of these locks are final and carry no warranty!*



2 Piece Deadbolt $15.00

Passage Knob $10.99

MOULDING & MILLWORK **HIGHLAND PARK SERIES** ~ CLEAN, MODERN & ELEGANT!

- #546 Casing 1¼" x 5½" SPERO™
- #8039 Casing ¾" x 3½" MDF Primed
- #8237 Baseboard 5/8" x 5½" MDF Primed
- #8081 Casing 5/8" x 3¼" MDF Primed
- #8281 Baseboard ½" x 6" MDF Primed

ALEXANDRIA **MOULDING SPECIALS!**

- #5010 1 3/16" x 4 3/16" MDF Primed
- #412 Baseboard 5/8" x 4¼" MDF Primed
- #411 Casing 11/16" x 3" MDF Primed
- #3140 3/8" x 3¼" MDF Primed
- #356 2 ¼" x 3/8" MDF Primed

### SAVE ON BATHROOM FIXTURES!



Infinity 4 Piece Bath Set: Robe Hook, Towel Bar, Towel Ring, Paper Holder

Sunglow 4 Piece Bath Set: Towel Bar, Robe Hook, Paper Holder, Towel Ring

*Interior & Exterior, Prehung Units, Locks & Hardware, French Doors, Bi-Folds, Mouldings & Accessories*
*Commercial Doors & Hardware, Custom Railing Supplied & Installed*
Alberta Location: 9129 - 35 Avenue, Edmonton, AB, T6E 5Y1

Ph: 780-432-7700
Fax: 780-432-7710 www.fancy-doors.com

Limited time offer. Expires November 31, 2012





ਐਮ.ਐਲ.ਏ. ਐਲਰਸਲੀ ਨਰੇਸ਼ ਭਾਰਦਵਾਜ ਵਲੋਂ ਕ੍ਰਿਸਮਸ ਅਤੇ ਨਵੇਂ ਸਾਲ ਮੌਕੇ ਕੀਤੀ ਗਈ ਪਾਰਟੀ ਦਾ ਦ੍ਰਿਸ਼





ਐਮ.ਐਲ.ਏ. ਮਿਲਵੁੱਡਜ਼ ਸੁਹੇਲ ਕਾਦਰੀ ਵਲੋਂ ਕ੍ਰਿਸਮਸ ਅਤੇ ਨਵੇਂ ਸਾਲ ਮੌਕੇ ਕੀਤੀ ਗਈ ਪਾਰਟੀ ਦਾ ਦ੍ਰਿਸ਼





ਅਲਬਰਟਾ ਵਿਧਾਨ ਸਭਾ ਦੇ ਸਪੀਕਰ ਜੀਨ ਜ਼ੈੱਡਵੈਕਸੀ ਵਲੋਂ ਕ੍ਰਿਸਮਸ ਅਤੇ ਨਵੇਂ ਸਾਲ ਮੌਕੇ ਕੀਤੀ ਗਈ ਪਾਰਟੀ ਦਾ ਦ੍ਰਿਸ਼


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

**19** Years Road Experience

**15 Hours in Class Room & 10 Hours in Car Package Available**



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





**Gurmail Dhaliwal (Garry)**
**780-265-6990**



**2019 61st St NW, Edmonton, AB, T6L 1M5**
**Tel: 780-265-6990 Fax: 780-461-6990**
**Email: elitedriving@hotmail.com, www.elitedrivingschoolltd.ca**

*ਸੰਤ ਰਾਮ ਉਦਾਸੀ ਦੀ ਪਤਨੀ ਬੀਬੀ ਨਸੀਬ ਕੌਰ 65 ਸਾਲ ਦੇ ਹਨ। ਪਿੰਡ ਰਾਇਸਰ ਵਿਖੇ ਉਦਾਸੀ ਦੇ ਹੱਥੀਂ ਬਣਾਏ ਘਰ ਵਿਚ ਉਹ ਇਕੱਲੇ ਰਹਿ ਰਹੇ ਹਨ। ਅੱਜਕਲ੍ਹ ਉਨ੍ਹਾਂ ਨੂੰ ਕਈ ਬਿਮਾਰੀਆਂ ਨੇ ਵੀ ਘੇਰਿਆ ਹੋਇਆ ਹੈ। ਪੰਜਾਬੀ ਕਥਾਕਾਰ **ਅਜਮੇਰ ਸਿੱਧੂ** ਨੇ ਉਨ੍ਹਾਂ ਨਾਲ ਲੰਮੀ ਮੁਲਾਕਾਤ ਕੀਤੀ ਹੈ। ਰਾਇਸਰ ਜਾ ਕੇ **ਬੀਬੀ ਨਸੀਬ ਕੌਰ** ਨਾਲ ਇਹ ਗੱਲਾਂ ਕਰਨ ਵੇਲੇ ਉਦਾਸੀ ਦਾ ਬੇਟਾ ਮੋਹਕਮ ਸਿੰਘ ਵੀ ਲੇਖਕ ਦੇ ਨਾਲ ਸੀ। 'ਨਵੀਂ ਦੁਨੀਆ' ਵਿਚ ਇਸ ਮੁਲਾਕਾਤ ਦੇ ਕੁਝ ਵਿਸ਼ੇਸ਼ ਅੰਸ਼ ਪਾਠਕਾਂ ਨਾਲ ਸਾਂਝੇ ਕਰਨ ਦੀ ਖ਼ੁਸ਼ੀ ਲਈ ਜਾ ਰਹੀ ਹੈ-ਸੰਪਾਦਕ*



# ਸੰਤ ਰਾਮ ਉਦਾਸੀ ਕਿਰਤੀ ਲੋਕਾਂ ਦਾ ਸ਼ਾਇਰ ਸੀ

## ਬੀਬੀ ਨਸੀਬ ਕੌਰ




ਮੁਲਾਕਾਤੀ
ਅਜਮੇਰ ਸਿੱਧੂ
+91-94630-63990
ajmersidhu2007@yahoo.co.in


ਅਜਮੇਰ ਸਿੱਧੂ : ਸਭ ਤੋਂ ਪਹਿਲਾਂ ਉਦਾਸੀ ਜੀ ਦੇ ਜਨਮ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਦੱਸੋ?

ਨਸੀਬ ਕੌਰ : ਸੰਤ ਰਾਮ ਉਦਾਸੀ ਜੀ ਦਾ ਜਨਮ ਇਸੇ ਪਿੰਡ ਰਾਇਸਰ ਵਿਖੇ 20 ਅਪ੍ਰੈਲ 1939 ਨੂੰ ਹੋਇਆ ਸੀ। ਮੇਰੀ ਸੱਸ ਦਾ ਨਾਂ ਧੰਨ ਕੌਰ ਸੀ ਤੇ ਸਹੁਰੇ ਦਾ ਨਾਂ ਮੇਹਰ ਸਿੰਘ। ਮੇਰੇ ਸੱਸ-ਸਹੁਰੇ ਦੇ ਪੰਜ ਮੁੰਡੇ ਗੁਰਦਾਸ ਸਿੰਘ ਘਾਰੂ, ਭੂਰਾ ਸਿੰਘ (ਮਰਹੂਮ), ਪ੍ਰਕਾਸ਼ ਸਿੰਘ, ਸੰਤ ਰਾਮ ਤੇ ਗੁਰਦੇਵ ਕੋਇਲ ਸਨ। ਕਾਕੀ, ਹਰਬੰਸ ਤੇ ਸੁਖਦੇਵ ਤਿੰਨ ਧੀਆਂ ਸਨ।

? : ਅਪਣੇ ਵਿਆਹ ਬਾਰੇ ਵੀ ਦੱਸ ਦਿਓ?

ਨਸੀਬ ਕੌਰ : ਮੇਰਾ ਪੇਕਾ ਪਿੰਡ ਜ਼ਿਲ੍ਹਾ ਫ਼ਰੀਦਕੋਟ ਵਿਚ ਬਾਘਾ ਪੁਰਾਣਾ ਦੇ ਨੇੜੇ ਉਗੋਕੀ ਹੈ। ਮੇਰੇ ਪਿਤਾ ਮੱਘਰ ਸਿੰਘ ਤੇ ਮਾਤਾ ਦਾ ਨਾਂ ਨਿਹਾਲ ਕੌਰ ਸੀ। ਮੇਰੇ ਪਿੰਡ ਵਾਲੇ ਸਰਪੰਚ ਦੀ ਭੈਣ ਇਧਰ ਵਿਆਹੀ ਹੋਈ ਸੀ। ਮੇਰਾ ਜੇਠ ਪ੍ਰਕਾਸ਼ ਸਰਪੰਚ ਦੀ ਭੈਣ ਦੇ ਘਰ ਆਉਂਦਾ ਜਾਂਦਾ ਸੀ। ਸਰਪੰਚ ਦੀ ਭੈਣ ਨੇ ਮੇਰੇ ਬਾਰੇ ਦੱਸ ਪਾਈ ਸੀ। ਫਿਰ ਉਨ੍ਹਾਂ ਭੈਣ-ਭਰਾ ਨੇ ਹੀ ਸਾਡਾ ਰਿਸ਼ਤਾ ਕਰਵਾ ਦਿੱਤਾ ਸੀ। ਮੈਂ ਕੋਰੀ ਅਨਪੜ੍ਹ ਸੀ ਜਦਕਿ ਉਦਾਸੀ ਸਾਹਿਬ ਉਦੋਂ ਪ੍ਰਾਇਮਰੀ ਸਕੂਲ ਵਿਚ ਮਾਸਟਰ ਲੱਗੇ ਹੋਏ ਸਨ। ਮੈਨੂੰ ਪੱਕਾ ਤਾਂ ਯਾਦ ਨਹੀਂ ਸ਼ਾਇਦ 1961 ਵਿਚ ਸਾਡਾ ਵਿਆਹ ਹੋਇਆ ਸੀ। ਸਾਡੇ ਘਰ ਇਕਬਾਲ ਸਿੰਘ ਬੱਲੀ (ਮਰਹੂਮ), ਇਕਬਾਲ ਕੌਰ, ਪ੍ਰਿਤਪਾਲ ਕੌਰ, ਕੀਰਤਨ ਕੌਰ ਤੇ ਮੋਹਕਮ ਸਿੰਘ ਪੰਜ ਬੱਚਿਆਂ ਨੇ ਜਨਮ ਲਿਆ।

? : ਵਿਆਹੀਆਂ ਆਈਆਂ ਲੜਕੀਆਂ ਨੂੰ ਸਹੁਰੇ ਘਰ ਬਹੁਤ ਮੁਸ਼ਕਲਾਂ ਆਉਂਦੀਆਂ ਹਨ। ਤੁਹਾਨੂੰ ਵੀ ਮੁਸ਼ਕਲਾਂ ਆਈਆਂ?

ਨਸੀਬ ਕੌਰ : ਮੈਂ ਇਥੇ ਰਾਇਸਰ ਵਿਆਹੀ ਆਈ। ਇਕ ਤੇ ਮੇਰਾ ਪੇਕਾ ਪਿੰਡ ਬਹੁਤ ਦੂਰ ਸੀ। ਨੇੜੇ ਕੋਈ ਰਿਸ਼ਤੇਦਾਰੀ ਵੀ ਨਹੀਂ ਸੀ। ਮੈਂ ਇਕੱਲੀ ਮਹਿਸੂਸ ਕਰਦੀ ਸੀ। ਦੂਜੀ ਮੇਰੀ ਉਮਰ ਬਹੁਤ ਛੋਟੀ ਸੀ। ਸਾਡਾ ਦੋਵਾਂ ਦਾ ਛੇ ਸਾਲ ਦਾ ਉਮਰ ਵਿਚ ਫ਼ਰਕ ਸੀ। ਮੈਂ ਅਨਪੜ੍ਹ ਹੋਣ ਕਰ ਕੇ ਅਪਣੇ-ਆਪ ਨੂੰ ਨੀਵੀਂ-ਨੀਵੀਂ ਸਮਝਦੀ ਸੀ। ਪਰ ਉਸ ਮਰਦ ਨੇ ਕਦੇ ਮੈਨੂੰ ਇਹ ਗੱਲ ਜਚਾਈ ਨਹੀਂ ਕਿ ਮੈਂ ਅਨਪੜ੍ਹ ਹਾਂ। ਸਗੋਂ ਮੇਰੀ ਮਦਦ ਕੀਤੀ। ਹਰ ਵੇਲੇ ਮੈਨੂੰ ਹੌਸਲਾ ਦੇਈ ਜਾਣਾ। ਉਦਾਸੀ ਸਾਹਿਬ ਸਕੂਲ ਤੋਂ ਆ ਕੇ ਅਪਣਾ ਸਾਈਕਲ ਪਿਛਲੇ ਕਮਰੇ ਵਿਚ ਖੜ੍ਹਾ ਕਰਦੇ ਸਨ। ਕਮਰੇ ਦੀ ਦੇਹਲੀ ਉਚੀ ਸੀ। ਮੇਰੀ ਸੱਸ ਕਹਿਣ ਲੱਗੀ, 'ਸੁਣ ਨੀਂ ਵਹੁਟੀਏ। ਮੁੰਡਾ ਸਾਰਾ ਦਿਨ ਸਕੂਲ ਵਿਚ ਸਿਰ ਖਪਾਉਂਦਾ। ਇਹਦਾ ਸਾਈਕਲ ਬਾਹਰ ਕੱਢਿਆ ਕਰ।'' ਮੈਂ ਸੱਸ ਦਾ ਹੁਕਮ ਮੰਨਿਆ। ਮੈਂ ਬਹੁਤ ਔਖੀ ਹੋ ਕੇ ਸਾਈਕਲ ਕੱਢਦੀ ਸੀ। ਮੈਨੂੰ ਔਖੀ ਹੁੰਦੀ ਨੂੰ ਦੇਖ ਕੇ ਕਹਿਣ ਲੱਗੇ, ''ਮੈਂ ਮਾਂ ਜੀ ਤੋਂ ਅੱਖ ਬਚਾ ਕੇ ਬਰਾਂਡੇ ਵਿਚ ਕੱਢ ਦਿਆਂ ਕਰਾਂਗਾ। ਤੂੰ ਬਾਹਰ ਖੜ੍ਹਾ ਕਰ ਦਿਆ ਕਰੀਂ। ਮਾਂ ਨੂੰ ਵੀ ਖ਼ੁਸ਼ ਰੱਖਣਾ ਹੋਇਆ।'' ਮੇਰੇ ਪੇਕੀ ਤਾਂ ਚੁੱਲ੍ਹੇ 'ਤੇ ਅੱਗ ਬਲਦੀ ਸੀ। ਉਦਾਸੀ ਨੇ ਮਾਸਟਰ ਲੱਗ ਕੇ ਸਟੋਵ ਲੈ ਲਿਆ ਸੀ। ਕਹਿੰਦਾ, ''ਐਵੇਂ ਜੱਟਾਂ ਦੇ ਖੇਤਾਂ ਵਿਚ ਖੋਰੀ ਲੈਣ ਤੁਰੇ ਰਵ੍ਹੋਂ ਜਾਂ ਬਾਲਣ ਦੀ ਖ਼ਾਤਰ ਉਨ੍ਹਾਂ ਦੀਆਂ ਗੱਲਾਂ ਸੁਣੋ।'' ਬੇਟੇ, ਮੈਨੂੰ ਸਟੋਵ ਚਲਾਉਣਾ ਨਾ ਆਵੇ। ਪਰ ਮੈਂ ਦੱਸਾਂ ਵੀ ਨਾ। ਕਹਿੰਦੇ, ''ਸੜ ਜਾਏਂਗੀ। ਤੇਰੇ ਘਰਦਿਆਂ ਨੇ ਕਹਿਣਾ ਦਾਜ ਘੱਟ ਲਿਆਉਣ 'ਤੇ ਮਾਰ ਦਿੱਤੀ ਉਦਾਸੀ ਨੇ।'' ਉਨ੍ਹਾਂ ਫਿਰ ਮੈਨੂੰ ਸਟੋਵ ਚਲਾਉਣਾ ਸਿਖਾਇਆ। ਮੈਨੂੰ ਕੱਪੜੇ ਪ੍ਰੈਸ ਕਰਨੇ ਵੀ ਉਨ੍ਹਾਂ ਹੀ ਸਿਖਾਏ। ਮੇਰੀ ਸੱਸ ਬਹੁਤ ਹੋਰ੍ਹੇ ਤਰ੍ਹਾਂ ਦੀ ਜ਼ਨਾਨੀ ਸੀ। ਉਹ ਮੇਰੇ 'ਤੇ ਹਕੂਮਤ ਕਰਦੀ। ਮੈਨੂੰ ਹਦਾਇਤਾਂ ਦਿੰਦੀ ਰਹਿੰਦੀ। ਕਈ ਵਾਰ ਮੈਂ ਉਹਦਾ ਕੰਮ ਕਰਦੀ, ਕਈ ਵਾਰ ਨਹੀਂ ਵੀ। ਉਦਾਸੀ ਨੇ ਕਹਿਣਾ, ''ਮਾਂ ਜੀ ਦਾ ਕਹਿਣਾ ਮੰਨਣਾ ਈ ਪੈਣਾ। ਤੂੰ ਉਹਦੇ ਸਾਹਮਣੇ ਨਾ ਬਹੁਤਾ ਜਾਇਆ ਕਰ।'' ਜਾਣੀ ਸ਼ੁਰੂਆਤੀ ਦੌਰ ਵਿਚ ਉਨ੍ਹਾਂ ਮੇਰੀ ਬਹੁਤ ਮਦਦ ਕੀਤੀ।

? : ਤੁਹਾਨੂੰ ਕਿਸੇ ਗੱਲ ਤੋਂ ਰੋਕਦੇ ਵੀ ਸਨ?

ਨਸੀਬ ਕੌਰ : ਹਾਂ, ਪੰਡਤਾਂ ਨੂੰ, ਸਾਧੂ ਸੰਤਾਂ ਨੂੰ ਪੂਜਣ ਤੋਂ ਰੋਕਦੇ ਸਨ। ਉਹ ਕਹਿੰਦੇ, ''ਇਹ ਵਿਹਲੜ ਵੱਗ ਨੇ। ਸਾਨੂੰ ਮਿਹਨਤਕਸ਼ਾਂ ਨੂੰ ਲੁੱਟਦੇ ਨੇ।'' ਸਾਡੇ ਘਰਾਂ ਦੇ ਤਾਂ ਕਹਿੰਦੇ ਸੀ, 'ਚੇਲੇ ਨੂੰ ਸਲਾਮ ਕਰੋ।' ਪਰ ਇਹ ਪੂਜਾ ਪਾਠਾਂ ਦੇ ਵਿਰੁੱਧ ਸਨ। ਮੈਨੂੰ ਇਕ ਘਟਨਾ ਯਾਦ ਹੈ। ਸਾਡੇ ਘਰਾਂ ਵਿਚ ਬੁੜ੍ਹੀਆਂ ਗੁੱਗੇ ਦੀ ਪੂਜਾ ਕਰਦੀਆਂ ਸਨ। ਬਾਛੜੀਆਂ ਪੂਜਦੀਆਂ ਸਨ। ਗੋਗਲੇ ਕੱਢ ਕੇ ਵੰਡਦੀਆਂ। ਟਾਈਫ਼ਾਈਡ, ਖਸਰੇ ਦੇ ਇਲਾਜ ਹੁੰਦੇ ਨਹੀਂ ਸਨ। ਬੱਚਿਆਂ ਦੀ ਤੰਦਰੁਸਤੀ ਲਈ ਮੜ੍ਹੀਆਂ ਪੂਜਣ ਜਾਂਦੀਆਂ ਸਨ। ਮੇਰੇ ਬੱਚਿਆਂ ਨੂੰ ਵੀ ਖਸਰਾ ਹੋ ਗਿਆ ਸੀ। ਉਨ੍ਹਾਂ ਦੀਆਂ ਅੱਖਾਂ ਨਹੀਂ ਖੁਲ੍ਹਦੀਆਂ ਸਨ। ਸੱਸ ਦੇ ਕਹਿਣ 'ਤੇ ਮੈਂ ਵੀ ਸੁੱਖ ਸੁੱਖ ਲਈ। ਮੈਂ ਚੰਨਣਵਾਲ ਮੱਥਾ ਟੇਕਣ ਗਈ। ਗੋਗਲੇ ਤੇ ਚੌਲ ਬਣਾ ਕੇ ਲੈ ਗਈ। ਅਜੇ ਮਟੀ 'ਤੇ ਜਾ ਕੇ ਖੜ੍ਹੀ ਹੀ ਸੀ; ਉਧਰੋਂ ਇਹ ਆ ਗਏ। ਗੁੱਸਾ ਸੱਤ ਅਸਮਾਨੀ ਚੜ੍ਹਿਆ ਹੋਇਆ ਸੀ। ਗੋਗਲੇ ਤੇ ਚੌਲ ਚੁੱਕ ਕੇ ਕੁੱਤਿਆਂ ਨੂੰ ਪਾ ਦਿੱਤੇ। ਘਰ ਬਣਾ ਕੇ ਰੱਖਿਆ ਸਾਮਾਨ ਬੱਚਿਆਂ ਨੂੰ ਖੁਆ ਦਿੱਤਾ।

? : ਉਹ ਗੀਤ ਕਿਵੇਂ ਲਿਖਦੇ ਸਨ?

ਨਸੀਬ ਕੌਰ : ਪੈੱਨ ਤੇ ਡਾਇਰੀ 24 ਘੰਟੇ ਉਨ੍ਹਾਂ ਦੇ ਕੋਲ ਹੁੰਦੀ ਸੀ। ਉਹ ਸਾਈਕਲ 'ਤੇ ਤੁਰੇ ਹੁੰਦੇ। ਸਾਈਕਲ ਰੋਕ ਕੇ ਖੇਤ ਦੇ ਬੰਨ੍ਹੇ 'ਤੇ ਬੈਠ ਜਾਂਦੇ। ਡਾਇਰੀ ਕੱਢ ਕੇ ਗੀਤ ਲਿਖ ਲੈਂਦੇ। ਬੱਸ ਵਿਚ ਸਫ਼ਰ ਕਰ ਰਹੇ ਹੁੰਦੇ ਤਾਂ ਟਿਕਟਾਂ ਉਤੇ ਗੀਤ ਲਿਖਣ ਲੱਗ ਪੈਂਦੇ। ਉਨ੍ਹਾਂ ਕੋਲ ਟਿਕਟਾਂ ਜਾਂ ਚਿੱਠੀਆਂ ਹੁੰਦੀਆਂ। ਪਹਿਲਾਂ ਉਨ੍ਹਾਂ ਉਤੇ ਲਿਖਦੇ। ਫਿਰ ਡਾਇਰੀ 'ਤੇ ਲਿਖਦੇ। ਘਰ ਇਕ ਡਾਇਰੀ ਰੱਖੀ ਹੁੰਦੀ ਸੀ। ਉਸ 'ਤੇ ਪੱਕਾ ਕਰ ਕੇ ਲਿਖਦੇ। ਉਨ੍ਹਾਂ ਦੀਆਂ ਟਿਕਟਾਂ, ਚਿੱਠੀਆਂ ਮੈਂ ਸਾਂਭ-ਸਾਂਭ ਕੇ ਰਖਦੀ। ਉਨ੍ਹਾਂ 'ਤੇ ਦੋ-ਚਾਰ ਲਾਈਨਾਂ ਝਰੀਟੀਆਂ ਹੁੰਦੀਆਂ। ਉਹ ਹੱਸ ਕੇ ਕਹਿੰਦੇ, ''ਇਹ ਤਾਂ ਗੀਤ ਮੈਂ ਪੂਰਾ ਕਰ ਕੇ ਡਾਇਰੀ 'ਤੇ ਲਿਖ ਲਿਆ,'' ਮੈਂ ਅਨਪੜ੍ਹ ਹੋਣ ਕਰ ਕੇ ਡਰਦੀ ਸੀ ਕਿਤੇ ਕੰਮ ਦੀ ਚੀਜ਼ ਸੁੱਟ ਨਾ ਹੋ ਜਾਵੇ। ਜੇ ਮੈਂ ਪੜ੍ਹੀ ਵੀ ਹੁੰਦੀ ਤਾਂ ਵੀ ਸਾਂਭ ਕੇ ਰਖਣੇ ਸਨ। ਕਿਉਂਕਿ ਲੇਖਕਾਂ ਦੀ ਅਪਣੀ ਦੁਨੀਆ ਹੁੰਦੀ ਹੈ। ਉਨ੍ਹਾਂ ਨੂੰ ਅਪਣੀ ਰਚਨਾ ਧੀਆਂ-ਪੁੱਤਾਂ ਨਾਲੋਂ ਵੀ ਪਿਆਰੀ ਹੁੰਦੀ ਹੈ। ਨਾਲੇ ਕੀ ਪਤਾ ਕਿਹੜੀ ਲਾਈਨ ਦੀ ਕਿੰਨੀ ਮਹੱਤਤਾ ਹੈ। ਇਹ ਲੇਖਕ ਨੂੰ ਪਤਾ ਹੁੰਦਾ ਹੈ। ਮੇਰੇ ਵਰਗੀ ਕੰਮ ਕਾਜ ਵਾਲੀ ਜਨਾਨੀ ਤਾਂ ਉਈਂ ਖਪੀ ਰਹਿੰਦੀ ਹੈ। ਉਨ੍ਹਾਂ ਦੀ ਇਕ ਸਿਫ਼ਤ ਸੀ, ਉਹ ਕਿਸੇ ਵੀ ਜਗ੍ਹਾ, ਕਿਸੇ ਵੀ ਹਾਲਤ ਵਿਚ ਲਿਖ ਸਕਦੇ ਸਨ। ਉਨ੍ਹਾਂ ਨੂੰ ਕਿਸੇ ਮੂਡ ਦੀ ਲੋੜ ਨਹੀਂ ਸੀ। ਇਕ ਵਾਰ ਮੈਂ ਸਾਗ ਲੈ ਕੇ ਆਈ। ਗੰਦਲਾਂ ਦੇਖ ਕੇ ਉਨ੍ਹਾਂ ਨੇ ਗੀਤ ਲਿਖ ਦਿੱਤਾ।

? : ਜਦੋਂ ਤੁਹਾਡਾ ਵਿਆਹ ਹੋਇਆ, ਉਸ ਵੇਲੇ ਉਦਾਸੀ ਜੀ ਦਾ ਧਾਰਮਕ ਤੇ ਰਾਜਨੀਤਕ ਜੀਵਨ ਕੀ ਸੀ? ਸਿੱਖ ਧਰਮ ਵਿਚ ਉਹ ਕਿਥੋਂ ਤਕ ਪੱਕੇ ਸਨ?

ਨਸੀਬ ਕੌਰ : ਉਦਾਸੀ ਜੀ ਸਮੇਤ ਮੇਰਾ ਸਹੁਰਾ ਪਰਿਵਾਰ ਨਾਮਧਾਰੀ ਸੰਪਰਦਾ ਦੇ ਪੈਰੋਕਾਰ ਸਨ। ਉਹ ਚਿੱਟੇ ਬਸਤਰ ਪਹਿਨਦੇ ਸਨ। ਸਿਰ 'ਤੇ ਚਿੱਟੀਆਂ ਪੱਗਾਂ ਹੀ ਬੰਨ੍ਹਦੇ ਸਨ। ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਵਿਚ ਸਰਗਰਮ ਸਨ। ਅਸੀਂ ਮਜ਼੍ਹਬੀ ਸਿੱਖ ਹਾਂ। ਸਾਡੇ ਬਜ਼ੁਰਗ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਆਜ਼ਾਦੀ ਦੀ ਲਹਿਰ ਦੇ ਹਮਾਇਤੀ ਸਨ। ਸਤਿਗੁਰੂ ਜੀ ਸਮਾਜ ਸੁਧਾਰ ਦੇ ਕੰਮ ਵੀ ਕਰਦੇ ਸਨ। ਜਿਵੇਂ ਇਕ ਰੁਪਏ ਵਿਚ ਲੜਕੀਆਂ ਦਾ ਵਿਆਹ ਕਰਨਾ। ਸਾਡੀਆਂ ਛੋਟੀਆਂ ਜਾਤਾਂ ਨੂੰ ਜਾਤ ਦੇ ਨਾਂ 'ਤੇ ਜ਼ਲੀਲ ਕੀਤਾ ਜਾਂਦਾ ਹੈ। ਹੋ ਸਕਦਾ ਇਸੇ ਕਾਰਨ ਸਾਡੇ ਬਜ਼ੁਰਗ ਨਾਮਧਾਰੀ ਸੰਪਰਦਾ ਵਿਚ ਗਏ ਹੋਣ। ਪਰ ਉਦਾਸੀ ਜੀ ਨੂੰ ਲਗਦਾ ਸੀ ਕਿ ਉਥੇ ਵੀ ਇਸ ਬਿਮਾਰੀ ਤੋਂ ਛੁਟਕਾਰਾ ਨਹੀਂ ਸੀ। ਉਨ੍ਹਾਂ ਚਿੱਟੇ ਬਸਤਰ ਪਹਿਨਣੇ ਬੰਦ ਕਰ ਦਿੱਤੇ ਸਨ। ਮੇਰੇ ਸਹੁਰੇ ਕਹਿੰਦੇ ਸੀ, ''ਉਦਾਸੀ ਪੈਂਟ ਕਮੀਜ਼ ਨਾ ਪਾਵੇ। ਚਿੱਟੇ ਬਸਤਰ ਹੀ ਪਹਿਨੇ। ਸਿਰ 'ਤੇ ਪੱਗ ਵੀ ਗੋਲ ਈ ਬੰਨ੍ਹੇ।'' ਇਹ ਨਹੀਂ ਮੰਨੇ। ਮੇਰੇ ਦਿਉਰ-ਜੇਠ ਉਦਾਸੀ ਦੇ ਰਹਿਣ ਸਹਿਣ ਅਤੇ ਖਾਣ ਪੀਣ ਦੇ ਵਿਰੁੱਧ ਸਨ। ਸੱਸ ਸਹੁਰੇ ਦਾ ਵੀ ਬਹੁਤਾ ਜ਼ੋਰ ਨਾਮਧਾਰੀ ਸੰਸਥਾ ਵੱਲ ਹੀ ਸੀ ਪਰ ਇਹ ਤਾਂ ਨਵੀਂ ਉਠ ਰਹੀ ਨਕਸਲੀ ਲਹਿਰ ਵਿਚ ਦਿਲਚਸਪੀ ਲੈ ਰਹੇ ਸਨ।

? : ਉਦਾਸੀ ਜੀ ਦਾ ਸੀ.ਪੀ.ਆਈ. (ਐਮ.ਐਲ.) ਨਾਲ ਜੁੜਨ ਬਾਰੇ ਕਿਵੇਂ ਪਤਾ ਲੱਗਾ?

ਨਸੀਬ ਕੌਰ : ਦੇਖੋ ਬੇਟਾ ਜੀ, ਸਾਲ ਡੇਢ ਸਾਲ ਤਾਂ ਉਨ੍ਹਾਂ ਮੈਥੋਂ ਲੁਕਾਅ ਰੱਖਿਆ। ਮੈਨੂੰ ਨਹੀਂ ਪਤਾ ਲੱਗਣ ਦਿੱਤਾ। ਉਹ ਕਿਥੇ ਜਾਂਦੇ ਹਨ? ਉਥੇ ਜਾ ਕੇ ਕੀ ਕਰਦੇ ਹਨ? ਉਹ ਕਈ-ਕਈ ਦਿਨ ਘਰ ਨਾ ਆਉਂਦੇ। ਰਾਤ ਨੂੰ ਬਾਹਰੋਂ ਕੁੰਡਾ ਲਾ ਕੇ ਚਲੇ ਜਾਂਦੇ। ਤੜਕੇ ਬਾਬੇ ਦੇ ਬੋਲਣ ਤੋਂ ਪਹਿਲਾਂ ਘਰ ਆ ਕੇ ਸੌਂ ਜਾਣਾ। ਮੈਂ ਪੁੱਛਣਾ ਤਾਂ ਕਹਿਣਾ, ''ਬੱਸ ਐਵੇਂ ਸ਼ੁਗਲ ਮੇਲਾ ਕਰਨ ਜਾਈਦਾ। ਦੋਸਤ-ਮਿੱਤਰ ਇਕੱਠੇ ਹੋ ਜਾਂਦੇ ਹਨ। ਦੋ-ਚਾਰ ਪੈਗ ਲਾ ਲਈਦੇ ਆ।'' ਉਨ੍ਹਾਂ ਕੋਲੋਂ ਦਾਰੂ ਦਾ ਮੁਸ਼ਕ ਨਹੀਂ ਸੀ ਆਉਂਦਾ ਹੁੰਦਾ। ਫਿਰ ਇਕ ਦਿਨ ਮੈਂ ਮਗਰ ਪੈ ਗਈ। ਨਿਆਣੇ ਛੋਟੇ-ਛੋਟੇ ਸਨ। ਜਦੋਂ ਤੁਰਨ ਲੱਗੇ, ਮੈਂ ਵੀ ਨਾਲ ਤੁਰ ਪਈ। ਬੈਠ ਗਏ ਤੇ ਮੈਨੂੰ ਸਮਝਾਉਣ ਲੱਗੇ। 3-4 ਦਿਨ ਸਮਝਾਉਂਦੇ ਰਹੇ। ਮੈਂ ਅੜੀ ਰਹੀ ਕਿ ਦੱਸੋ ਜ਼ਰੂਰ ਮੈਂ ਤੁਹਾਡੇ ਰਾਹ ਦਾ ਰੋੜਾ ਨਹੀਂ ਬਣਾਂਗੀ। ਤੁਸੀਂ ਸੱਚੀ-ਸੱਚੀ ਗੱਲ ਦੱਸ ਦੇਵੋ। ਫਿਰ ਗੱਲ ਗੁਪਤ ਰੱਖਣ ਦਾ ਵਾਅਦਾ ਲੈ ਕੇ ਮੈਨੂੰ ਦੱਸਿਆ ਕਿ ਉਹ ਨਵੀਂ ਨਕਸਲੀ ਪਾਰਟੀ ਵਿਚ ਰਲ ਗਏ ਹਨ। ਭੋਤਨਿਆਂ ਦੀ ਮੋਟਰ 'ਤੇ ਮੀਟਿੰਗ ਹੁੰਦੀ ਹੈ। ਉਹ ਉਥੇ ਜਾਂਦਾ ਹੈ।

?: ਉਦਾਸੀ ਦੀ ਨਜ਼ਰ ਵਿਚ ਨਕਸਲਵਾੜੀ ਦੀ ਲਹਿਰ ਕੀ ਸੀ?

ਨਸੀਬ ਕੌਰ : ਉਹ ਦੱਸਦੇ ਰਹਿੰਦੇ, ''ਵੱਡੇ-ਵੱਡੇ ਸਰਦਾਰ ਗ਼ਰੀਬਾਂ ਦਾ ਖ਼ੂਨ ਚੂਸਦੇ ਹਨ। ਉਨ੍ਹਾਂ ਤੋਂ ਸਾਰਾ ਦਿਨ ਮਜ਼ਦੂਰੀ ਕਰਵਾਉਂਦੇ ਹਨ। ਮਿਹਨਤ ਦਿੰਦੇ ਨਹੀਂ। ਗ਼ਰੀਬਾਂ ਦੀਆਂ ਧੀਆਂ-ਭੈਣਾਂ 'ਤੇ ਮੈਲੀ ਨਜ਼ਰ ਰੱਖਦੇ ਹਨ। ਖੇਤਾਂ ਵਿਚ ਉਨ੍ਹਾਂ ਨਾਲ ਖੇਹ- ਖਰਾਬੀ ਕਰਦੇ ਹਨ। ਸ਼ਾਹੂਕਾਰ ਵੱਧ ਵਿਆਜ਼ 'ਤੇ ਕਰਜ਼ਾ ਦਿੰਦੇ ਹਨ। ਥਾਣੇ ਕਚਹਿਰੀਆਂ ਦੇ ਅਫ਼ਸਰ ਵੀ ਗ਼ਰੀਬਾਂ ਨੂੰ ਦਬਾਉਣ ਦਾ ਕੰਮ ਕਰਦੇ ਹਨ। ਸਾਡੀ ਪਾਰਟੀ ਨੇ ਵੱਡੇ-ਵੱਡੇ ਸਰਦਾਰ (ਮਾਲਵੇ ਵਿਚ ਜਾਗੀਰਦਾਰਾਂ ਨੂੰ ਸਰਦਾਰ ਕਹਿੰਦੇ ਹਨ), ਸ਼ਾਹੂਕਾਰ, ਲੋਕਾਂ ਦਾ ਖ਼ੂਨ ਚੂਸਣ ਵਾਲੇ, ਵੱਡੇ-ਵੱਡੇ ਅਫ਼ਸਰ ਅਤੇ ਕਰੋੜਪਤੀ ਸੋਧਣੇ ਹਨ, ਜਿਨ੍ਹਾਂ ਕਰ ਕੇ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ। ਸਾਡੀ ਪਾਰਟੀ ਨੇ ਡਾਕੇ ਨਹੀਂ ਮਾਰਨੇ ਤੇ ਨਾ ਹੀ ਕੋਈ ਬੈਂਕ ਲੁੱਟਣੀ ਹੈ ਪਰ ਪਾਰਟੀ ਚਾਹੁੰਦੀ ਹੈ ਗ਼ਰੀਬ ਬੰਦਾ ਵੀ ਅਣਖ ਨਾਲ ਜੀਵੇ। ਗ਼ਰੀਬ ਸਾਰਾ ਦਿਨ ਜੱਟ ਦੇ ਖੇਤਾਂ ਵਿਚ ਕੰਮ ਕਰਦਾ ਹੈ ਪਰ ਭੁੱਖਾ ਮਰਦਾ ਹੈ। ਆਪ ਵੀ ਜ਼ਲੀਲ ਹੁੰਦਾ ਹੈ ਤੇ ਧੀਆਂ-ਭੈਣਾਂ ਨੂੰ ਵੀ ਜ਼ਲੀਲ ਹੁੰਦੀਆਂ ਦੇਖਦਾ ਹੈ। ਅਸੀਂ ਚਾਹੁੰਦੇ ਹਾਂ ਜੇ ਉਹ ਮਿਹਨਤ-ਮੁਸ਼ੱਕਤ ਕਰਦਾ ਹੈ, ਤਾਂ ਉਹਦੀ ਮਿਹਨਤ ਦਾ ਮੁੱਲ ਮਿਲੇ। ਖਰਾ ਕਾਮਾ ਹੋਣ ਦਾ ਇੱਜ਼ਤ ਮਾਣ ਵੀ ਮਿਲੇ। ਸਾਨੂੰ ਛੋਟੀਆਂ ਜਾਤਾਂ ਵਾਲਿਆਂ ਨੂੰ ਕੋਈ ਇਨਸਾਨ ਨਹੀਂ ਸਮਝਦਾ। ਸਭ ਧਰਮਾਂ ਵਾਲੇ, ਸਭ ਉਪਰਲੀਆਂ ਜਾਤਾਂ ਵਾਲੇ ਨਫ਼ਰਤ ਕਰਦੇ ਹਨ। ਸਾਡੀ ਪਾਰਟੀ ਕਹਿੰਦੀ ਹੈ ਸਭ ਇਨਸਾਨ ਬਰਾਬਰ ਹਨ। ਉਨ੍ਹਾਂ ਨੂੰ ਰਹਿਣ-ਸਹਿਣ, ਖਾਣ ਪੀਣ, ਪੜ੍ਹਨ ਅਤੇ ਨੌਕਰੀਆਂ ਵਿਚ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ। ਸਾਡੀ ਪਾਰਟੀ ਇਹ ਦਾਅਵਾ ਕਰਦੀ ਹੈ ਕਿ ਛੋਟੀਆਂ ਬਰਾਦਰੀਆਂ ਨੂੰ ਰਾਜ ਭਾਗ ਵਿਚ, ਰੁਜ਼ਗਾਰ ਵਿਚ ਬਰਾਬਰ ਦੀ ਹਿੱਸੇਦਾਰੀ ਬਣਾਏਗੀ। ਸਾਡੀ ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ ਉਹ ਵੱਡੇ ਜ਼ਿਮੀਂਦਾਰਾਂ, ਸਰਕਾਰਾਂ ਕੋਲੋਂ ਆਉਣ ਵਾਲੇ ਦਿਨਾਂ ਵਿਚ ਜ਼ਮੀਨਾਂ ਖੋਹ ਲੈਣਗੇ। ਬੇਜ਼ਮੀਨਿਆਂ ਅਤੇ ਛੋਟੀਆਂ ਬਰਾਦਰੀਆਂ ਵਿਚ ਵੰਡ ਦੇਣਗੇ। ਅਸਲ ਵਿਚ ਇਹ ਗ਼ਰੀਬ ਲੋਕਾਂ ਦੀ ਪਾਰਟੀ ਹੈ। ਜੇ ਸਾਰੇ ਗ਼ਰੀਬ ਲੋਕ ਪਾਰਟੀ ਨਾਲ ਤੁਰ ਪੈਣ ਤਾਂ ਤਕੜਿਆਂ ਨੂੰ ਢਾਹ ਲੈਣਗੇ। ਜੇ ਨਾ ਤੁਰੇ ਅਗਲਿਆਂ ਨੇ ਚੱਬ ਕੇ ਖਾ ਜਾਣੇ ਹਨ। ਪਾਰਟੀ ਨੇ ਸਭ ਲੁੱਟੇ-ਪੁੱਟਿਆਂ ਨੂੰ ਨਾਲ ਲੈ ਕੇ ਚਲਣਾ ਹੈ।''

? : ਲਹਿਰ ਵਿਚ ਔਰਤਾਂ ਦੇ ਯੋਗਦਾਨ ਬਾਰੇ ਕੀ ਬੋਲੇ?

ਨਸੀਬ ਕੌਰ : ਕਹਿਣ ਲੱਗੇ, ''ਇਹ ਲਹਿਰ ਔਰਤਾਂ ਦੇ ਸਹਿਯੋਗ ਤੋਂ ਬਿਨਾਂ ਨਹੀਂ ਚਲ ਸਕਦੀ। ਔਰਤ ਤਾਂ ਲਹਿਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਔਰਤਾਂ ਨੇ ਘਰ ਆਏ ਬੰਦਿਆਂ ਦੀ ਚਾਹ-ਰੋਟੀ ਦੀ ਸੇਵਾ ਵੀ ਕਰਨੀ ਹੈ। ਖਾੜਕੂ ਜਥੇ ਦੇ ਮੈਂਬਰਾਂ ਨੂੰ ਅੰਦਰ-ਬਾਹਰ ਰੱਖਣ/ ਕੱਢਣ ਵਿਚ ਵੀ ਮਦਦ ਕਰਨੀ ਹੁੰਦੀ ਹੈ। ਹਥਿਆਰ ਇਧਰ-ਉਧਰ ਲਿਜਾਉਣ ਵਿਚ ਵੀ ਮਦਦ ਕਰਨੀ ਹੈ। ਪਾਰਟੀ ਨੂੰ ਪੜ੍ਹੀਆਂ-ਲਿਖੀਆਂ ਔਰਤਾਂ ਦੀ ਵੀ ਲੋੜ ਹੈ। ਉਨ੍ਹਾਂ ਪਾਰਟੀ ਦੀਆਂ ਮੋਹਰਲੀਆਂ ਸਫ਼ਾਂ ਵਿਚ ਵੀ ਕੰਮ ਕਰਨਾ ਹੈ। ਮੈਨੂੰ ਕਹਿੰਦੇ, ਤੂੰ ਵੀ ਪਾਰਟੀ ਦੀ ਮਦਦ ਕਰ। ਜੇ ਤੂੰ ਬਾਹਰ ਜਾ ਕੇ ਕੰਮ ਨਹੀਂ ਕਰ ਸਕਦੀ ਤਾਂ ਘਰ ਜ਼ਰੂਰ ਸਹਿਯੋਗ ਦੇ। ਪਹਿਲੀ ਗੱਲ ਮੈਨੂੰ ਰੋਕ ਨਾ। ਮੈਨੂੰ ਕੰਮ ਕਰਨ ਦੇ। ਬੱਚਿਆਂ ਦੀ, ਘਰ ਦੀ ਦੇਖਭਾਲ ਕਰ। ਡੋਲੀਂ ਨਾ। ਜਬਰ ਵੀ ਬਹੁਤ ਹੋਏਗਾ। ਕਿਸੇ ਤੋਂ ਭੀਖ ਨਾ ਮੰਗੀ। ਮਾਤਾ ਗੁਜਰੀ ਵਾਂਗ ਅਡੋਲ ਰਹੀਂ। ਕੁਰਬਾਨੀ ਦਿੱਤਿਆਂ ਹੀ ਕੁਝ ਬਣਨੈਂ। ਕੁਰਬਾਨੀ ਲਈ ਤਿਆਰ ਰਹੀਂ। ਨਾਲੇ ਗ਼ਰੀਬ ਕੁਰਬਾਨੀ ਤੋਂ ਬਿਨਾਂ ਹੋਰ ਦੇ ਵੀ ਕੀ ਸਕਦਾ ਹੈ? ਮੇਰੀਆਂ ਬੱਚੀਆਂ ਨੂੰ ਰਾਣੀ ਝਾਂਸੀ ਬਣਾਉਣਾ ਹੈ।

?: ਜੋ ਉਦਾਸੀ ਜੀ ਨਕਸਲਾਈਟਾਂ ਵਲੋਂ ਦਾਅਵਾ ਕਰਦੇ ਸਨ, ਉਹ ਉਨ੍ਹਾਂ ਕੀਤਾ?

ਨਸੀਬ ਕੌਰ : ਹਾਂ, ਕੀਤਾ। ਇਹ ਵੀ ਉਨ੍ਹਾਂ ਦੇ ਨਾਲ ਹੀ ਸਨ। ਮੈਂ ਤਾਂ ਆਪਣੇ ਘਰਵਾਲੇ ਦੀ ਹਮਾਇਤ ਕਰਨ ਲੱਗ ਪਈ। ਹਰ ਤਰ੍ਹਾਂ ਦਾ, ਉਨ੍ਹਾਂ ਦਾ ਤੇ ਸਾਥੀਆਂ ਦਾ ਖ਼ਿਆਲ ਰੱਖਦੀ, ਜਿਵੇਂ ਉਨ੍ਹਾਂ ਦੇ ਕੱਪੜੇ ਧੋਣੇ, ਖਾਣਾ ਖੁਆਉਣ ਤੇ ਉਨ੍ਹਾਂ ਦੇ ਆਇਆਂ 'ਤੇ ਪੁਲੀਸ ਦੀ ਬਿੜਕ ਰੱਖਣੀ। ਬਾਬਾ ਬੂਝਾ ਸਿੰਘ ਵਰਗੇ ਦਰਵੇਸ਼ ਦੇਸ਼ ਭਗਤ ਉਨ੍ਹਾਂ ਕੋਲ ਆਉਂਦੇ। ਹਾਕਮ ਸਮਾਓ, ਦਰਸ਼ਨ ਖਟਕੜ, ਬਲਦੇਵ ਸਿੰਘ ਸੰਧੋਲ..... ਕਿੰਨੇ ਹੀ ਆਗੂ ਸਨ ਜੋ ਉਨ੍ਹਾਂ ਨੂੰ ਮਿਲਦੇ। ਪਿਆਰਾ ਸਿੰਘ ਦੱਧਾਹੂਰ, ਮੁਹੰਮਦ ਸ਼ਰੀਫ਼ ਅਤੇ ਬੇਅੰਤ ਸਿੰਘ ਮੂਮ ਤਾਂ ਉਨ੍ਹਾਂ ਦੇ ਨਾਲ ਹੀ ਹੁੰਦੇ। ਮੈਂ ਤਾਂ ਉਦਾਸੀ ਨਾਲ ਸਹਿਮਤ ਹੋ ਗਈ ਸੀ। ਪਰ ਮੇਰੇ ਦਿਉਰ-ਜੇਠ, ਸੱਸ-ਸਹੁਰਾ ਵਿਰੋਧ ਕਰਨ ਲੱਗੇ। ਉਹ ਨਾਮਧਾਰੀਆਂ ਵੱਲ ਖਿੱਚਣ। ਉਹ ਕਹਿਣ ਰੱਬ ਦਾ ਨਾਂ ਲੈਣਾ ਚਾਹੀਦਾ ਹੈ। ਧਰਮ ਨਾਲੋਂ ਵੱਡਾ ਕੋਈ ਨਹੀਂ ਹੈ ਪਰ ਉਦਾਸੀ ਜੀ ਕਹਿਣ, ''ਇਨਕਲਾਬ ਦੀ ਲੜਾਈ ਹੀ ਅਸਲ ਵਿਚ ਧਰਮ ਦਾ ਕੰਮ ਹੈ। ਬਾਕੀ ਧਰਮ-ਕਰਮ ਤਾਂ ਸਭ ਝੂਠ ਹਨ। ਦਿਖਾਵੇ ਹਨ।'' ਉਹ ਕਹਿਣ, ''ਸਰਕਾਰ ਨਾਲ ਪੰਗਾ ਨਹੀਂ ਲੈਣਾ ਚਾਹੀਦਾ ਪਰ ਨਕਸਲੀਆਂ ਦੀ ਤਾਂ ਸ਼ੁਰੂਆਤ ਹੀ ਸਰਕਾਰ ਦੇ ਵਿਰੋਧ ਨਾਲ ਹੋਈ। ਜਿਵੇਂ ਸਾਡੇ ਜ਼ਿਲ੍ਹੇ ਸੰਗਰੂਰ ਦੇ ਪਿੰਡ ਕਿਲਾ ਹਕੀਮਾਂ ਤੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਭੀਖੀ ਸਮਾਓ ਵਿਖੇ ਵੱਡੇ ਸਰਦਾਰਾਂ ਦੀਆਂ ਜ਼ਮੀਨਾਂ ਉਤੇ ਕਬਜ਼ੇ ਕਰ ਲਏ ਅਤੇ ਸਾਡੇ ਵਰਗੇ ਗ਼ਰੀਬ ਤੇ ਛੋਟੀਆਂ ਜਾਤਾਂ ਵਾਲਿਆਂ ਵਿਚ ਵੰਡ ਦਿੱਤੇ। ਸਰਕਾਰਾਂ ਤੋਂ ਇਹ ਸਹਾਰ ਨਹੀਂ ਹੋਇਆ ਕਿ ਉਨ੍ਹਾਂ ਦੇ ਕੰਮੀ-ਕਮੀਣ ਜ਼ਮੀਨ ਦੇ ਮਾਲਕ ਬਣ ਜਾਣ। ਸਰਕਾਰ ਉਨ੍ਹਾਂ ਦੀ ਸੀ। ਪੁਲੀਸ ਉਨ੍ਹਾਂ ਦੀ ਸੀ। ਮੁੜ ਜ਼ਮੀਨਾਂ ਖੋਹ ਲਈਆਂ। ਮੁੰਡਿਆਂ ਨੂੰ ਕੁੱਟ-ਕੁੱਟ ਕੇ ਪਾਗਲ ਕਰ ਦਿੱਤਾ। ਦਿਨ-ਦਿਹਾੜੇ ਗੋਲੀਆਂ ਮਾਰ ਕੇ ਮਾਰ ਦਿੱਤੇ। ਜਿਹੜੇ ਸ਼ਾਹੂਕਾਰ ਸਾਡੇ ਗ਼ਰੀਬਾਂ ਤੋਂ ਸੂਦ ਲੈਂਦੇ ਸਨ,



ਉਹ ਮੁੰਡਿਆਂ ਨੇ ਸੋਧੇ। ਜਿਹੜੇ ਪੁਲੀਸ ਅਫ਼ਸਰ ਵੱਡਿਆਂ ਦੀ ਰਾਖੀ ਕਰਦੇ ਸਨ। ਸਾਡੇ ਕਿਰਤੀ ਮਜ਼ਦੂਰਾਂ ਦੇ ਮੁੰਡੇ ਮਾਰਦੇ ਸਨ, ਤਸੀਹਾ ਕੇਂਦਰਾਂ ਵਿਚ ਉਨ੍ਹਾਂ 'ਤੇ ਜ਼ੁਲਮ ਢਾਹੁੰਦੇ ਸਨ, ਉਨ੍ਹਾਂ ਨੂੰ ਵੀ ਮਾਰਿਆ। ਬਾਕੀ ਜੇ ਉਹ ਕਾਮਯਾਬ ਹੋ ਜਾਂਦੇ, ਉਨ੍ਹਾਂ ਦੇ ਦਾਅਵੇ ਸੱਚ ਹੋਣੇ ਸਨ।

? : ਉਦਾਸੀ ਨੇ ਪੁਲੀਸ ਦਾ ਕਿੰਨਾ ਕੁ ਜਬਰ ਸਹਿਆ? ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਤੇ ਜੇਲ੍ਹ ਯਾਤਰਾ ਬਾਰੇ ਦੱਸੋ।

ਨਸੀਬ ਕੌਰ : ਉਹ ਸੰਗਰੂਰ, ਨਾਭਾ, ਪਟਿਆਲਾ ਜੇਲ੍ਹਾਂ ਵਿਚ ਰਹੇ। ਖਨੌਰੀ, ਸ਼ਹਿਣਾ ... ਪਤਾ ਨਹੀਂ ਕਿੰਨੇ ਥਾਣਿਆਂ ਵਿਚ ਤਸ਼ੱਦਦ ਸਹਿਆ। ਥਾਣਿਆਂ ਵਾਲੇ ਤਾਂ ਜਦੋਂ ਚਿੱਤ ਕਰਦਾ ਸੀ, ਉਦਾਸੀ ਜੀ ਨੂੰ ਲੈ ਜਾਂਦੇ ਸਨ। ਮੇਰੇ ਮੁੰਡੇ ਬੱਲੀ, ਮੇਰੇ ਭਰਾਵਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ। ਸੰਤ ਰਾਮ 'ਤੇ ਸਭ ਤੋਂ ਵੱਧ ਜ਼ੁਲਮ ਲੱਧਾ ਕੋਠੀ ਦੇ ਤਸ਼ੱਦਦ ਕੇਂਦਰ ਵਿਚ ਹੋਇਆ। ਮੇਰੀ ਸੱਸ ਲੱਧਾ ਕੋਠੀ ਗਈ ਸੀ। ਉਹਤੋਂ ਆਪਣਾ ਪੁੱਤ ਪਛਾਣ ਨਹੀਂ ਸੀ ਹੋਇਆ। ਕੁੱਟ-ਕੁੱਟ ਕੇ ਬੇਪਛਾਣ ਕੀਤਾ ਹੋਇਆ ਸੀ। ਉਦਾਸੀ ਆਪ ਦਸਦਾ ਹੁੰਦਾ ਸੀ, ਸਿਰ ਪਾਣੀ ਵਾਲੇ ਟੱਬ ਵਿਚ ਡੋਬ ਕੇ ਪਾਣੀ ਵਿਚ ਕਰੰਟ ਛੱਡ ਦੇਣਾ। ਕੇਸਾਂ ਨਾਲ ਬੰਨ੍ਹ ਕੇ ਪੁੱਠਾ ਲਟਕਾ ਦੇਣਾ। ਸਾਰੀ-ਸਾਰੀ ਰਾਤ ਸੌਣ ਨਾ ਦੇਣਾ। 1000 ਵਾਟ ਦਾ ਬਲੱਬ ਅੱਖਾਂ ਅੱਗੇ ਜਗਾਈ ਰੱਖਣਾ। ਜਾਗਾ ਕਟਾਉਂਦੇ ਸਨ। ਬੇਟਾ ਜੀ, ਬਥੇਰਾ ਜ਼ਬਰ ਢਾਹਿਆ, ਤੁਹਾਡੇ ਅੰਕਲ 'ਤੇ। ਦਸਦੀ ਆਂ ਤਾਂ ਅੰਦਰੋਂ ਲਾਟ ਨਿਕਲਦੀ ਆ। ਜਦੋਂ ਉਥੋਂ ਰਿਹਾਅ ਕਰਵਾਇਆ, ਡੇਢ ਮਹੀਨਾ ਮੰਜੇ ਤੋਂ ਉਠ ਕੇ ਨਹੀਂ ਦੇਖਿਆ। ਸਿਰ ਵਿਚ ਡੰਡੇ ਮਾਰ-ਮਾਰ ਕੇ ਪਾਗਲ ਕਰ ਦਿੱਤਾ ਸੀ। ਅੱਖਾਂ ਦੀ ਨਿਗ੍ਹਾ ਜਾਂਦੀ ਲੱਗੀ ਸੀ।

? : ਕੋਈ ਮਦਦ ਨੂੰ ਨਹੀਂ ਬਹੁੜਿਆ?

ਨਸੀਬ ਕੌਰ : ਬੇਟਾ ਜੀ, ਦਿਨ ਮਾੜੇ ਸਨ ਪਰ ਬੰਦੇ ਭਲੇ ਹੁੰਦੇ ਸਨ। ਇਨ੍ਹਾਂ ਦੇ ਕਾਮਰੇਡ ਦੋਸਤ ਆਉਂਦੇ। ਘਿਓ ਦੇ ਕੇ ਗਏ। ਮੀਟ ਲਿਆ ਕੇ ਦਿੰਦੇ। ਖਰੌੜੇ ਖੁਆਉਂਦੇ ਰਹੇ। ਜਦੋਂ ਇਹ ਲੱਧਾ ਕੋਠੀ ਤੋਂ ਆਏ, ਸਾਰੇ ਸਰੀਰ 'ਤੇ ਧੱਬੇ ਪਏ ਹੋਏ ਸਨ। ਹਿੱਲਿਆ ਨਹੀਂ ਸੀ ਜਾਂਦਾ। ਅੰਦਰ-ਬਾਹਰ ਲਿਜਾਣ ਲਈ ਦੋ ਬੰਦਿਆਂ ਦੀ ਲੋੜ ਪੈਂਦੀ ਸੀ। ਕੋਈ ਨਾ ਕੋਈ ਮਦਦ 'ਤੇ ਆਇਆ ਹੀ ਰਹਿੰਦਾ। ਜਦੋਂ ਹਵਾ ਚੱਲਦੀ ਸੀ ਤਾਂ ਉਨ੍ਹਾਂ ਦੇ ਬਹੁਤ ਦਰਦ ਹੁੰਦਾ ਸੀ। ਠੰਢ ਦੇ ਦਿਨਾਂ ਵਿਚ ਤਾਂ ਅਸਹਿ ਦਰਦ ਹੁੰਦਾ ਸੀ। ਮਾੜੇ ਜਿਹੇ ਤੁਰਨ-ਫਿਰਨ ਜੋਗੇ ਹੋਏ ਤਾਂ ਘਰੋਂ ਪਾਸੇ ਹੋ ਗਏ। ਅਸੀਂ ਰੋਕਿਆ ਵੀ। ਪਰ ਉਹ ਮੰਨੇ ਨਹੀਂ। ਕਹਿੰਦੇ ਪੁਲੀਸ ਨੇ ਮੈਨੂੰ ਮਾਰ ਦੇਣਾ ਹੈ। ਮੈਨੂੰ ਲੱਗਿਆ- ਪਾਰਟੀ ਕੰਮਾਂ ਵਿਚ ਫਿਰ ਤੁਰ ਪਏ ਸਨ।

? : ਅਜਿਹੀ ਹਾਲਤ ਵਿਚ ਪਰਿਵਾਰ 'ਤੇ ਕੀ ਬੀਤੀ?

ਨਸੀਬ ਕੌਰ : ਉਹ ਘਰ ਤੋਂ ਦੋ ਸਾਲ ਭਗੌੜੇ ਰਹੇ। ਪਤਾ ਨਹੀਂ ਕਿਥੇ ਲੁਕ-ਛਿਪ ਕੇ ਰਹੇ। ਜਦੋਂ ਮੂੰਮਾਂ ਵਾਲੇ ਬੇਅੰਤ ਨੂੰ ਝੂਠੇ ਪੁਲੀਸ ਮੁਕਾਬਲੇ ਵਿਚ ਮਾਰਿਆ, ਅਸਲ ਵਿਚ ਉਦੋਂ ਉਦਾਸੀ ਨੂੰ ਮਾਰਨਾ ਚਾਹੁੰਦੇ ਸਨ। ਇਹ ਹੱਥ ਨਾ ਆਏ। ਉਹ ਵਿਚਾਰਾ ਅੜਿੱਕੇ ਆ ਗਿਆ। ਪਾਰ ਬੁਲਾ ਦਿੱਤਾ। ਇਹ ਤਾਂ ਰੂਪੋਸ਼ ਹੋ ਗਏ। ਪਤਾ ਨਹੀਂ ਪੰਜਾਬ ਤੋਂ ਬਾਹਰ ਚਲੇ ਗਏ ਹੋਣ। ਪਿੱਛੇ ਮੇਰਾ ਤੇ ਬੱਚਿਆਂ ਦਾ ਬੁਰਾ ਹਾਲ ਸੀ। ਇਹ ਅਪਣੇ ਵੱਡੇ ਭਾਈ ਗੁਰਦਾਸ ਕੋਲ ਗਏ। ਉਨ੍ਹਾਂ ਦਾ ਮਿੰਨਤ ਤਰਲਾ ਕੀਤਾ, ''ਭਾਈ ਮੇਰਾ ਪਰਿਵਾਰ ਸਾਂਭ ਲਓ। ਮੈਂ ਪਾਸੇ ਹੋ ਜਾਣਾਂ।'' ਉਹ ਨਹੀਂ ਮੰਨੇ। ਉਹ ਕੀ ਕਰਦੇ? ਪੁਲੀਸ ਦੀ ਦਹਿਸ਼ਤ ਬੜੀ ਸੀ। ਫਿਰ ਮੇਰੇ ਭਰਾਵਾਂ ਸੁਰਜੀਤ ਤੇ ਹਰਨੇਕ ਨਾਲ ਉਦਾਸੀ ਨੇ ਗੱਲ ਕੀਤੀ। ਭਰਾ ਬੋਲੇ, ''ਭਾਈ ਸਾਡੀ ਤਾਂ ਭੈਣ ਆ, ਉਹਦੇ ਅਗਾਂਹ ਬੱਚੇ ਹਨ। ਅਸੀਂ ਇਨ੍ਹਾਂ ਨੂੰ ਕਿਥੇ ਧੱਕਾ ਦੇ ਦੇਈਏ? ਤੂੰ ਲੁਕ-ਛਿਪ ਕੇ ਅਪਣੀ ਜਾਨ ਬਚਾਅ ਲੈ। ਅਪਣੀ ਭੈਣ ਤੇ ਤੇਰੇ ਜੁਆਕਾਂ ਨੂੰ ਸਾਂਭ ਲਵਾਂਗੇ।' ਫਿਰ ਮੈਂ ਬੱਚਿਆਂ ਨੂੰ ਲੈ ਕੇ ਦੋ ਸਾਲ ਉਗੋਕੀ ਅਪਣੇ ਪੇਕੇ ਘਰ ਰਹੀ। ਬੇਟਾ, ਇਕੱਲੀ ਕਹਿਰੀ ਔਰਤ ਲਈ ਬੱਚੇ ਪਾਲਣੇ ਤੇ ਪੜ੍ਹਾਉਣੇ ਬਹੁਤ ਔਖੇ ਹਨ। ਇਹ ਤਾਂ ਜੇਕਰ ਮੇਰੇ ਮਾਪੇ ਨਾ ਹੁੰਦੇ ਜਾਂ ਕਾਮਰੇਡ ਨਾ ਮਦਦ ਕਰਦੇ, ਫਿਰ ਪਤਾ ਨਹੀਂ ਸਾਡੇ ਨਾਲ ਕੀ ਬੀਤਣੀ ਸੀ।

? : ਤੁਹਾਡੀ ਬੇਟੀ ਇਕਬਾਲ ਦਸਦੀ ਸੀ, ਤੁਸੀਂ ਉਗੋਕੀ ਬੜੇ ਮਾੜੇ ਦਿਨ ਕੱਟੇ। ਤੁਹਾਡੇ ਤੇ ਬੱਚਿਆਂ ਤੋਂ ਤੁਹਾਡੀਆਂ ਭਰਜਾਈਆਂ ਅੱਕ ਗਈਆਂ ਸਨ। ਲੜਾਈ ਹੋਈ ਸੀ। ਤੁਸੀਂ ਫ਼ੈਸਲਾ ਕੀਤਾ ਕਿ ਪਿੰਡ ਦੇ ਕੋਲ ਨਹਿਰ ਵਿਚ ਛਾਲ ਮਾਰ ਕੇ ਮਰ ਜਾਣਾ ਹੈ ਤੇ ਬੱਚਿਆਂ ਨੂੰ ਮਾਰ ਦੇਣਾ ਹੈ। ਇਕਬਾਲ ਨੇ ਦਸਿਆ ਕਿ ਜਦੋਂ ਸਾਡੀ ਮਾਂ ਸਾਨੂੰ ਨਹਿਰ ਵੱਲ ਲਿਜਾ ਰਹੀ ਸੀ ਤਾਂ ਅਚਾਨਕ ਕੋਈ ਕਾਮਰੇਡ ਆ ਗਿਆ ਸੀ। ਉਹਨੇ ਤੁਹਾਨੂੰ ਸਮਝਾਇਆ ਸੀ ਤੇ ਮੋੜ ਕੇ ਲਿਆਂਦਾ ਸੀ। ਏਹੋ ਜਿਹੀਆਂ ਹੋਰ ਘਟਨਾਵਾਂ ਦੱਸੋ, ਜਿਹੜੀਆਂ ਤੁਹਾਡੇ ਨਾਲ ਉਸ ਵਕਤ ਬੀਤੀਆਂ?

ਨਸੀਬ ਕੌਰ : ਇੰਦਾਂ ਦੀ ਕੋਈ ਘਟਨਾ ਨਹੀਂ ਵਾਪਰੀ। ਉਦੋਂ ਗ਼ਰੀਬੀ ਬਹੁਤ ਸੀ। ਦਿਨ ਕੱਟਣੇ ਤੇ ਕਟਾਉਣੇ ਬਹੁਤ ਔਖੇ ਸਨ। ਫਿਰ ਵੀ ਇੰਦਾਂ ਦੇ ਮਾੜੇ ਸਮੇਂ ਮੇਰੇ ਭਰਾ ਭਰਜਾਈਆਂ ਹੀ ਮੇਰੇ ਨਾਲ ਖੜ੍ਹੇ। ਉਨ੍ਹਾਂ ਇਕ ਵੀ ਦਿਨ ਸਾਡੇ ਨਾਲ ਮਾੜੀ ਨਹੀਂ ਕੀਤੀ। ਉਹਨ੍ਹਾਂ ਸਾਨੂੰ ਪੂਰੇ ਟੱਬਰ ਨੂੰ ਦੋ ਸਾਲ ਰੱਖਿਆ। ਉਹ ਵੀ ਉਦੋਂ ਜਦੋਂ ਪੁਲੀਸ ਦੇ ਭੈਅ ਤੋਂ ਸਭ ਮੁੱਕਰ ਗਏ ਸਨ। ਇਹ ਤਾਂ ਫਿਰ ਜਦੋਂ ਮਾਰ ਧਾੜ ਦਾ ਕੰਮ ਘਟਿਆ। ਪਾਰਟੀ ਵਾਲੇ ਜਨਤਕ ਜਥੇਬੰਦੀਆਂ ਬਣਾ ਕੇ ਕੰਮ ਕਰਨ ਲੱਗੇ, ਉਦੋਂ ਉਦਾਸੀ ਮੁੜ ਪਿੰਡ ਰਾਏਸਰ ਆ ਗਿਆ। ਸਾਨੂੰ ਵੀ ਲੈ ਗਿਆ। ਫਿਰ ਉਹ ਖੁਲ੍ਹੇਆਮ ਸਟੇਜਾਂ 'ਤੇ ਗਾਉਣ ਲੱਗਾ। ਫਿਰ ਕਈ ਵਾਰ ਕੁੱਟਾਂ ਪਈਆਂ। ਗ੍ਰਿਫ਼ਤਾਰੀਆਂ ਹੋਈਆਂ। ਅੰਮ੍ਰਿਤਸਰ ਵਾਲੇ ਡਾਕਟਰ ਦਲਜੀਤ ਸਿੰਘ ਕੋਲੋਂ ਅੱਖਾਂ ਦਾ ਇਲਾਜ ਕਰਵਾਇਆ। ਸਰੀਰ ਕਾਇਮ ਨਹੀਂ ਸੀ ਰਹਿੰਦਾ। ਪੁਲੀਸ ਦੀ ਕੁੱਟ ਨੇ ਛੱਤੀ ਤਾਂ ਰੋਗ ਲਾ ਦਿੱਤੇ ਸਨ। ਡੇਢ ਸਾਲ ਕਲਕੱਤੇ ਹਰਦੇਵ ਸਿੰਘ ਗਰੇਵਾਲ ਕੋਲ ਰਹੇ। ਉੱਥੇ ਅੱਖਾਂ ਤੇ ਸਰੀਰ ਦਾ ਇਲਾਜ ਕਰਵਾਉਂਦੇ ਰਹੇ। ਪਿਛੇ ਪੁਲੀਸ ਇਨ੍ਹਾਂ ਨੂੰ ਲੱਭਦੀ ਫਿਰਦੀ ਹੁੰਦੀ ਸੀ। ਜੁਆਕਾਂ ਨੂੰ, ਮੈਨੂੰ ਗਾਲ੍ਹਾਂ ਕੱਢ ਕੇ ਜਾਂਦੇ। ਅਸੀਂ ਤਾਂ ਚਾਹੁੰਦੇ ਸੀ ਇਹ ਪਾਸੇ ਰਹਿਣ। ਅਪਣਾ ਇਲਾਜ ਕਰਵਾਉਣ। ਉਦੋਂ ਪਤਾ ਥੋੜ੍ਹਾ ਸੀ, ਕਦੋਂ ਪੁਲੀਸ ਨੇ ਗੋਲੀ ਮਾਰ ਦੇਣੀ ਹੈ। ਇਹ ਡਰ ਤਾਂ 1980 ਤਕ ਲੱਗਿਆ ਰਿਹਾ।

? : ਆਮ ਤੌਰ 'ਤੇ ਲੇਖਕਾਂ ਦੀਆਂ ਪਤਨੀਆਂ ਸ਼ੱਕੀ ਬਹੁਤ ਹੁੰਦੀਆਂ ਹਨ। ਲੇਖਕਾਂ ਨੂੰ ਬਾਹਰ ਲੇਖਕ ਔਰਤਾਂ ਵੀ ਮਿਲਦੀਆਂ ਹਨ। ਕਾਮਰੇਡਾਂ ਦੀਆਂ ਭੈਣਾਂ-ਪਤਨੀਆਂ ਨਾਲ ਵੀ ਮਿਲਣਾ ਪੈਂਦਾ। ਤੁਹਾਡੀ ਨਜ਼ਰ ਵਿਚ ਉਦਾਸੀ ਦੇ ਪਰਾਈਆਂ ਔਰਤਾਂ ਨਾਲ ਕਿਹੋ ਜਹੇ ਸਬੰਧ ਸਨ?

ਨਸੀਬ ਕੌਰ : ਜਦੋਂ ਉਦਾਸੀ ਸਾਹਿਬ ਅਪਣੇ ਘਰ ਤੋਂ ਬਾਹਰ ਦੀਆਂ ਔਰਤਾਂ ਨਾਲ ਵਿਚਰਦੇ ਸਨ; ਹਰ ਕਿਸਮ ਦਾ ਕੰਟਰੋਲ ਰੱਖਦੇ ਸਨ। ਬਾਬਾ ਬੂਝਾ ਸਿੰਘ ਦੀ ਗੱਲ ਸੁਣਾਉਂਦੇ ਹੁੰਦੇ ਸਨ। ਉਨ੍ਹਾਂ ਨੇ ਸਭ ਕਾਮਰੇਡਾਂ ਨੂੰ ਹਦਾਇਤ ਕੀਤੀ ਹੁੰਦੀ ਸੀ, ''ਜਿਨ੍ਹਾਂ ਘਰਾਂ ਵਿਚ ਜਾਂਦੇ ਹੋ, ਰਹਿੰਦੇ ਹੋ, ਉਨ੍ਹਾਂ ਘਰਾਂ ਦੀਆਂ ਧੀਆਂ-ਭੈਣਾਂ, ਸੁਆਣੀਆਂ ਨੂੰ ਅਪਣੀਆਂ ਧੀਆਂ-ਭੈਣਾਂ, ਮਾਵਾਂ ਸਮਝਣਾ।' ਉਦਾਸੀ ਜਿਨ੍ਹਾਂ ਘਰਾਂ ਵਿਚ ਜਾਂਦੇ ਸਨ, ਉਨ੍ਹਾਂ ਘਰਾਂ ਦੀਆਂ ਔਰਤਾਂ ਉਦਾਸੀ ਤੋਂ ਹਿਚਕਚਾਹਟ ਮਹਿਸੂਸ ਨਾ ਕਰਦੀਆਂ। ਘਰ ਵਿਚ ਉਨ੍ਹਾਂ ਦਾ ਬੰਦਾ ਹੋਵੇ ਜਾਂ ਨਾ ਹੋਵੇ, ਇਹ ਉਨ੍ਹਾਂ ਕੋਲ ਚਲੇ ਜਾਂਦੇ। ਖਾ ਪੀ ਕੇ, ਬੈਠ ਕੇ ਆਉਂਦੇ। ਉਨ੍ਹਾਂ ਨਾਲ ਦੁੱਖ-ਸੁੱਖ ਸਾਂਝਾ ਕਰਕੇ ਆਉਂਦੇ। ਕਿਉਂਕਿ ਇਨ੍ਹਾਂ ਅਪਣੀ ਇਸ ਕਿਸਮ ਦੀ ਦਿੱਖ ਬਣਾਈ ਹੋਈ ਸੀ। ਬਹੁਤੇ ਘਰਾਂ ਵਿਚ ਤਾਂ ਇਹ ਬੰਦਿਆਂ ਨਾਲ ਬੈਠ ਕੇ ਸ਼ਰਾਬ ਪੀ ਆਉਂਦੇ। ਆਮ ਤੌਰ 'ਤੇ ਔਰਤਾਂ ਸ਼ਰਾਬੀਆਂ ਤੋਂ ਡਰਦੀਆਂ ਹੁੰਦੀਆਂ ਹਨ। ਪਰ ਉਦਾਸੀ ਤੋਂ ਔਰਤਾਂ ਨਾ ਡਰਦੀਆਂ। ਦਾਰੂ ਪੀ ਕੇ ਹੋਸ਼ ਵਿਚ ਰਹਿੰਦਾ ਸੀ। ਮਤਲਬ ਅਗਲੀ ਨੂੰ ਧੀ-ਭੈਣ ਸਮਝਦਾ ਸੀ।

? : ਆਮ ਤੌਰ 'ਤੇ ਲੇਖਕਾਂ ਦਾ ਟਾਈਮ ਪੜ੍ਹਨ-ਲਿਖਣ ਅਤੇ ਬਾਹਰ ਦੇ ਤੋਰੇ ਫੇਰੇ 'ਤੇ ਲੱਗ ਜਾਂਦਾ ਹੈ। ਉਹ ਘਰ ਪਰਿਵਾਰ ਨੂੰ ਟਾਈਮ ਨਹੀਂ ਦੇ ਪਾਉਂਦੇ। ਕਾਮਰੇਡ ਅਪਣਾ ਸਾਰਾ ਸਮਾਂ ਲੋਕਾਂ ਦੇ ਲੇਖੇ ਲਾ ਦਿੰਦੇ ਹਨ। ਉਨ੍ਹਾਂ ਦੀਆਂ ਪਤਨੀਆਂ ਤੇ ਬੱਚੇ ਰੁਲਦੇ-ਫਿਰਦੇ ਹਨ। ਉਦਾਸੀ ਜੀ ਘਰ ਪ੍ਰਤੀ ਕਿੰਨੇ ਕੁ ਜ਼ੁੰਮੇਵਾਰ ਸੀ? ਜਾਂ ਆਮ ਲੇਖਕਾਂ ਤੇ ਕਾਮਰੇਡਾਂ ਵਰਗੇ ਸਨ?

ਨਸੀਬ ਕੌਰ : ਉਹ ਪਰਿਵਾਰ ਪ੍ਰਤੀ ਵੀ ਸੁਹਿਰਦ ਬੰਦਾ ਸੀ। ਉਸ ਨੇ ਪੱਠੇ ਵੱਢਣ ਤੋਂ ਲੈ ਕੇ ਕਿਆਰੀਆਂ ਸਾਫ਼ ਕਰਨ ਤਕ ਸਭ ਕੰਮ ਆਪ ਕਰਨੇ। ਨੌਕਰੀ ਵੀ ਕਰਨੀ। ਘਰ ਦੇ ਕੰਮ ਵੀ ਕਰਨੇ। ਰਾਸ਼ਨ ਆਪ ਲੈ ਕੇ ਆਉਣਾ। ਰਸੋਈ ਦਾ ਸਮਾਨ ਮੁੱਕਣ ਤੋਂ ਪਹਿਲਾਂ ਹੀ ਕਰਿਆਨਾ ਲੈ ਆਉਣਾ। ਉਹ ਉਧਾਰ ਮੰਗਣ ਦੇ ਹੱਕ ਵਿਚ ਨਹੀਂ ਸੀ। ਉਹ ਘਰ ਦੀਆਂ ਔਰਤਾਂ ਨੂੰ ਜੱਟਾਂ ਦੇ ਖੇਤਾਂ ਵਿਚ ਭੇਜ ਕੇ ਰਾਜ਼ੀ ਨਹੀਂ ਸੀ। ਮੈਨੂੰ ਜਾਂ ਕੁੜੀਆਂ ਨੂੰ ਬਿਗਾਨੇ ਖੇਤਾਂ ਵਿਚ ਨਹੀਂ ਸੀ ਭੇਜਦਾ। ਮੈਨੂੰ ਕਹਿਣਾ, ''ਤੂੰ ਬੱਚੇ ਪੜ੍ਹਨ ਲਈ ਭੇਜਿਆ ਕਰ। ਆਏ ਗਏ ਕਾਮਰੇਡਾਂ ਨੂੰ ਸਾਂਭਿਆ ਕਰ। ਹਰ ਕਾਮਰੇਡ ਦਾ ਖਿੜੇ ਮੱਥੇ ਸਵਾਗਤ ਕਰਿਆ ਕਰ। ਸਾਡੇ ਘਰੋਂ ਕੋਈ ਰੋਟੀ ਪਾਣੀ ਤੋਂ ਬਿਨਾਂ ਨਾ ਜਾਵੇ।'' ਘਿਓ ਦੁੱਧ ਲੱਸੀ ਲਈ ਦੋ ਮੱਝਾਂ ਰੱਖੀਆਂ ਹੁੰਦੀਆਂ ਸਨ। ਉਨ੍ਹਾਂ ਦੇ ਚਾਰੇ ਲਈ ਬਰਸੀਮ ਜਾਂ ਚਰ੍ਹੀ ਮੁੱਲ ਲੈ ਲੈਂਦੇ। ਪਹਿਲਾਂ ਆਪ ਵੱਢਣ ਜਾਂਦਾ ਹੁੰਦਾ ਸੀ। ਫਿਰ ਬੱਲੀ (ਵੱਡਾ ਬੇਟਾ) ਤਕੜਾ ਹੋਇਆ, ਉਹ ਪੱਠੇ ਲਿਆਉਣ ਲੱਗ ਪਿਆ। ਉਦੋਂ ਪਰਿਵਾਰ ਵੱਡੇ ਹੁੰਦੇ ਸਨ। ਰਿਸ਼ਤੇਦਾਰ ਆਏ ਰਹਿੰਦੇ। ਕਾਮਰੇਡਾਂ ਦੇ ਹੜ੍ਹ ਆਏ ਰਹਿੰਦੇ। ਰੋਟੀਆਂ ਪਕਾਉਂਦੀ ਨੇ ਥੱਕ ਜਾਣਾ। ਉਦੋਂ ਉਦਾਸੀ ਨੇ ਕੰਮ ਵਿਚ ਮੇਰੀ ਮਦਦ ਕਰਵਾਉਣੀ। ਨਾਲ ਰੋਟੀ ਵਰਤਾਅ ਦੇਣੀ। ਮੇਰਾ ਉਦਾਸੀ ਨੇ ਬੜਾ ਸਾਥ ਦਿੱਤਾ। ਉਹਨੇ ਮੈਨੂੰ ਸਮਝਾਇਆ ਕਿ ਜਿਉਣਾ ਕਿਵੇਂ ਐ ਅਣਖ ਨਾਲ। ਕਿਸੇ ਵੱਡੇ ਖੱਬੀ ਖ਼ਾਨ ਦੀ ਟੈਂਅ ਨਹੀਂ ਮੰਨਣੀ। ਮੈਂ ਤੇਰੇ ਨਾਲ ਖੜਾਂ।

? : ਉਦਾਸੀ ਜੀ ਦਾ ਦਿੱਲੀ ਦੇ ਲਾਲ ਕਿਲ੍ਹੇ ਤੋਂ ਗੀਤ ਬੋਲਣ ਜਾਣਾ, ਪ੍ਰੋ. ਮੋਹਨ ਸਿੰਘ ਦੇ ਮੇਲੇ 'ਤੇ ਸਿੱਕਿਆਂ ਨਾਲ ਤੋਲੇ ਜਾਣਾ ਅਤੇ ਗੁਰਦੁਆਰਿਆਂ ਵਿਚ ਗਾਉਣ ਜਾਣਾ ਆਦਿ ਬਾਰੇ ਬੜਾ ਵਾਵੇਲਾ ਖੜਾ ਹੋਇਆ। ਉਦਾਸੀ ਜੀ ਇਸ ਸਾਰੇ ਵਾਵੇਲੇ ਨੂੰ ਕਿਵੇਂ ਲੈਂਦੇ ਸਨ?

ਨਸੀਬ ਕੌਰ : ਪਹਿਲੀ ਗੱਲ ਹੁਣ ਜਿੰਨਾ ਰੌਲਾ ਪਾਇਆ ਜਾ ਰਿਹਾ, ਉਦੋਂ ਇੰਨਾ ਨਹੀਂ ਸੀ। ਹੁਣ ਤੇ ਇਹਨੂੰ ਜਾਣ ਕੇ ਮੁੱਦਾ ਬਣਾਇਆ ਜਾ ਰਿਹਾ ਹੈ। ਉਪਰੋਂ-ਉਪਰੋਂ ਤਾਂ ਦੇਖਣ ਨੂੰ ਲਗਦਾ ਬਈ ਉਦਾਸੀ ਨਾਲ ਹਮਦਰਦੀ ਕੀਤੀ ਜਾ ਰਹੀ ਹੈ ਪਰ ਮੈਨੂੰ ਲਗਦਾ ਇਹ ਕਾਮਰੇਡਾਂ ਦੇ ਖ਼ਿਲਾਫ਼ ਹੀ ਭੜਾਸ ਨਹੀਂ ਕੱਢੀ ਜਾ ਰਹੀ ਸਗੋਂ ਉਦਾਸੀ ਦੀ ਦਿੱਖ ਵਿਗਾੜਨ ਲਈ ਅਜਿਹਾ ਕੀਤਾ ਜਾ ਰਿਹਾ ਹੈ। ਇਕ ਪਾਸੇ ਸਿੱਕਿਆਂ ਨਾਲ ਤੋਲਣ ਵਾਲੀ ਘਟਨਾ ਬਿਆਨ ਕੇ ਕਾਮਰੇਡਾਂ ਨੂੰ ਭੰਡਿਆ ਜਾ ਰਿਹਾ ਹੈ। ਫਿਰ ਉਦਾਸੀ ਦਾ ਇਹ ਪੁਰਸਕਾਰ ਲੈਣ ਨੂੰ ਵੀ ਭੰਡਿਆ ਜਾ ਰਿਹਾ ਹੈ। ਜਦੋਂ ਉਦਾਸੀ ਜੀ ਦਿੱਲੀ ਦੇ ਲਾਲ ਕਿਲੇ 'ਤੇ ਗਏ, ਉਹ ਉਥੇ ਇਨਕਲਾਬੀ ਗੀਤ ਹੀ ਪੇਸ਼ ਕਰ ਕੇ ਆਏ। ਜਿਹੜਾ ਉਦਾਸੀ ਜੀ ਦਾ ਗਰੁੱਪ (ਕਾਮਰੇਡ ਬੰਤ ਮਾਣੂਕੇ ਹੁਰੀਂ) ਸੀ, ਉਨ੍ਹਾਂ ਉਦਾਸੀ ਜੀ ਨੂੰ ਸਮਝਾਇਆ ਕਿ ਸਾਡੀ ਸਰਕਾਰ ਨਾਲ ਲੜਾਈ ਚੱਲ ਰਹੀ ਹੈ, ਅਜਿਹੀਆਂ ਥਾਵਾਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਪਰ ਹੋਰ ਸ਼ਰੀਕ ਗਰੁੱਪ ਵਿਰੋਧ ਕਰਨ ਲੱਗੇ। ਸਿੱਕਿਆਂ ਨਾਲ ਤੋਲਣ ਵੇਲੇ ਵੀ ਅਜਿਹਾ ਹੋਇਆ। ਦੋ ਗਰੁੱਪਾਂ ਨੇ ਲਿਖ ਕੇ ਵਿਰੋਧ ਕੀਤਾ ਸੀ। ਉਹ ਦੋਸ਼ ਲਾਉਂਦੇ ਸੀ ਕਿ ਉਦਾਸੀ ਕਾਂਗਰਸੀ ਹੋ ਗਿਆ ਹੈ। ਜਿਹੜੇ ਇਨ੍ਹਾਂ ਦੇ ਅਪਣੇ ਦੋਸਤ ਲੇਖਕ ਸਨ ਜਾਂ ਪਾਰਟੀ ਵਾਲੇ ਸਨ, ਉਨ੍ਹਾਂ ਚਿੱਠੀਆਂ ਪਾ ਕੇ ਇਤਰਾਜ਼ ਕੀਤਾ ਸੀ। ਉਦਾਸੀ ਕਹਿੰਦਾ ਸੀ, ''ਮੈਂ ਅਪਣੀ ਵਿਚਾਰਧਾਰਾ ਤਾਂ ਨਹੀਂ ਬਦਲੀ। ਕੋਈ ਮੇਰੀਆਂ ਇਨਕਲਾਬੀ ਕਵਿਤਾਵਾਂ/ਗੀਤਾਂ ਦੀ ਪ੍ਰਸ਼ੰਸਾ ਕਰਨਾ ਚਾਹੁੰਦਾ ਹੈ ਜਾਂ ਮੈਨੂੰ ਪੁਰਸਕਾਰ ਦੇਣਾ ਚਾਹੁੰਦਾ ਹੈ; ਉਸ ਵਿਚ ਮੇਰਾ ਕੀ ਕਸੂਰ? ਮੈਂ ਥੋੜ੍ਹਾ ਬਦਲਿਆਂ? ਉਹ ਬਦਲ ਰਹੇ ਹਨ। ਮੇਰੀਆਂ ਕਵਿਤਾਵਾਂ/ਗੀਤਾਂ ਨੂੰ ਮਾਨਤਾ ਦੇ ਰਹੇ ਹਨ।'' ਦਰਅਸਲ ਇਹ ਤਾਂ ਗਰੁੱਪਾਂ ਦਾ ਆਪਸੀ ਭੇੜ ਸੀ। ਹੁਣ ਨਕਸਲੀ ਲਹਿਰ ਦੇ ਵਿਰੋਧੀ ਇਨ੍ਹਾਂ ਗੱਲਾਂ ਨੂੰ ਤੂਲ ਦੇ ਰਹੇ ਹਨ। ਬਾਕੀ ਉਦਾਸੀ ਨੇ ਅਪਣਾ ਪਰਿਵਾਰ ਨਹੀਂ ਸੀ ਪਾਲਣਾ? ਬੱਚੇ ਵੱਡੇ ਹੋ ਗਏ ਸਨ। ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚ, ਅਗਾਂਹ ਕੁੜੀਆਂ ਦੇ ਵਿਆਹਾਂ ਦੇ ਖ਼ਰਚ ਸਿਰ 'ਤੇ ਖੜ੍ਹੇ ਸਨ। ਉਹ ਗਾਉਣ ਜਾਂਦੇ ਸਨ। ਗੁਰਦੁਆਰਿਆਂ ਵਾਲੇ ਚਾਰ ਛਿੱਲੜ ਹੱਥ 'ਤੇ ਰੱਖ ਦਿੰਦੇ ਸਨ। ਅਪਣੀ ਮਿਹਨਤ ਲੈਣਾ ਕਿਹੜਾ ਗੁਨਾਹ ਹੋ ਗਿਆ? ਕੀ ਉਸ ਮਰਦ ਨੇ ਮਰਨ ਤਕ ਅਪਣੀ ਵਿਚਾਰਧਾਰਾ ਛੱਡੀ? ਬਿਲਕੁਲ ਨਹੀਂ। ਉਹ ਕਹਿੰਦਾ ਸੀ, ''ਚਾਹੇ ਮੈਂ ਅਕਾਲੀਆਂ ਦੀ ਸਟੇਜ 'ਤੇ ਜਾਵਾਂ, ਚਾਹੇ ਕਿਸੇ ਸਰਕਾਰੀ ਸਟੇਜ 'ਤੇ, ਚਾਹੇ ਗੁਰਦੁਆਰਿਆਂ ਵਿਚ ਜਾਵਾਂ, ਹਮੇਸ਼ਾ ਅਪਣੀਆਂ ਨਕਸਲੀ ਲਹਿਰ ਦੀਆਂ ਕਵਿਤਾਵਾਂ ਪੜ੍ਹੀਆਂ। ਮੈਂ ਕਿਸੇ ਸਰਕਾਰੀ ਪਾਰਟੀ ਦਾ ਪ੍ਰਚਾਰ ਨਹੀਂ ਕਰਦਾ। ਕਿਸੇ ਧਰਮ ਦਾ ਪ੍ਰਚਾਰ ਨਹੀਂ ਕਰਦਾ। ਮੈਂ ਤਾਂ ਅਪਣੀ ਲਹਿਰ ਦੇ, ਅਪਣੇ ਕਿਰਤੀ ਲੋਕਾਂ ਦੇ ਦੁੱਖਾਂ ਦੇ ਗੀਤ ਗਾਉਂਦਾ ਹਾਂ।'' ਉਨ੍ਹਾਂ ਦਾ ਇਕ ਵੀ ਗੀਤ ਜਾਂ ਕੋਈ ਭਾਸ਼ਣ ਦਿਖਾਓ, ਜਿਹੜਾ ਸਰਕਾਰੀ ਕਿਸਮ ਦਾ ਹੋਵੇ, ਲੋਕ ਵਿਰੋਧੀ ਹੋਵੇ ਜਾਂ ਧਾਰਮਕ ਕੱਟੜਤਾ ਤੇ ਅੰਧ ਵਿਸ਼ਵਾਸ ਵਾਲਾ। ਜੱਸੋਵਾਲ ਨਾਲ ਉਨ੍ਹਾਂ ਦੇ ਦੋਸਤਾਂ ਵਾਲੇ ਸਬੰਧ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਜੱਸੋਵਾਲ ਨੇ ਸਭ ਤੋਂ ਵੱਧ ਪਰਿਵਾਰ ਨੂੰ ਸਹਿਯੋਗ ਦਿੱਤਾ। ਪਰ ਜੱਸੋਵਾਲ ਨਾਲ ਰਲ ਕੇ ਉਦਾਸੀ ਕਾਂਗਰਸੀਆ ਥੋੜ੍ਹਾ ਹੋ ਗਿਆ?

? : ਇਹ ਧਰਮ ਯੁੱਧ ਮੋਰਚੇ ਜਾਂ ਖ਼ਾਲਿਸਤਾਨੀ ਲਹਿਰ ਨਾਲ ਕਿੰਨੇ ਕੁ ਜੁੜੇ? ਇਨ੍ਹਾਂ ਉਨ੍ਹਾਂ ਵਿਚ ਸ਼ਮੂਲੀਅਤ ਕੀਤੀ ਜਾਂ ਸਿਰਫ਼ ਹਮਦਰਦ ਹੀ ਸਨ?

ਨਸੀਬ ਕੌਰ : ਮੇਰੇ ਸਹੁਰਾ ਪਰਿਵਾਰ ਦਾ ਪੁਰਾਣਾ ਪਿਛੋਕੜ ਸਿੱਖੀ ਵਾਲਾ ਸੀ। ਫਿਰ ਇਹ ਨਾਮਧਾਰੀ ਹੋ ਗਏ। ਮੈਂ ਤਾਂ ਇਨ੍ਹਾਂ ਨੂੰ ਨਾਮਧਾਰੀ ਹੀ ਦੇਖਿਆ। ਸਾਰਾ ਪਰਿਵਾਰ ਅੱਜ ਵੀ ਨਾਮਧਾਰੀ ਸੰਪਰਦਾ ਨਾਲ ਜੁੜਿਆ ਹੋਇਆ ਹੈ। ਸਿਰਫ਼ ਉਦਾਸੀ ਨੇ ਇਹ ਸੰਪਰਦਾ ਛੱਡੀ। ਉਹ ਕਮਿਊਨਿਸਟ ਸੀ। ਨਕਸਲੀ ਲਹਿਰ ਵਿਚ ਸਰਗਰਮ ਰਹੇ। ਉਹ ਧਾਰਮਕ ਵਿਅਕਤੀ ਨਹੀਂ ਸਨ। ਹਰ ਵੇਲੇ ਸ਼ਰਾਬ ਪੀਣ ਤੇ ਮੀਟ ਖਾਣ ਵਾਲੇ ਸਨ। ਜਦੋਂ ਪਟਿਆਲਾ ਜੇਲ੍ਹ ਵਿਚ ਸਨ। ਉਦੋਂ ਐਮਰਜੈਂਸੀ ਲੱਗੀ ਹੋਈ ਸੀ। ਨਕਸਲੀਏ, ਅਕਾਲੀ ਅਤੇ ਜਨਸੰਘੀ ਇਕੱਠੇ ਹੀ ਜੇਲ੍ਹ ਵਿਚ ਸਨ। ਅਕਾਲੀ ਤੇ ਜਨਸੰਘੀਏ ਕਹਿਣ, ''ਨਕਸਲੀ ਭਰਾਓ ਆਪਾਂ ਇਕ ਹਾਂ। ਇੰਦਰਾ ਗਾਂਧੀ ਦੇ ਖ਼ਿਲਾਫ਼ ਮੋਰਚਾ ਬਣਾਉਣਾ ਹੈ।'' ਉਦੋਂ ਅਕਾਲੀ ਲੀਡਰ ਉਦਾਸੀ ਜੀ ਦੇ ਨੇੜੇ ਹੋ ਗਏ। ਇਨ੍ਹਾਂ ਨੂੰ ਅਪਣੇ ਵੱਲ ਖਿੱਚਣ। ਪਰ ਇਨ੍ਹਾਂ ਨੂੰ ਅਸਲੀਅਤ ਦਾ ਪਤਾ ਹੀ ਸੀ। ਇਹ ਉਹੀ ਸਨ, ਜਿਨ੍ਹਾਂ ਉਦਾਸੀ ਦੇ ਸਾਥੀਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਿਆ ਸੀ। 82 ਸਾਲ ਦੇ ਬਾਬਾ ਬੂਝਾ ਸਿੰਘ ਨੂੰ ਵੀ ਬਖ਼ਸ਼ਿਆ ਨਹੀਂ ਸੀ। ਲੰਮਾਂ ਸਮਾਂ ਜੇਲ੍ਹ ਵਿਚ ਇਕੱਠੇ ਰਹੇ ਹੋਣ ਕਰ ਕੇ ਇਕ-ਦੂਜੇ ਨਾਲ ਦੋਸਤਾਂ ਵਾਲੇ ਸਬੰਧ ਬਣ ਗਏ। ਪਿਛੋਂ ਜਾ ਕੇ ਵੱਡੇ-ਵੱਡੇ ਅਕਾਲੀ ਲੀਡਰ ਘਰ ਆਉਂਦੇ ਰਹੇ। ਉਦਾਸੀ ਨੂੰ ਅਪਣੇ ਕੋਲ ਸੱਦ ਲੈਂਦੇ ਸਨ। ਇਹ ਵਿਅਕਤੀਗਤ ਮਿੱਤਰਚਾਰੇ ਸਨ, ਪਰ ਉਨ੍ਹਾਂ ਕਦੇ ਸੋਚ ਨਹੀਂ ਬਦਲੀ। ਉਹ ਕਦੇ ਵੀ ਧਰਮ ਯੁੱਧ ਮੋਰਚੇ ਦੇ ਹੱਕ ਵਿਚ ਨਹੀਂ ਹੋਏ। ਜਿਹੜਾ ਉਸ ਵੇਲੇ ਪੰਜਾਬੀਆਂ 'ਤੇ ਜ਼ੁਲਮ ਹੁੰਦਾ ਸੀ। ਉਹ ਉਹਦੇ ਖ਼ਿਲਾਫ਼ ਜ਼ਰੂਰ ਸਨ। ਰਹੀ ਗੱਲ ਖ਼ਾਲਿਸਤਾਨੀ ਬਣਨ ਦੀ। ਉਹ ਤਾਂ ਨਾਮਧਾਰੀ ਸੰਪਰਦਾ ਵਿਚ ਨਹੀਂ ਫਿਟ ਹੋਏ, ਜਿਹੜਾ ਕਿ ਇਨ੍ਹਾਂ ਦਾ ਮੁੱਢ ਸੀ। ਇਹ ਖ਼ਾਲਿਸਤਾਨੀ ਕਿਵੇਂ ਬਣ ਜਾਂਦੇ? ਇਹ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੇ ਵਿਰੁੱਧ ਸਨ। ਚੌਰਾਸੀ ਦੇ ਦਿੱਲੀ ਦੰਗਿਆਂ ਦੇ ਵਿਰੁੱਧ ਸਨ। ਬੇਕਸੂਰਾਂ 'ਤੇ ਹੁੰਦੇ ਜ਼ਬਰ ਦੇ ਖ਼ਿਲਾਫ਼ ਸਨ। ਇਕੱਲਾ ਉਦਾਸੀ ਥੋੜ੍ਹਾ ਵਿਰੁੱਧ ਸੀ। ਉਦਾਸੀ ਦੀ ਪਾਰਟੀ ਇਨ੍ਹਾਂ ਗੱਲਾਂ ਦੇ ਵਿਰੁੱਧ ਸੀ। ਕਾਮਰੇਡ ਬੰਤ ਮਾਣੂਕੇ ਹੁਰੀਂ ਮੇਰੇ ਭਰਾ ਲਗਦੇ ਸਨ। ਉਹ ਜਾਂ ਹੋਰ ਕਾਮਰੇਡ ਵੀ ਘਰ ਆਉਂਦੇ ਤਾਂ ਅਕਸਰ ਪੰਜਾਬ ਦੇ ਹਲਾਤਾਂ ਬਾਰੇ ਗੱਲਾਂ ਹੁੰਦੀਆਂ। ਇਹ ਸਾਰੇ ਰਲ ਕੇ ਸਰਕਾਰ ਦੇ ਇਨ੍ਹਾਂ ਕੰਮਾਂ ਨੂੰ ਨਿੰਦਦੇ।

ਬੇਟਾ ਜੀ, ਮੇਰੇ ਪਤੀ ਜੀ ਤਾਂ ਇਨਕਲਾਬੀ ਸਨ। ਉਹ ਜਾਤ-ਪਾਤ ਵੀ ਖ਼ਤਮ ਕਰਨਾ ਚਾਹੁੰਦੇ ਸਨ। ਉਹ ਗ਼ਰੀਬਾਂ ਨੂੰ ਉਪਰ ਉਠਾਉਣਾ ਚਾਹੁੰਦੇ ਸਨ। ਗੁਰਬਾਣੀ, ਮਹਾਂਭਾਰਤ ਤੇ ਰਮਾਇਣ ਉਨ੍ਹਾਂ ਨੂੰ ਮੂੰਹ ਜ਼ੁਬਾਨੀ ਕੰਠ ਸੀ। ਉਹ ਹਰ ਰਾਤ ਅਪਣੇ ਜੁਆਕਾਂ ਨੂੰ ਮਹਾਂਭਾਰਤ ਸੁਣਾਉਂਦੇ। ਰਮਾਇਣ ਤਾਂ ਉਹ ਇੱਦਾਂ ਖੁਭ ਕੇ ਸੁਣਾਉਂਦੇ ਸਨ ਜਿਵੇਂ ਉਹ ਆਪ ਉਸ ਵਿਚ ਸ਼ਾਮਲ ਹੋ ਗਏ ਹੁੰਦੇ। ਇਕ ਤੇ ਵਾਲਮੀਕ ਜੀ ਸਾਡੇ ਅਪਣੇ ਭਗਵਾਨ ਹਨ, ਉਨ੍ਹਾਂ ਨੇ ਰਮਾਇਣ ਲਿਖੀ ਸੀ। ਫਿਰ ਰਮਾਇਣ ਤਾਂ ਸਾਡੀ ਜ਼ਿੰਦਗੀ ਦਾ ਵੈਸੇ ਹੀ ਹਿੱਸਾ ਹੈ। ਉਨ੍ਹਾਂ ਕੋਲ ਬਹੁਤ ਸਾਰੇ ਇਨਕਲਾਬੀ ਮੈਗਜ਼ੀਨ ਆਉਂਦੇ ਸਨ। ਉਹ, ਉਹ ਵੀ ਬੱਚਿਆਂ ਨੂੰ ਪੜ੍ਹ ਕੇ ਸੁਣਾਉਂਦੇ ਸਨ। ਉਹ ਮਹਾਂਭਾਰਤ, ਰਮਾਇਣ, ਵੀਅਤਨਾਮ ਜੰਗ ਦੇ ਯੋਧੇ, ਡਾ. ਅੰਬੇਦਕਰ ਅਤੇ ਸਿੱਖ ਇਤਿਹਾਸ ਦੇ ਖਾੜਕੂ ਨਾਇਕਾਂ ਨੂੰ ਅਪਣੇ ਗੀਤਾਂ ਵਿਚ ਵਰਤ ਲੈਂਦੇ ਸਨ। ਬਾਕੀ ਭਾਈ ਉਨ੍ਹਾਂ ਦੀ ਕਲਮ ਵਿਚ ਦਮ ਸੀ, ਆਵਾਜ਼ ਵਿਚ ਜ਼ੋਰ ਸੀ। ਇਨ੍ਹਾਂ ਕਰ ਕੇ ਉਨ੍ਹਾਂ ਨੂੰ ਸੰਤ (ਸੰਤ ਹਰਚੰਦ ਸਿੰਘ ਲੌਂਗੋਵਾਲ) ਵੀ ਸੱਦ ਲੈਂਦੇ। ਸ਼੍ਰੋਮਣੀ ਕਮੇਟੀ ਵਾਲੇ ਵੀ ਪ੍ਰੋਗਰਾਮਾਂ 'ਤੇ ਬੁਲਾ ਲੈਂਦੇ। ਪਾਉਂਟਾ ਸਾਹਿਬ ਵਾਲੇ ਤੇ ਕਲਕੱਤੇ ਦੀ ਸਾਧ ਸੰਗਤ ਵੀ ਉਨ੍ਹਾਂ ਦੀ ਹਾਜ਼ਰੀ ਭਰਾਉਂਦੀ। ਉਹ ਜਿਹੜੀ ਵੀ ਜਗ੍ਹਾ ਜਾਂਦੇ, ਗੱਲ ਇਨਕਲਾਬ ਦੀ ਕਰ ਕੇ ਆਉਂਦੇ। ਉਹ ਕਹਿੰਦੇ, ''ਮੈਂ ਲੋਕਾਂ ਦਾ ਕਵੀ ਹਾਂ।'' ਉਨ੍ਹਾਂ ਦੇ ਅੰਦਰ ਲੋਕਾਂ ਦੀ ਪੀੜ ਸੀ। ਫ਼ੰਕਸ਼ਨ ਜਿਹੜਾ ਮਰਜ਼ੀ ਹੋਵੇ, ਉਹ ਗੱਲ ਅਪਣੀ ਕਰ ਕੇ ਆਉਂਦੇ। ਇਥੋਂ ਤਕ ਵਿਆਹਾਂ ਸ਼ਾਦੀਆਂ 'ਤੇ ਵੀ ਕਾਮਰੇਡਾਂ ਵਾਲੇ ਗੀਤ ਗਾ ਕੇ ਆਉਂਦੇ।

? : ਇਨਕਲਾਬੀਆਂ ਦੀਆਂ ਸਟੇਜਾਂ ਤੋਂ ਬਿਨਾਂ ਜਿਹੜੀਆਂ ਹੋਰ ਸਟੇਜਾਂ 'ਤੇ ਉਹ ਜਾਂਦੇ ਸਨ। ਉਥੇ ਪੈਸਿਆਂ ਖ਼ਾਤਰ ਜਾਂਦੇ ਸਨ?

ਨਸੀਬ ਕੌਰ : ਦੇਖੋ ਘਰਾਂ ਦੀਆਂ ਲੋੜਾਂ ਤਾਂ ਹੁੰਦੀਆਂ ਹੀ ਹਨ। ਨਾਲੇ ਸਾਡੇ ਗ਼ਰੀਬ ਘਰਾਂ ਦੇ ਖ਼ਰਚਿਆਂ ਦਾ ਮਸਲਾ ਹਮੇਸ਼ਾ ਖੜ੍ਹਾ ਹੀ ਰਹਿੰਦਾ ਹੈ। ਬਾਕੀ ਉਦਾਸੀ ਸਾਰਾ ਕੁਝ ਪੈਸੇ ਲਈ ਵੀ ਨਹੀਂ ਸੀ ਕਰਦਾ। ਜਿਥੇ-ਜਿਥੇ ਉਹਦੇ ਮਿੱਤਰ ਬੈਠੇ ਸਨ, ਉਹ ਬੁਲਾ ਲੈਂਦੇ। ਉਹ ਕਦੇ ਮਿੱਤਰਾਂ ਨੂੰ ਮੁੱਕਰਦਾ ਨਹੀਂ ਸੀ। ਬਾਕੀ ਜੇ ਉਦਾਸੀ ਨੇ ਧਨ ਕਮਾਉਣਾ ਹੁੰਦਾ ਜਾਂ ਜਾਇਦਾਦਾਂ ਬਣਾਉਣੀਆਂ ਹੁੰਦੀਆਂ ਤਾਂ ਉਹ ਸੋਨੇ ਦੀਆਂ ਕੰਧਾਂ ਖੜ੍ਹੀਆਂ ਕਰ ਲੈਂਦਾ। ਪਰ ਉਹਨੇ ਅਪਣੀ ਪਾਰਟੀ ਨੂੰ ਪਿੱਠ ਨਹੀਂ ਦਿਖਾਈ।

? : ਸ਼ਰਾਬ ਪੀਣੀ ਉਦਾਸੀ ਦੀ ਕਮਜ਼ੋਰੀ ਸੀ?

ਨਸੀਬ ਕੌਰ : ਦੇਖੋ ਜਦੋਂ ਵਿਆਹ ਹੋਇਆ, ਉਦੋਂ ਤਾਂ ਕਿਤੇ ਵਿਆਹ ਸ਼ਾਦੀ ਜਾਂ ਖ਼ੁਸ਼ੀ ਸਮੇਂ ਪੀ ਲੈਂਦੇ ਸਨ। ਪਿਛੋਂ ਜਾ ਕੇ ਵੀ ਕਿਤੇ ਮਿੱਤਰਾਂ ਨਾਲ ਪੈਗ ਲਾ ਲੈਂਦੇ ਸਨ। ਪਰ ਜਦੋਂ ਪੁਲੀਸ ਨੇ ਉਨ੍ਹਾਂ 'ਤੇ ਬਹੁਤ ਜ਼ਿਆਦਾ ਜਬਰ ਕੀਤਾ। ਉਨ੍ਹਾਂ ਦੇ ਦਰਦਾਂ ਹੁੰਦੀਆਂ ਰਹਿੰਦੀਆਂ ਸਨ। ਨੀਂਦ ਨਹੀਂ ਸੀ ਆਉਂਦੀ ਹੁੰਦੀ। ਫਿਰ ਉਹ ਸ਼ਰਾਬ ਦਾ ਸਹਾਰਾ ਲੈਣ ਲੱਗ ਪਏ। ਹੌਲੀ-ਹੌਲੀ ਇਹ ਉਨ੍ਹਾਂ ਦੀ ਰੁਟੀਨ ਬਣ ਗਈ। ਬਾਅਦ ਵਿਚ ਤਾਂ ਜ਼ਿਆਦਾ ਹੀ ਪੀਣ ਲੱਗ ਪਏ ਸਨ। ਘਰ ਬਹੁਤ ਜ਼ਿਆਦਾ ਨਹੀਂ ਸੀ ਪੀਂਦੇ। ਇਹ ਤੇ ਬਾਹਰ ਕਵੀ ਦਰਬਾਰਾਂ ਤੋਂ ਪੀ ਆਉਂਦੇ। ਘਰ ਤਾਂ ਹਿਸਾਬ ਨਾਲ ਪੀਂਦੇ ਸਨ। ਸਿੱਧੀ ਗੱਲ ਦਾਰੂ ਉਨ੍ਹਾਂ ਦੀ ਖ਼ੁਰਾਕ ਦਾ ਹਿੱਸਾ ਸੀ।

? : ਉਦਾਸੀ ਜੀ ਪੱਗ ਕਿਹੜੇ-ਕਿਹੜੇ ਰੰਗ ਦੀ ਬੰਨ੍ਹਦੇ ਸਨ?

ਨਸੀਬ ਕੌਰ : (ਹੱਸ ਕੇ) .... ਲਗਦੈ ਬੇਟਾ ਜੀ, ਤੁਸੀਂ ਉਦਾਸੀ ਜੀ ਦੀ ਯਾਦ ਵਿਚ ਬਣਿਆ ਗੇਟ ਵੇਖ ਕੇ ਆਏ ਓ। ਉਹਦੇ ਇਕ ਥਮੜੇ 'ਤੇ ਪੀਲੇ ਰੰਗ ਦੀ ਪੱਗ ਵਾਲੀ ਫ਼ੋਟੋ ਲਾਈ ਹੋਈ ਹੈ ਤੇ ਦੂਜੇ ਪਾਸੇ ਨੀਲੇ ਰੰਗ ਵਾਲੀ ਫ਼ੋਟੋ ਹੈ। ਬੇਟਾ ਜੀ ਉਦਾਸੀ ਨੇ ਕਦੇ ਵੀ ਇਨ੍ਹਾਂ ਦੋਹਾਂ ਰੰਗਾਂ ਵਾਲੀਆਂ ਪੱਗਾਂ ਨਹੀਂ ਬੰਨ੍ਹੀਆਂ। ਉਹ ਸਰਦਈ, ਕਾਲੀ ਤੇ ਬਿਸਕੁਟੀ ਰੰਗਾਂ ਦੀਆਂ ਪੱਗਾਂ ਬੰਨ੍ਹਦੇ ਸਨ। ਜ਼ਿਆਦਾ ਕਾਲੇ ਰੰਗ ਦੀ ਹੀ ਬੰਨ੍ਹਦੇ ਸਨ। ਜਿੱਦਣ ਉਹ ਹਜ਼ੂਰ ਸਾਹਿਬ ਨੂੰ ਗਏ, ਉੱਦਣ ਉਨ੍ਹਾਂ ਕਾਲੀ ਫਿਫਟੀ ਬੰਨ੍ਹੀ ਤੇ ਪੱਗ ਬਿਸਕੁਟੀ।

? : ਉਦਾਸੀ ਜੀ ਦਾ ਸੁਭਾਅ ਕਿਸ ਕਿਸਮ ਦਾ ਸੀ? ਉਹ ਬਹੁਤ ਸਖ਼ਤ ਸਨ ਜਾਂ ਭਾਵੁਕ ਕਿਸਮ ਦੇ ਇਨਸਾਨ ਸਨ?

ਨਸੀਬ ਕੌਰ : ਮੈਂ ਤਿੰਨ ਉਦਾਹਰਣਾ ਦਿੰਦੀ ਹਾਂ। ਬੇਟਾ ਜੀ, ਤੁਸੀਂ ਉਸ ਵਿਚੋਂ ਉਦਾਸੀ ਜੀ ਦੇ ਸੁਭਾਅ ਦਾ ਅੰਦਾਜ਼ਾ ਲਾ ਲੈਣਾ। ਜੈਤੋਂ ਕੋਲ ਨਿਆਮੀ ਵਾਲਾ ਦਾ ਪਾਰਟੀ ਦਾ ਕਾਮਰੇਡ ਗੁਰਮੇਲ ਸਿੰਘ ਨਿਆਮੀ ਵਾਲਾ (ਬਰਾੜ) ਹੁੰਦਾ ਸੀ। ਜਦੋਂ ਉਦਾਸੀ ਜੀ ਜੇਲ੍ਹਾਂ ਵਿਚ ਰਹੇ ਜਾਂ ਰੂਪੋਸ਼ ਰਹੇ ਜਾਂ ਘਰ ਵਿਚ ਤੰਗੀ ਰਹੀ, ਤਦ ਕਾਮਰੇਡ ਗੁਰਮੇਲ ਹੀ ਘਰ ਦਾ ਖ਼ਿਆਲ ਰੱਖਦਾ ਸੀ। ਘਰ ਦਾਣੇ ਸੁੱਟ ਕੇ ਜਾਣੇ, ਰਾਸ਼ਨ ਲਿਆ ਕੇ ਦੇਣਾ, ਇਹ ਉਹ ਅਪਣੀ ਡਿਊਟੀ ਸਮਝਦਾ ਸੀ। ਪਰਿਵਾਰਕ ਝਗੜੇ ਕਾਰਨ ਉਹਦੀ ਵਿਚਾਰੇ ਦੀ ਮੌਤ ਹੋ ਗਈ। ਉਦਾਸੀ ਉਹਦੀ ਮੌਤ ਦਾ ਸੁਣ ਕੇ ਬਹੁਤ ਰੋਇਆ। ਰਾਤ ਨੂੰ ਉਠ ਕੇ ਬੈਠ ਜਾਇਆ ਕਰੇ। ਜਦੋਂ ਉਦਾਸੀ ਜੀ ਦੀ ਮੌਤ ਹੋਈ, ਉਹਤੋਂ ਇਕ ਮਹੀਨਾ ਦਸ ਦਿਨ ਪਹਿਲਾਂ (26 ਸਤੰਬਰ 1986) ਕਾਮਰੇਡ ਬਲਦੇਵ ਮਾਨ ਨੂੰ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਜਦੋਂ ਇਨ੍ਹਾਂ ਰੇਡੀਓ ਤੋਂ ਮਾਨ ਦੇ ਕਤਲ ਦੀ ਖ਼ਬਰ ਸੁਣੀ, ਇਹ ਤਾਂ ਭਾਈ ਰੋਣ ਲੱਗ ਪਏ। ਕੋਠੇ ਚੜ੍ਹ ਜਾਇਆ ਕਰਨ। ਥੱਲੇ ਆ ਜਾਇਆ ਕਰਨ। ਮੰਜੇ 'ਤੇ ਪੈ ਗਏ। ਇਨ੍ਹਾਂ ਤੋਂ ਉਠ ਨਾ ਹੋਵੇ। ਬੁੜ੍ਹ-ਬੁੜ੍ਹ ਕਰੀ ਜਾਣ, ''ਮੈਂ ਵੀ ਹੁਣ ਰਹਿ ਕੇ ਕੀ ਕਰਨਾ? ਜਦੋਂ ਮੇਰੇ ਪਾਰਟੀ ਕਾਮਰੇਡ ਨੂੰ ਹੀ ਮਾਰ ਦਿੱਤਾ ਦੁਸ਼ਟਾਂ ਨੇ। ਮੂਰਖੋ, ਮੇਰੇ ਚੰਗੇ ਮਿੱਤਰ ਦਾ ਕਤਲ ਕਰ ਦਿੱਤਾ। ਉਹ ਤਾਂ ਲੋਕਾਂ ਦਾ ਹੀਰਾ ਆਗੂ ਸੀ। ਕੀ ਖੱਟਿਆ, ਐਡੇ ਵੱਡੇ ਯੋਧੇ ਨੂੰ ਧੋਖੇ ਨਾਲ ਮਾਰ ਕੇ? ... ਕਾਮਰੇਡਣੀਏ, ਮੇਰਾ ਪੱਖ ਘੱਟ ਗਿਆ। ਮੇਰਾ ਅੰਗ ਮਾਰਿਆ ਗਿਆ।'' ਉਹ ਕਈ ਦਿਨ ਅਪਸੈੱਟ ਰਹੇ। ਇਸੇ ਪ੍ਰੇਸ਼ਾਨੀ ਵਿਚ ਉਹ ਹਜ਼ੂਰ ਸਾਹਿਬ ਗਏ। ਜਿਥੋਂ ਮੁੜ ਕੇ ਨਹੀਂ ਆਏ। (ਅੱਖਾਂ ਭਰ ਕੇ) ਸਗੋਂ ਅਪਣੇ ਪਾਰਟੀ ਆਗੂ ਮਾਨ ਕੋਲ ਹੀ ਚਲੇ ਗਏ। (ਲੰਮੀ ਚੁੱਪ ਤੋਂ ਬਾਅਦ) ... ਜਦੋਂ ਦੋ ਸਾਲ ਪਹਿਲਾਂ (1984 ਵਿਚ) ਦਿੱਲੀ ਵਿਚ ਦੰਗੇ ਹੋਏ। ਬੇਕਸੂਰ ਸਿੱਖਾਂ ਨੂੰ ਸਾੜਿਆ ਗਿਆ। ਉਨ੍ਹਾਂ ਨੂੰ ਲੁੱਟਿਆ-ਕੁੱਟਿਆ ਗਿਆ, ਉਦੋਂ ਵੀ ਉਨ੍ਹਾਂ ਦੀ ਏਹੀ ਹਾਲਤ ਹੋਈ ਸੀ।

? : ਦਿੱਲੀ ਜਾਂ ਦੇਸ਼ ਦੇ ਹੋਰ ਭਾਗਾਂ ਵਿਚ ਸਿੱਖਾਂ ਦੇ ਕਤਲੇਆਮ ਵੇਲੇ ਇਨ੍ਹਾਂ ਦੀ ਕੀ ਹਾਲਤ ਹੋਈ ਸੀ?

ਨਸੀਬ ਕੌਰ : ਕਹਿਣ, ''ਮੇਰੇ ਦੋਸਤ ਮਾਰੇ ਗਏ ਹਨ। ਸਾਡੇ ਸਿੱਖ ਮਾਰੇ ਗਏ ਹਨ।'' ਇਹ ਬਹੁਤ ਅਪਸੈੱਟ ਹੋਏ। ਜਿੱਦਾਂ ਬੰਦਾ ਪਾਗਲ ਹੋ ਜਾਂਦਾ, ਉਦਾਂ ਕਰਨ। ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਵੱਡੇ ਭਾਈ ਗੁਰਦਾਸ ਸਿੰਘ ਘਾਰੂ ਨਾਗਪੁਰ ਗਏ ਹੋਏ ਸਨ ਪਰ ਉਹ ਕਿਸੇ ਤਰ੍ਹਾਂ ਬਚ ਕੇ ਘਰ ਪੁੱਜ ਗਏ। ਇਹ ਕਹਿਣ, ''ਮੇਰਾ ਭਾਈ ਬਚ ਕੇ ਆ ਗਿਆ। ਉਹ ਵੀ ਮਾਰਿਆ ਜਾਣਾ ਸੀ। ਜਿਹੜੇ ਹੋਰ ਮਾਰੇ ਗਏ ਆ, ਉਹ ਵੀ ਕਿਸੇ ਦੇ ਭਾਈ ਸਨ। ਸੈਂਟਰ ਨੇ ਪੰਜਾਬ ਨੂੰ ਉਜਾੜ ਕੇ ਦਮ ਲੈਣਾ। ਪੰਜਾਬ ਦੇ ਸੋਨੇ ਵਰਗੇ ਬੰਦੇ, ਅਪਣੇ ਬੰਦਿਆਂ ਤੋਂ ਮਰਵਾਈ ਜਾਂਦਾ ਆ। ਅਸਲ ਵਿਚ ਸੈਂਟਰ ਸਾਨੂੰ ਖ਼ਤਮ ਕਰਨਾ ਚਾਹੁੰਦਾ।'' ਦਿੱਲੀ ਤੋਂ ਉਜੜ ਕੇ ਇਕ ਸਿੱਖ ਟੱਬਰ ਸਾਡੇ ਪਿੰਡ ਆ ਗਿਆ। ਇਨ੍ਹਾਂ ਨੇ ਉਸ ਸਿੱਖ ਪਰਿਵਾਰ ਨੂੰ ਸਾਂਭਿਆ। ਹੋਕਾ ਦੇ ਕੇ ਪਿੰਡ ਦੇ ਲੋਕ ਇਕੱਠੇ ਕੀਤੇ। ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਦੀ ਮਦਦ ਕਰੋ। ਘਰ-ਘਰ ਜਾ ਕੇ ਸਮਾਨ ਇਕੱਠਾ ਕਰ ਕੇ ਉਨ੍ਹਾਂ ਨੂੰ ਦਿੱਤਾ। ਫਿਰ ਕਹਿਣ, ''ਜੇ ਸਿੱਖ ਵਿਰੋਧੀ ਦੰਗਿਆਂ ਦਾ ਕੋਈ ਬੱਚਾ ਯਤੀਮ ਹੋ ਗਿਆ ਹੋਵੇ, ਉਹ ਸਾਨੂੰ ਲਿਆ ਦਿਓ। ਪਾਲ ਲਵਾਂਗੇ।'' ਇਹ ਤਿੰਨ ਤਾਂ ਬਹੁਤ ਵੱਡੀਆਂ ਘਟਨਾਵਾਂ ਸਨ ਉਨ੍ਹਾਂ ਲਈ। ਉਹ ਤਾਂ ਮਾੜੀ ਜਿਹੜੀ ਗੱਲ ਦਿਲ ਦਿਮਾਗ 'ਤੇ ਬਿਠਾ ਲੈਂਦੇ ਸਨ।



ਗੀਤ ਪੇਸ਼ ਕਰਦੇ ਹੋਏ ਸੰਤ ਰਾਮ ਉਦਾਸੀ (ਖੱਬੇ), ਕਵਿਤਾ ਪੇਸ਼ ਕਰਦੀ ਕੇਵਲ ਕੌਰ (ਵਿਚਕਾਰ) ਤੇ ਅਵਤਾਰ ਪਾਸ਼ (ਸੱਜੇ)

? : ਗੁਰਦੁਆਰਾ ਹਜ਼ੂਰ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ 'ਤੇ ਜਾਣ ਵੇਲੇ ਉਦਾਸੀ ਜੀ ਦੇ ਮਨ ਦੀ ਕੀ ਹਾਲਤ ਸੀ?

ਨਸੀਬ ਕੌਰ : ਉਨ੍ਹਾਂ ਨੂੰ ਅਕਤੂਬਰ 1986 ਵਿਚ ਗੁਰਦੁਆਰਾ ਹਜ਼ੂਰ ਸਾਹਿਬ ਤੋਂ ਚਿੱਠੀ ਆਈ ਸੀ ਕਿ ਉਹ ਸ਼ਹੀਦੀ ਪੁਰਬ 'ਤੇ ਅਪਣੇ ਗੀਤ ਪੇਸ਼ ਕਰਨ। ਉਨ੍ਹਾਂ ਦਿਨਾਂ ਵਿਚ ਉਹ ਉਲਝਣ ਵਿਚ ਸਨ। ਉਨ੍ਹਾਂ ਦਾ ਮਨ ਨਹੀਂ ਸੀ ਟਿਕਦਾ। ਉਹ ਮੌਤ ਦੀਆਂ ਗੱਲਾ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਨਾ ਜਾਣ ਦਾ ਫ਼ੈਸਲਾ ਕੀਤਾ ਸੀ। ਫਿਰ ਪਤਾ ਨਹੀਂ, ਕੀ ਮਨ ਵਿਚ ਆਇਆ। ਉਨ੍ਹਾਂ ਨੂੰ ਪੁੱਜਣ ਦੀ ਸਹਿਮਤੀ ਵਾਲੀ ਚਿੱਠੀ ਲਿਖ ਦਿੱਤੀ। ਇਸ ਪਿਛੋਂ ਵੀ ਉਹ ਦੁਬਿਧਾ ਦੇ ਸ਼ਿਕਾਰ ਰਹੇ। ਅਸੀਂ ਬਥੇਰਾ ਕਿਹਾ, ''ਭਾਈ ਨਾ ਜਾਹ। ਜੁਆਕਾ ਵੱਲ ਦੇਖ।'' ਜਦੋਂ ਹਜ਼ੂਰ ਸਾਹਿਬ ਤੋਂ ਇਕ ਇਸ਼ਤਿਹਾਰ ਆ ਗਿਆ, ਜਿਸ ਵਿਚ ਇਨ੍ਹਾਂ ਦਾ ਨਾਂ ਸ਼ਾਮਲ ਸੀ, ਫਿਰ ਇਨ੍ਹਾਂ ਜਾਣ ਦਾ

ਫ਼ੈਸਲਾ ਕਰ ਲਿਆ। ਇਕ ਨਵੰਬਰ ਨੂੰ ਘਰੋਂ ਜਾਣਾ ਸੀ। ਇਕਬਾਲ ਕੋਲੋਂ ਕੇਸ ਧੁਆਏ। ਉਹ ਨਿਖਰੇ ਨਾ। ਫਿਰ ਮੈਂ ਧੋਤੇ ਤਾਂ ਕਹਿਣ ਲੱਗੇ, ''ਹੁਣ ਸਿਰ ਹੌਲਾ ਲਗਦੈ। ... ਚੱਲ ਆਖ਼ਰੀ ਵਾਰ ਧੋ ਲਏ।'' ਇਹ ਗੱਲ ਸੁਣ ਕੇ ਮੈਂ ਤੇ ਇਕਬਾਲ ਰੋਣ ਲੱਗ ਪਈਆਂ। ਮੈਂ ਕਿਹਾ, ''ਤੁਸੀਂ ਮੌਤ ਦੀਆਂ ਗੱਲਾਂ ਕਿਉਂ ਕਰਦੇ ਹੋ?'' ਪਹਿਲਾਂ ਤਾਂ ਬੋਲੇ ਨਾ ਫਿਰ ਕਹਿਣ ਲੱਗੇ, ''ਮੈਂ ਸਫ਼ਰ 'ਤੇ ਚੱਲਿਆਂ ਕੀ ਪਤਾ ਰਾਹ ਵਿਚ...। ਅੱਜਕਲ੍ਹ ਬੰਦੇ ਦਾ ਕੁਝ ਪਤਾ ਲਗਦੈ।'' ਪਹਿਲਾਂ ਜਦੋਂ ਉਹ ਜਾਂਦੇ ਸਨ, ਅਸੀਂ ਤਿਆਰ ਕਰਵਾਉਂਦੀਆਂ ਸਾਂ ਪਰ ਉਨ੍ਹਾਂ ਕਦੇ ਇਹੋ ਜਿਹੀ ਗੱਲ ਨਹੀਂ ਸੀ ਕੀਤੀ। ਚੰਗੀਆਂ ਗੱਲਾਂ ਕਰਦੇ ਹੁੰਦੇ ਸਨ-ਹੌਸਲੇ ਭਰੀਆਂ। ਇਨਕਲਾਬ ਦੀਆਂ, ਯੋਧਿਆਂ ਦੀਆਂ, ਪਾਰਟੀ ਦੀਆਂ...। ਜਾਣ ਵੇਲੇ ਬਹੁਤ ਦਸਦੇ ਵੀ ਨਹੀਂ ਸਨ। ਗੁਪਤ ਰਖਦੇ ਸਨ। ਕਨੇਡਾ ਨੂੰ ਜਾਣ ਵੇਲੇ ਲਾਲ ਕਿਲੇ ਦਾ ਦਸ ਕੇ ਦਿੱਲੀ ਗਏ ਸਨ। ਕਨੇਡਾ-ਇੰਗਲੈਂਡ ਦੀਆਂ ਚਿੱਠੀਆਂ ਤੋਂ ਪਤਾ ਲੱਗਾ ਕਿ ਸਾਹਿਬ ਹੁਰੀਂ ਤਾਂ ਵਿਦੇਸ਼ੀ ਟੂਰ 'ਤੇ ਹਨ। ਇਸ ਵਾਰ ਸਾਰੀਆਂ ਗੱਲਾਂ ਮੌਤ ਦੀਆਂ ਕਰਨ। ਮੈਨੂੰ ਕਹਿੰਦੇ, ''ਮੇਰਾ ਚਿੱਤ ਕਰਦਾ, ਤੈਨੂੰ ਤੇ ਮੋਹਕਮ ਨੂੰ ਵੀ ਨਾਲ ਹਜ਼ੂਰ ਸਾਹਿਬ ਲੈ ਜਾਵਾਂ।'' ਉਹ ਜੱਕੋ-ਤੱਕੀ ਵਿਚ ਸਨ। ਮੇਰਾ ਦਿਲ ਘਟੀ ਜਾਂਦਾ। ਆਖ਼ਰ ਉਨ੍ਹਾਂ ਤਿਆਰੀ ਕਰ ਹੀ ਲਈ। ਇਕਬਾਲ ਨੂੰ ਕਹਿੰਦੇ, ''ਕੁੜੀਏ ਤੂੰ ਰੋਟੀ ਨਾ ਲਾਹੀਂ। ਤੇਰੀ ਮਾਂ ਪਕਾਵੇ। ਕੋਲਿਆਂ ਉਤੇ ਫੁੱਲੀਆਂ ਰੋਟੀਆਂ ਲਾਹ ਕੇ ਦੇ।'' ਮਾਹਾਂ ਦੀ ਰਿੱਝੀ ਦਾਲ ਦੇ ਸ਼ੌਕੀਨ ਸਨ। ਹੋਟਲ ਦੀ ਰੋਟੀ ਉਨ੍ਹਾਂ ਦੇ ਅੰਦਰ ਨਹੀਂ ਸੀ ਲੰਘਦੀ। ਇਕਬਾਲ ਨੇ ਕੱਪੜੇ, ਚੱਪਲਾਂ, ਬੁਰਸ਼ ਤੇ ਉਬਲੇ ਹੋਏ ਪਾਣੀ ਦੀ ਬੋਤਲ ਪੈਕ ਕਰ ਦਿੱਤੀ। ਮੂੰਗਫਲੀ ਭੁੰਨ ਕੇ ਪਾਈ। ਵਾਧੂ ਲੂਣ ਦਿੱਤਾ। ਅਸੀਂ ਸਾਰਿਆਂ ਨੇ ਮੀਟ ਖਾਧਾ। ਇਕਬਾਲ ਨੇ ਉਨ੍ਹਾਂ ਲਈ ਕੁਝ ਫੁਲਕੇ ਤੇ ਮੀਟ ਡੱਬੇ ਵਿਚ ਪੈਕ ਕਰ ਕੇ ਬੈਗ ਵਿਚ ਪਾ ਦਿੱਤਾ। ਅੱਗੇ ਵੀ ਹਰ ਸਾਲ ਜਾਂਦੇ ਸਨ। ਇਸੇ ਤਰ੍ਹਾਂ ਜਾਂਦੇ ਸਨ। ਗੁਰਦੁਆਰਾ ਸਾਹਿਬ ਵਿਚ ਜਾਂ ਰਾਹ ਵਿਚ ਉਨ੍ਹਾਂ ਨਾਲ ਕੀ ਵਾਪਰਿਆ, ਪਤਾ ਨਹੀਂ। ਸਭ ਸੁਣੀਆਂ-ਸੁਣਾਈਆਂ ਗੱਲਾਂ ਹਨ। 7 ਨਵੰਬਰ ਸ਼ਾਮ ਨੂੰ ਇਕ ਤਾਰ ਆਈ। ਜਿਸ ਵਿਚ ਲਿਖਿਆ ਹੋਇਆ ਸੀ, ''ਸੰਤ ਰਾਮ ਉਦਾਸੀ ਮਾਨਵਾੜਾ (ਮਹਾਂਰਾਸ਼ਟਰ) ਦੇ ਰੇਲਵੇ ਸਟੇਸ਼ਨ 'ਤੇ ਚਲ ਵਸੇ ਹਨ।'' ਡਾ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਪ੍ਰੋਫ਼ੈਸਰ ਹਜ਼ੂਰ ਸਾਹਿਬ ਤੋਂ ਉਨ੍ਹਾਂ ਦੇ ਨਾਲ ਹੀ ਸੀ। ਉਹ ਲਾਸ਼ ਛੱਡ ਕੇ ਅਪਣੇ ਘਰ ਆ ਗਏ। ਉਨ੍ਹਾਂ ਸਾਨੂੰ ਨਹੀਂ ਦੱਸਿਆ। 8 ਨਵੰਬਰ ਨੂੰ ਲਿਖਾਰੀ ਸਭਾ ਬਰਨਾਲਾ ਦੀ ਮੀਟਿੰਗ ਵਿਚ ਦਸ ਕੇ ਵਾਪਸ ਚਲੇ ਗਏ। ਘੱਟੋ-ਘੱਟ ਸਾਨੂੰ ਸਾਰੀ ਵਿਥਿਆ ਤਾਂ ਸੁਣਾ ਜਾਂਦੇ। ਉਨ੍ਹਾਂ ਦੀ ਲਾਸ਼ ਨੂੰ 'ਲਾਵਾਰਸ' ਕਰਾਰ ਦੇ ਕੇ ਸਸਕਾਰ ਕਰ ਦਿੱਤਾ ਗਿਆ। ਮੇਰਾ ਭਰਾ ਤੇ ਜੇਠ (ਗੁਰਦਾਸ ਸਿੰਘ ਘਾਰੂ) ਹਜ਼ੂਰ ਸਾਹਿਬ ਤੇ ਮਾਨਵਾੜਾ ਗਏ ਸਨ। ਉਹ ਉਥੋਂ ਲਾਸ਼ ਦੀਆਂ ਫ਼ੋਟੋ ਅਤੇ ਬੈਗ ਵਾਲਾ ਸਾਮਾਨ ਲੈ ਕੇ ਆਏ।

? : ਐਡੇ ਵੱਡੇ ਸ਼ਾਇਰ ਦਾ 47 ਸਾਲ ਦੀ ਉਮਰ ਵਿਚ ਹੀ ਇਸ ਧਰਤੀ ਤੋਂ ਤੁਰ ਜਾਣਾ, ਹੌਲਨਾਕ ਘਟਨਾ ਹੈ। ਇਸ ਮੌਤ ਦੇ ਕੀ ਕਾਰਨ ਹੋ ਸਕਦੇ ਹਨ?

ਨਸੀਬ ਕੌਰ : ਮੈਂ ਕੀ ਕਹਿ ਸਕਦੀ ਹਾਂ? ਉਂਝ ਉਨ੍ਹਾਂ ਨੂੰ ਮੌਤ ਬਾਰੇ ਪਤਾ ਲੱਗ ਗਿਆ ਸੀ। ਉਹ ਮੌਤ ਦੀਆਂ ਗੱਲਾਂ ਕਰਦੇ ਸਨ। ਉਂਝ ਪੁਲੀਸ ਤਸ਼ੱਦਦ ਨੇ ਉਨ੍ਹਾਂ ਦੇ ਸਰੀਰ ਵਿਚ ਜਾਨ ਨਹੀਂ ਸੀ ਰਹਿਣ ਦਿੱਤੀ। ਸਰੀਰ ਵਿਚੋਂ ਖੋਖਲਾ ਸੀ।

? : ਅੰਨ੍ਹੇਵਾਹ ਸ਼ਰਾਬ ਦਾ ਸੇਵਨ ਕਰਨਾ, ਕਬੀਲਦਾਰੀ ਦੀਆਂ ਸਮੱਸਿਆਵਾਂ ਤੇ ਤੁਹਾਡੇ ਵੱਡੇ ਬੇਟੇ ਬੱਲੀ (ਇਕਬਾਲ) ਕਾਰਨ ਤਾਂ ਉਹ ਅਪਸੈੱਟ ਨਹੀਂ ਹੋ ਗਏ ਸਨ? ਆਖ਼ਰ ਪੰਜਾਬ ਦੇ ਲੋਕਾਂ ਵਿਚ ਉਨ੍ਹਾਂ ਦਾ ਵੱਡਾ ਨਾਂ ਸੀ। ਬੱਲੀ ਜੋ ਸਮਾਲਸਰ ਵਿਚ ਕਰ ਰਿਹਾ ਸੀ ਉਹਦੇ ਕਾਰਨ....?

ਨਸੀਬ ਕੌਰ : ਨਹੀਂ! ਇੱਦਾਂ ਦੀ ਕੋਈ ਵੱਡੀ ਗੱਲ ਨਹੀਂ ਸੀ। ਮੇਰਾ ਬੇਟਾ ਬੱਲੀ ਮਾੜਾ ਮੁੰਡਾ ਨਹੀਂ ਸੀ। ਉਹ ਸਾਡੇ ਕਹਿਣੇ ਵਿਚ ਸੀ। ਪਹਿਲਾਂ ਮੇਰੇ ਭਰਾ ਨਾਲ ਕੰਮ ਕਰਦਾ ਸੀ। ਉਥੇ ਉਗੋਕੀ ਰਹਿੰਦਾ ਸੀ। ਫਿਰ ਉਹ ਸਮਾਲਸਰ ਰਹਿਣ ਲੱਗ ਪਿਆ ਸੀ। ਉਹਦੇ ਵਲੋਂ ਕਿਹੜੀ ਪ੍ਰੇਸ਼ਾਨੀ ਹੋਣੀ ਸੀ। ਮੇਰੇ ਮੁਤਾਬਕ ਉਦਾਸੀ ਨੂੰ ਬੱਲੀ ਦੀ ਕੋਈ ਮਾਨਸਿਕ ਪ੍ਰੇਸ਼ਾਨੀ ਨਹੀਂ ਸੀ। ਉਹਨੇ ਵਿਆਹ ਕਰਵਾਉਣ ਦੀ ਚਿੱਠੀ ਪਾ ਦਿੱਤੀ ਸੀ। ਇਸ ਗੱਲ ਨੇ ਜ਼ਰੂਰ ਉਦਾਸੀ ਦੇ ਮਨ 'ਤੇ ਬੋਝ ਪਾਇਆ। ਉਹ ਤਾਂ ਮਾੜੀ ਜਿਹੀ ਗੱਲ ਮਨ 'ਤੇ ਲਾ ਲੈਂਦਾ ਸੀ।

? : ਉਦਾਸੀ ਜੀ ਦੀ ਮੌਤ ਪਿਛੋਂ ਘਰ ਦੀ ਹਾਲਤ ਕੀ ਹੋ ਗਈ ਸੀ? ਫਿਰ ਕਿਵੇਂ ਸੈੱਟ ਹੋਏ?

ਬੇਟਾ ਜੀ, ਬੰਦਿਆਂ ਤੋਂ ਬਿਨਾਂ ਘਰ ਨਹੀਂ ਚਲਦੇ ਪਰ ਮੈਂ ਚਲਾਇਆ। ਮੁਸੀਬਤਾਂ ਬੜੀਆਂ ਆਈਆਂ। ਸਭ ਕੱਟੀਆਂ। ਉਨ੍ਹਾਂ ਦੀ ਮੌਤ ਤੋਂ ਬਾਅਦ ਕੁੜੀਆਂ ਨੂੰ ਪੜ੍ਹਾਉਣ ਅਤੇ ਘਰ ਚਲਾਉਣ ਦਾ ਮੁੱਦਾ ਉਭਰਿਆ ਸੀ। ਪਾਰਟੀ ਵਾਲਿਆਂ ਨੇ ਇਕ ਕਮੇਟੀ ਬਣਾਈ ਸੀ। ਸਾਡੇ ਰਿਸ਼ਤੇਦਾਰ ਕਮੇਟੀ ਦਾ ਵਿਰੋਧ ਕਰਦੇ ਸਨ ਪਰ ਮੈਂ ਕਮੇਟੀ ਦੇ ਹੱਕ ਵਿਚ ਸੀ। ਉਨ੍ਹਾਂ ਨੇ ਮੈਨੂੰ ਉਦਾਸੀ ਵਾਲੀ ਪੈਨਸ਼ਨ ਲੁਆਈ। ਉਨ੍ਹਾਂ ਦੀ ਜਗ੍ਹਾ ਮੈਨੂੰ ਚਪੜਾਸੀ ਦੀ ਨੌਕਰੀ ਦੁਆਈ। ਬੱਲੀ ਮਾਸਟਰ ਲੱਗ ਗਿਆ ਸੀ। ਬੜੀਆਂ ਔਕੜਾਂ ਆਈਆਂ ਪਰ ਪਾਰਟੀ ਵਾਲਿਆਂ ਤੇ ਉਦਾਸੀ ਦੇ ਮਿੱਤਰਾਂ ਦੀ ਮਦਦ ਨਾਲ ਹੱਲ ਕਰ ਲਈਆਂ। ਬੇਟੇ ਇਕਬਾਲ ਦੀ ਮੌਤ ਨੇ ਕਾਫ਼ੀ ਨਿਰਾਸ਼ ਕੀਤਾ। ਚਲੋ ਮਾੜੇ ਦਿਨ ਵੀ ਲੰਘ ਗਏ। ਵੱਡੀ ਬੇਟੀ ਇਕਬਾਲ ਅਧਿਆਪਕ ਲੱਗ ਗਈ (ਅੱਜ ਕਲ੍ਹ ਮੁੱਖ ਅਧਿਆਪਕਾ ਵਜੋਂ ਸੇਵਾ ਨਿਭਾਅ ਰਹੀ ਹੈ)। ਪ੍ਰਿਤਪਾਲ ਤੇ ਕੀਰਤਨ ਫ਼ਾਰਮਾਸਿਸਟ ਤੇ ਨਰਸ ਲੱਗ ਗਈਆਂ ਸਨ। ਫਿਰ ਕੁੜੀਆਂ ਵਿਆਹ ਵੀ ਦਿੱਤੀਆਂ। ਅਪਣੇ ਘਰ ਸੁੱਖੀ ਵਸਦੀਆਂ ਹਨ। ਛੋਟੀ ਕੀਰਤਨ ਨੂੰ ਪੜ੍ਹਾਉਣ ਤੇ ਨੌਕਰੀ ਲਗਾਉਣ ਵਿਚ ਜੱਸੋਵਾਲ ਸਾਹਿਬ ਦਾ ਵੱਡਾ ਹੱਥ ਹੈ। ਛੋਟਾ ਮੋਹਕਮ ਨੌਕਰੀ ਤੋਂ ਰਹਿ ਗਿਆ। ਉਹ ਅਜੇ ਤਕ ਭਟਕਿਆ ਫਿਰਦੈ। ਹੁਣ ਮੈਂ ਰਿਟਾਇਰ ਹੋ ਚੁੱਕੀ ਹਾਂ। ਬਿਮਾਰੀਆਂ ਨੇ ਵੱਡੇ ਹਮਲੇ ਵਿਢੇ ਹੋਏ ਹਨ। ਦਵਾਈ ਬਹੁਤ ਮਹਿੰਗੀ ਆਉਂਦੀ ਹੈ। ਹੁਣ ਪੈਸਿਆਂ ਦੀ ਥੁੜ੍ਹ ਮਹਿਸੂਸ ਹੁੰਦੀ ਹੈ। ਮੇਰੇ ਘਰ ਦੀ ਕੰਧ ਢਹਿ ਗਈ ਹੈ। ਉਹ ਬਣਾ ਨਹੀਂ ਹੋ ਰਹੀ। ਘਰ ਦਾ ਸਮਾਨ ਚੋਰੀ ਹੋ ਗਿਆ ਉਹ ਵੀ ਲੈਣਾ।

? : ਉਦਾਸੀ ਜੀ ਦੀ ਮੌਤ ਵੇਲੇ (6 ਨਵੰਬਰ 1986) ਉਹ ਕਿਹੜੀ ਪਾਰਟੀ ਵਿਚ ਸਨ? ਜਾਂ ਉਨ੍ਹਾਂ ਦਿਨਾਂ ਵਿਚ ਉਹ ਕਿਹੜੀ ਵਿਚਾਰਧਾਰਾ ਨੂੰ ਮੰਨਣ ਲੱਗ ਪਏ ਸਨ?

ਨਸੀਬ ਕੌਰ : ਉਹ ਨਾ ਅਕਾਲੀ ਬਣੇ, ਨਾ ਖ਼ਾਲਿਸਤਾਨੀ ਤੇ ਨਾ ਕਾਂਗਰਸੀ। ਉਨ੍ਹਾਂ ਨੂੰ ਇਕ ਸਾਜ਼ਸ਼ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ। ਗ਼ਰੀਬ ਘਰ ਜੰਮੇ ਹੋਣ ਕਾਰਨ ਉਨ੍ਹਾਂ ਨੂੰ ਵਰਤਿਆ ਜਾ ਰਿਹਾ ਹੈ। ਅੰਤ ਤਕ ਉਹ ਨਕਸਲੀ ਵਿਚਾਰਧਾਰਾ ਨਾਲ ਹੀ ਰਹੇ। 1986 ਵਿਚ ਜਦੋਂ ਉਨ੍ਹਾਂ ਦੀ ਮੌਤ ਹੁੰਦੀ ਹੈ, ਉਦੋਂ ਪਾਰਟੀ ਦੇ ਲੋਕ ਅੱਗੇ ਆਉਂਦੇ ਹਨ। ਘਰ ਦੀਆਂ ਜ਼ੁੰਮੇਵਾਰੀਆਂ ਸੰਭਾਲਦੇ ਹਨ। ਜੇ ਉਦਾਸੀ ਥਿੜਕਿਆ ਹੁੰਦਾ, ਕਾਮਰੇਡ ਕਦੇ ਵੀ ਉਹਨੂੰ ਮੂੰਹ ਨਾ ਲਾਉਂਦੇ। ਕਾਮਰੇਡਾਂ ਨੇ ਸਾਡੀ ਵੀ ਮਦਦ ਕੀਤੀ। ਉਨ੍ਹਾਂ ਦਾ ਜਨਮ ਦਿਨ ਤੇ ਬਰਸੀਆਂ ਵੀ ਮਨਾਈਆਂ। ਮੈਂ ਤੈਨੂੰ ਇਕ ਦਿਲਚਸਪ ਗੱਲ ਦਸਦੀ ਹਾਂ। ਉਨ੍ਹਾਂ ਦਿਨਾਂ ਵਿਚ ਪਾਰਟੀ ਵਿਚ ਫੁੱਟਾਂ ਪਈਆਂ। ਕਈ ਕਾਮਰੇਡ ਨਿਰਾਸ਼ ਹੋ ਕੇ ਦੂਜੀਆਂ ਪਾਰਟੀਆਂ ਵੱਲ ਚਲੇ ਗਏ ਜਿਵੇਂ ਕੋਈ ਅਕਾਲੀ ਦਲ ਵੱਲ ਤੁਰ ਗਿਆ, ਕੋਈ ਖ਼ਾਲਿਸਤਾਨੀਆਂ ਨਾਲ ਹਮਦਰਦੀ ਰੱਖਣ ਲੱਗ ਗਿਆ ਜਾਂ ਉਨ੍ਹਾਂ ਦਾ ਸਲਾਹਕਾਰ ਬਣ ਗਿਆ। ਸਾਡੇ ਘਰ ਮੀਟਿੰਗਾਂ ਹੁੰਦੀਆਂ। ਅਜਿਹੇ ਕਾਮਰੇਡਾਂ ਨੂੰ ਉਦਾਸੀ ਬਹੁਤ ਭੰਡਦਾ। ਉਨ੍ਹਾਂ ਬਾਰੇ ਬਹਿਸ ਹੁੰਦੀ। ਉਨ੍ਹਾਂ ਨੂੰ ਖ਼ੂਬ ਨਿੰਦਿਆ ਜਾਂਦਾ। ਉਦਾਸੀ ਆਪਣੇ ਸਾਥੀਆਂ ਨੂੰ ਇਕੋ ਗੱਲ ਕਹਿੰਦੇ, ''ਇਕੱਠੇ ਰਵੋ। ਖਿਲਰੋ ਨਾ। ਅਪਣੀ ਲਹਿਰ ਨੂੰ ਤਕੜਾ ਕਰੋ। ਦਿੱਲੀ ਵਿਰੁੱਧ ਜਹਾਦ ਛੇੜੋ। ਨਹੀਂ ਤਾਂ ਤੁਹਾਨੂੰ ਸੈਂਟਰ ਨੇ ਨਿਗਲ ਜਾਣਾ।'' ਉਹ ਪਾਰਟੀ ਵਿਚ ਪਈ ਫੁੱਟ ਤੋਂ ਜ਼ਰੂਰ ਨਿਰਾਸ਼ ਸਨ।

? : ਮੈਂ ਤੁਹਾਡੇ ਪਰਿਵਾਰ 'ਚੋਂ ਤੁਹਾਡੀ ਬੇਟੀ ਇਕਬਾਲ ਨੂੰ ਜਾਣਦਾਂ। ਉਹ ਉਦਾਸੀ ਵਾਲੀ ਸੋਚ 'ਤੇ ਖੜ੍ਹੀ ਹੈ। ਇਨਕਲਾਬੀਆਂ ਦੀਆਂ ਜਨਤਕ ਜਥੇਬੰਦੀਆਂ ਵਿਚ ਕੰਮ ਵੀ ਕਰਦੀ ਹੈ। ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਬਾਕੀ ਮੈਂਬਰ ਅੱਜ ਕਿਥੇ ਖੜ੍ਹੇ ਹਨ?

ਨਸੀਬ ਕੌਰ : ਦੇਖੋ ਬੇਟਾ ਜੀ, ਬੱਚੇ ਅਪਣੇ ਕੰਮ ਲੱਗੇ ਹੋਏ ਨੇ। ਬੇਟੀਆਂ ਅਪਣੇ ਘਰੀਂ ਵਸਦੀਆਂ ਹਨ। ਬੇਟਾ ਮੋਹਕਮ ਪ੍ਰਾਈਵੇਟ ਨੌਕਰੀ ਕਰਦਾ। ਮੈਂ ਤਾਂ ਘਰੋਂ ਬਾਹਰ ਜਾਣ ਜੋਗੀ ਨਹੀਂ ਰਹੀ। ਅਸੀਂ ਉਦਾਸੀ ਦੀ ਵਿਚਾਰਧਾਰਾ ਤੋਂ ਅੱਡ ਥੋੜ੍ਹਾ ਆਂ? ਉਹ ਮਿਹਨਤੀ ਲੋਕਾਂ ਦਾ ਸ਼ਾਇਰ ਸੀ। ਅਸੀਂ ਅੱਜ ਵੀ ਮਿਹਨਤੀ ਲੋਕਾਂ ਨਾਲ ਖੜ੍ਹੇ ਹਾਂ। ਬਾਕੀ ਉਦਾਸੀ ਦੀ ਪਾਰਟੀ ਨੂੰ ਸਾਡੇ ਮਾਲਵੇ ਵਿਚ ਬਹੁਤ ਵੱਡਾ ਘਾਟਾ ਪਿਆ ਹੈ। ਉਹਦੇ ਸਾਥੀ ਵੀ ਇਸ ਜਹਾਨ ਤੋਂ ਤੁਰ ਗਏ।

# ਸੰਤ ਰਾਮ ਉਦਾਸੀ ਦੀ ਕਵਿਤਾ

## ਮਰਦਾਨੇ ਨੂੰ ਮਰਦਾਨਣ ਦਾ ਖ਼ਤ

ਅਜੇ ਹੋਇਆ ਨਾਂ ਨਜ਼ਾਰਾ ਤੇਰੇ ਦੀਦ ਦਾ।
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।

ਵੇ! ਓਹ ਧਨੀਆਂ ਦਾ ਪੁੱਤ, ਪੁੱਟ ਦੇਵੇ ਮੇਰੀ ਗੁੱਤ
ਜੇ ਮੈਂ ਆਖਾਂ ਨਾਨਕ ਨੇਂ ਸਾਨੂੰ ਹੈ ਉਜਾੜਿਆ..
ਬੇਬੇ ਨਾਨਕੀ ਕੀ ਜਾਣੇ, ਮੈਂ ਤਾਂ ਐਵੇਂ ਓਹਦੇ ਭਾਣੇ
ਭੁੱਖ-ਦੁੱਖ ਦਾ ਉਲਾਂਭਾ ਓਹਦੇ ਸਿਰ ਚਾੜ੍ਹਿਆ..
ਦਿਲ ਤ੍ਰਿਪਤਾ ਦਾ ਨਹੀਂ ਵੇ ਪਸੀਜਦਾ..
ਅਜੇ ਹੋਇਆ ਨਾਂ ਨਜ਼ਾਰਾ ਤੇਰੇ ਦੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।

ਮਿਲੇ ਆਨਾ ਨਾਂ ਉਧਾਰ, ਬਾਬੇ ਕਾਲੂ ਦੇ ਦੁਆਰ
ਕੀ ਮੈਂ ਦੱਸਾਂ ਓਹ ਹੈ ਆਖਰਾਂ ਦੇ ਸੂਮ ਵੇ..
ਕੱਢਾਂ ਜਦੋਂ ਮੈਂ ਭੜ੍ਹਾਸ, ਜਾ ਸੁੱਲਖਣੀਂ ਦੇ ਪਾਸ
ਕਹਿੰਦੀ ਕਿੱਧਰੇ ਨੀਂ ਜਾਂਦਾ ਤੇਰਾ ਡੂੰਮ ਵੇ..
ਸਾਡਾ ਲਾਰਿਆਂ ਤੇ ਚਿੱਤ ਨਾਂ ਪਸੀਜਦਾ..
ਅਜੇ ਹੋਇਆ ਨਾਂ ਨਜ਼ਾਰਾ ਤੇਰੇ ਦੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।

ਭੁੱਖੀ ਮਾਤਾ ਅਧਮੋਈ, ਅੰਨ੍ਹੀ ਅੱਖੀਆਂ ਤੋਂ ਹੋਈ
ਤੇਰੇ ਬਾਪ ਦਿਆਂ ਗੋਡਿਆਂ 'ਚ ਪੀੜ੍ਹ ਵੇ..
ਤੇਰੀ ਕੋਠੇ ਜਿੱਡੀ ਭੈਣ, ਮਤੇ ਬਿੱਜਾਂ ਉਹਨੂੰ ਪੈਣ
ਅਜੇ ਹੋਇਆ ਨਾਂ ਜੁਆਨ ਤੇਰਾ ਵੀਰ ਵੇ..
ਪੈਸਾ ਰੂਪ ਨੂੰ ਹੈ ਅੱਜ ਵੀ ਖਰੀਦਦਾ..
ਅਜੇ ਹੋਇਆ ਨਾਂ ਨਜ਼ਾਰਾ ਤੇਰੇ ਦੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।

ਚੜ੍ਹੇ ਵਿਹੜੇ ਵਿੱਚ ਚੰਦ, ਲਖਮੀਂ ਤੇ ਸ਼੍ਰੀ ਚੰਦ
ਜਦੋਂ ਹੁੰਦੇ ਨੇਂ ਸੁਲੱਖਣੀਂ ਦੇ ਕੋਲ ਵੇ..
ਤੂੰ ਕੀ ਜਾਣੇ ਅਨਜਾਣਾਂ, ਕੀ ਹੈ ਸੋਚਦਾ ਜ਼ਮਾਨਾ
ਸੁੰਨੀ ਹੋਵੇ ਬਾਲ ਬਾਝੋਂ ਜਦੋ ਝੋਲ ਵੇ..
ਕਾਸਾ ਭਰਨਾ ਹੈ ਕਦੋਂ ਮੇਰੀ ਰੀਝ ਦਾ..
ਅਜੇ ਹੋਇਆ ਨਾਂ ਨਜ਼ਾਰਾ ਤੇਰੇ ਦੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ

---

## ਅਜੇ ਨਾ ਆਈ ਮੰਜ਼ਲ ਤੇਰੀ

ਅਜੇ ਨਾ ਆਈ ਮੰਜ਼ਲ ਤੇਰੀ, ਅਜੇ ਵਡੇਰਾ ਪਾੜਾ ਏ
ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨੇਰਾ ਗਾੜਾ ਏ

ਅਜੇ ਮੁੱਸਵਰ ਛਾਪ ਨਾ ਸਕਿਆ, ਦਰਦ ਦੀਆਂ ਤਸਵੀਰਾਂ ਨੂੰ,
ਅਜੇ ਮਿਸਤਰੀ ਤੋੜ ਨਾ ਸਕਿਆ, ਇਹ ਮਜਹਬੀ ਜ਼ੰਜ਼ੀਰਾਂ ਨੂੰ

ਅਜੇ ਇਸ਼ਕ ਦਾ ਕਾਸਾ ਖਾਲੀ, ਖੈਰ ਹੁਸਨ ਨੇ ਪਾਈਆ ਨਾ
ਮਾਨਵਤਾ ਦੇ ਬੂਹੇ 'ਤੇ ਕੋਈ ਰਾਂਝਾ ਮੰਗਣ ਆਈਆ ਨਾ

ਹਰ ਦਿਲ ਦੇ ਵਿਚ ਸ਼ਿਕਵੇ, ਝੋਰੇ, ਹਰ ਦਿਲ ਦੇ ਵਿਚ ਸਾੜਾ ਏ
ਅਜੇ ਬਹਾਰਾਂ ਨਹੀਂ ਚਹਿਕੀਆਂ, ਅਜੇ ਹਨੇਰਾ ਗਾੜਾ ਏ

ਅਜੇ ਕਿਰਤ ਦੀ ਚੁੰਜ ਹੈ ਖਾਲੀ, ਵਿਹਲੜ ਰੱਜ ਕੇ ਖਾਂਦੇ ਨੇ
ਮੁੱਲਾਂ, ਪੰਡਤ, ਭਾਈ, ਧਰਮ ਦੇ ਠੇਕੇਦਾਰ ਕਹਾਂਦੇ ਨੇ

ਅਜੇ ਮਨੁੱਖ ਦੀ ਕਾਇਆ ਉੱਤੇ, ਸਾਈਆ ਹੈ ਜਾਗੀਰਾਂ ਦਾ
ਅਜੇ ਮਨੁੱਖ ਨਾ ਮਾਲਿਕ ਬਣਿਆ, ਆਪਣੀਆਂ ਤਕਦੀਰਾਂ ਦਾ

ਅਜੇ ਕਿਸੇ ਬੇਵੱਸ ਜਿਸਮ ਦਾ, ਮਿਲਦਾ ਏਥੇ ਭਾੜਾ ਏ
ਅਜੇ ਨਾ ਸੁੱਤੀ ਜਨਤਾ ਜਾਗੀ, ਅਜੇ ਹਨੇਰਾ ਗਾੜਾ ਏ

ਅਜੇ ਤਾਂ ਏਥੇ ਲੋਕਾਂ ਦੇ, ਅਰਮਾਨ ਵੀ ਵੇਚੇ ਜਾਂਦੇ ਨੇ
ਅਜੇ ਤਾਂ ਪੈਸੇ ਪੈਸੇ ਤੋਂ, ਈਮਾਨ ਵੀ ਵੇਚੇ ਜਾਂਦੇ ਨੇ

ਅਜੇ ਹੈ ਪਰਬਤ ਓਡਾ-ਕੋਡਾ, ਅਜੇ ਤਾਂ ਤੇਜ਼ ਕੁਹਾੜਾ ਏ
ਅਜੇ ਨਾ ਸ਼ੀਰੀ, ਹੱਥ ਵਟਾਇਆ, ਅਜੇ ਹਨੇਰਾ ਗਾੜਾ ਏ

ਅਜੇ ਤਾਂ ਹਿੰਸਾ ਖੁੱਲੀ ਚਰਦੀ, ਅਮਨ ਅਮਨ ਦੇ ਨਾਅਰੇ ਥੱਲੇ
ਅਜੇ ਹੈ ਦੁਨੀਆ ਨਰਕ ਭੋਗਦੀ, ਜੰਨਤ ਦੇ ਇਕ ਲਾਰੇ ਥੱਲੇ

ਅਜੇ ਨਾ ਕਾਲੇ ਬੱਦਲਾਂ ਵਿਚੋਂ, ਚਮਕੀ ਕੋਈ ਕਿਰਨ ਸੁਨਹਿਰੀ
ਭਾਵੇਂ ਮੰਤਰ ਯਾਦ ਅਸਾਡੇ, ਅਜੇ ਕੀਲਣੀ ਸੱਪਣੀ ਜ਼ਹਿਰੀ

ਅਜੇ ਅਸੀਂ ਹੈ ਰੱਬ ਨੂੰ ਦੱਸਣਾ, ਉਹ ਜਨਤਾ ਤੋਂ ਮਾੜਾ ਏ
ਅਜੇ ਨਾ "ਹੂਟਰ" ਵੱਜਿਆ ਸਾਥਿਓ, ਅਜੇ ਹਨੇਰਾ ਗਾੜਾ ਏ.

---

## ਮਾਂ ਧਰਤੀਏ ਤੇਰੀ ਗੋਦ ਨੂੰ

ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!
ਮਾਂ ਧਰਤੀਏ ਤੇਰੀ ਗੋਦ ਨੂੰ, ਚੰਨ ਹੋਰ ਬਥੇਰੇ,
ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!

ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ,
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ,
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ,
ਅੱਖਾਂ ਸੁੰਨੀਆਂ, ਤੇ ਦੰਦ ਤਰੇੜੇ,
ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!

ਜਿੱਥੇ ਬੰਦਾ ਜੰਮਦਾ ਸੀਰ੍ਹੀ ਹੈ,
ਡੱਕਿਆਂ ਦੀ ਮੀਰੀ-ਪੀਰੀ ਹੈ,
ਜਿੱਥੇ ਕਰਜ਼ੇ ਹੇਠ ਪੰਜ਼ੀਰੀ ਹੈ,
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਘੇਰੇ,
ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!

ਜਿੱਥੇ ਹਾਰ ਮੰਨ ਲਈ ਚਾਵਾਂ ਨੇ,
ਜਿੱਥੇ ਕੂੰਜ ਘੇਰ ਲਈ ਕਾਵਾਂ ਨੇ,
ਜਿੱਥੇ ਅਣਵਿਆਈਆਂ ਹੀ ਮਾਵਾਂ ਨੇ,
ਜਿੱਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜਡੇਰੇ,
ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!

ਜਿੱਥੇ ਰੋਟੀ ਵਿੱਚ ਮਨ ਘੁੱਟਿਆ ਹੈ,
ਜਿੱਥੇ ਨ੍ਹੇਰਾ ਦੱਬ ਕੇ ਜੁੱਟਿਆ ਹੈ,
ਜਿੱਥੇ ਗ਼ੈਰਤ ਦਾ ਤਗ ਟੁੱਟਿਆ ਹੈ,
ਜਿੱਥੇ ਵੋਟਾਂ ਵਾਲਿਆਂ ਟਟਵੈਰ ਸਹੇੜੇ
ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!

ਤੂੰ ਆਪਣਾ ਆਪ ਹੀ ਮਚਾਂਦਾ ਹੈਂ,
ਪਰ ਆਪਾ ਹੀ ਰੁਸ਼ਨਾਂਦਾ ਹੈਂ,
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ
ਹਾਏ! ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!

ਜਿੱਥੇ ਲੋਕ ਬੜੇ ਮਜ਼ਬੂਰ ਜਿਹੇ,
ਦਿੱਲੀ ਦੇ ਦਿਲ ਤੋਂ ਦੂਰ ਜਿਹੇ,
ਤੇ ਭੁੱਖਾਂ ਵਿੱਚ ਮਸ਼ਹੂਰ ਜਿਹੇ,
ਭੁੱਖਾਂ ਵਿੱਚ ਮਸ਼ਹੂਰ ਜਿਹੇ,
ਜਿੱਥੇ ਮਰ ਕੇ ਚੰਮ ਲਿਜਾਂਵਦੇ,
ਹਨ ਪੂਜਕ ਤੇਰੇ!
ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!
ਮਾਂ ਧਰਤੀਏ ਤੇਰੀ ਗੋਦ ਨੂੰ, ਚੰਨ ਹੋਰ ਬਥੇਰੇ,
ਮਾਂ ਧਰਤੀਏ ਤੇਰੀ ਗੋਦ ਨੂੰ, ਚੰਨ ਹੋਰ ਬਥੇਰੇ,
ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ!

---

## ਵਸੀਅਤ

ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ
ਰੇਤੇ ਚ ਨਾ ਰਲਾਇਓ।

ਮੇਰੀ ਵੀ ਜਿੰਦਗੀ ਕੀ?
ਬਸ ਬੂਰ ਸਰਕੜੇ ਦਾ
ਆਹਾਂ ਦਾ ਸੇਕ ਕਾਫ਼ੀ,
ਤੀਲੀ ਬੇਸ਼ਕ ਨਾ ਲਾਇਓ।

ਹੋਣਾ ਨਹੀਂ ਮੈ ਚਾਹੁੰਦਾ
ਸੜ ਕੇ ਸਵਾਹ ਇਕੇਰਾਂ,
ਜਦ ਜਦ ਢਲੇਗਾ ਸੂਰਜ
ਕਣ ਕਣ ਮੇਰਾ ਜਲਾਇਓ।

ਵਲਗਣ ਚ ਕੈਦ ਹੋਣਾ
ਸਾਡੇ ਨਹੀਂ ਮੁਆਫ਼ਕ,
ਯਾਰਾਂ ਦੇ ਵਾਂਗ ਅਰਥੀ
ਸੜਕਾਂ ਤੇ ਹੀ ਜਲਾਇਓ।

ਜੀਵਨ ਤੋਂ ਮੌਤ ਤਾਈਂ
ਆਉਂਦੇ ਬੜੇ ਚੁਰਾਹੇ
ਜਿਸ ਦਾ ਹੈ ਪੰਧ ਬਿਖੜਾ
ਓਸੇ ਹੀ ਰਾਹ ਲਿਜਾਇਓ।

ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ
ਰੇਤੇ ਚ ਨਾ ਰਲਾਇਓ।

---

6TH Anniversary Special

NIRVANA
ENTERTAINMENT INC.

NIRVANA

Lunch & Dinner Buffet
7 Days a Week
(Veg. & Non-Veg.)



NIRVANA

1009-5075 Falconridge Blvd. N.E.

www.nirvanacalgary.com/nirvanantertainmentic.com

403-590-9797

# ਟੁੱਟੇ ਖੰਭਾਂ ਵਾਲੀ ਤਿਤਲੀ

ਲੜੀ ਨੰ. 1




ਹਰਪਿੰਦਰ ਰਾਣਾ
+91-94648-14456
harpinderrana21@yahoo.com


ਹਰਪਿੰਦਰ ਰਾਣਾ ਨੂੰ ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ 'ਤੇ ਆਬੂਰ ਹਾਸਲ ਹੈ। ਕਵਿਤਾ ਦੇ ਨਾਲ-ਨਾਲ ਉਹਨੇ ਨਾਵਲ ਵੀ ਲਿਖਿਆ ਹੈ। ਇਸੇ ਦੌਰਾਨ ਆਪਣੇ ਜੀਵਨ ਵਿਚ ਹੋਏ ਹਾਦਸਿਆਂ ਅਤੇ ਘਟਨਾਵਾਂ ਨੂੰ ਵੀ ਹਰਪਿੰਦਰ ਨੇ ਸਾਹਿਤਕ ਅੰਦਾਜ਼ ਵਿਚ ਚਿਤਰਿਆ ਹੈ। ਕਹਾਣੀ ਰਸ ਵਾਲੀਆਂ ਇਨ੍ਹਾਂ ਲਿਖਤਾਂ ਵਿਚ ਜਿਥੇ ਯਥਾਰਥ ਹੈ ਉਥੇ ਅਹਿਸਾਸ ਦੀ ਸ਼ਿੱਦਤ ਵੀ ਪੇਸ਼-ਪੇਸ਼ ਹੈ। 'ਟੁੱਟੇ ਖੰਭਾਂ ਵਾਲੀ ਤਿਤਲੀ' ਵਿਚ ਉਹਦੇ ਅਜਿਹੇ ਲੇਖ ਹੀ ਸ਼ਾਮਲ ਹਨ। 'ਨਵੀਂ ਦੁਨੀਆ' ਹਰਪਿੰਦਰ ਰਾਣਾ ਦੀਆਂ ਇਨ੍ਹਾਂ ਹਕੀਕਤਾਂ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। - ਸੰਪਾਦਕ



ਚੇਤਰ ਦਾ ਆਖਰੀ ਪੱਖ ਚੱਲ ਰਿਹਾ ਹੈ। ਕਣਕਾਂ ਹਰ ਰੋਜ਼ ਨਵਾਂ ਰੰਗ ਵਟਾ ਰਹੀਆਂ ਹਨ। ਕਨੇਰਾਂ ਚਿੱਟੇ ਤੇ ਗੁਲਾਬੀ ਫੁੱਲਾਂ ਨਾਲ ਭਰ ਗਈਆਂ ਹਨ। ਬੋਤਲ ਬੁਰਸ਼ ਦਾ ਲਾਲ ਤੇ ਹਰਾ ਰੰਗ ਮਨ ਨੂੰ ਧੂਹ ਪਾਉਂਦਾ ਹੈ। ਅਮਲਤਾਸ ਤੇ ਗੁਲਮੋਹਰ ਵੀ ਇਸ ਕੁਦਰਤ ਦੀ ਰੰਗੀਨ ਕੈਨਵਸ ਤੇ ਦੂਰੋਂ ਝਾਤੀ ਪੁਆਂਦੇ ਹਨ। ਹਰ ਵਾਰ ਹੀ ਚੇਤਰ ਦਾ ਮਹੀਨਾ ਮੈਨੂੰ ਟੁੰਬਦਾ ਹੈ। ਬਹੁਤ ਪਹਿਲਾਂ ਦਾਦੀ ਚੇਤਰ ਮਹੀਨੇ ਦੇ ਪਹਿਲੇ ਦਿਨ ਘਰ ਦੀ ਬਾਹਰਲੀ ਕੰਧ ਤੇ ਗੋਹੇ ਨਾਲ ਫੁੱਲਾਂ ਦਾ ਕੋਈ ਪੌਦਾ ਜਿਹਾ ਬਣਾ ਦਿੰਦੀ ਸੀ ਤਾਂ ਮੈਨੂੰ ਗੋਹੇ ਦਾ ਮੁਸ਼ਕ ਭੁੱਲ ਜਾਂਦਾ ਤੇ ਮੈਂ ਨੇੜੇ ਹੋ ਹੋ ਦੇਖਦੀ।

ਹੁਣ ਵੀ ਮੈਂ ਤਾਪਮਾਨ ਦੀ ਬਾਵਜੂਦ ਆਪਣਾ ਹਰ ਖਾਲੀ ਪੀਰੀਅਡ ਬੋਹੜ ਥੱਲੇ ਹੀ ਬਿਤਾਉਂਦੀ ਹਾਂ। ਇਸ ਮਹੀਨੇ ਦੀ ਹਵਾ ਬੀਜਾਂ ਦੇ ਮੂੰਹ ਖੋਲਦੀ, ਕਰੂੰਬਲਾਂ ਫੁਟਾਉਂਦੀ, ਡੋਡੀਆਂ ਖਿੜਾਉਂਦੀ ਤਾਂ ਮੇਰੇ ਅੰਦਰ ਵੀ ਉਥਲ ਪੁਥਲ ਹੁੰਦੀ ਜਿਵੇਂ ਕੋਈ ਬੀਜ ਧਰਤੀ ਤੋਂ ਬਾਹਰ ਆਉਣਾ ਹੋਵੇ ਤਾਂ ਉਪਰਲੀ ਮਿੱਟੀ ਆਪੇ ਭੁਰਭੁਰੀ ਬਣ ਜਾਂਦੀ ਹੈ। ਮੈਨੂੰ ਲਗਦੈ ਜ਼ਿਵੇਂ ਮੇਰੇ ਅੰਦਰ ਵੀ ਕੁਝ ਸਾਹ ਲੈ ਰਿਹਾ ਹੈ। ਕਵਿਤਾ, ਲੇਖ, ਕਹਾਣੀ ਕੁਝ ਪਤਾ ਨਹੀਂ ਕਿਉਂਕਿ ਇਹ ਹਵਾ ਬਹੁਤ ਸਾਰੀਆਂ ਆਕ੍ਰਿਤੀਆਂ ਆਪਣੀਆਂ ਮੁੱਠੀਆਂ 'ਚ ਭਰੀ ਫਿਰਦੀ ਹੈ ਤੇ ਮੈਨੂੰ ਛੂਹਦਿਆਂ ਕੀ ਪਤਾ ਕਿਹੜਾ ਬੀਜ ਆਪਣੀ ਮੁੱਠੀ ਵਿਚੋਂ ਮੇਰੇ ਜ਼ਿਹਨ 'ਚ ਕੇਰ ਦੇਵੇ? ਅਚਾਨਕ ਮੇਰਾ ਧਿਆਨ ਖਿੱਚਦੀ ਹੈ ਸੁੱਕੇ ਪੱਤੇ ਦੇ ਨਾਲ ਉਪਰੋਂ ਡਿੱਗੀ ਤਿਤਲੀ .............. ਇਕ ਖੰਭ ਟੁੱਟਿਆ ਹੋਇਆ..........ਇਕ ਲੱਤ ਬੁਰੀ ਤਰ੍ਹਾਂ ਕੰਬਦੀ ਹੋਈ...........।

ਮਾਂ ਦੱਸਦੀ ਹੈ ਕਿ ਮੈਂ ਵੀ ਉਸ ਦਿਨ ਤਿਤਲੀਆਂ ਵਾਲਾ ਫਰਾਕ ਪਾਇਆ ਹੋਇਆ ਸੀ। ਭੂਆ ਦੇ ਪਿੰਡ ਜਾਂਦਿਆਂ ਅਸੀਂ ਮੀਂਹ 'ਚ ਭਿੱਜ ਗਈਆਂ। ਅੱਠ ਮਹੀਨਿਆਂ ਦੀ ਤਿਤਲੀ ਨੂੰ ਬੁਖਾਰ ਚੜ੍ਹਨਾ ਸੰਭਵ ਸੀ। ਭੂਆ ਵਿਚਾਰੀ ਤਾਂ ਆਪਣੇ ਜਾਣੇ ਪਿੰਡ ਦੇ ਸਭ ਤੋਂ ਵੱਧ ਮੰਨੇ ਪਰਮੰਨੇ ਆਰ.ਐਮ.ਪੀ. ਡਾਕਟਰ ਕੋਲ ਲੈ ਕੇ ਗਈ। ਡਾਕਟਰ ਨੇ ਬੁਖਾਰ 'ਚ ਹੀ ਟੀਕਾ ਲਾਇਆ ਤਾਂ ਸਰੀਰ ਦਾ ਕੁਝ ਖੂਨ ਸਰਿੰਜ 'ਚ ਚੜ੍ਹ ਗਿਆ ਘਬਰਾਏ ਡਾਕਟਰ ਨੇ ਉਹੀ ਖੂਨ ਅੰਦਰ ਧੱਕ ਦਿੱਤਾ ਤੇ ਬੱਸ। ਫਿਰ ਉਹ ਤਿਤਲੀ ਉਮਰ ਭਰ ਲਈ ਅਪਾਹਜ ਹੋ ਗਈ। ਤਿਤਲੀ ਦੀ ਉਮਰ ਤਾਂ ਛੋਟੀ ਹੁੰਦੀ ਹੈ ਪਰ ਮੈਂ ਉਮਰ ਦੇ ਅੱਠਤੀਵੇਂ 'ਚੋਂ ਲੰਘ ਰਹੀ ਹਾਂ। ਵਕਤ ਨੇ ਪੈਰ ਵੀ ਖੋਹ ਲਏ ਤੇ ਮੇਰੀਆਂ ਰਾਹਾਂ ਵਿਚ ਮੁਸ਼ਕਲਾਂ ਦੇ ਕੱਚ ਵੀ ਖਿਲਾਰ ਦਿੱਤੇ। ਭੀੜ ਦੇ ਪੈਰਾਂ ਹੇਠ ਮਿੱਧੇ ਜਾਣ ਦੇ ਖੌਫ ਨੇ ਮੈਨੂੰ ਕੱਚ 'ਤੇ ਰੁੜ੍ਹਨ ਲਈ ਮਜਬੂਰ ਕਰ ਦਿੱਤਾ। ਤਰਨ ਵਾਲਿਆਂ ਦੇ ਤਾਂ ਸਿਰਫ ਪੈਰ ਹੀ ਜ਼ਖਮੀ ਹੋਣੇ ਸੀ ਪਰ ਮੇਰਾ ਰੋਮ ਰੋਮ ਵਲੂੰਧਰਿਆ ਗਿਆ। ਰੂਹ ਤੱਕ ਲਹੂ ਲੂਹਾਨ ਹੋ ਗਈ।

ਪਰ ਮੈਂ ਰੇਸ ਦੇ ਘੋੜੇ ਵਾਂਗ ਭੱਜਦੀ ਰਹੀ। ਰੇਸ ਦੇ ਘੋੜੇ ਨੂੰ ਵੀ ਜਿੱਤ ਦਾ ਨਹੀਂ ਪਤਾ ਹੁੰਦਾ। ਮੰਜ਼ਿਲ ਦਾ ਨਹੀਂ ਪਤਾ ਹੁੰਦਾ। ਦੌੜਨ ਦੀ ਲਾਲਸਾ ਵੀ ਨਹੀਂ ਹੁੰਦੀ ਪਰ ਫਿਰ ਵੀ ਉਹ ਸਰਪਟ ਦੌੜਦਾ ਹੈ ਕਿਉਂਕਿ ਉਸ ਦਾ ਮਾਲਕ ਉਸ ਨੂੰ ਲਗਾਤਾਰ ਤਕਲੀਫ ਦੇ ਰਿਹਾ ਹੁੰਦਾ ਹੈ। ਉਹ ਇਸੇ ਤਕਲੀਫ ਤੋਂ ਡਰ ਕੇ ਦੌੜਦਾ ਰਹਿੰਦਾ ਹੈ। ਰੇਸ 'ਚ ਜਿੱਤੀਆਂ ਟਰਾਫੀਆਂ, ਤਾੜੀਆਂ ਦਾ ਨਸ਼ਾ ਉਸ ਦੀ ਸਮਝ ਤੋਂ ਬਾਹਰ ਹੁੰਦਾ ਹੈ। ਦਰਦ ਤੋਂ ਬਚਣ ਦੇ ਉਪਾਅ ਨੂੰ ਉਸ ਦੀ ਕਾਬਲੀਅਤ ਸਮਝੀ ਜਾਂਦੀ ਹੈ ਪਰ ਉਹ ਹੈਰਾਨ ਹੋਇਆ ਇਸ ਖੇਡ ਨੂੰ ਦੇਖਦਾ ਹੈ। ਮੈਂ ਵੀ ਉਸ ਘੋੜੇ ਵਾਂਗ ਮਾਲਕ ਦੁਆਰਾ ਦਿੱਤੀ ਤਕਲੀਫ ਤੋਂ ਬਚਣ ਲਈ ਲਗਾਤਾਰ ਰਿੜ੍ਹ ਰਹੀ ਹਾਂ।

ਬਹੁਤ ਵਾਰ ਮੇਰੇ ਅੰਦਰੋਂ ਕੋਈ ਬੇਪਛਾਣ ਜਿਹੀ ਉਦਾਸੀ ਬੱਦਲ ਵਾਂਗ ਛਾਉਂਦੀ ਹੈ ਤੇ ਮੈਂ ਬਹੁਤ ਦੂਰ ਕਿਤੇ ਡੂੰਘੇ ਪਾਤਾਲ 'ਚ ਉਤਰ ਜਾਂਦੀ ਹਾਂ। ਅੱਜ ਵੀ ਮੇਰਾ ਮਨ ਇਸ ਪਾਤਾਲ ਲੋਕ ਦੀ ਸੈਰ ਹੈ ਪਰ ਅੱਜ ਇਹ ਪਾਤਾਲਲੋਕ, ਅਤੀਤਲੋਕ ਦਾ ਰੂਪ ਧਾਰਨ ਕਰ ਰਿਹਾ ਹੈ। ਮੈਂ ਦੂਰ ਕਿਤੇ ਵਿਚਾਰਿਆਂ ਵਾਂਗ ਸਹਿਮੇ ਖੜੇ ਆਪਣੇ ਬਚਪਨ ਨੂੰ ਦੇਖਦੀ ਹਾਂ। ਹਰ ਕਿਸੇ ਦਾ ਜੀਅ ਕਰਦਾ ਹੈ ਕਿ ਉਸ ਦਾ ਬਚਪਨ ਮੁੜ ਆਏ। ਉਹ ਫਿਰ ਤੋਂ ਬੱਚਾ ਬਣੇ ਪਰ----- ?

ਨਹੀਂ ! ਮੈਂ ਕਦੇ ਵੀ ਨਹੀਂ ਚਾਹੁੰਦੀ। ਰੂਹ ਕੰਬ ਉਠਦੀ ਹੈ ਸੋਚਦਿਆਂ। ਉਹ ਬਚਪਨ ਜੋ ਆਮ ਲੋਕਾਂ ਦੇ ਬਚਪਨ ਨਾਲੋਂ ਕਿਤੇ ਵੱਧ ਲੰਮੇਰਾ ਹੋ ਗਿਆ ਸੀ। ਸ਼ਾਇਦ ਪੰਦਰਾਂ ਸਾਲ ਲੰਮੇਰਾ ਜਾਂ ਫਿਰ ਮੈਨੂੰ ਇਹ ਦਰਦਨਾਕ ਸਮਾਂ ਯਾਦ ਹੀ ਏਨਾ ਹੈ ਕਿ ਇਸ ਦੀਆਂ ਯਾਦਾਂ, ਗੱਲਾਂ ਮੈਨੂੰ ਸਾਲਾਂ ਜਿੰਨੀਆਂ ਲੰਮੀਆਂ ਲੱਗਦੀਆਂ। ਮੈਂ ਆਪਣੇ ਬਾਰੇ ਆਪਣੀ ਮਾਂ ਤੋਂ ਦਾਦੀ ਤੋਂ, ਭੂਆ ਤੋਂ ਮਾਸੀਆਂ ਤੋਂ ਤੇ ਕੁਝ ਹੋਰ ਔਰਤਾਂ ਤੋਂ ਸੁਣੀਆਂ ਗੱਲਾਂ ਕਰਨ ਤੋਂ ਵੀ ਪਹਿਲਾਂ ਉਥੋਂ ਸ਼ੁਰੂ ਕਰਦੀ ਹਾਂ ਜਿੱਥੇ ਮੈਨੂੰ ਆਪਣਾ ਬਚਪਨ ਪ੍ਰਤੱਖ ਨਜ਼ਰ ਆਉਂਦਾ ਹੈ। ਭਾਵ ਕਿ ਜਿਸ ਉਮਰ ਦੀਆਂ ਯਾਦਾਂ ਮੈਨੂੰ ਸਾਫ ਸ਼ੀਸ਼ੇ ਵਾਂਗ ਨਜ਼ਰ ਆਉਂਦੀਆਂ ਨੇ।

ਤੀਸਰੀ ਜਮਾਤ ਨਜ਼ਰ ਆਉਂਦੀ ਹੈ। ਮੇਰਾ ਘਰ ਗਲੀ ਦੇ ਮੋੜ 'ਤੇ। ਦਰਵਾਜ਼ਾ ਇਕ ਗਲੀ 'ਤੇ ਅਤੇ ਦੂਜੇ ਪਾਸੇ 'ਤੇ ਬੈਠਕ ਦੀਆਂ ਖੁੱਲ੍ਹਦੀਆਂ ਬਾਰੀਆਂ। ਬਾਰੀਆਂ ਦੇ ਸਾਹਮਣੇ ਮਨਮੋਹਨ ਮਾਸਟਰ ਦਾ ਘਰ। ਜੋ ਕਿ ਸਵੇਰੇ 9 ਵਜੇ ਤੋਂ ਦੋ ਵਜੇ ਤੱਕ ਸਕੂਲ ਵਿਚ ਬਦਲ ਜਾਂਦਾ ਸੀ। ਮੋਹਨ ਮਾਸਟਰ ਵੀ ਪੋਲੀਓ ਪੀੜਤ ਤੇ ਮੈਂ ਵੀ। ਉਹ ਉਮਰ ਦੇ 40ਵੇਂ ਦੇ ਨੇੜ ਤੇੜ ਹੋਵੇਗਾ। ਇੱਕ ਲੱਤ 'ਤੇ ਉਹ ਲੋਹੇ ਦੇ ਸਰੀਏ ਵਾਲਾ ਭਾਰਾ ਬੂਟ ਪਾ ਕੇ ਲੰਮੀ ਸਾਰੀ ਬੈਸਾਖੀ ਲੈਂਦਾ ਤੇ ਦੂਜੇ ਪੈਰ ਵਿਚ ਸਾਧਾਰਨ ਬੂਟ ਪਾਉਂਦਾ ਤੇ ਖੂੰਡੀ ਫੜਦਾ। ਵੱਡੇ ਵਿਦਿਆਰਥੀ ਉਸ ਨੂੰ ਦੋਨਾਂ ਬਾਹਾਂ ਤੋਂ ਫੜ ਕੇ ਖੜਾ ਕਰਦੇ ਤੇ ਉਹ ਹੌਲੀ ਹੌਲੀ ਤੁਰਦਾ। ਸੋ ਮਨਮੋਹਨ ਹਾਈ ਸਕੂਲ ਵਿਚ ਪੜ੍ਹਨ ਦਾ ਉਹ ਸਾਲ ਮੇਰੇ ਜ਼ਿਹਨ ਵਿਚ ਉਭਰਦਾ ਹੈ ਸਾਫ ਸਫਾਫ।

ਝੋਲੀ ਵਾਲਾ ਭੀੜਾ ਪਜਾਮਾ ਅਤੇ ਗਲ ਬੈਨ ਵਾਲਾ ਲਾਹੌਰੀ ਕੁੜਤਾ ਪਾ ਮੇਰੀ ਦਾਦੀ ਮੈਨੂੰ ਬਿਲਕੁਲ ਮਾਸਟਰ ਜੀ ਦੀ ਕੁਰਸੀ ਦੇ ਕੋਲ ਬਿਠਾ ਆਉਂਦੀ ਤੇ ਮੇਰੀ ਜੇਬ ਵਿਚ ਦੁੱਕੀ, ਪੰਜੀ ਜਾਂ ਦਸੀ ਅਕਸਰ ਪਾ ਆਉਂਦੀ। ਕਿਸੇ ਵੱਡੀ ਜਮਾਤ ਵਿਚ ਪੜ੍ਹਨ ਵਾਲੀ ਬਾਜ਼ੀਗਰਾਂ ਦੀ ਕੁੜੀ ਜਿਸ ਦੇ ਕੱਦ ਕਾਠ ਅਤੇ ਉੱਚੀ ਲੰਮੀ ਡੀਲ ਡੌਲ ਕਰ ਕੇ ਉਸ ਨੂੰ 'ਗੁੱਗ ਮੱਲਣੀ' ਕਹਿੰਦੇ ਹੁੰਦੇ ਸੀ। ਉਹ ਅਕਸਰ ਦੂਜੇ ਤੀਜੇ ਦਿਨ ਮੇਰੀ ਜੇਬ ਵਿਚੋਂ ਭਾਨ ਜਿਹੀ ਕੱਢ ਕੇ ਭੱਜ ਜਾਂਦੀ। ਉਹ ਮਾਸਟਰ ਜੀ ਨੂੰ ਵੀ 'ਗੂੰਠਾ ਵਿਖਾ ਭੱਜ ਜਾਂਦੀ ਪਤਾ ਨਹੀਂ ਉਸ ਨੂੰ ਕਿਉਂ ਸਕੂਲ ਵਾਰ ਵਾਰ ਬਿਠਾ ਲਿਆ ਜਾਂਦਾ। ਜਦ ਅੱਧੀ ਛੁੱਟੀ ਮਾਸਟਰ ਦੂਜੇ ਕਮਰੇ 'ਚ ਰੋਟੀ ਖਾਣ ਜਾਂਦਾ ਤਾਂ ਉਹ ਮੈਨੂੰ ਅਕਸਰ ਪਿੰਗਲੀ ਕਹਿੰਦੀ ਤੇ ਮਾਸਟਰ ਨੂੰ ਵੀ।

ਮੇਰੀ ਭੂਆ ਮੈਨੂੰ ਕਹਿੰਦੀ ਕਿ ਇਸ ਗੁੱਗ ਮੱਲਣੀ 'ਚ ਭੂਤ ਆਉਂਦੇ ਨੇ। ਕੋਈ ਨਾ ਤੂੰ ਨਾ ਲੜਿਆ ਕਰ। ਇਸ ਗੁੱਗ ਮੱਲਣੀ ਨੇ ਇਕ ਦਿਨ ਮੇਰੇ ਥੱਲੇ ਵਿਛੀ ਬੋਰੀ ਖਿੱਚਣ ਲਈ ਮੈਨੂੰ ਧੱਕਾ ਮਾਰਿਆ ਤੇ ਮੈਂ ਦੰਦਾਂ ਭਾਰ ਪੱਕੀ ਸੀਮਿੰਟਡ ਫਰਸ਼ 'ਤੇ ਡਿੱਗ ਪਈ। ਮੇਰਾ ਮੂਹਰਲਾ ਦੰਦ ਸੱਜੇ ਕਿਨਾਰੇ ਤੋਂ ਥੋੜ੍ਹਾ ਜਿਹਾ ਭੁਰ ਗਿਆ ਤੇ ਅੱਜ ਵੀ ਉਵੇਂ ਭੁਰਿਆ ਹੋਇਆ ਹੈ। ਮੈਨੂੰ ਉਸ 'ਤੇ ਬਹੁਤ ਗੁੱਸਾ ਆਉਂਦਾ ਪਰ ਮੈਂ ਕੁਝ ਨਾ ਕਰ ਸਕਦੀ। ਜਿਵੇਂ ਕਿਵੇਂ ਛੁੱਟੀ ਹੋਣ ਤੱਕ ਉਸ ਤੋਂ ਬਚਦੀ ਰਹਿੰਦੀ। ਕੁਰਸੀ ਨੂੰ ਘੁੱਟ ਕੇ ਫੜੀ ਰੱਖਣ ਦੀ ਆਦਤ ਸੀ ਮੈਨੂੰ ਕਿਉਂਕਿ ਉਹ ਮੈਨੂੰ ਕੱਛਾਂ ਥੱਲੋਂ ਹੱਥ ਪਾ ਕੇ ਉਪਰ ਚੁੱਕ ਦਿੰਦੀ ਜਾਂ ਫਿਰ ਦੂਰ ਬਿਠਾ ਆਉਂਦੀ। ਬੜੀ ਵਾਰ ਉਹ ਕੁੱਟ ਵੀ ਖਾਂਦੀ ਪਰ ਕੋਈ ਅਸਰ ਨਾ ਹੁੰਦਾ। ਛੁੱਟੀ ਤੋਂ ਬਾਅਦ ਅਕਸਰ ਮੈਂ ਗਲੀ ਵਿਚ ਖੇਡਦੇ ਬੱਚਿਆਂ ਨੂੰ ਵੇਖਣ ਬੂਹੇ 'ਤੇ ਆ ਜਾਂਦੀ। ਉਦੋਂ ਹਾਲੇ ਸੀਵਰੇਜ ਸਿਸਟਮ ਐਨਾ ਚੰਗਾ ਨਹੀਂ ਸੀ। ਗਲੀ ਦੇ ਦੋਵੇਂ ਪਾਸੇ ਡੂੰਘੀਆਂ ਨਾਲੀਆਂ ਬਣੀਆਂ ਹੁੰਦੀਆਂ ਜੋ ਅਕਸਰ ਕਾਲੇ ਕਾਲੇ ਮੁਸ਼ਕ ਮਾਰਦੇ ਗੰਦ ਜਿਹੇ ਨਾਲ ਭਰੀਆਂ ਹੁੰਦੀਆਂ। ਕਈ ਵਾਰ ਤਾਂ ਉਸ ਗੰਦ ਵਿਚ ਬਾਰੀਕ ਜਿਹੀ ਛੋਟੀ ਪੂਛ ਵਾਲੇ ਚਿੱਟੇ ਸੁੰਡ ਵੀ ਫਿਰਦੇ ਹੁੰਦੇ।

ਸਾਡੇ ਦਰਵਾਜ਼ੇ 'ਤੇ ਥੜ੍ਹੀ ਨਹੀਂ ਬਣੀ ਹੋਈ ਸੀ ਸਰਦਲ ਅਤੇ ਗਲੀ ਦੇ ਵਿਚਕਾਰ ਗਿੱਠ ਕੁ ਚੌੜੀ ਉਹ ਨਾਲੀ ਹੀ ਸੀ। ਮੈਂ ਅੰਦਰਵਾਰ ਬੈਠ ਕੇ ਲੱਤਾਂ ਦੂਜੇ ਪਾਸੇ ਕਰ ਕੇ ਬੱਚਿਆਂ ਨੂੰ ਵੇਖਣ ਲੱਗਦੀ। ਮੈਨੂੰ ਬਾਹਰ ਆਇਆ ਵੇਖ ਕੇ ਉਹ ਇਕ ਦਮ ਮੇਰੇ ਵੱਲ ਆਉਂਦੇ ਜਿਨ੍ਹਾਂ ਵਿਚ ਬੰਦ ਗਲੀ ਵਾਲੇ ਘਰ 'ਚ ਰਹਿੰਦੀਆਂ ਸੱਤ ਭੈਣਾਂ, ਸਾਡੇ ਘਰ ਦੇ ਮਗਰਲੇ ਪਾਸੇ ਰਹਿੰਦੀ ਸਰਬੀ, ਰੱਜੀ, ਨਾਈਆਂ ਦੀਆਂ ਤਿੰਨ ਚਾਰ ਕੁੜੀਆਂ ਤੇ ਮੁੰਡੇ ਪੰਦਰਾਂ ਵੀਹ ਜੁਆਕ ਮੇਰੇ ਦੁਆਲੇ 'ਕੱਠੇ ਹੋ ਜਾਂਦੇ ਪਰ ਕੁਝ ਮਿੰਟਾਂ ਬਾਅਦ ਉਹ ਫਿਰ ਆਪਣੀ ਖੇਡ ਵਿਚ ਰੁਝ ਜਾਂਦੇ। ਕੋਈ ਵੀ ਮੇਰੇ ਨੇੜੇ ਨਾ ਲੱਗਦਾ। ਬਸ ਆਪਣੇ 'ਚ ਮਸਤ ਖੇਡਦੇ ਰਹਿੰਦੇ। ਮੈਂ ਉਨ੍ਹਾਂ ਨੂੰ ਖੇਡਦਿਆਂ ਵੇਖਦੀ ਰਹਿੰਦੀ। ਉਹ ਦੂਰ ਭੱਜ ਜਾਂਦੇ ਗਲੀ ਦੇ ਦੂਸਰੇ ਸਿਰੇ ਤੱਕ ਮੈਂ ਝੁਕ ਕੇ ਵੇਖਦੀ ਤਾਂ ਕਈ ਵਾਰ ਨਾਲੀ 'ਚ ਡਿੱਗ ਪੈਂਦੀ। ਲਿਬੜ ਜਾਣ ਕਾਰਨ ਤੇ ਆਪਣਾ ਕੰਮ ਵੱਧ ਜਾਣ 'ਤੇ ਮੈਨੂੰ ਦਾਦੀ ਭੂਆ ਤੇ ਕਦੇ ਕਦੇ ਮਾਂ ਦੁੜਬੜੀ ਚਾੜ੍ਹ ਦਿੰਦੀਆਂ। ਨੁਹਾ ਧੁਆ ਕੇ ਫਿਰ ਤੋਂ ਸਾਫ ਕੱਪੜੇ ਪੁਆਉਂਦੀਆਂ। ਮੈਂ ਆਪਣੀ ਬੇਵਸੀ ਤੇ ਰੋਣ ਤੋਂ ਬਿਨਾਂ ਕੁਝ ਵੀ ਨਹੀਂ ਸੀ ਕਰ ਸਕਦੀ। ਬਾਲ ਮਨ ਉਡਾਰੀਆਂ ਮਾਰਨਾ ਚਾਹੁੰਦਾ, ਭੱਜਣਾ ਨੱਸਣਾ ਚਾਹੁੰਦਾ ਤੇ ਮੈਂ ਰੁੜਣ ਜੋਗੀ ਸਾਂ।

ਕਈ ਵਾਰ ਤਾਂ ਸਾਰੇ ਜੁਆਕ ਵੀ ਮੇਰੇ ਡਿੱਗਣ ਕਰ ਕੇ ਬੂਹੇ ਅੱਗੇ ਆ ਖੜਦੇ ਤੇ ਅੰਦਰ ਨਾਲ ਨਾਲ ਮੇਰੇ ਕੱਪੜੇ ਲੁਹਾ ਕੇ ਧੋਤਾ ਜਾਂਦਾ ਹੁੰਦਾ ਤੇ ਨਾਲ ਥੱਪੜ ਤੇ ਗਾਲ੍ਹਾਂ ਵੀ ਪੈਂਦੀਆਂ ਹੁੰਦੀਆਂ। ਮੈਨੂੰ ਅੱਜ ਵੀ ਯਾਦ ਹੈ ਉਦੋਂ ਵੀ ਮੇਰੀਆਂ ਅੱਖਾਂ ਭਰੀਆਂ ਹੁੰਦੀਆਂ ਪਰ ਬਾਹਰ ਨਾ ਡੁੱਲਦੀਆਂ। ਮੈਂ ਮਨ ਹੀ ਮਨ ਸਾਰਿਆਂ ਨੂੰ ਗਾਲ੍ਹਾਂ ਕੱਢਦੀ ਇਕ ਸਾਰ ਤਿੰਨ-ਚੂੜ੍ਹੀ, ਕੁੱਤੀ, ਬਾਂਦਰੀ ਤੇ ਜੁਆਕਾਂ ਨੂੰ ਕੱਢਣੀਆਂ ਹੁੰਦੀਆਂ ਤਾਂ ਲਿੰਗ ਤੇ ਵਚਨ ਬਦਲ ਦਿੰਦੀ ਸਾਂ। ਮੈਂ ਹੰਝੂ ਤਾਂ ਰੋਕ ਲੈਂਦੀ ਪਰ ਮੇਰੇ ਹਉਂਕੇ ਵੱਸ 'ਚ ਨਹੀਂ ਆਉਂਦੇ ਸਨ।




ANJALI AGARWAL

With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

TMG

Now I have access to almost all banks and more than 25 lenders.

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ 780-934-7217 (Cell) or Email anjali.agarwal@mortgagegroup.com

# ਪ੍ਰਵਾਸ - ਦੁੱਖ ਦੀ ਗੀਤ-ਗਾਥਾ ਹੈ 'ਵਿੱਚ ਕਨੇਡਾ ਦੇ'

ਮੱਖਣ ਕੁਹਾੜ
+91-95013-65522
makhansinghkohar@gmail.com






**ਪੁਸਤਕ ਵਿਚ 142 ਆਮ ਬੋਲੀਆਂ ਤੋਂ ਇਲਾਵਾ ਮੁਟਿਆਰਾਂ ਦੀਆਂ ਬੋਲੀਆਂ, ਬੱਚਿਆਂ ਦੀਆਂ ਬੋਲੀਆਂ, ਧੀਆਂ ਦੀਆਂ ਬੋਲੀਆਂ ਤੇ ਆਮ ਸ਼ਿਅਰਾਂ ਰਾਹੀਂ ਗਾਉਣਯੋਗ ਸਮਗਰੀ ਪੇਸ਼ ਕੀਤੀ ਗਈ ਹੈ। ਹਰ ਬੋਲੀ ਆਪਣੀ ਕਹਾਣੀ ਆਪ ਕਹਿੰਦੀ ਹੈ।**

ਪਰਮਿੰਦਰ ਧਾਲੀਵਾਲ ਕਨੇਡਾ ਦੇ ਅਲਬਰਟਾ ਪ੍ਰਾਂਤ ਦੀ ਰਾਜਧਾਨੀ ਐਡਮਿੰਟਨ ਵਿਚ ਰਹਿ ਰਿਹਾ ਹੈ। ਪੰਜਾਬ ਦੇ ਪਿੰਡ ਛੀਨੀਵਾਨ ਖੁਰਦ (ਸੰਗਰੂਰ) ਦਾ ਉਹ ਜੰਮਪਲ ਹੈ। ਕਨੇਡਾ ਵਿਚ ਬਤੌਰ ਕੰਪਿਊਟਰ ਪ੍ਰੋਗਰਾਮਰ ਕੰਮ ਕਰ ਰਿਹਾ ਹੈ। ਹਥਲੀ ਪੁਸਤਕ 'ਵਿਚ ਕਨੇਡਾ ਦੇ' ਬੋਲੀਆਂ ਦੇ ਰੂਪ ਵਿਚ ਹੈ। ਉਹ ਚੰਗਾ ਕਵੀ ਵੀ ਹੈ ਤੇ ਲੋਕ ਸਮੱਸਿਆਵਾਂ ਦੀ ਤਰਜ਼ਮਾਨੀ ਕਰਨ ਵਾਲਾ ਬੁੱਧੀਜੀਵੀ ਵੀ।

ਧਾਲੀਵਾਲ ਨੇ 'ਵਿਚ ਕਨੇਡਾ ਦੇ' ਪੁਸਤਕ ਵਿਚ ਲੋਕ ਗੀਤਾਂ ਦੀ ਪ੍ਰਮੁੱਖ ਸੁਰ, ਪੰਜਾਬੀ ਸਭਿਆਚਾਰ ਦਾ ਅਹਿਮ ਅੰਗ ਬੋਲੀਆਂ ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਇਆ ਹੈ। ਉਸ ਨੇ ਮੁੰਡਿਆਂ ਕੁੜੀਆਂ ਤੇ ਬੱਚਿਆਂ ਦੀਆਂ ਭੰਗੜੇ, ਗਿੱਧੇ ਤੇ ਹੋਰ 'ਨੱਚਣ ਕੁੱਦਣ ਮਨ ਕਾ ਚਾਉ' ਸਮੇਂ ਪੇਸ਼ ਕੀਤੀਆਂ ਜਾਂਦੀਆਂ ਸੁਰ-ਸਾਹਿਤ ਬੋਲੀਆਂ ਰਾਹੀਂ ਆਪਣੇ ਹਾਵਾਂ-ਭਾਵਾਂ ਦਾ ਪ੍ਰਗਟਾਵਾ ਕੀਤਾ ਹੈ।

ਪ੍ਰਵਾਸ ਦੇ ਦੁੱਖਾਂ ਬਾਰੇ ਵਧੇਰੇ ਉਹੀ ਜਾਣ ਸਕਦਾ ਹੈ ਜਿਹੜਾ ਇਹ ਦਰਦ ਖ਼ੁਦ ਹੰਢਾਉਂਦਾ ਹੋਵੇ। ਉਸ ਨੂੰ ਆਪਣਾ ਬਚਪਨ, ਆਪਣਾ ਮੁਲਕ, ਆਪਣੀਆਂ ਗ਼ਲੀਆਂ, ਆਪਣੀ ਜੂਹ, ਆਪਣੀਆਂ ਧੁੱਪਾਂ-ਛਾਵਾਂ, ਗਰਮ-ਸਰਦ ਰੁੱਤਾਂ, ਪਸ਼ੂ, ਪੰਛੀ, ਜੰਗਲ ਬੇਲੇ, ਯਾਰ-ਦੋਸਤ, ਆਪਣੀ ਬੋਲੀ, ਆਪਣਾ ਹੱਸਣ ਖੇਡਣ, ਨਹਾਉਣ-ਧੋਣ, ਸੌਣ-ਜਾਗਣ ਆਦਿ ਸਮੁੱਚੀਆਂ ਸਭਿਆਚਾਰਕ ਤੇ ਮਨੋਰੰਜਕ ਕਿਰਿਆਵਾਂ ਦੀ ਪਲ-ਪਲ ਯਾਦ ਆਉਂਦੀ ਹੈ। ਉਹ ਯਾਦਾਂ ਜੋ ਪ੍ਰਵਾਸ ਵਿਚ ਇਕ ਤਿੱਖੀ ਸੂਲ ਵਾਂਗ ਜਿਹਨ 'ਚ ਖੁੱਭ ਕੇ ਕਹਿਰਾਂ ਦੇ ਦਰਦ ਦਾ ਅਹਿਸਾਸ ਕਰਾਉਂਦੀਆਂ ਹਨ। ਪ੍ਰਵਾਸੀ ਜੋ ਸੁਪਨੇ ਲੈ ਕੇ ਵਿਦੇਸ਼ ਵਿਚ ਆਇਆ ਹੁੰਦਾ ਹੈ, ਉਨ੍ਹਾਂ ਦੇ ਦੂਰ-ਦੂਰ ਹੋਣ ਦਾ ਰੁਦਨ ਉਹ ਪਲ-ਪਲ ਹੰਢਾਉਂਦਾ ਹੈ। ਨਵੇਂ ਮੁਲਕ ਦੀਆਂ ਨਵੀਆਂ ਗੱਲਾਂ, ਕੰਮ-ਢੰਗ ਤੇ ਭਾਸ਼ਾ, ਰਹਿਣ-ਸਹਿਣ, ਸਭਿਆਚਾਰ, ਮੇਲ ਜੋਲ, ਬਿਲਕੁਲ ਹੀ ਓਪਰੇਪਣ ਦਾ ਅਹਿਸਾਸ ਕਰਾਉਂਦਾ ਹੈ। ਆਮ ਲੋਕ ਤਾਂ ਇਨ੍ਹਾਂ ਦੁੱਖਾਂ ਤਕਲੀਫ਼ਾਂ ਨੂੰ ਹੰਢਾਉਣ ਦੇ ਆਦੀ ਹੋ ਜਾਂਦੇ ਐਡਮਿੰਟਨ ਦੀ ਇਕ ਹੋਰ ਲੇਖਕਾ ਬਖ਼ਸ਼ ਸੰਘਾ ਨੇ ਵੀ ਬੋਲੀਆਂ ਨੂੰ ਅਧਾਰ ਬਣਾ ਕੇ ਕਨੇਡਾ-ਅਮਰੀਕਾ ਤੇ ਹੋਰ ਪ੍ਰਵਾਸ ਦੇ ਮੁਲਕਾਂ ਵਿਚ ਰਹਿੰਦੇ ਪੰਜਾਬੀਆਂ ਦੇ ਦੁੱਖਾਂ ਨੂੰ ਬਾਖ਼ੂਬ ਪੇਸ਼ ਕੀਤਾ ਹੈ ਤੇ ਕਰ ਰਹੀ ਹੈ।

ਪਰਮਿੰਦਰ ਧਾਲੀਵਾਲ ਨੇ ਇਨ੍ਹਾਂ ਬੋਲੀਆਂ ਵਿਚ ਕਨੇਡਾ ਆ ਕੇ ਬੇਹੱਦ ਕੰਮ ਕਰਨ, ਸ਼ਿਫਟਾਂ ਹੀ ਸ਼ਿਫ਼ਟਾਂ, ਦਿਨ ਰਾਤ ਦੋ-ਦੋ ਸ਼ਿਫ਼ਟਾਂ ਪਰ ਫੇਰ ਵੀ ਗੁਜ਼ਾਰਾ ਨਾ ਹੋਣ, ਭਾਰਾ ਔਖਾ ਕੰਮ, ਮਕਾਨ ਦੇ ਕਰਜ਼ੇ, ਕਾਰਾਂ ਦੇ ਕਰਜ਼ੇ ਤੇ ਬੀਮਾ ਕੰਪਨੀਆਂ ਦੀ ਲੁੱਟ, ਪੰਜਾਬੀ ਬੋਲੀ ਪ੍ਰਤੀ ਪੰਜਾਬੀਆਂ ਦੀ ਗ਼ਲਤ ਪਹੁੰਚ ਤੇ ਪੰਜਾਬੀ ਬੱਚਿਆਂ ਦਾ ਮਾਂ-ਬੋਲੀ ਤੋਂ ਮੋਹ ਭੰਗ ਹੋਣਾ, ਪੰਜਾਬ ਰਹਿ ਕੇ ਕੀਤੀ ਉਚ ਪੜ੍ਹਾਈ ਦੇ ਹਾਣ ਦਾ ਕੰਮ ਨਾ ਮਿਲਣਾ, ਦੇਸ਼ ਭਾਰਤ ਤੇ ਪੰਜਾਬ ਦੀ ਪਲ-ਪਲ ਆਉਂਦੀ ਯਾਦ, ਕਨੇਡਾ ਦੀ ਠੰਢੀ ਰੁੱਤ ਤੇ ਕਹਿਰਾਂ ਦੀ ਬਰਫ਼ ਦੀ ਤੰਗੀ, ਅੰਧ ਵਿਸ਼ਵਾਸ ਵਿਚ ਗ੍ਰਸੇ ਲੋਕ, ਸਾਮਰਾਜੀ ਲੁੱਟ, ਘੱਟ ਤਨਖ਼ਾਹਾਂ, ਨਿੱਤ ਵਧ ਰਹੀ ਮਹਿੰਗਾਈ, ਮਾਪਿਆਂ ਤੇ ਹੋਰ ਖ਼ੂਨ ਦੇ ਰਿਸ਼ਤੇਦਾਰਾਂ ਨੂੰ ਕਨੇਡਾ ਨਾ ਆਉਣ ਦੇਣਾ, ਦਾਜ ਦੀ ਸਮੱਸਿਆ ਤੇ ਧੀਆਂ ਦੇ ਦੁੱਖ, ਨਸ਼ੇ ਪਿਛੇ ਭਾਰਤ ਨਾ ਜਾ ਸਕਣ ਦੀ ਆਰਥਕ ਮਜਬੂਰੀ, ਮਹਿੰਗਾ ਇਲਾਜ, ਚਾਰੇ ਪਾਸੇ ਅੰਗਰੇਜ਼ੀ ਹੀ ਅੰਗਰੇਜ਼ੀ ਦਾ ਬੋਲਬਾਲਾ ਤੇ ਉਹ ਵੀ ਸਮਝੋਂ ਬਾਹਰ, ਬੇਸਮੈਂਟ ਦਾ ਰਹਿਣ-ਸਹਿਣ, ਕੰਮ ਹੀ ਕੰਮ, ਸ਼ਨੀਵਾਰ ਐਤਵਾਰ ਵੀ ਓਵਰਟਾਈਮ ਲਾਉਣ ਦੀ ਮਜਬੂਰੀ, ਧਾਰਮਕ ਵਿਤਕਰਾ, ਮਾਪਿਆਂ ਤੋਂ ਬੱਚਿਆਂ ਦਾ ਬਾਗੀ ਹੋਈ ਜਾਣਾ, ਨਵੀਂ ਪੀੜ੍ਹੀ ਦਾ ਆਪਣੇ ਵਿਰਸੇ ਨੂੰ ਬਿਲਕੁਲ ਹੀ ਭੁਲਦੇ ਜਾਣਾ ਆਦਿ ਅਨੇਕਾਂ-ਅਨੇਕਾਂ ਐਸੇ ਮਸਲਿਆਂ ਨੂੰ ਇਨ੍ਹਾਂ ਬੋਲੀਆਂ ਰਾਹੀਂ ਪੇਸ਼ ਕੀਤਾ ਹੈ। ਪੁਸਤਕ ਵਿਚ 142 ਆਮ ਬੋਲੀਆਂ ਤੋਂ ਇਲਾਵਾ ਮੁਟਿਆਰਾਂ ਦੀਆਂ ਬੋਲੀਆਂ, ਬੱਚਿਆਂ ਦੀਆਂ ਬੋਲੀਆਂ, ਧੀਆਂ ਦੀਆਂ ਬੋਲੀਆਂ ਤੇ ਆਮ ਸ਼ਿਅਰਾਂ ਰਾਹੀਂ ਗਾਉਣਯੋਗ ਸਮਗਰੀ ਪੇਸ਼ ਕੀਤੀ ਗਈ ਹੈ। ਹਰ ਬੋਲੀ ਆਪਣੀ ਕਹਾਣੀ ਆਪ ਕਹਿੰਦੀ ਹੈ। ਮਾਤ ਭੂਮੀ ਪੰਜਾਬ ਦੀ ਯਾਦ ਦੇ ਨਮੂਨੇ ਬੋਲੀ ਨੰ. 1, 4, 12, 21, 24, 34, 46, 59, 61, 66, 69, 76, 79, 91, 99 ਤੇ ਹੋਰ ਕਈ ਥਾਈਂ ਹਨ। ਇਥੇ ਦੋ ਨਮੂਨੇ ਹਾਜ਼ਰ ਹਨ :-

ਯਾਦ ਵਤਨ ਦੀ ਆਉਂਦੀ ਜਦ ਵੀ
ਦਿਲ ਮੇਰਾ ਕੁਰਲਾਵੇ
ਜਿਥੇ ਜੰਮੇ ਉਸ ਮਿੱਟੀ ਦਾ
ਚੇਤਾ ਮੁੜ ਮੁੜ ਆਵੇ।
ਬਚਪਨ ਲੰਘਿਆ ਖੇਡ ਕੁੱਦ ਕੇ
ਦੱਸ ਕੋਈ ਕਿੰਜ ਭੁਲਾਵੇ
ਵਿਚ ਕਨੇਡਾ ਦੇ
ਪਿੰਡ ਦੀ ਯਾਦ ਸਤਾਵੇ।

ਦੇਸ਼ ਨੂੰ ਪਰਤਣ ਵਾਲੇ ਸੱਜਣਾ
ਮੇਰੇ ਘਰ ਵੀ ਜਾਵੀਂ
ਡਿਗਦੇ ਢਹਿੰਦੇ ਘਰ ਮੇਰੇ ਦੀ
ਫੋਟੋ ਖਿੱਚ ਲਿਆਵੀਂ
ਜਾ ਕੇ ਪਿੰਡ ਦੀ ਸੱਥ 'ਚ ਬੈਠੀਂ
ਸਭ ਨੂੰ ਹਾਲ ਸੁਣਾਵੀਂ
ਪਿੰਡ ਦੀਆਂ ਗਲੀਆਂ ਦੀ
ਮਹਿਕ ਤੂੰ ਲੈ ਕੇ ਆਵੀਂ।

ਭਾਰੇ-ਔਖੇ ਕੰਮ ਦੀਆਂ ਬੋਲੀਆਂ ਵੀ ਕਾਫ਼ੀ ਗਿਣਤੀ ਵਿਚ ਹਨ :-

ਦੋ-ਦੋ ਸ਼ਿਫ਼ਟਾਂ ਲਾਉਂਦਾ ਅੜੀਏ
ਫਿਰ ਵੀ ਮੈਂ ਕਰਜ਼ਾਈ।
ਦਿਨ ਦੇ ਟਾਈਮ ਚਲਾਵਾਂ ਟੈਕਸੀ
ਰਾਤੀਂ ਕਰਾਂ ਸਫ਼ਾਈ।
ਬਿੱਲਾਂ ਦੇ ਤਾਰਨ ਖਾਤਰ ਅੜੀਏ
ਆਪਣੀ ਨੀਂਦ ਗੁਆਈ।
ਵਿਚ ਕਨੇਡਾ ਦੇ ਔਖੀ ਬੜੀ ਕਮਾਈ।

ਮਾਂ ਬੋਲੀ ਬਾਰੇ ਵੀ ਕਾਫ਼ੀ ਬੋਲੀਆਂ ਹਨ :-

ਬੋਲ ਪੰਜਾਬੀ ਭੁਲਦੇ ਜਾਂਦੇ - ਕਿਉਂ ਪੰਜਾਬੀ ਯਾਰੋ
ਭੁਲਦੀ ਜਾਂਦੀ ਮਾਂ ਬੋਲੀ ਨੂੰ - ਸੰਭਾਲੋ ਸੋਚ ਵਿਚਾਰੋ।
ਬੱਚਿਆਂ ਨਾਲ ਨਾ ਬੋਲੋ ਅੰਗਰੇਜ਼ੀ
ਸਗੋਂ ਉਨ੍ਹਾਂ ਨੂੰ ਤਾੜੋ।
ਭੁੱਲ ਗਿਆ ਵਿਰਸਾ ਜੇ
ਕੀ ਕਰਾਂਗੇ ਯਾਰੋ।

ਸਾਰੀ ਹੀ ਪੁਸਤਕ ਪੜ੍ਹਨ ਤੇ ਮਾਨਣ ਯੋਗ ਹੈ। ਪੰਜਾਬੀ ਸਭਿਆਚਾਰ ਅਤੇ ਕਨੇਡਾ ਦੇ ਸਭਿਆਚਾਰ ਤੇ ਔਖੇ ਕਾਰਜ ਦਾ ਸਫ਼ਲ ਇਜ਼ਹਾਰ ਕੀਤਾ ਗਿਆ ਹੈ। ਪਰਮਿੰਦਰ ਧਾਲੀਵਾਲ ਦੇ ਲਗਾਤਾਰ ਤੇ ਹੋਰ ਵੀ ਉਤਮ ਲਿਖ ਸਕਣ ਦੀ ਸਮਰਥਾ ਨੂੰ ਹੋਰ ਅੱਗੇ ਵਧਾਏ ਜਾਣ ਦੀ ਮਨੋ-ਕਾਮਨਾ ਕਰਦਿਆਂ ਪੁਸਤਕ 'ਵਿਚ ਕਨੇਡਾ ਦੇ' ਪੜ੍ਹਨ ਦੀ ਸਿਫ਼ਾਰਸ਼ ਕਰਦਾ ਹਾਂ ਤਾਂ ਕਿ ਆਪਣੇ ਦੁੱਖਾਂ ਦਾ ਪ੍ਰਗਟਾਵਾ ਬੋਲੀਆਂ ਰਾਹੀਂ ਹੋ ਸਕੇ।

Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance

Please Call
Lock Smith
If:
→ Your Car is Locked
→ Your Car Need Boost
Rental Car Available For Road Test (Dual Brake)

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9

* Import & Domestic Repairs * Insurance Claims

BeLL
STUCCO & RENOVATION

Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸ਼ਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਗੁਣਕਾਰੀ ਸ਼ਹਿਦ

1. ਜਦੋਂ ਕਦੇ ਕਮਜ਼ੋਰੀ ਮਹਿਸੂਸ ਹੋਵੇ ਤਾਂ ਤਾਜ਼ੇ ਪਾਣੀ ਵਿਚ ਇੱਕ ਜਾਂ ਦੋ ਚਮਚ ਸ਼ਹਿਦ ਮਿਲਾ ਕੇ ਪੀਣ ਨਾਲ ਸਰੀਰ ਨੂੰ ਰਾਹਤ ਮਿਲਦੀ ਹੈ।
2. ਸ਼ਹਿਦ ਨੂੰ ਟੋਸਟ 'ਤੇ ਲਗਾ ਕੇ ਖਾਇਆ ਜਾ ਸਕਦਾ ਹੈ। ਇਹ ਬਹੁਸੁਆਦੀ ਅਤੇ ਊਰਜਾ ਭਰਪੂਰ ਨਾਸ਼ਤੇ ਦਾ ਕੰਮ ਕਰਦਾ ਹੈ।
3. ਜੇਕਰ ਗਲੇ ਵਿਚ ਖਾਰਸ਼ ਹੁੰਦੀ ਹੈ ਤਾਂ ਪਿਸੀ ਹੋਈ ਕਾਲੀ ਮਿਰਚ ਸ਼ਹਿਦ ਵਿਚ ਮਿਲਾ ਕੇ ਲੈਣ ਨਾਲ ਆਰਾਮ ਮਿਲਦਾ ਹੈ।



4. ਸ਼ਹਿਦ ਇਨਫੈਕਸ਼ਨ ਘੱਟ ਕਰਦਾ ਹੈ।
5. ਚਮੜੀ 'ਤੇ ਜਲਣ ਹੋਣ ਜਾਂ ਚੋਟ ਲੱਗਣ 'ਤੇ ਸ਼ਹਿਦ ਨੂੰ ਮੁਢਲੇ ਇਲਾਜ ਦੇ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ।
6. ਚਿਹਰੇ ਨੂੰ ਸਾਫ਼ ਅਤੇ ਮੁਲਾਇਮ ਬਣਾਉਣ ਲਈ ਸ਼ਹਿਦ ਦੀਆਂ ਦੋ-ਤਿੰਨ ਬੂੰਦਾਂ ਅੰਡੇ ਵਿਚ ਮਿਲਾ ਕੇ ਚਿਹਰੇ 'ਤੇ ਲਗਾਉਣ ਨਾਲ ਚਿਹਰਾ ਸਾਫ਼ ਹੋ ਜਾਂਦਾ ਹੈ।
7. ਇੱਕ ਗਲਾਸ ਪਾਣੀ ਵਿਚ ਇੱਕ ਨਿੰਬੂ ਦਾ ਰਸ ਅਤੇ ਇੱਕ ਚਮਚ ਸ਼ਹਿਦ ਸਵੇਰੇ ਉੱਠਣ ਸਾਰ ਲੈਣ ਨਾਲ ਵਜ਼ਨ ਕਾਬੂ ਵਿਚ ਆ ਜਾਂਦਾ ਹੈ।
8. ਕੋਈ ਵੀ ਕਸਰਤ ਕਰਨ ਤੋਂ ਪਹਿਲਾਂ ਇੱਕ ਗਲਾਸ ਪਾਣੀ ਵਿਚ ਇੱਕ ਚਮਚ ਸ਼ਹਿਦ ਮਿਲਾ ਕੇ ਪੀਣ ਨਾਲ ਥਕਾਵਟ ਘੱਟ ਮਹਿਸੂਸ ਹੁੰਦੀ ਹੈ।
9. ਸ਼ਹਿਦ ਦਾ ਸੇਵਨ ਦਿਲ ਅਤੇ ਕੈਂਸਰ ਜਿਹੇ ਰੋਗਾਂ ਤੋਂ ਬਚਾਅ ਲਈ ਵੀ ਵਧੀਆ ਮੰਨਿਆ ਜਾਂਦਾ ਹੈ।

***-ਸੰਜੀਵ ਸੈਣੀ***

# ਘਰੇਲੂ ਨੁਸਖ਼ੇ

- ਚਾਹ ਬਣਾਉਣ ਵੇਲੇ ਤੁਲਸੀ ਦੇ ਪੱਤੇ, ਥੋੜ੍ਹਾ ਜਿਹਾ ਅਦਰਕ ਅਤੇ ਥੋੜ੍ਹਾ ਜਿਹਾ ਨਮਕ ਪਾ ਪੀਣ ਨਾਲ ਕਫ਼ ਤੋਂ ਰਾਹਤ ਮਿਲਦੀ ਹੈ।
- ਮੂੰਹ ਦਾ ਸੁਆਦ ਠੀਕ ਕਰਨ ਲਈ ਸੌਂਫ ਦੀ ਵਰਤੋਂ ਫ਼ਾਇਦੇਮੰਦ ਹੈ।
- ਸਵੇਰੇ-ਸ਼ਾਮ ਗੁਲਕੰਦ ਖਾਣ ਨਾਲ ਕਬਜ਼ ਦੀ ਸਮੱਸਿਆ ਤੋਂ ਕਾਫ਼ੀ ਹੱਦ ਤਕ ਰਾਹਤ ਮਿਲਦੀ ਹੈ।
- ਰੋਜ਼ਾਨਾ ਆਂਵਲੇ ਦਾ ਰਸ ਪੀਣਾ ਸਿਹਤ ਲਈ ਲਾਭਕਾਰੀ ਹੈ।
- ਸਵੇਰੇ-ਸ਼ਾਮ ਖਾਲੀ ਪੇਟ ਪਪੀਤੇ ਦੇ ਦੋ-ਤਿੰਨ ਟੁਕੜੇ ਖਾਣ ਨਾਲ ਬਲੱਡ ਪ੍ਰੈਸ਼ਰ ਕੰਟਰੋਲ ਵਿਚ ਰਹਿੰਦਾ ਹੈ।
- ਜੇਕਰ ਪੇਟ ਦਰਦ ਹੋਵੇ ਤਾਂ ਬਰਾਬਰ ਮਾਤਰਾ ਵਿਚ ਸੌਂਫ ਅਤੇ ਕਾਲਾ ਲੂਣ ਪੀਸ ਲਓ। ਇਹ ਚੂਰਨ ਗਰਮ ਪਾਣੀ ਨਾਲ ਲੈਣ ਨਾਲ ਪੇਟ ਦਰਦ ਤੋਂ ਰਾਹਤ ਮਿਲਦੀ ਹੈ।
- ਜੇਕਰ ਕੰਨ ਦਰਦ ਕਰ ਰਿਹਾ ਹੋਵੇ ਤਾਂ ਸਰ੍ਹੋਂ ਦਾ ਤੇਲ ਹਲਕਾ ਗਰਮ ਕਰ ਕੇ ਕੰਨ 'ਚ ਪਾਓ। ਦਰਦ ਦੂਰ ਹੋ ਜਾਵੇਗਾ।
- ਪਪੀਤੇ ਦਾ ਸ਼ੇਕ (ਦੁੱਧ ਨਾਲ) ਬਣਾ ਕੇ ਦਿਨ 'ਚ ਸਵੇਰੇ-ਸ਼ਾਮ ਪੀਣ ਨਾਲ ਇੱਕ ਤਾਂ ਮੂੰਹ ਦੇ ਛਾਲਿਆਂ ਤੋਂ ਰਾਹਤ ਮਿਲਦੀ ਹੈ ਅਤੇ ਇਹ ਸਰੀਰ ਵਿਚਲੀ ਗਰਮੀ ਨੂੰ ਬਾਹਰ ਕੱਢਦਾ ਹੈ।

## ਮੁਲਤਾਨੀ ਮਿੱਟੀ



1. ਚਮੜੀ ਦੇ ਰੁੱਖੇਪਣ ਨੂੰ ਦੂਰ ਕਰਨ ਲਈ ਸਾਬਣ ਦੀ ਥਾਂ ਮੁਲਤਾਨੀ ਮਿੱਟੀ ਰਗੜ ਕੇ ਨਹਾਓ। ਚਮੜੀ ਕੋਮਲ ਹੋ ਜਾਵੇਗੀ।
2. ਗਰਮੀ ਵਿਚ ਮੁਲਤਾਨੀ ਮਿੱਟੀ ਮਲ਼ ਕੇ ਨਹਾਉਣ ਨਾਲ ਸ਼ੀਤਲਤਾ ਮਿਲਦੀ ਹੈ।
3. ਗਰਮੀ ਦੇ ਦਿਨਾਂ ਵਿਚ ਪੈਰਾਂ ਥੱਲੇ ਮੁਲਤਾਨੀ ਮਿੱਟੀ ਦਾ ਲੇਪ ਕਰਨ ਨਾਲ ਠੰਢਕ ਮਿਲਦੀ ਹੈ।
4. ਮੁਲਤਾਨੀ ਮਿੱਟੀ ਵਿਚ ਖੀਰੇ ਦਾ ਰਸ ਅਤੇ ਆਲੂ ਦਾ ਗੁੱਦਾ ਮਿਲਾ ਕੇ ਅੱਖਾਂ ਦੇ ਥੱਲੇ ਰੱਖੋ। 10-15 ਮਿੰਟ ਬਾਅਦ ਧੋ ਲਵੋ। ਕਾਲੇ ਘੇਰਿਆਂ ਤੋਂ ਛੁਟਕਾਰਾ ਮਿਲੇਗਾ।
5. ਮਿੱਟੀ ਵਿਚ ਸੰਗਤਰਿਆਂ ਦਾ ਰਸ ਜਾਂ ਟਮਾਟਰ ਦਾ ਗੁੱਦਾ ਮਿਲਾ ਕੇ ਚਿਹਰੇ 'ਤੇ ਲਗਾਓ। 10-15 ਮਿੰਟ ਬਾਅਦ ਧੋ ਲਵੋ। ਚਿਹਰਾ ਚਮਕ ਉੱਠੇਗਾ।
6. ਤੇਲੀ ਚਮੜੀ ਹੋਣ 'ਤੇ ਮਿੱਟੀ ਵਿਚ ਖੀਰੇ ਦਾ ਰਸ, ਦਹੀਂ ਅਤੇ ਹਲਦੀ ਮਿਲਾ ਕੇ ਚਿਹਰੇ 'ਤੇ ਲਗਾਉਣ ਨਾਲ ਲਾਭ ਮਿਲਦਾ ਹੈ।।






# ਗੁਣਕਾਰੀ ਤੁਲਸੀ

**ਇਸ਼ਟ ਪਾਲ**

ਤੁਲਸੀ, ਬਾਰੇ ਅਸੀਂ ਸਾਰੇ ਜਾਣਦੇ ਹਾਂ। ਤਕਰੀਬਨ ਹਰ ਘਰ ਵਿਚ ਤੁਲਸੀ ਦਾ ਪੌਦਾ ਵੇਖਣ ਨੂੰ ਮਿਲਦਾ ਹੈ। ਹਿੰਦੂ ਲੋਕ ਇਸ ਦੀ ਪੂਜਾ ਕਰਦੇ ਹਨ। ਇਸ ਪੌਦੇ ਦੇ ਅਨੇਕਾਂ ਹੀ ਗੁਣ ਹਨ ਜੋ ਸ਼ਾਇਦ ਹੀ ਕਿਸੇ ਹੋਰ ਪੌਦੇ ਵਿਚ ਵੇਖਣ ਨੂੰ ਮਿਲਣ। ਤੁਲਸੀ ਆਮ ਕਰ ਕੇ ਹਰੇ ਰੰਗ ਦੀ ਹੁੰਦੀ ਹੈ ਪਰ ਕਾਲੀ ਤੁਲਸੀ ਬਾਰੇ ਸ਼ਾਇਦ ਹੀ ਕੋਈ ਜਾਣਦਾ ਹੋਵੇ। ਕਾਲੀ ਤੁਲਸੀ ਹਰੀ ਤੁਲਸੀ ਨਾਲੋਂ ਗੁਣਾਂ ਵਿਚ ਕਿਤੇ ਜ਼ਿਆਦਾ ਲਾਭਦਾਇਕ ਹੈ। ਇਹ ਪੌਦਾ ਜਾਮਨੀ ਰੰਗ ਦਾ ਹੁੰਦਾ ਹੈ। ਇਸ ਗੁਣਕਾਰੀ ਤੁਲਸੀ ਦੇ ਸਵੇਰੇ-ਸਵੇਰੇ 5 ਤੋਂ 10 ਪੱਤੇ ਚੱਬ ਕੇ ਖਾ ਲੈਣੇ ਚਾਹੀਦੇ ਹਨ, ਨਾਲ ਪਾਣੀ ਵੀ ਪੀ ਸਕਦੇ ਹੋ।



1. ਤੁਲਸੀ ਗੋਡਿਆਂ ਅਤੇ ਜੋੜਾਂ ਦੇ ਹਰੇਕ ਦਰਦ ਲਈ ਲਾਭਦਾਇਕ ਹੈ।
2. ਇਸ ਦੀ ਵਰਤੋਂ ਤਣਾਅ ਦੂਰ ਕਰਦੀ ਹੈ।
3. ਇਸ ਦੀ ਨਿਯਮਤ ਵਰਤੋਂ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ।
4. ਜ਼ੁਕਾਮ, ਨਜ਼ਲਾ ਅਤੇ ਬੁਖ਼ਾਰ ਦੌਰਾਨ ਤੁਲਸੀ ਦੀ ਵਰਤੋਂ ਲਾਭਦਾਇਕ ਹੈ।
5. ਇਸ ਦੀ ਵਰਤੋਂ ਕੈਂਸਰ ਲਈ ਵਧੀਆ ਹੈ।
6. ਹਾਈ ਬਲੱਡ ਪ੍ਰੈਸ਼ਰ ਲਈ ਵਧੀਆ ਹੈ।
7. ਤੁਲਸੀ ਦੀ ਵਰਤੋਂ ਨਾਲ ਝੁਰੜੀਆਂ ਜਲਦੀ ਨਹੀਂ ਪੈਂਦੀਆਂ।
8. ਤੁਲਸੀ ਨਾਲ ਪਾਚਣ ਸ਼ਕਤੀ ਵਧਦੀ ਹੈ।
9. ਖ਼ਾਂਸੀ ਅਤੇ ਖਰਾਬ ਗਲਾ ਠੀਕ ਹੋ ਜਾਂਦਾ ਹੈ।
10. ਤੁਲਸੀ ਦਿਲ ਦੇ ਰੋਗੀਆਂ ਲਈ ਵਧੀਆ ਹੈ।
11. ਇਸ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ।
12. ਤੁਲਸੀ ਸ਼ੂਗਰ ਦੇ ਰੋਗੀਆਂ ਲਈ ਬਹੁਤ ਲਾਭਦਾਇਕ ਹੈ।
13. ਤੁਲਸੀ ਦੀ ਵਰਤੋਂ ਨਾਲ ਯਾਦ-ਸ਼ਕਤੀ ਵਧਦੀ ਹੈ।

ਘਰ ਦਾ ਕੋਈ ਵੀ ਮੈਂਬਰ ਇਸ ਦੀ ਵਰਤੋਂ ਕਰ ਸਕਦਾ ਹੈ, ਚਾਹੇ ਉਹ ਕੋਈ ਬੱਚਾ ਹੋਵੇ ਜਾਂ ਕੋਈ ਬਜ਼ੁਰਗ। ਤੁਲਸੀ ਨੂੰ ਭਾਵੇਂ ਗਰਮ ਕਿਹਾ ਜਾਂਦਾ ਹੈ ਪਰ ਦਵਾਈ ਦੇ ਤੌਰ 'ਤੇ ਖਾਣ ਨਾਲ ਇਹ ਗਰਮੀ ਨਹੀਂ ਕਰਦੀ। ਕਈ ਲੋਕ ਇਸ ਬਾਰੇ ਇਹ ਵੀ ਵਹਿਮ ਪਾ ਸਕਦੇ ਹਨ ਕਿ ਇਸ ਨੂੰ ਚੱਬਣਾ ਨਹੀਂ ਚਾਹੀਦਾ ਕਿਉਂਕਿ ਇਹ ਦੰਦਾਂ ਨੂੰ ਖਰਾਬ ਕਰਦੀ ਹੈ ਪਰ ਅਜਿਹਾ ਨਹੀਂ ਹੈ। ਇਸ ਪੌਦੇ ਦਾ ਵੱਧ ਤੋਂ ਵੱਧ ਪ੍ਰਸਾਰ ਕਰੋ ਤਾਂ ਜੋ ਲੋਕ ਇਸ ਦੇ ਸਹਾਰੇ ਆਪਣੀ ਜ਼ਿੰਦਗੀ ਨੂੰ ਵਧੀਆ ਬਣਾ ਸਕਣ।

# ਭਾਰਤ ਰਤਨ ਤੇ ਖਿਡਾਰੀ

ਪ੍ਰੋ. ਦਲਜੀਤ ਸਿੰਘ
ਮੋਬਾਈਲ : 95011-04353




ਭਾਰਤ ਵਿੱਚ ਹਮੇਸ਼ਾ ਇੱਕ ਬਹਿਸ ਛਿੜੀ ਰਹਿੰਦੀ ਹੈ ਕਿ ਕ੍ਰਿਕਟ ਹੋਰ ਸਾਰੀਆਂ ਖੇਡਾਂ 'ਤੇ ਭਾਰੂ ਪੈ ਰਿਹੈ। ਜੋ ਸਹੂਲਤਾਂ ਕ੍ਰਿਕਟ ਦੇ ਖਿਡਾਰੀਆਂ ਨੂੰ ਮਿਲਦੀਆਂ ਹਨ, ਉਨ੍ਹਾਂ ਬਾਰੇ ਦੂਜੇ ਖਿਡਾਰੀ ਸੋਚ ਵੀ ਨਹੀਂ ਸਕਦੇ। ਇਸੇ ਕਰਕੇ ਹਰ ਮਾਂ ਆਪਣੇ ਬੱਚੇ ਨੂੰ ਕ੍ਰਿਕਟ ਦਾ ਖਿਡਾਰੀ ਬਣਾਉਣਾ ਚਾਹੁੰਦੀ ਹੈ।

ਇਸ ਖੇਡ ਵਿੱਚ ਮਿਲਣ ਵਾਲੇ ਬੇਤਹਾਸ਼ਾ ਪੈਸੇ ਅਤੇ ਸ਼ੋਹਰਤ ਨੇ ਦੂਜੀਆਂ ਖੇਡਾਂ ਦੇ ਮਿਆਰ ਨੂੰ ਵਾਕਿਆ ਹੀ ਪ੍ਰਭਾਵਿਤ ਕੀਤਾ ਹੈ। ਇਸ ਵਿੱਚ ਕੋਈ ਅਤਿਕਥਨੀ ਨਹੀਂ ਪਰ ਅਫਸੋਸ ਦੀ ਗੱਲ ਇਹ ਹੈ ਕਿ ਸਾਡੀਆਂ ਸਰਕਾਰਾਂ ਹੀ ਇਸ ਸਭ ਲਈ ਜ਼ਿੰਮੇਵਾਰ ਹਨ। ਭਾਵੇਂ ਇਸ ਸਭ ਵਿੱਚ ਮੀਡੀਏ ਦਾ ਵੀ ਬਹੁਤ ਵੱਡਾ ਰੋਲ ਹੈ। ਮਿਸਾਲ ਦੇ ਤੌਰ 'ਤੇ ਬਹੁਤ ਸਾਰੇ ਸਨਮਾਨ ਅਤੇ ਛੋਟ ਕ੍ਰਿਕਟ ਖਿਡਾਰੀਆਂ ਲਈ ਤਾਂ ਬਿਨਾਂ ਮੰਗਿਆਂ ਹੀ ਮਿਲ ਜਾਂਦੀਆਂ ਹਨ। ਬਲਕਿ ਸਰਕਾਰਾਂ ਵੀ ਅਜਿਹੀਆਂ ਮਿਹਰਬਾਨੀਆਂ ਕਰਨ ਵਾਸਤੇ ਪੱਬਾਂ ਭਾਰ ਰਹਿੰਦੀਆਂ ਹਨ। ਪਰ ਕਿਸੇ ਹੋਰ ਖੇਡ ਵਿੱਚ ਅਜਿਹਾ ਨਹੀਂ ਹੁੰਦਾ। ਉਹੀ ਛੋਟਾਂ ਹੋਰ ਖੇਡਾਂ ਖੇਡਣ ਵਾਲਿਆਂ ਨੂੰ ਨਸੀਬ ਨਹੀਂ ਹੁੰਦੀਆਂ।

ਹੁਣ ਜਦੋਂ ਭਾਰਤ ਦਾ ਸਰਵਉੱਚ ਨਾਗਰਿਕ ਸਨਮਾਨ ਭਾਰਤ ਰਤਨ ਨੂੰ ਖੇਡ ਸ਼੍ਰੇਣੀ ਸ਼ਾਮਲ ਕੀਤਾ ਗਿਆ ਤਾਂ ਖੇਡ ਪ੍ਰੇਮੀਆਂ ਨੂੰ ਬਹੁਤ ਵਧੀਆ ਅਹਿਸਾਸ ਹੋਇਆ। ਪਰ ਜਦੋਂ ਇਸ ਨੂੰ ਪ੍ਰਦਾਨ ਕਰਨ ਦੀ ਗੱਲ ਆਈ ਤਾਂ ਅਜਿਹਾ ਹੋਇਆ ਕਿ ਦੇਸ਼ ਦੇ ਸੱਚੇ ਖੇਡ ਪ੍ਰੇਮੀ (ਸਿਰਫ ਕ੍ਰਿਕਟ ਪ੍ਰੇਮੀ ਨਹੀਂ) ਇੱਕ ਵਾਰ ਫੇਰ ਠੱਗੇ ਹੋਏ ਮਹਿਸੂਸ ਕਰਨ ਲਈ ਮਜਬੂਰ ਹੋ ਗਏ। ਭਾਰਤ ਦੀ ਰਾਸ਼ਟਰੀ ਖੇਡ ਹਾਕੀ ਦਾ ਜਾਦੂਗਰ, ਜਿਸ ਦੇ ਜਨਮ ਦਿਨ ਨੂੰ ਭਾਰਤ ਵਿੱਚ ਖੇਡ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਨੇ ਹਾਕੀ ਦੇ ਖੇਤਰ ਵਿੱਚ ਜੋ ਮੁਕਾਮ ਹਾਸਲ ਕੀਤਾ, ਅੱਜ ਤੱਕ ਦੁਨੀਆਂ ਉਸ ਦਾ ਲੋਹਾ ਮੰਨਦੀ ਹੈ। ਅਜੇ ਇਸੇ ਸਾਲ ਅਗਸਤ ਦੇ ਸ਼ੁਰੂ ਵਿੱਚ ਭਾਰਤ ਦੇ ਖੇਡ ਅਤੇ ਯੁਵਾ ਮੰਤਰਾਲੇ ਨੇ ਧਿਆਨ ਚੰਦ ਦੇ ਨਾਮ ਦੀ ਸਿਫਾਰਸ਼ ਇਸ ਸਰਵਉੱਚ ਸਨਮਾਨ ਲਈ ਕੀਤੀ ਸੀ ਜਿਸ ਬਾਰੇ ਮਾਨਯੋਗ ਖੇਡ ਮੰਤਰੀ ਜਿਤੇਂਦਰ ਸਿੰਘ ਨੇ ਲੋਕ ਸਭਾ ਦੇ ਮੌਨਸੂਨ ਸੈਸ਼ਨ ਵਿੱਚ ਬਿਆਨ ਵੀ ਦਿੱਤਾ ਸੀ ਕਿ ਸਚਿਨ ਤੇਂਦੁਲਕਰ ਨਾਲੋਂ ਜ਼ਿਆਦਾ ਧਿਆਨ ਚੰਦ ਇਸ ਸਨਮਾਨ ਲਈ ਤਰਕਸੰਗਤ ਚੋਣ ਹੈ। ਇਸ ਦੇ ਬਾਵਜੂਦ ਰਾਤੋ-ਰਾਤ ਸਚਿਨ ਦੇ ਨਾਮ ਦੀ ਘੋਸ਼ਣਾ ਕਰਨਾ ਕਿਤੇ-ਕਿਤੇ ਫੇਰ ਅਹਿਸਾਸ ਕਰਵਾ ਗਿਆ ਹੈ ਕਿ ਸਰਕਾਰੇ ਦਰਬਾਰੇ ਸਿਰਫ ਕ੍ਰਿਕਟ ਨੂੰ ਹੀ ਖੇਡ ਮੰਨਿਆ ਜਾਂਦਾ ਹੈ। ਬਾਕੀ ਖੇਡਾਂ ਦੀ ਭਾਰਤ ਵਿੱਚ ਕੋਈ ਅਹਿਮੀਅਤ ਨਹੀਂ ਅਤੇ ਨਾ ਹੀ ਕੋਈ ਲੋੜ। ਧਿਆਨ ਚੰਦ ਨੂੰ ਛੱਡ ਕੇ ਸਚਿਨ ਨੂੰ ਇਹ ਸਨਮਾਨ ਪਹਿਲਾਂ ਦੇਣਾ ਇੰਜ ਹੀ ਹੈ ਜਿਵੇਂ ਤਣਾ ਛੱਡ ਕੇ ਟਾਹਣਾ ਪੂਜਣਾ।

ਸਰਕਾਰ ਦੀ ਇਸ ਚੋਣ ਨੇ ਸਾਰੇ ਦੇਸ਼ ਵਿੱਚ ਇਕ ਬਹਿਸ ਛੇੜ ਦਿੱਤੀ ਹੈ। ਜਿਸ ਦਾ ਜਵਾਬ ਸਿਰਫ ਤੇ ਸਿਰਫ ਕਾਂਗਰਸ ਸਰਕਾਰ ਵੱਲੋਂ ਆਪਣਾ ਵੋਟ ਬੈਂਕ ਪੱਕਾ ਕਰਨ ਦੀ ਕੋਸ਼ਿਸ਼ ਹੀ ਲੱਗ ਰਿਹਾ ਹੈ। ਭਾਰਤ ਦੇ ਸਰਵਉੱਚ ਨਾਗਰਿਕ ਸਨਮਾਨ ਵਿੱਚ ਵੀ ਲੋਕਾਂ ਦੀਆਂ ਭਾਵਨਾਵਾਂ ਨੂੰ ਵਲੂੰਧਰ ਕੇ ਵੋਟ ਰਾਜਨੀਤੀ ਦਾ ਤਿਕੜਮ ਲਗਾਉਣਾ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ।

# ਮਨਮੀਤ ਸਿੰਘ ਭੁੱਲਰ ਵਲੋਂ ਹਾਕਸ ਫੀਲਡ ਹਾਕੀ ਅਕਾਦਮੀ ਨੂੰ ਚੈੱਕ ਭੇਂਟ




ਕੈਲਗਰੀ (ਸੁਖਬੀਰ ਗਰੇਵਾਲ) ਅਲਬਰਟਾ ਸਰਕਾਰ ਦੇ ਮੰਤਰੀ ਮਨਮੀਤ ਸਿੰਘ ਭੁੱਲਰ ਦੇ ਯਤਨਾਂ ਸਦਕਾ ਅਲਬਰਟਾ ਸਰਕਾਰ ਵੱਲੋਂ ਕੈਲਗਰੀ ਦੀ ਹਾਕਸ ਫੀਲਡ ਹਾਕੀ ਅਕਾਦਮੀ ਨੂੰ ਗਰਾਂਟ ਦਾ ਚੈੱਕ ਭੇਂਟ ਕੀਤਾ ਗਿਆ। ਇਹ ਹਾਕੀ ਅਕਾਦਮੀ ਸ਼ਹਿਰ ਦੇ ਸੀਨੀਅਰ ਹਾਕੀ ਖਿਡਾਰੀਆਂ ਦੀ ਨਿਗਰਾਨੀ ਹੇਠ ਚਲਾਈ ਜਾ ਰਹੀ ਹੈ।

ਜੈਨਸਿਸ ਸੈਂਟਰ ਵਿਚ ਹੋਏ ਸਾਦਾ ਜਿਹੇ ਸਮਾਗਮ ਦੌਰਾਨ ਮੰਤਰੀ ਮਨਮੀਤ ਸਿੰਘ ਭੁੱਲਰ ਨੇ 6400 ਡਾਲਰ ਦੀ ਗਰਾਂਟ ਦਾ ਚੈੱਕ ਅਕਾਦਮੀ ਨੂੰ ਭੇਂਟ ਕੀਤਾ। ਸ੍ਰੀ ਭੁੱਲਰ ਨੇ ਬਾਅਦ ਵਿਚ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜੀ ਰੱਖਣਾ ਇੱਕ ਚੰਗਾ ਕਾਰਜ ਹੈ। ਸ੍ਰੀ ਭੁੱਲਰ ਨੇ ਇਹ ਵੀ ਕਿਹਾ ਕਿ ਉਹ ਬਜ਼ੁਰਗਾਂ ਅਤੇ ਬੱਚਿਆਂ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਨੂੰ ਸਹਿਯੋਗ ਦੇ ਕੇ ਖੁਸ਼ੀ ਮਹਿਸੂਸ ਕਰਦੇ ਹਨ। ਉਹਨਾਂ ਕਲੱਬ ਦੇ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਜਲਦੀ ਹੀ ਜੈਨਸਿਸ ਸੈਂਟਰ ਦੀ ਮੈਨੇਜਮੈਂਟ ਨਾਲ ਗੱਲ ਕਰਕੇ ਖੇਡ ਮੈਦਾਨ ਦਾ ਕਿਰਾਇਆ ਘੱਟ ਕਰਵਾਉਣ ਦੀ ਗੱਲ ਤੋਰਨਗੇ।

ਕਲੱਬ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਦਿਲਪਾਲ ਸਿੰਘ ਅਤੇ ਦਿਲਜੀਤ ਸਿੰਘ ਪੁਰਬਾ ਨੇ ਕਿਹਾ ਕਿ ਕਲੱਬ ਅੱਗੇ ਸਭ ਤੋਂ ਵੱਡੀ ਚੁਣੌਤੀ ਸਾਰਾ ਸਾਲ ਹਾਕੀ ਗਤੀਵਿਧੀਆਂ ਨੂੰ ਜਾਰੀ ਰੱਖਣਾ ਹੈ ਜਿਸ ਲਈ ਭਾਰੀ ਰਕਮ ਦੇਣੀ ਪੈਂਦੀ ਹੈ। ਕਮੇਟੀ ਦੇ ਮੈਂਬਰਾਂ ਮਨਵੀਰ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਹਾਂਸ ਨੇ ਸ੍ਰੀ ਭੁੱਲਰ ਵੱਲੋਂ ਦਿੱਤੀ ਹੱਲਾਸ਼ੇਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਖਿਡਾਰੀਆਂ ਨੂੰ ਅਭਿਆਸ ਲਈ ਵੱਡੀ ਮੱਦਦ ਮਿਲੇਗੀ। ਗੁਰਲਾਲ ਸਿੰਘ ਗਿੱਲ ਮਣੂੰਕੇ ਨੇ ਸ੍ਰੀ ਭੁੱਲਰ ਵੱਲੋਂ ਭਵਿੱਖ ਵਿੱਚ ਵਿੱਢੇ ਜਾਣ ਵਾਲੇ ਸਮਾਜਸੇਵੀ ਕੰਮਾਂ ਵਿਚ ਕਲੱਬ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਇਸ ਮੌਕੇ ਲਿਬਰਲ ਪਾਰਟੀ ਦੇ ਆਗੂ ਅਵਿਨਾਸ਼ ਸਿੰਘ ਖੰਘੂੜਾ, ਦਲਜੀਤ ਸਿੰਘ ਕਾਕਾ ਲੋਪੋਂ, ਬਿਕਰਮਜੀਤ ਸਿੰਘ ਮਾਨ, ਕਰਮਜੀਤ ਸਿੰਘ ਢੁੱਡੀਕੇ, ਮਨਮੋਹਨ ਸਿੰਘ ਗਿੱਲ, ਹਰਵਿੰਦਰ ਸਿੰਘ ਖਹਿਰਾ, ਜੀਵਨ ਮਾਂਗਟ, ਸੁਖਦੀਪ ਸਿੰਘ ਹਾਂਸ, ਸੁਖਦੀਪ ਸਿੰਘ ਗਿੱਲ ਮਾਣੂੰਕੇ, ਧੀਰਾ ਢੁੱਡੀਕੇ ਹਾਜ਼ਰ ਸਨ।

## ਖਿਡਾਰੀਆਂ ਦੀ ਰਜਿਸਟਰੇਸ਼ਨ ਸ਼ੁਰੂ

ਹਾਕੀ ਫੀਲਡ ਹਾਕੀ ਅਕਾਦਮੀ ਵੱਲੋਂ ਸਰਦੀਆਂ ਦੇ ਮਹੀਨਿਆਂ ਦੌਰਾਨ ਵੀ ਹਾਕੀ ਪ੍ਰੈਕਟਿਸ ਜਾਰੀ ਰੱਖਣ ਲਈ ਜੈਨਸਿਸ ਸੈਂਟਰ ਦੇ ਖੇਡ ਮੈਦਾਨ ਪੱਕੇ ਤੌਰ 'ਤੇ ਬੁੱਕ ਕਰਵਾ ਲਏ ਗਏ ਹਨ। ਸੀਨੀਅਰ ਖਿਡਾਰੀਆਂ ਦੀ ਨਿਗਰਾਨੀ ਹੇਠ ਅਕਾਦਮੀ ਦੇ ਖਿਡਾਰੀਆਂ ਦਾ ਅਭਿਆਸ ਜਾਰੀ ਹੈ। ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਹਾਕੀ ਨਾਲ ਜੋੜਨਾ ਚਾਹੁੰਦੇ ਹਨ ਉਹ ਦਿਲਪਾਲ ਸਿੰਘ (403-681-0749) ਜਾਂ ਗੁਰਦੀਪ ਹਾਂਸ (403-690- 4267) ਨਾਲ ਸੰਪਰਕ ਕਰ ਸਕਦੇ ਹਨ।

# ਬਾਸਕਟਬਾਲ ਅਮਰੀਕਾ ਤੋਂ ਭਾਰਤ ਤੱਕ

ਪ੍ਰੋ. ਸੁਦੀਪ ਸਿੰਘ ਢਿੱਲੋਂ
+91-99886-26602

ਅਮਰੀਕਾ ਦੀ ਐਨ.ਬੀ.ਏ. ਅਤੇ ਬਾਸਕਟਬਾਲ, ਇਹ ਦੋਹੇਂ ਸ਼ਬਦ ਇੱਕ ਦੂਜੇ ਦੇ ਪੂਰਕ ਲੱਗਦੇ ਹਨ ਕਿਉਂਕਿ ਅਮਰੀਕੀ ਐਨ.ਬੀ.ਏ. ਲੀਗ ਬਾਸਕਟਬਾਲ ਦਾ ਮੱਕਾ ਕਹੀ ਜਾ ਸਕਦੀ ਹੈ। ਐਨ.ਬੀ.ਏ. ਵਿੱਚ ਉਥੋਂ ਦੇ ਪੰਜਾਬੀਆਂ ਦੀ ਰੁਚੀ ਅਤੇ ਹਿੱਸੇਦਾਰੀ ਵਧਣ ਦੇ ਨਾਲ ਜਿਹੜਾ ਸਿਲਸਿਲਾ ਸ਼ੁਰੂ ਹੋਇਆ ਸੀ ਉਹ ਹੁਣ ਇਸ ਨੂੰ ਭਾਰਤ ਤੱਕ ਲੈ ਆਇਆ ਹੈ। ਅਮਰੀਕੀ ਐਨ.ਬੀ.ਏ. ਬਾਸਕਟਬਾਲ ਦੀ ਭਾਰਤ ਸ਼ਾਖਾ ਯਾਨੀ ਐਨ.ਬੀ.ਏ. ਇਸ ਬਾਰੇ ਆਪਣੇ ਸਾਧਨਾਂ ਸਦਕਾ ਇੱਕ ਤਕੜਾ ਉੱਦਮ ਕਰ ਰਹੀ ਹੈ। ਨੌਜਵਾਨਾਂ ਦਾ ਬਾਸਕਟਬਾਲ ਖੇਡਣ ਵੱਲ ਰੁਝਾਨ ਹੋ ਜਾਣ ਤੋਂ ਬਾਅਦ ਹੁਣ ਛੋਟੇ ਮੁੰਡੇ-ਕੁੜੀਆਂ ਵੀ ਪ੍ਰਭਾਵਤ ਹੋ ਕੇ ਬਾਸਕਟਬਾਲ ਵੱਲ ਹੋ ਰਹੇ ਹਨ ਅਤੇ ਕਾਲਜਾਂ ਤੋਂ ਬਾਅਦ ਸਕੂਲਾਂ ਵਿੱਚ ਵੀ ਬਾਸਕਟਬਾਲ ਦੀ ਪ੍ਰਸਿੱਧੀ ਲਗਾਤਾਰ ਵਧ ਰਹੀ ਹੈ। ਹੁਣ ਐਨ.ਬੀ.ਏ. ਵਾਲਿਆਂ ਸਦਕਾ ਕ੍ਰਿਕਟ, ਫੁਟਬਾਲ ਅਤੇ ਹਾਕੀ ਦੇ ਬਾਅਦ ਭਾਰਤ ਵਿੱਚ ਬਾਸਕਟਬਾਲ ਦੀ ਇੱਕ ਕੌਮੀ ਲੀਗ ਸ਼ੁਰੂ ਹੋਣ ਦੀਆਂ ਤਿਆਰੀਆਂ ਇਸ ਖੇਡ ਲਈ ਇੱਕ ਚੰਗਾ ਸੰਕੇਤ ਹਨ। ਭਾਰਤੀ ਬਾਸਕਟਬਾਲ ਫੈਡਰੇਸ਼ਨ ਇਸ ਖੇਡ ਦੀ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਪੇਸ਼ੇਵਰ ਲੀਗ ਦਾ ਖਾਕਾ ਤਿਆਰ ਕਰ ਰਹੀ ਹੈ। ਇਸ ਸਬੰਧੀ ਬਾਸਕਟਬਾਲ ਕੋਚਾਂ ਦਾ ਟਰੇਨਿੰਗ ਪ੍ਰੋਗਰਾਮ ਬਾਕਾਇਦਾ ਲਾਇਆ ਗਿਆ ਹੈ ਜੋ ਕਿ ਦੇਸ਼ ਵਿੱਚ ਬਾਸਕਟਬਾਲ ਦੀ ਪੇਸ਼ੇਵਰ ਲੀਗ ਦੇ ਖਾਕੇ ਦਾ ਇੱਕ ਅਹਿਮ ਹਿੱਸਾ ਹੈ। ਭਾਰਤ ਵਿੱਚ ਬਾਸਕਟਬਾਲ ਦੀ ਪੇਸ਼ੇਵਰ ਲੀਗ ਸ਼ੁਰੂ ਕਰਨ ਤੋਂ ਪਹਿਲਾਂ ਭਾਰਤੀ ਬਾਸਕਟਬਾਲ ਫੈਡਰੇਸ਼ਨ ਨੇ ਮੁੱਢਲੀਆਂ ਲੋੜਾਂ ਉੱਤੇ ਧਿਆਨ ਦਿੰਦੇ ਹੋਏ ਆਪਣਾ ਨੈੱਟਵਰਕ ਵੀ ਤਿਆਰ ਕੀਤਾ ਹੈ। ਇਸ ਦੇ ਨਾਲ ਹੀ ਸਕੂਲਾਂ,




ਕਾਲਜਾਂ ਤੇ ਯੂਨੀਵਰਸਿਟੀਆਂ ਦੇ ਪੱਧਰ ਉੱਤੇ ਬਾਸਕਟਬਾਲ ਦੀ ਹਰਮਨਪਿਆਰਤਾ ਵਧਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤ ਵਿੱਚ ਬਾਸਕਟਬਾਲ ਤੇ ਖਿਡਾਰੀਆਂ ਦੇ ਸੁਨਹਿਰੇ ਭਵਿੱਖ ਲਈ ਕ੍ਰਿਕਟ ਦੀ ਆਈ.ਪੀ.ਐਲ. ਦੀ ਤਰਜ਼ ਉੱਤੇ ਨਵੇਂ ਕਾਰਪੋਰੇਟ ਘਰਾਣਿਆਂ ਨੂੰ ਖੇਡ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇੱਥੇ ਹੀ ਬੱਸ ਨਹੀਂ, ਅਮਰੀਕਾ ਵੀ ਹੇਠਲੇ ਪੱਧਰ ਉੱਤੇ ਭਾਰਤ ਵਿੱਚ ਬਾਸਕਟਬਾਲ ਨੂੰ ਹੁਲਾਰਾ ਦੇ ਰਿਹਾ ਹੈ। ਜੂਨੀਅਰ ਐਨ.ਬੀ.ਏ. ਅਤੇ ਡਬਲਿਊ ਐਨ.ਬੀ.ਏ. ਦੇ ਸਾਂਝੇ ਉਪਰਾਲੇ ਸਦਕਾ ਭਾਰਤ ਵਿਚੋਂ ਬਾਸਕਟਬਾਲ ਖਿਡਾਰੀਆਂ ਦੀ ਖੋਜ ਲਈ ਪੰਜਾਬ ਸਮੇਤ ਦੇਸ਼ ਦੇ ਕੋਨੇ-ਕੋਨੇ ਵਿੱਚ ਪਹੁੰਚ ਕੇ ਉੱਭਰਦੇ ਬਾਸਕਟਬਾਲ ਖਿਡਾਰੀਆਂ ਦੀ ਚੋਣ ਕੀਤੀ ਜਾ ਰਹੀ ਹੈ। ਉੱਤਰੀ ਅਮਰੀਕਾ ਦੀ ਵਿਸ਼ਵ ਪ੍ਰਸਿੱਧ ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ ਵੱਲੋਂ ਚੰਡੀਗੜ੍ਹ ਦੇ ਇਲਾਵਾ ਮੁੰਬਈ, ਦਿੱਲੀ, ਪੁਣੇ, ਚੇਨਈ ਦੇ ਦੌਰੇ ਕੀਤੇ ਜਾ ਚੁੱਕੇ ਹਨ ਅਤੇ ਕੋਚਾਂ ਵਾਸਤੇ 'ਟਰੇਨ ਦਾ ਟਰੇਨਰ' ਤੇ ਖਿਡਾਰੀਆਂ ਲਈ 'ਸਕਿੱਲਜ਼ ਚੈਲੰਜ' ਪ੍ਰੋਗਰਾਮ ਨੂੰ ਸਫਲਤਾਪੂਰਬਕ ਚਲਾਇਆ ਜਾ ਰਿਹਾ ਹੈ। ਬਾਸਕਟਬਾਲ ਖੇਡ ਦੇ ਇਸ ਨਵੇਂ ਪ੍ਰੋਗਰਾਮ ਨੂੰ ਉਮੀਦ ਨਾਲੋਂ ਭਰਵਾਂ ਹੁੰਗਾਰਾ ਮਿਲਣ ਦਾ ਇੱਥੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਚੰਡੀਗੜ੍ਹ ਵਿਚ ਕਰਵਾਏ ਗਏ 'ਸਕਿੱਲਜ਼ ਚੈਲੰਜ' ਮੁਕਾਬਲੇ ਵਿਚ 29 ਵਿਦਿਅਕ ਸੰਸਥਾਵਾਂ ਵੱਲੋਂ ਭੇਜੇ ਗਏ ਕਰੀਬ 80 ਖਿਡਾਰੀ ਬੱਚਿਆਂ ਨੇ ਹਿੱਸਾ ਲਿਆ ਸੀ ਜਿਸ ਵਿੱਚ ਪਬਲਿਕ ਸਕੂਲਾਂ ਦੇ ਇਲਾਵਾ ਸਰਕਾਰੀ ਸਕੂਲ ਦੇ ਬਹੁਤ ਸਾਰੇ ਬੱਚਿਆਂ ਨੇ ਮਿੱਥੇ ਸਮੇਂ ਤੋਂ ਪਹਿਲਾਂ ਹੀ ਖੇਡ ਟਰਾਇਲ ਪਾਸ ਕਰਦਿਆਂ ਪਹਿਲੇ ਸਥਾਨ ਹਾਸਲ ਕੀਤੇ। ਬਾਸਕਟਬਾਲ ਦੇ ਟਰਾਈਲਾਂ ਲਈ ਚੁਣੇ ਗਏ ਸ਼ਹਿਰਾਂ ਦੇ ਖਿਡਾਰੀਆਂ, ਜਿਨ੍ਹਾਂ ਵਿਚ ਪੰਜ ਮੁੰਡੇ ਤੇ ਪੰਜ ਕੁੜੀਆਂ ਸ਼ਾਮਲ ਹੋਣਗੀਆਂ, ਨੂੰ ਕੁਝ ਦਿਨਾਂ ਦੀ ਖੇਡ ਕੋਚਿੰਗ ਤੋਂ ਬਾਅਦ ਨਵੀਂ ਦਿੱਲੀ ਵਿਖੇ ਨੈਸ਼ਨਲ ਬਾਸਕਟਬਾਲ ਦੇ ਫਾਈਨਲਜ਼ ਖੇਡਣ ਦਾ ਮੌਕਾ ਮਿਲੇਗਾ। ਇਨ੍ਹਾਂ ਖੇਡ ਫਾਈਨਲਜ਼ ਵਿੱਚ ਇਕ ਮੁੰਡੇ ਤੇ ਇੱਕ ਕੁੜੀ ਬਾਸਕਟਬਾਲ ਨੂੰ ਸਕਿੱਲਜ਼ ਚੈਲੰਜ ਟੈਸਟ ਵਿਚ ਖਰਾ ਭਾਵ ਸਭ ਤੋਂ ਘੱਟ ਸਮੇਂ ਵਿੱਚ ਬਾਸਕਟਾਂ ਪਾਉਣ ਸਦਕਾ ਫਰਵਰੀ 2013 ਵਿਚ ਅਮਰੀਕਾ ਦੇ ਐਨ.ਬੀ.ਏ. ਆਲ ਸਟਾਰ ਵੀਕਐਂਡ ਵਿੱਚ ਬਾਸਕਟਬਾਲ ਖੇਡਣ ਦਾ ਮੌਕਾ ਵੀ ਦਿੱਤਾ ਗਿਆ ਸੀ ਜੋ ਕਿ ਬਹੁਤ ਮਾਣ ਵਾਲੀ ਗੱਲ ਹੈ ਕਿਉਂਕਿ ਆਲ ਸਟਾਰ ਵੀਕਐਂਡ, ਐਨ.ਬੀ.ਏ. ਦਾ ਸਭ ਤੋਂ ਵੱਡੇ ਪੱਧਰ ਦਾ ਬਾਸਕਟਬਾਲ ਟੂਰਨਾਮੈਂਟ ਹੁੰਦਾ ਹੈ।

ਭਾਰਤੀ ਬਾਸਕਟਬਾਲ ਮਹਾਂਸੰਘ (ਬੀ.ਐਫ.ਆਈ.) ਨੇ ਸਪੇਨ ਦੇ ਤਜਰਬੇਕਾਰ ਫਰਾਂਸਿਸਕੋ ਗਾਰਸ਼ੀਆ ਨੂੰ ਭਾਰਤੀ ਸੀਨੀਅਰ ਕੌਮੀ ਮਹਿਲਾ ਟੀਮ ਦਾ ਕੋਚ ਨਿਯੁਕਤ ਕਰ ਦਿੱਤਾ ਹੈ। ਸ੍ਰੀ ਗਾਰਸ਼ੀਆ ਸਪੇਨ, ਡੈਨਮਾਰਕ ਅਤੇ ਫਿਨਲੈਂਡ ਵਿਚ ਕਈ ਪੇਸ਼ੇਵਰ ਕਲੱਬਾਂ ਵਿਚ ਕੋਚਿੰਗ ਦੇ ਚੁੱਕੇ ਹਨ। ਉਹ ਆਪਣੇ ਦੇਸ਼ ਦੇ ਕਈ ਮੁੱਖ ਕਲੱਬਾਂ ਵਿੱਚ ਸਾਲ 2005 ਤੋਂ ਕੋਚਿੰਗ ਦੇ ਰਹੇ ਹਨ, ਜਿਨ੍ਹਾਂ ਵਿਚ ਡਬਲਿਊ.ਐਨ.ਬੀ.ਏ. ਦਾ ਤਿੰਨ ਵਾਰ ਦਾ ਚੈਂਪੀਅਨ ਵਾਲਦਰਮੋਰੋ ਕਲੱਬ ਵੀ ਸ਼ਾਮਲ ਹੈ।





# ਫ਼ਾਰੂਖ਼ ਸ਼ੇਖ : ਜੀਵਨ ਅਤੇ ਅਦਾਕਾਰੀ ’ਚ ਰਹੀ ਨਫਾਸਤ

**ਅਜੇ ਬ੍ਰਹਮਾਤਮਜ**

ਫਾਰੂਖ਼ ਸ਼ੇਖ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਦੇ ਪ੍ਰਸ਼ੰਸਕ ਬਣੇ ਬਿਨਾਂ ਨਹੀਂ ਸੀ ਰਿਹਾ ਜਾ ਸਕਦਾ। ਸ਼ਾਂਤ ਸੁਭਾਅ, ਅਦਬ, ਇੱਜ਼ਤ ਅਤੇ ਲਿਆਕਤ ਭਰਿਆ ਉਨ੍ਹਾਂ ਦਾ ਗੱਲਬਾਤ ਕਰਨ ਦਾ ਅੰਦਾਜ਼, ਹਿੰਦੀ ਫ਼ਿਲਮਾਂ ਦੇ ਆਮ ਕਲਾਕਾਰਾਂ ਨਾਲੋਂ ਉਨ੍ਹਾਂ ਨੂੰ ਵਖਰਾ ਕਰਦਾ ਸੀ। ਫ਼ਾਰੂਖ਼ ਨੂੰ ਕਦੇ ਹੋਛੀਆਂ, ਹਲਕੀਆਂ ਅਤੇ ਨਿੰਦਣਯੋਗ ਗੱਲਾਂ ਕਰਦਿਆਂ ਕਿਸੇ ਨੇ ਨਹੀਂ ਸੁਣਿਆ। ਮਿਲਣਸਾਰ ਅਤੇ ਸ਼ੇਅਰੋ-ਸ਼ਾਇਰੀ ਦੇ ਸ਼ੌਕੀਨ ਫ਼ਾਰੂਖ਼ ਸ਼ੇਖ ਨੇ ਆਪਣੇ ਸੰਵਾਦ ਅਦਾਇਗੀ ਦਾ ਲਹਿਜਾ ਕਦੇ ਨਹੀਂ ਛੱਡਿਆ। ਪਹਿਲੀ ਫ਼ਿਲਮ ‘ਗਰਮ ਹਵਾ’ ਦੇ ਸਿਕੰਦਰ ਤੋਂ ਲੈ ਕੇ ‘ਕਲੱਬ 60’ ਤਕ ਦੇ ਉਨ੍ਹਾਂ ਦੇ ਕਿਰਦਾਰਾਂ ਨੂੰ ਪਲਟ ਕੇ ਦੇਖੀਏ ਤਾਂ ਇਕ ਸਹਿਜ ਨਿਰੰਤਰਤਾ ਨਜ਼ਰ ਆਉਂਦੀ ਹੈ।

ਫ਼ਾਰੂਖ਼ ਸ਼ੇਖ ਦੇ ਵਕੀਲ ਪਿਤਾ ਮੁਸਤੱਫ਼ਾ ਸ਼ੇਖ ਉਨ੍ਹਾਂ ਨੂੰ ਵਕੀਲ ਹੀ ਬਣਾਉਣਾ ਚਾਹੁੰਦੇ ਸਨ ਪਰ ਕਾਲਜ ਦੇ ਦਿਨਾਂ ਵਿਚ ਉਨ੍ਹਾਂ ਦੀ ਰੁਚੀ ਥੀਏਟਰ ਵੱਲ ਵੱਧ ਗਈ। ਉਹ ਮੁੰਬਈ ਵਿਚ ਸਰਗਰਮ ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਦੇ ਸੰਪਰਕ ਵਿਚ ਆਏ ਅਤੇ ਰੰਗਮੰਚ ਵਿਚ ਸਰਗਰਮ ਹੋ ਗਏ। ਉਨ੍ਹਾਂ ਦੀ ਇਸ ਸਰਗਰਮੀ ਨੇ ਹੀ ਨਿਰਦੇਸ਼ਕ ਐਮ.ਐਸ. ਸਥੂ ਨੂੰ ਪ੍ਰਭਾਵਤ ਕੀਤਾ। ਇਪਟਾ ਦੇ ਸਹਿਯੋਗ ਨਾਲ ਘੱਟ ਬਜਟ ਵਿਚ ਬਣ ਰਹੀ ‘ਗਰਮ ਹਵਾ’ ਵਿਚ ਉਨ੍ਹਾਂ ਨੂੰ ਸਲੀਮ ਮਿਰਜ਼ਾ ਦੇ ਪ੍ਰਗਤੀਸ਼ੀਲ ਬੇਟੇ ਸਿਕੰਦਰ ਦੀ ਭੂਮਿਕਾ ਸੌਂਪੀ ਗਈ। ਪਿਛਲੇ ਦਿਨੀਂ ਐਮ.ਐਸ. ਸਥੂ ਨੇ ‘ਗਰਮ ਹਵਾ’ ਦੇ ਕਲਾਕਾਰਾਂ ਦੀ ਸੁਭਾਵਕ ਅਦਾਕਾਰੀ ’ਤੇ ਇਕ ਟਿਪਣੀ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਬਲਰਾਜ ਸਾਹਨੀ ਦੇ ਅਸਰ ਨਾਲ ਸਾਰੇ ਕਲਾਕਾਰਾਂ ਨੇ ਆਪਣੇ ਕਿਰਦਾਰਾਂ ਪ੍ਰਤੀ ਸੰਤੁਲਤ ਪਹੁੰਚ ਅਪਣਾਈ। ‘ਗਰਮ ਹਵਾ’ ਫ਼ਾਰੂਖ਼ ਸ਼ੇਖ ਦੀ ਪਹਿਲੀ ਫ਼ਿਲਮ ਸੀ। ਉਨ੍ਹਾਂ ਦੇ ਕਈ ਸੀਨ ਬਲਰਾਜ ਸਾਹਨੀ ਦੇ ਨਾਲ ਸਨ। ਕਿਹਾ ਜਾ ਸਕਦਾ ਹੈ ਕਿ ਬਲਰਾਜ ਸਾਹਨੀ ਦੀ ਸੰਗਤ ਉਨ੍ਹਾਂ ਦੀ ਸ਼ੈਲੀ ਵਿਚ ਸਮਾ ਗਈ। ਕੁਦਰਤੀ ਅਦਾਕਾਰੀ ਹੀ ਉਨ੍ਹਾਂ ਦਾ ਮਿਜਾਜ਼ ਬਣ ਗਈ। ਹਾਲਾਂਕਿ ਉਨ੍ਹਾਂ ਨੂੰ ਇਸ ਤੱਥ ਦਾ ਮਲਾਲ ਰਿਹਾ ਕਿ ਉਹ ਕਮਰਸ਼ੀਅਲ ਐਕਟਰ ਨਹੀਂ ਬਣ ਸਕੇ। ਉਹ ਰਾਜੇਸ਼ ਖੰਨਾ ਦੀ ਲੋਕਪ੍ਰਿਅਤਾ ਦਾ ਜ਼ਿਕਰ ਕਰਦੇ ਰਹੇ, ਪਰ ਉਨ੍ਹਾਂ ਨੇ ਇਸ ਅਪਣੇ ’ਤੇ ਇਸ ਨੂੰ ਲਾਗੂ ਨਹੀਂ ਕੀਤਾ। ਉਹ ਹਿੰਦੀ ਫ਼ਿਲਮਾਂ ਦੇ ਬਦਲਵੇਂ ਸਿਨੇਮਾ ਦੇ ਯੋਗ ਅਤੇ ਸਮਰਥ ਅਦਾਕਾਰ ਦੇ ਰੂਪ ਵਿਚ ਉਭਰੇ। ਰੌਚਕ ਤੱਥ ਹੈ ਕਿ ‘ਗਰਮ ਹਵਾ’ ਦੀ ਅਦਾਕਾਰੀ ਲਈ ਉਨ੍ਹਾਂ ਨੂੰ 750 ਰੁਪਏ ਮਿਲੇ ਸਨ ਅਤੇ ਉਹ ਵੀ ਪੰਦਰਾਂ ਸਾਲਾਂ ਬਾਅਦ।

ਮਸ਼ਹੂਰ ਨਿਰਦੇਸ਼ਕ ਸੱਤਿਆਜੀਤ ਰਾਏ ਨੂੰ ‘ਗਰਮ ਹਵਾ’ ਪਸੰਦ ਆਈ ਸੀ। ਉਨ੍ਹਾਂ ਨੇ ਆਪਣੀ ਹਿੰਦੀ ਫ਼ਿਲਮ ‘ਸ਼ਤਰੰਜ ਕੇ ਖਿਲਾੜੀ’ ਵਿਚ ਅਕੀਲ ਦੀ ਭੂਮਿਕਾ ਲਈ ਫ਼ਾਰੂਖ਼ ਸ਼ੇਖ ਨੂੰ ਚੁਣਿਆ। ਫਿਰ ਮੁਜ਼ੱਫ਼ਰ ਅਲੀ ਦੀ ‘ਗਮਨ’ ਵਿਚ ਉਹ ਗੁਲਾਮ ਹਸਨ ਦੇ ਰੂਪ ਵਿਚ ਨਜ਼ਰ ਆਏ। ਰੋਜ਼ੀ ਰੋਟੀ ਦੀ ਤਲਾਸ਼ ਵਿਚ ਦੇਸ਼ ਵਿਚ ਅੰਦਰੂਨੀ ਉਜਾੜਾ ਝੱਲ ਰਹੇ ਬਿਹਾਰ-ਯੂ.ਪੀ. ਦੇ ਬੇਰੁਜ਼ਗਾਰ ਨੌਜਵਾਨਾਂ ਦੇ ਦਰਦ ਨੂੰ ਇਹ ਫ਼ਿਲਮ ਬਾਖ਼ੂਬੀ ਪੇਸ਼ ਕਰਦੀ ਹੈ। ‘ਗਮਨ’ ਫ਼ਿਲਮ ਦਾ ਗੀਤ ‘ਸੀਨੇ ਮੇਂ ਜਲਨ ਆਂਖੋਂ ਮੇਂ ਤੂਫ਼ਾਨ ਸਾ ਕਿਊਂ ਹੈ, ਇਸ ਸ਼ਹਿਰ ਮੇਂ ਹਰ ਸ਼ਖ਼ਸ ਪਰੇਸ਼ਾਨ ਸਾ ਕਿਊਂ ਹੈ’ ਮੁੰਬਈ ਸ਼ਹਿਰ ਦੀ ਹਕੀਕੀ ਤਸਵੀਰ ਪੇਸ਼ ਕਰਦਾ ਹੈ। ਹਿੰਦੀ ਫ਼ਿਲਮਾਂ ਦੇ ਆਮ ਦਰਸ਼ਕਾਂ ਨੂੰ ਉਹ ‘ਚਸ਼ਮੇਬਦੂਰ’ ਦੇ ਸਿਧਾਰਥ ਪਾਰਾਸ਼ਰ ਦੇ ਰੂਪ ਵਿਚ ਪਛਾਣ ਵਿਚ ਆਏ। ਸਈ ਪਰਾਂਜਪੇ ਦੀ ਇਸ ਫ਼ਿਲਮ ਵਿਚ ਉਨ੍ਹਾਂ ਨੇ ਦਿੱਲੀ ਦੇ ਮੱਧ ਵਰਗੀ ਨੌਜਵਾਨ ਦੀ ਖਿੱਝ, ਸ਼ਰਮ ਤੇ ਇਮਾਨਦਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਸੀ। ‘ਚਸ਼ਮੇਬਦੂਰ’ ਤੋਂ ਪਹਿਲਾਂ ਉਨ੍ਹਾਂ ਨੂੰ ਯਸ਼ਪਾਲ ਫ਼ਿਲਮਜ਼ ਦੀ ‘ਨੂਰੀ’ ਮਿਲ ਚੁੱਕੀ ਸੀ। ਪੂਨਮ ਢਿੱਲੋਂ ਦੇ ਨਾਲ ਦਰਸ਼ਕਾਂ ਨੇ ਉਨ੍ਹਾਂ ਨੂੰ ਪਸੰਦ ਵੀ ਕੀਤਾ ਸੀ। ਮਨਮੋਹਨ ਕ੍ਰਿਸ਼ਨ ਦੇ ਨਿਰਦੇਸ਼ਨ ਵਿਚ ਬਣੀ ਇਸ ਫ਼ਿਲਮ ਦੀ ਲੋਕਪ੍ਰਿਅਤਾ ਕਾਰਨ ਉਨ੍ਹਾਂ ਨੂੰ ਤੁਰੰਤ 40 ਫ਼ਿਲਮਾਂ ਦੇ ਆਫ਼ਰ ਮਿਲੇ ਸਨ, ਪਰ ਫ਼ਾਰੂਖ਼ ਸ਼ੇਖ ਨੇ ਕਰੀਅਰ ਦੀ ਆਸਾਨ ਰਾਹ ਨਹੀਂ ਫੜੀ। ‘ਨੂਰੀ’ ਦੇ ਦੋਹਰਾਅ ਤੋਂ ਬਚਣ ਲਈ ਉਨ੍ਹਾਂ ਨੇ ਇਕ ਵੀ ਫ਼ਿਲਮ ਸਾਈਨ ਨਹੀਂ ਕੀਤੀ। ਸਈ ਪਰਾਂਜਪੇ ਨੂੰ ਇਸ ਲਈ ਹਾਂ ਕਿਹਾ ਕਿ ‘ਚਸ਼ਮੇਬਦੂਰ’ ਨਵੀਂ ਸ਼ੈਲੀ ਦੀ ਆਧੁਨਿਕ ਫ਼ਿਲਮ ਸੀ। ਸਈ ਪਰਾਂਜਪੇ ਦੀ ਹੀ ‘ਕਥਾ’ ਵਿਚ ਬਾਸੂਦੇਵ ਦੇ ਰੂਪ ਵਿਚ ਫ਼ਾਰੂਖ਼ ਸ਼ੇਖ ਨੇ ਚਲਾਕ ਨੌਜਵਾਨ ਦੀ ਭੂਮਿਕਾ ਨੂੰ ਜਿਊਂਦਾ ਕਰ ਦਿੱਤਾ ਸੀ।

ਫ਼ਾਰੂਖ਼ ਸ਼ੇਖ ‘ਗਰਮ ਹਵਾ’, ‘ਗਮਨ, ‘ਨੂਰੀ’, ‘ਚਸ਼ਮੇਬਦੂਰ’, ‘ਬਾਜ਼ਾਰ’, ‘ਸਾਥ-ਸਾਥ’,‘ਲੋਰੀ’, ‘ਉਮਰਾਵ ਜਾਨ’, ‘ਲਾਹੌਰ’ ਆਦਿ ਫ਼ਿਲਮਾਂ ਲਈ ਹਮੇਸ਼ਾ ਯਾਦ ਕੀਤੇ ਜਾਣਗੇ। ਇਸੇ ਦੌਰਾਨ ਉਨ੍ਹਾਂ ਨੇ ਟੀ.ਵੀ. ਸ਼ੋਅ ‘ਜੀਨਾ ਇਸੀ ਕਾ ਨਾਮ ਹੈ’ ਵਿਚ ਮੇਜ਼ਬਾਨ ਦੇ ਰੂਪ ਵਿਚ ਅਮਿਤਾਬ ਬੱਚਨ ਦੇ ਬਰਾਬਰ ਹੀ ਭਾਸ਼ਾ ਅਤੇ ਵਿਹਾਰ ਦੀ ਸੰਜਮਤਾ ਸਿਖਾਈ। ਉਹ ਆਪਣੇ ਮਹਿਮਾਨਾਂ ਨੂੰ ਉਨ੍ਹਾਂ ਦੀ ਪੂਰੀ ਸ਼ਖ਼ਸੀਅਤ ਸਮੇਤ ਬਾਇੱਜ਼ਤ ਪੇਸ਼ ਕਰਦੇ ਸਨ। ਉਨ੍ਹਾਂ ਦੀ ਗੱਲਬਾਤ ਵਿਚ ਦਿਲੋਂ ਨਿਕਲੀਆਂ ਗੱਲਾਂ ਸ਼ਾਮਲ ਹੁੰਦੀਆਂ ਸਨ। ਉਨ੍ਹਾਂ ਦਾ ਗੱਲਬਾਤ ਕਰਨ ਦਾ ਤਰੀਕਾ ਬੜਾ ਪ੍ਰਭਾਵਸ਼ਾਲੀ ਸੀ। ਕੁਝ ਵਕਫ਼ੇ ਤੋਂ ਬਾਅਦ 2010 ਵਿਚ ਉਹ ਫਿਰ ਤੋਂ ਫ਼ਿਲਮਾਂ ਵਿਚ ਸਰਗਰਮ ਹੋਏ। ਇਸੇ ਦੌਰ ਵਿਚ ‘ਲਾਹੌਰ’ ਵਿਚ ਵਧੀਆ ਅਦਾਕਾਰੀ ਲਈ ਉਨ੍ਹਾਂ ਨੂੰ ਸਹਾਇਕ ਅਭਿਨੇਤਾ ਦਾ ਰਾਸ਼ਟਰੀ ਪੁਰਸਕਾਰ ਮਿਲਿਆ ਸੀ। ਇਸ ਸਾਲ ਉਨ੍ਹਾਂ ਦੀਆਂ ਤਿੰਨ ਫ਼ਿਲਮਾਂ ਆਈਆਂ। ‘ਲਿਸਨ ਅਮਾਇਆ’ ਵਿਚ ਉਹ 25 ਸਾਲਾਂ ਤੋਂ ਬਾਅਦ ਦੀਪਤੀ ਨਵਲ ਨਾਲ ਦਿਖੇ। ਕਮਰਸ਼ੀਅਲ ਫ਼ਿਲਮ ‘ਯੇ ਜਵਾਨੀ ਹੈ ਦੀਵਾਨੀ’ ਵਿਚ ਰਣਬੀਰ ਕਪੂਰ ਦੇ ਪਿਤਾ ਦੇ ਰੂਪ ਵਿਚ ਉਨ੍ਹਾਂ ਦੀ ਮੌਜੂਦਗੀ ਫ਼ਿਲਮ ਦਾ ਇਕ ਮਜ਼ਬੂਤ ਪਹਿਲੂ ਸੀ। ਉਨ੍ਹਾਂ ਦੀ ਆਖ਼ਰੀ ਰਿਲੀਜ਼ ਫ਼ਿਲਮ ‘ਕਲੱਬ 60’ ਰਹੀ। ਇਸ ਫ਼ਿਲਮ ਵਿਚ ਉਨ੍ਹਾਂ ਨੇ ਮੁੰਬਈ ਵਿਚ ਇਕੱਲੇ ਜੀਵਨ ਜੀਅ ਰਹੇ ਬਜ਼ੁਰਗ ਦੇ ਇਕੱਲੇਪਣ ਨੂੰ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਸੀ। ਫ਼ਿਲਮਾਂ ਦੀ ਸਰਗਰਮੀ ਦੇ ਬਾਵਜੂਦ ਉਹ ਰੰਗਮੰਚ ਨਾਲ ਜੁੜੇ ਰਹੇ। ਫਿਰੋਜ਼ ਅੱਬਾਸ ਦੇ ਨਿਰਦੇਸ਼ਨ ਵਿਚ ‘ਤੁਮਹਾਰੀ ਅੰਮ੍ਰਿਤਾ’ ਵਿਚ ਸ਼ਬਾਨਾ ਆਜਮੀ ਨਾਲ ਉਹ ਮੰਚ ਨੂੰ ਰੌਸ਼ਨ ਕਰ ਦਿੰਦੇ ਸਨ। ਦੋਸਤਾਂ ਅਤੇ ਪਰਿਵਾਰ ਲਈ ਸਮਰਪਤ ਫ਼ਾਰੂਖ਼ ਸ਼ੇਖ ਦਾ ਅਕਸ ਸੰਜਮੀ ਅਤੇ ਸ਼ਾਨਦਾਰ ਅਦਾਕਾਰ ਦਾ ਰਿਹਾ। ਸਹਿਯੋਗੀ ਕਲਾਕਾਰ ਉਨ੍ਹਾਂ ਦੀ ਲਿਆਕਤ ਅਤੇ ਮਜ਼ਾਕੀਆ ਸੁਭਾਅ ਦੇ ਕਿੱਸੇ ਸੁਣਾਉਂਦੇ ਰਹਿੰਦੇ ਹਨ।



DASHMESH TIRE & LUBE

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales Vehicle Inspection By Certified Mechanics
ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call: Manjit S.Khosa, Garry Dhaliwal
Ph: 780-298-1114, 780-993-4441
6609 34 St. Edmonton, Alberta.

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ
'ਤੇ ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

STP ELECTRIC LTD.
stpelectric@hotmail.com
Offering Full Range of Electrical Services of

C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

WILDROSE MASONARY & STONE WORKS

Commertial & Residential
Ph: 780 340 1400
Off: 780 450 1413
Fax: 780 490 4888
Dave Johal
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ

Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4

HARRY`S EXCAVATING
PH: 780-918-2252
Specialist in :
Digging Basements & All Kind Of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।


Sales Representative
Harinder Hundal
M.Sc. Eco, M.B.A
Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ
MLS
50 SunnyVale Gate, Unit # 7,
Brampton, ON L6S 0C4

ਮੁਲਾਕਾਤ
Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


NEW WAY
Stucco Ltd.

Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

Moga Painting Company
Serving Since 1985

Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ
ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# ਬਾਜ਼ਾਰ ਦੇ ਸੁਪਨੇ ਤੇ ਮਿੱਥ

ਪਰਮਜੀਤ ਢੀਂਗਰਾ
+91-94173-58120

ਆਧੁਨਿਕ ਯੁੱਗ ਬਾਜ਼ਾਰ ਦਾ ਯੁੱਗ ਹੈ। ਵਿਸ਼ਵੀਕਰਨ ਦੀ ਦੌੜ ਨੇ ਸਮੇਂ ਅਤੇ ਸਥਾਨ ਨੂੰ ਜਿੰਨਾ ਇਕ ਦੂਜੇ ਦੇ ਨੇੜੇ ਕਰ ਦਿੱਤਾ ਹੈ, ਓਨਾ ਹੀ ਮਨੁੱਖ ਨੂੰ ਆਪਣੇ ਆਪ ਕੋਲੋਂ ਬੇਗਾਨਾ। ਇਸ ਬੇਗਾਨਗੀ ਨੇ ਮਨੁੱਖੀ ਹੋਂਦ ਸਾਹਮਣੇ ਕਈ ਪ੍ਰਸ਼ਨ ਖੜ੍ਹੇ ਕੀਤੇ ਹਨ। ਅੱਜ ਹਰ ਸ਼ੈਅ, ਵਿਚਾਰ, ਮੁੱਲ, ਭਾਸ਼ਾ, ਧਰਮ, ਸਮਾਜ, ਰਾਜਨੀਤੀ, ਸੁਪਨੇ ਸੈਂਸੈਕਸ ਨਾਲ ਜੁੜ ਗਏ ਹਨ। ਇਸ ਨੇ ਬੇਸ਼ੁਮਾਰ ਉਪਭੋਗਤਾ ਨੂੰ ਜਨਮ ਦੇ ਕੇ ਖਪਤ ਸਭਿਆਚਾਰ ਵਿਚ ਮਨੁੱਖ ਨੂੰ ਸ਼ੁਦਾਈ ਕਰ ਦਿੱਤਾ ਹੈ। ਮੰਡੀ ਨੇ ਇਨ੍ਹਾਂ ਨੂੰ ਆਪਣੇ ਅਨੁਸਾਰ ਢਾਲ ਕੇ ਮਨੁੱਖ ਅਗੇ ਚਕਾਚੌਂਧ ਦੁਨੀਆ ਖੜ੍ਹੀ ਕਰ ਦਿੱਤੀ ਹੈ। ਫ਼ਿਲਹਾਲ ਨਵੀਂ ਪੀੜ੍ਹੀ ਇਸ ਬਾਜ਼ਾਰੀ ਚਕਾਚੌਂਧ ਦਾ ਜਸ਼ਨ ਮਨਾ ਰਹੀ ਹੈ। ਪੀਜ਼ੇ, ਬਰਗਰ, ਮੈਕਡੋਨਲਡ, ਕੇ.ਐਫ.ਸੀ., ਬਰਾਂਡਡ ਵਸਤਾਂ ਵਾਲੇ ਮਾਲ ਉਹਨੂੰ ਆਪਣੇ ਹਾਣ ਦੇ ਲੱਗ ਰਹੇ ਹਨ। ਇਸ ਨਵੇਂ ਸੁਪਨੇ ਨੂੰ ਉਹ ਹਰ ਹਾਲਤ ਵਿਚ ਮਾਣਨਾ ਚਾਹੁੰਦੀ ਹੈ ਪਰ ਅਸਲ ਸਥਿਤੀ ਉਦੋਂ ਵਿਸਫ਼ੋਟਕ ਹੋਏਗੀ ਜਦੋਂ ਇਹ ਸੁਪਨਾ ਤਾਰੇ ਵਾਂਗ ਟੁੱਟ ਕੇ ਖਲਾਅ ਵਿਚ ਗੁੰਮ ਗਿਆ।

ਸੁਪਨੇ ਤਿੰਨ ਤਰ੍ਹਾਂ ਦੇ ਹੁੰਦੇ ਹਨ, ਇਕ ਸੁਪਨੇ ਆਉਂਦੇ ਹਨ, ਦੂਜੇ ਸੁਪਨੇ ਲਏ ਜਾਂਦੇ ਹਨ ਅਤੇ ਤੀਜੇ ਸੁਪਨੇ ਬੀਜੇ ਜਾਂਦੇ ਹਨ। ਆਉਣ ਵਾਲੇ ਸੁਪਨੇ ਹਰ ਰੋਜ਼ ਆਉਂਦੇ ਹਨ, ਮਨੋਵਿਗਿਆਨੀ ਇਨ੍ਹਾਂ ਨੂੰ ਦੱਬੀਆਂ-ਕੁਚਲੀਆਂ ਖਾਹਿਸ਼ਾਂ ਦੇ ਪ੍ਰਗਟ ਹੋਣ ਦਾ ਸਬੱਬ ਮੰਨਦੇ ਹਨ ਪਰ ਜਿਹੜੇ ਸੁਪਨੇ ਲਏ ਜਾਂਦੇ ਹਨ, ਉਨ੍ਹਾਂ ਦਾ ਸਬੰਧ ਮਨੁੱਖ ਦੇ ਬੁੱਧੀ ਵਿਵੇਕ ਨਾਲ ਹੁੰਦਾ ਹੈ। ਮਨੁੱਖ ਆਦਿ ਕਾਲ ਤੋਂ ਸੁਪਨੇ ਲੈਂਦਾ ਆ ਰਿਹਾ ਹੈ। ਮਨੁੱਖੀ ਵਿਕਾਸ ਇਸ ਦਾ ਗਵਾਹ ਹੈ। ਕਦੇ ਮਨੁੱਖ ਨੇ ਉੱਡਣ ਦਾ ਸੁਪਨਾ ਲਿਆ। ਕਦੇ ਪੁਲਾੜ ਗਾਹੁਣ ਦੀ ਸੋਚੀ ਤੇ ਲੋਕ ਕਥਾਵਾਂ ਘੜੀਆਂ। ਅਜਿਹੇ ਕਿੰਨੇ ਹੀ ਸੁਪਨੇ ਹਨ, ਜਿਨ੍ਹਾਂ ਨੂੰ ਮਨੁੱਖ ਨੇ ਆਪਣੀ ਬੁੱਧੀ ਰਾਹੀਂ ਸੱਚ ਕਰ ਵਿਖਾਇਆ ਪਰ ਜਿਹੜੇ ਸੁਪਨੇ ਬੀਜੇ ਜਾਂਦੇ ਹਨ, ਉਹ ਹਵਾਈ ਹੁੰਦੇ ਹਨ। ਬਾਜ਼ਾਰ ਨੇ ਅਜਿਹੇ ਸੁਪਨੇ ਬੀਜਣ ਵਿਚ ਕਮਾਲ ਕਰ ਦਿੱਤਾ ਹੈ। ਇਨ੍ਹਾਂ ਸੁਪਨਿਆਂ ਦਾ ਨਾ ਤਾਂ ਕੋਈ ਸੱਚ ਹੈ ਤੇ ਨਾ ਹੀ ਇਨ੍ਹਾਂ ਪਿਛੇ ਕੋਈ ਤਰਕਸ਼ੀਲਤਾ ਜਾਂ ਬੁੱਧੀ-ਵਿਵੇਕ ਹੈ। ਇਨ੍ਹਾਂ ਸੁਪਨਿਆਂ ਨੇ ਅਜੀਬ ਤਰ੍ਹਾਂ ਦੀ ਮਦਹੋਸ਼ੀ ਨੂੰ ਜਨਮ ਦਿੱਤਾ ਹੈ। ਇਸ ਮਦਹੋਸ਼ੀ ਨੇ ਜਸ਼ਨ, ਨਸ਼ਿਆਂ, ਜੁਰਮਾਂ, ਹਿੰਸਾ, ਰਾਤੋ ਰਾਤ ਅਮੀਰ ਹੋਣ ਦੀ ਇੱਛਾ, ਖਤਰਨਾਕ ਹਥਿਆਰਾਂ ਨਾਲ ਖੇਡਣ ਤੋਂ ਲੈ ਕੇ ਸੁੰਦਰਤਾ ਤੇ ਵਿਲਾਸਤਾ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਹੈ। ਇਨ੍ਹਾਂ ਨੇ ਅਜਿਹੀ ਅੱਗ ਲਾ ਦਿੱਤੀ ਹੈ, ਜਿਸ ਨਾਲ ਪੂਰਾ ਵਰਤਮਾਨ ਝੁਲਸਣ ਲੱਗ ਪਿਆ ਹੈ। ਇਸ ਨੇ ਇਕ ਪਾਸੇ ਘੋਰ ਗ਼ਰੀਬੀ, ਅਨਪੜ੍ਹਤਾ, ਕੁਪੋਸ਼ਨ, ਪਛੜੇਪਣ, ਸੌੜੀ ਮਾਨਸਿਕਤਾ, ਜੁਰਮ, ਜ਼ਹਿਰੀਲੇ ਨਸ਼ਿਆਂ 'ਚ ਜਕੜੀ ਮਾਨਸਿਕਤਾ, ਵੱਡੇ-ਵੱਡੇ ਸਲੱਮ, ਗੁੰਡਾਗਰਦੀ ਅਤੇ ਵੋਟ ਬੈਂਕ ਨੂੰ ਜਨਮ ਦਿੱਤਾ ਹੈ। ਦੂਜੇ ਪਾਸੇ ਵਿਲਾਸੀ ਸਮੱਗਰੀ ਨਾਲ ਭਰੇ ਬਾਜ਼ਾਰ, ਚੁੰਬਕੀ ਇਸ਼ਤਿਹਾਰਬਾਜ਼ੀ, ਮਹਿੰਗੇ ਨਸ਼ੇ, ਰੇਵ ਪਾਰਟੀਆਂ, ਡਿਸਕੋ ਡਾਂਸ, ਕੁਕਰਮਾਂ, ਲਿਵ ਇਨ ਰਿਲੇਸ਼ਨ ਆਦਿ ਦਾ ਵਿਸਥਾਰ ਕੀਤਾ ਹੈ। ਅਸਾਵੇਂਪਣ ਨੇ ਕਈ ਤਰ੍ਹਾਂ ਦੇ ਪ੍ਰਸ਼ਨ ਖੜ੍ਹੇ ਕੀਤੇ ਹਨ। ਉਥਲ-ਪੁਥਲ ਦੇ ਇਸ ਵਰਤਮਾਨ ਵਿਚ ਇੰਜ ਜਾਪਦਾ ਹੈ ਜਿਵੇਂ ਹਰ ਮਨੁੱਖ ਪਾਗਲ ਘੋੜਿਆਂ ਵਾਂਗ ਅੰਨ੍ਹੇਵਾਹ ਦੌੜ ਰਿਹਾ ਹੋਵੇ। ਇਹਦੀ ਨਾ ਤਾਂ ਕੋਈ ਦਿਸ਼ਾ ਹੈ ਤੇ ਨਾ ਹੀ ਦ੍ਰਿਸ਼ਟੀ। ਗਲੋਬ ਘੁੰਮ ਰਿਹਾ ਹੈ ਤੇ ਇਸ 'ਤੇ ਤਿੰਨ ਤਰ੍ਹਾਂ ਦੇ ਮੁਲਕ ਪ੍ਰਗਟ ਹੋ ਰਹੇ ਹਨ, ਇਕ ਅਮੀਰ ਮੁਲਕ ਹਨ, ਦੂਜੇ ਵਿਕਾਸਸ਼ੀਲ ਅਤੇ ਤੀਜੇ ਅਤਿ ਦੇ ਪਛੜੇ ਗ਼ਰੀਬ ਮੁਲਕ ਹਨ। ਅਮੀਰ ਮੁਲਕਾਂ ਦੀਆਂ ਕੰਪਨੀਆਂ ਨੇ ਦੂਜੇ ਦੋਵਾਂ ਤਰ੍ਹਾਂ ਦੇ ਮੁਲਕਾਂ ਵਿਚ ਬਾਜ਼ਾਰੀ ਸੁਪਨਿਆਂ ਦੀ ਅਜਿਹੀ ਫ਼ਸਲ ਬੀਜ ਦਿੱਤੀ ਹੈ, ਜਿਸ ਨਾਲ ਇਕ ਪਾਸੇ ਅਮੀਰ ਮੁਲਕ ਹੋਰ ਚੜ੍ਹਦੀ ਕਲਾ ਵਿਚ ਜਾ ਕੇ ਵਿਸ਼ਵ ਸ਼ਕਤੀਆਂ ਬਣ ਰਹੇ ਹਨ ਤੇ ਦੂਜੇ ਪਾਸੇ ਪਛੜੇ ਤੇ ਵਿਕਾਸਸ਼ੀਲ ਦੇਸ਼ਾਂ 'ਤੇ ਉਨ੍ਹਾਂ ਦਾ ਦਬਾਅ ਤੇ ਗ੍ਰਿਫ਼ਤ ਮਜ਼ਬੂਤ ਹੁੰਦੀ ਜਾ ਰਹੀ ਹੈ। ਅਮੀਰ ਮੁਲਕਾਂ ਨੇ ਇਸ ਚਮਕਦੇ ਤਾਰੇ ਵਰਗਾ ਸੁਪਨਾ ਇਨ੍ਹਾਂ ਪਛੜੇ ਮੁਲਕਾਂ ਨੂੰ ਦੇ ਕੇ ਉਨ੍ਹਾਂ ਕੇ ਕੁਦਰਤੀ ਸਰੋਤਾਂ 'ਤੇ ਕਬਜ਼ਾ ਕਰ ਲਿਆ ਹੈ। ਅੱਜ ਸਾਰੀ ਦੁਨੀਆ ਵਿਚ ਇਸ ਸੁਪਨੇ ਦੇ ਜਸ਼ਨ ਮਨਾਏ ਜਾ ਰਹੇ ਹਨ। ਚਮਕੀਲੇ ਸੁਪਨੇ ਨੂੰ ਅੱਗੋਂ ਕਈ ਪ੍ਰਕਾਰ ਦੀਆਂ ਆਧੁਨਿਕ ਮਿੱਥਾਂ ਵਿਚ ਢਾਲ ਕੇ ਲੁੱਟ ਮਚਾਈ ਜਾ ਰਹੀ ਹੈ। ਪਹਿਲਾਂ ਇਸ ਨੇ ਔਰਤ ਦੀ ਮਿੱਥ ਨੂੰ ਤੋੜ ਕੇ ਉਹਨੂੰ ਬਾਜ਼ਾਰ ਦਾ ਅਟੁੱਟ ਅੰਗ ਬਣਾ ਦਿੱਤਾ। ਵਸਤ ਦੀ ਇਸ਼ਤਿਹਾਰਬਾਜ਼ੀ ਔਰਤ ਦੇਹ ਤੋਂ ਬਿਨਾਂ ਅਧੂਰੀ ਸਮਝੀ ਜਾਂਦੀ ਹੈ। ਔਰਤ ਦੇਹ ਦੇ ਪ੍ਰਦਰਸ਼ਨ ਨੇ ਬਾਜ਼ਾਰ ਵਿਚਲੇ ਵਸਤੂ ਸੰਸਾਰ ਨੂੰ ਨਵਾਂ ਪਾਸਾਰ ਦਿੱਤਾ ਹੈ। ਅੱਜ ਸੁੰਦਰਤਾ ਦਾ ਬਾਜ਼ਾਰ ਅਰਬਾਂ-ਖਰਬਾਂ ਤਕ ਪਹੁੰਚ ਗਿਆ ਹੈ। ਵਿਸ਼ਵ ਸੁੰਦਰੀ ਮੁਕਾਬਲੇ, ਬ੍ਰਹਿਮੰਡ ਸੁੰਦਰੀ ਮੁਕਾਬਲੇ, ਹਰ ਚੈਨਲ ਦੇ ਆਪਣੇ ਮੁਕਾਬਲੇ ਆਦਿ ਬੜੀ ਵੱਡੀ ਦੌੜ ਹੈ ਜਿਸ ਨੇ ਵਿਦਿਅਕ ਸੰਸਥਾਵਾਂ ਵਿਚ ਵੀ ਇਨ੍ਹਾਂ ਮੁਕਾਬਲਿਆਂ ਨੂੰ ਲਿਆ ਖੜ੍ਹਾ ਕੀਤਾ ਹੈ। ਸੂਚਨਾ ਤੰਤਰ ਦੀ ਹਨੇਰੀ, ਹਿੰਸਾਂ ਦਾ ਤਾਂਡਵ, ਬਹੁਕੌਮੀ ਕੰਪਨੀਆਂ ਦੇ ਤੰਦੂਆ ਜਾਲ ਨੇ ਇਸ ਸਾਰੇ ਕੁਝ ਨੂੰ ਸਹਿਜ ਪ੍ਰਕਿਰਿਆ ਬਣਾ ਕੇ ਧੁਰ ਸੋਚ ਤਕ ਕਬਜ਼ਾ ਕਰ ਲਿਆ ਹੈ।

ਤਕਨਾਲੌਜੀ ਨੇ ਵੀ ਕਈ ਮਿੱਥਾਂ ਨੂੰ ਜਨਮ ਦਿੱਤਾ ਹੈ। ਤਕਨਾਲੌਜੀ ਮਨੁੱਖਤਾ ਦੇ ਭਲੇ ਲਈ ਗੱਲ ਕਰਦੀ ਹੈ। ਪਰ ਅਸਲ ਵਿਚ ਇਹ ਬਹੁਕੌਮੀ ਕੰਪਨੀਆਂ ਦੀ ਹੱਥਠੋਕੀ ਹੈ। ਸਰਕਾਰਾਂ ਦੀ ਇਸ ਤਕਨਾਲੌਜੀ ਨੂੰ ਆਪਣੇ ਹਿੱਤ ਵਿਚ ਵਰਤ ਕੇ ਬਾਜ਼ਾਰ ਨੂੰ ਹੋਰ ਬਲ ਦੇ ਰਹੀਆਂ ਹਨ। ਤਕਨਾਲੌਜੀ ਨੇ ਅਪ-ਭਾਸ਼ਾ ਅਤੇ ਅਪ-ਸੰਸਕ੍ਰਿਤੀ ਰਾਹੀਂ ਸਭਿਆਚਾਰ, ਲੋਕ ਮਨ, ਲੋਕ ਸੰਗੀਤ ਸਭ ਨੂੰ ਤਕਨਾਲੌਜੀ ਨੇ ਆਪਣੇ ਹਿੱਤ 'ਚ ਵਰਤ ਕੇ ਇਸ ਦੇ ਬੁਨਿਆਦੀ ਕਲਾਤਮਕ ਖਾਸੇ ਨੂੰ ਭ੍ਰਿਸ਼ਟ ਕਰ ਦਿੱਤਾ ਹੈ। ਇਸ ਨੇ ਸਾਡੀਆਂ ਨੈਤਿਕ ਤੇ ਸਭਿਆਚਾਰਕ ਕਦਰਾਂ ਕੀਮਤਾਂ ਦਾ ਵੀ ਘਾਣ ਕਰ ਦਿੱਤਾ ਹੈ।

ਸਾਡੇ ਧਾਰਮਕ, ਨੈਤਿਕ ਮੁੱਲ ਬਾਜ਼ਾਰ ਦੇ ਅਧੀਨ ਹੋ ਗਏ ਹਨ। ਬਾਜ਼ਾਰ ਨੇ ਧਾਰਮਕਤਾ ਲਈ ਵੱਡੀ ਮੰਡੀ ਸਿਰਜ ਦਿੱਤੀ ਹੈ। ਅੱਜ ਧਰਮ ਚਿੰਨ੍ਹਾਂ ਅਤੇ ਪ੍ਰਵਚਨਾਂ ਨੂੰ ਤਕਨਾਲੌਜੀ ਨੇ ਬਹੁ-ਗਿਣਤੀ ਵਿਚ ਪੈਦਾ ਕਰ ਕੇ ਧਾਰਮਕ ਖਪਤਵਾਦ ਨੂੰ ਜਨਮ ਦਿੱਤਾ ਹੈ। ਇਸ ਨਾਲ ਧਰਮ ਦੇ ਜਵਾਬ ਦਾ ਨਾਟਕ ਵੀ ਰਚਿਆ ਗਿਆ ਤੇ ਨਾਲ ਹੀ ਧਨ ਦੌਲਤ ਵੀ ਇਕੱਠੀ ਕਰ ਲਈ। ਧਾਰਮਕ ਮੇਲਿਆਂ ਦੇ ਟੈਂਡਰਾਂ ਦਾ ਕਾਰੋਬਾਰ ਲੱਖਾਂ-ਕਰੋੜਾਂ ਵਿਚ ਪਹੁੰਚ ਗਿਆ ਹੈ। ਧਾਰਮਕ ਡੇਰਿਆਂ ਦੀ ਬੇਸ਼ੁਮਾਰ ਜਾਇਦਾਦ ਦਾ ਕੋਈ ਅੰਤ ਨਹੀਂ। ਇਹ ਸਾਰਾ ਕੁਝ ਬਾਜ਼ਰ ਦੀ ਬਦੌਲਤ ਹੈ। ਇਨ੍ਹਾਂ ਚਿੰਨ੍ਹਾਂ ਦੀ ਬੇਅਦਬੀ ਪਿਛੇ ਵੱਖ-ਵੱਖ ਧਿਰਾਂ ਆਪਸ ਵਿਚ ਲੜ ਰਹੀਆਂ ਹਨ। ਤਕਨਾਲੌਜੀ ਦੀ ਮਾਰ ਨੇ ਅੰਧ-ਵਿਸ਼ਵਾਸ ਅਤੇ ਕੱਟੜਤਾ ਨੂੰ ਹੋਰ ਵਧਾ ਦਿੱਤਾ ਹੈ। ਧਰਮ ਮਾਨਵੀ ਮੁੱਲਾਂ ਦਾ ਪਹਿਰੇਦਾਰ ਸੀ ਪਰ ਹੁਣ ਇਹ ਵੀ ਬਾਜ਼ਾਰੀ ਮੁੱਲ ਵਿਚ ਢਲ ਗਿਆ ਹੈ। ਇਸ ਘਮਸਾਨ ਵਿਚ ਝੂਠ, ਸੱਚ ਵਰਗਾ ਹੋ ਗਿਆ ਹੈ ਤੇ ਸੱਚ, ਝੂਠ ਵਰਗਾ। ਇਹ ਮਨੁੱਖ ਦੇ ਬੌਧਿਕ ਸੰਕਟ ਦੀ ਨਿਸ਼ਾਨੀ ਹੈ। ਬਾਜ਼ਾਰ ਨੇ ਕੁਦਰਤੀ ਅਤੇ ਸਭਿਆਚਾਰਕ ਰਿਸ਼ਤਿਆਂ ਨੂੰ ਵੀ ਇਸੇ ਰੂਪ ਵਿਚ ਢਾਲ ਦਿੱਤਾ ਹੈ। ਇਸ ਨੇ ਪ੍ਰਚੱਲਤ ਰਿਸ਼ਤਿਆਂ ਨੂੰ ਤੋੜ ਕਰ ਕੇ ਨਵੇਂ ਰਿਸ਼ਤਿਆਂ ਦੇ ਸਮੀਕਰਨ ਉਲੀਕੇ ਹਨ। ਅੱਜ ਰਿਸ਼ਤੇ ਉਸ ਰੂਪ ਵਿਚ ਪਰਿਭਾਸ਼ਤ ਹੋ ਰਹੇ ਹਨ ਜਿਵੇਂ ਇਨ੍ਹਾਂ ਨੂੰ ਟੀ.ਵੀ. ਲੜੀਵਾਰਾਂ ਵਿਚ ਦਿਖਾਇਆ ਜਾ ਰਿਹਾ ਹੈ। ਇਨ੍ਹਾਂ ਲੜੀਵਾਰਾਂ ਵਿਚ ਪਰਿਵਾਰ ਜਾਇਜ਼/ਨਾਜਾਇਜ਼ ਰਿਸ਼ਤਿਆਂ 'ਤੇ ਉਸਰੇ ਪੇਸ਼ ਕੀਤੇ ਜਾ ਰਹੇ ਹਨ। ਔਰਤ ਵਿਭਿੰਨ ਚਲਿੱਤਰਾਂ ਵਾਲੀਆਂ ਕਾਮਨੀਆਂ ਵਜੋਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਵਿਚ ਹਿੰਸਾ, ਪਿਆਰ, ਪੈਸਾ ਤੇ ਨਫ਼ਰਤ ਨੂੰ ਬਾਜ਼ਾਰੀ ਮੁੱਲਾਂ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਰਿਸ਼ਤਿਆਂ ਦੀ ਮਰਿਆਦਾ ਨੂੰ ਤਾਕ 'ਤੇ ਰੱਖ ਦਿੱਤਾ ਗਿਆ ਹੈ। ਇਨ੍ਹਾਂ ਰਿਸ਼ਤਿਆਂ ਨੇ ਨਵਾਂ ਸੰਸਾਰ ਸਿਰਜਿਆ ਹੈ ਜਿਸ ਵਿਚ ਇਹ ਰਿਸ਼ਤੇ ਕੱਚੇ ਧਾਗਿਆਂ ਨਾਲ ਬੱਝੇ ਹੋਏ ਹਨ। ਇਕ ਝਟਕੇ ਨਾਲ ਜੁੜ ਜਾਂਦੇ ਹਨ। ਟੁੱਟਣ ਤੇ ਜੁੜਨ ਵਿਚ ਬਾਜ਼ਾਰ ਦੀ ਭੂਮਿਕਾ ਅਹਿਮ ਹੈ। ਇਨ੍ਹਾਂ ਵਿਚ ਧਨ-ਦੌਲਤ ਦੀ ਬੇਤਹਾਸ਼ਾ ਦੌੜ ਹੈ। ਸੁਪਨੇ, ਮਿੱਥਾਂ ਇਹ ਰਿਸ਼ਤੇ ਆਪ ਘੜ ਲੈਂਦੇ ਹਨ ਤੇ ਫਿਰ ਉਹੋ ਇਨ੍ਹਾਂ ਦੀ ਦਸ਼ਾ ਤੇ ਦ੍ਰਿਸ਼ਟੀ ਦੇ ਵਾਚਕ ਬਣ ਜਾਂਦੇ ਹਨ। ਬਾਜ਼ਾਰ ਦੀ ਵਿਵਸਥਾ ਨੇ ਨਵੇਂ ਯਥਾਰਕ ਨੂੰ ਜਨਮ ਦਿੱਤਾ ਹੈ, ਜਿਸ ਨੂੰ ਪੰਜਾਬ ਵਿਚ 'ਯੂਜ਼ ਐਂਡ ਥਰੋ' ਭਾਵ 'ਇਸਤੇਮਾਲ ਕਰੋ ਤੇ ਸੁੱਟ ਦਿਓ' ਕਿਹਾ ਜਾਂਦਾ ਹੈ। ਬਾਜ਼ਾਰ ਨੇ ਰਿਸ਼ਤਿਆਂ ਵਿਚ ਵੀ ਇਹੀ ਨੇਮ ਲਾਗੂ ਕਰ ਦਿੱਤਾ ਹੈ। ਰਿਸ਼ਤੇ ਨੂੰ ਭੋਗੋ ਤੇ ਤੋੜ ਦਿਓ। ਇਸ ਨੇ ਤ੍ਰਿਸ਼ਨਾ ਦੀ ਝੂਠੀ ਦੁਨੀਆ ਨੂੰ ਜਨਮ ਦਿੱਤਾ ਹੈ। ਉਤਪਾਦਕਾਂ ਨੇ ਇਸ ਨੂੰ ਨਾਅਰੇ ਵਜੋਂ ਵਰਤ ਕੇ ਵਰਤੋਂ ਵਾਲੀਆਂ ਚੀਜ਼ਾਂ ਦੇ ਅੰਬਾਰ ਲਾ ਦਿੱਤੇ ਹਨ। ਨਤੀਜਾ ਸੁੱਟੀਆਂ ਗਈਆਂ ਵਸਤਾਂ ਦੇ ਵੀ ਅੰਬਾਰ ਲੱਗੇ ਹੋਏ ਹਨ। ਇਨ੍ਹਾਂ ਨੇ ਜਿਥੇ ਮੁਨਾਫ਼ੇ ਵਿਚ ਸਿਫ਼ਤੀ ਵਾਧਾ ਕੀਤਾ ਹੈ, ਉਥੇ ਮਨੁੱਖੀ ਸਿਹਤ ਦੀ ਗਿਰਾਵਟ ਅਤੇ ਦੂਸ਼ਤ ਵਾਤਾਵਰਨ ਲਈ ਚਿੰਤਾ ਵੀ ਪੈਦਾ ਕੀਤੀ।

ਅਜਿਹੀਆਂ ਸਥਿਤੀਆਂ ਨੇ ਸਾਡੀਆਂ ਸੰਵੇਦਨਾਵਾਂ ਨੂੰ ਮਾਰ ਦਿੱਤਾ ਹੈ। ਜਿਨ੍ਹਾਂ ਸੰਵੇਦਨਾਵਾਂ ਕਰ ਕੇ ਮਨੁੱਖ ਅੰਦਰ ਸੁਹਜ, ਹਮਦਰਦੀ, ਅਨੂਠਾਪਣ ਅਤੇ ਕੁਝ ਕਰ ਗੁਜ਼ਰਨ ਦੀ ਊਰਜਾ ਜਾਗਦੀ ਸੀ, ਉਸ ਨੂੰ ਖਾਰਜ ਕਰ ਦਿੱਤਾ ਹੈ। ਇਨ੍ਹਾਂ ਦੀ ਥਾਂ ਝੂਠ, ਚਲਾਕੀ, ਧੋਖਾ, ਠੱਗੀ, ਦੋਗਲਾਪਣ, ਬੇਵਿਸ਼ਵਾਸੀ ਅਤੇ ਸਵਾਰਥ ਵਰਗੇ ਨਾਕਾਰਾਤਮਕ ਮੁੱਲਾਂ ਦਾ ਬੋਲਬਾਲਾ ਹੋ ਗਿਆ ਹੈ। ਇਨ੍ਹਾਂ ਆਸਰੇ ਹਰ ਵਿਅਕਤੀ ਮੁਨਾਫ਼ੇ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਗਿਆ ਹੈ ਤੇ ਇਸ ਦੌੜ ਦਾ ਕਿਤੇ ਅੰਤ ਨਹੀਂ। ਬਾਜ਼ਾਰ ਇਸ ਦੌੜ ਨੂੰ ਹੋਰ ਊਰਜਾਵਾਨ ਕਰ ਕੇ ਵੱਡੇ-ਵੱਡੇ ਜਾਲ ਵਿਛਾ ਰਿਹਾ ਹੈ ਤੇ ਮਨੁੱਖ ਆਪਣੇ ਸਾਰੇ ਸਰੋਤਾਂ ਸਮੇਤ ਇਸ ਵਿਚ ਫਸਦਾ ਜਾ ਰਿਹਾ ਹੈ।

ਬਾਜ਼ਾਰ ਨੇ ਨਵੇਂ ਦਲਾਲਵਾਦ ਦੇ ਮੁੱਲ ਨੂੰ ਜਨਮ ਦਿੱਤਾ ਹੈ। ਬਾਜ਼ਾਰ ਦੇ ਵਿਸਥਾਰ ਅਤੇ ਮਨੁੱਖ ਨੂੰ ਰਸਾਤਲ ਵੱਧ ਧੱਕਣ ਵਿਚ ਇਸ ਦਲਾਲਵਾਦ ਦੀ ਅਹਿਮ ਭੂਮਿਕਾ ਹੈ। ਵੱਡੇ-ਵੱਡੇ ਰੱਖਿਆ ਸੌਦਿਆਂ ਤੋਂ ਲੈ ਕੇ ਸਸਤੀ ਮਜ਼ਦੂਰੀ ਦੇ ਪ੍ਰਬੰਧ ਦੀ ਵਿਵਸਥਾ ਇਸੇ ਦਲਾਲਵਾਦ ਦਾ ਹੀ ਨਤੀਜਾ ਹੈ। ਇਸ ਦੀ ਭੂਮਿਕਾ ਵਿਚ ਜਿੰਨੇ ਵੱਡੇ ਘੁਟਾਲੇ ਨਿਕਲੇ ਹਨ, ਉਨ੍ਹਾਂ ਦੀ ਗਿਣਤੀ ਵੀ ਕਠਿਨ ਹੈ। ਬਹੁਕੌਮੀ ਕੰਪਨੀਆਂ ਨੇ ਇਨ੍ਹਾਂ ਦਲਾਲਾਂ ਰਾਹੀਂ ਸਾਡੇ ਵਰਗੇ ਮੁਲਕਾਂ ਦੇ ਕੁਦਰਤੀ ਸਰੋਤਾਂ, ਮਨੁੱਖੀ ਸਰੋਤਾਂ ਤੇ ਸਰਕਾਰੀ ਤੰਤਰ ਨੂੰ ਆਪਣੇ ਕਬਜ਼ੇ ਵਿਚ ਕੀਤਾ ਹੋਇਆ ਹੈ। ਬਹੁਕੌਮੀ ਕੰਪਨੀਆਂ ਜਦੋਂ ਵਿਕਾਸਸ਼ੀਲ ਪ੍ਰੋਗਰਾਮ ਲੈ ਕੇ ਨਹੀਂ ਆਉਂਦੀਆਂ ਸਗੋਂ ਉਹ ਸਸਤੀ ਮਜ਼ਦੂਰੀ ਤੇ ਮੁਨਾਫ਼ੇ ਦੀ ਵੱਡੀ ਗੁੰਜਾਇਸ਼ ਨੂੰ ਧਿਆਨ 'ਚ ਰੱਖ ਕੇ ਆਉਂਦੀਆਂ ਹਨ। ਹੌਲੀ-ਹੌਲੀ ਉਹ ਸਿਖਿਆ ਤੇ ਸਭਿਆਚਾਰਕ ਖੇਤਰਾਂ ਵਿਚ ਘੁਸਪੈਠ ਕਰ ਕੇ ਸਾਡੀ ਮਾਨਸਿਕਤਾ ਨੂੰ ਹਾਈਜੈਕ ਕਰ ਲੈਂਦੀਆਂ ਹਨ। ਸਿੱਟੇ ਵਜੋਂ ਅਸੀਂ ਸਭਿਆਚਾਰਕ ਕਦਰਾਂ ਕੀਮਤਾਂ ਤੋਂ ਵੀ ਵਾਂਝੇ ਹੋ ਜਾਂਦੇ ਹਾਂ। ਜਿਹੜੀਆਂ ਕਿਤਾਬਾਂ ਕਿੱਸਿਆਂ, ਕਹਾਣੀਆਂ ਪੜ੍ਹ ਕੇ ਅਸੀਂ ਵੱਡੇ ਹੋਏ ਹਾਂ, ਜਿਨ੍ਹਾਂ ਵਿਚਾਰਾਂ ਨੇ ਸਾਨੂੰ ਪ੍ਰਭਾਵਤ ਕੀਤਾ, ਸਾਡੇ ਅੰਦਰ ਮਾਨਵਤਾ ਪੈਦਾ ਕੀਤੀ, ਜਿਨ੍ਹਾਂ ਮਾਨਵੀ ਰਿਸ਼ਤਿਆਂ ਦੇ ਸਤਿਕਾਰ ਵਿਚੋਂ ਚੰਗੇ ਨਾਗਰਿਕ ਹੋਣ ਦਾ ਸਬੂਤ ਦਿੱਤਾ ਜਾਂਦਾ ਹੈ, ਉਸ ਸਾਰੇ ਕੁਝ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ। ਬਿਜਲਈ ਮੀਡੀਏ ਨੇ ਜਿਵੇਂ ਰਾਤੋ ਰਾਤ ਸਾਡੇ ਮਨ ਮਸਤਕ 'ਤੇ ਕਬਜ਼ਾ ਕਰ ਕੇ ਸਾਰਾ ਕੁਝ ਤਹਿਸ-ਨਹਿਸ ਕਰ ਦਿੱਤਾ ਹੈ। ਇਸ ਵਿਚ ਆ ਰਹੀ ਗਿਰਾਵਟ ਨੇ ਚਿੰਤਾ ਪੈਦਾ ਕੀਤੀ ਹੈ। ਸੰਨ 1980 ਤੋਂ ਬਾਅਦ ਕੋਈ ਵੱਡਾ ਅੰਦੋਲਨ ਨਹੀਂ ਹੋਇਆ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਅੰਨਾ ਹਜ਼ਾਰੇ ਦਾ ਅੰਦੋਲਨ ਵੀ ਕੁਝ ਸਮੇਂ ਵਿਚ ਜਿਵੇਂ ਬਿਖਰ ਗਿਆ, ਇਸ ਨੇ ਕਈ ਸਵਾਲ ਖੜ੍ਹੇ ਕੀਤੇ ਹਨ।

ਆਲਵਿਨ ਟਾਲਰ ਨੇ ਆਪਣੀ ਪੁਸਤਕ ਪਾਵਰ ਸ਼ਿਫ਼ਟ ਵਿਚ ਚਿੰਤਾ ਜ਼ਾਹਰ ਕਰਦਿਆਂ ਲਿਖਿਆ ਹੈ ਕਿ ਹੁਣ ਅਸੀਂ ਮਨੁੱਖੀ ਹੋਂਦ ਦੇ ਅੰਤਮ ਬਿੰਦੂ 'ਤੇ ਖੜ੍ਹੇ ਹਾਂ। ਸਾਨੂੰ ਇੱਕੀਵੀਂ ਸਦੀ ਦੇ ਲੋਕਤੰਤਰ ਨੂੰ ਨਵੇਂ ਸਿਰਿਓਂ ਪਰਿਭਾਸ਼ਤ ਕਰਨਾ ਪਵੇਗਾ। ਇਤਿਹਾਸ ਦੀ ਮੌਤ, ਵਿਚਾਰਧਾਰਾ ਦੀ ਮੌਤ, ਰਚਨਾ ਦੀ ਮੌਤ, ਲੇਖਕ ਦੀ ਮੌਤ ਅਜਿਹੇ ਬਿੰਦੂਆਂ ਦੀ ਚਰਚਾ ਕਰਦਿਆਂ ਦੁਨੀਆ ਅੱਗੇ ਵੱਧ ਰਹੀ ਹੈ ਤੇ ਆਪਣੇ ਹੱਥ ਮਲ ਰਹੀ ਹੈ। ਨਵੀਂ ਸਦੀ ਦੀਆਂ ਦਹਿਲੀਜ਼ਾਂ ਪਾਰ ਕਰ ਕੇ ਮਨੁੱਖ ਕੁਝ ਦੁਵਿਧਾ, ਕੁਝ ਬੇਵਿਸ਼ਵਾਸੀ ਤੇ ਕੁਝ ਬੇਚਾਰਗੀ ਦੇ ਆਮਲ ਵਿਚ ਡੌਰ-ਭੌਰ ਹੋਇਆ ਖੜ੍ਹਾ ਹੈ। ਕਦੇ ਉਹ ਬੀਤ ਚੁੱਕੇ ਕਲ੍ਹ ਦੀਆਂ ਗਾਥਾਵਾਂ ਦੁਹਰਾਉਂਦਾ ਹੈ। ਕਦੇ ਸਿਮਰਤੀਆਂ ਦੇ ਧੁੰਦਲਕੇ ਵਿਚ ਗੁਆਚ ਜਾਂਦਾ ਹੈ ਤੇ ਕਦੀ ਸੁਪਨਿਆਂ ਦੀਆਂ ਸਤਰੰਗੀਆਂ 'ਚ ਰੌਸ਼ਨੀਆਂ ਦੇ ਸ਼ਹਿਰਾਂ ਵਿਚ ਵੜਨ ਦੀ ਕਾਮਨਾ ਕਰਦਾ ਹੈ ਕਿਉਂਕਿ ਮਨੁੱਖ ਜਾਤੀ ਬਿਨਾਂ ਜ਼ਿੰਦਗੀ ਸਮਰਥਕ ਸੁਪਨਿਆਂ ਦੇ ਜਿਉਂਦੀ ਨਹੀਂ ਰਹਿ ਸਕਦੀ। ਦੁਸ਼ਿਅੰਤ ਦਾ ਸ਼ੇਅਰ ਇਸ ਸਥਿਤੀ 'ਤੇ ਢੁਕਦਾ ਹੈ :

ਕੈਸੀ ਮਸ਼ਾਲੇਂ ਲੈ ਕੇ ਚਲੇ ਤੀਰਗੀ ਮੇਂ ਆਪ
ਜੋ ਰੋਸ਼ਨੀ ਕੀ ਵੋ ਭੀ ਸਲਾਮਤ ਨਹੀਂ ਰਹੀ
ਸਿਰਫ਼ ਸ਼ਾਇਰ ਦੇਖਤਾ ਹੈ ਕਹਕਹੋਂ ਕੀ ਅਸਲੀਅਤ
ਹਰ ਕਿਸੇ ਕੇ ਪਾਸ ਤੋ ਐਸੀ ਨਜ਼ਰ ਹੋਗੀ ਨਹੀਂ।

City Furnace Cleaning Ltd
Your Indoor Air Quality Specialist


We have certified, insured and bonded Techinican's who clean :-
FURNACES
AIR DUCTS
HOT WATER TANKS
DRYER VENTS
AIR CONDITIONING COILS

Free Estimate
'ਨਵੀਂ ਦੁਨੀਆ' ਨੂੰ ਗ਼ਦਰ ਸ਼ਤਾਬਦੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਲਈ ਸ਼ੁਭ ਇਛਾਵਾਂ
For a free, none obligation quote please call
(780) 469-7202
ਭਾਵੇਂ ਤੁਸੀਂ ਨਵਾਂ ਘਰ ਬਣਾਇਆ ਹੈ ਜਾਂ ਆਪਣੇ ਪੁਰਾਣੇ ਘਰ ਦਾ ਫਰਨਸ ਅਤੇ ਵਾਟਰ ਟੈਂਕ ਸਾਫ ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰੋ

Nu Tech Plumbing
Services & Maintenance for Residential & Commercial Projects
Licensed Insured Bonded
Email : nutechplumbing@gmail.com
Gurpreet Mann Jagwant Wraich
780-267-8033 780-450-2464




## ਨਰੇਸ਼ ਭਾਰਦਵਾਜ ਅਤੇ ਸੋਫ਼ੀਆ ਖਾਨ ਸਨਮਾਨਤ

ਐਡਮਿੰਟਨ (ਨਦਬ) : ਪਿਆਰਾ ਪਾਕਿਸਤਾਨ ਕਨੇਡਾ ਐਸੋਸੀਏਸ਼ਨ ਆਫ਼ ਐਡਮਿੰਟਨ ਵਲੋਂ ਇਥੋਂ ਦੇ ਫ਼ਰੈਂਡਜ਼ ਰੈਸਟੋਰੈਂਟ 'ਚ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਅਲਬਰਟਾ ਸੂਬੇ ਦੇ ਐਸੋਸੀਏਟ ਮੰਤਰੀ ਨਰੇਸ਼ ਭਾਰਦਵਾਜ ਅਤੇ ਪਾਕਿਸਤਾਨ ਤੋਂ ਕੇ.ਪੀ.ਕੇ. ਸੂਬੇ ਦੀ ਵਿਧਾਇਕ ਸੋਫ਼ੀਆ ਖਾਨ ਨੂੰ ਸਰੋਤਿਆਂ ਦੀ ਭਰਵੀਂ ਹਾਜ਼ਰੀ ਵਿਚ ਸਨਮਾਨਤ ਕੀਤਾ ਗਿਆ। ਰਾਜਾ ਅੱਬਾਸ, ਸ਼ਾਹ ਨਵਾਜ ਸ਼ਾਨੀ ਦੀ ਅਗਵਾਈ ਵਿਚ ਕਰਵਾਏ ਗਏ ਇਸ ਸਮਾਰੋਹ ਦੌਰਾਨ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਉਘੇ ਵਕੀਲ ਗੁਰਪ੍ਰੀਤ ਗਿੱਲ ਨੇ ਕਿਹਾ ਕਿ ਪਾਕਿਸਤਾਨੀ ਨੇਤਾ ਸੋਫ਼ੀਆ ਖ਼ਾਨ ਨੇ ਮਨੁੱਖੀ ਹੱਕਾਂ ਦੀ ਬਹਾਲੀ ਅਤੇ ਸਮਾਜ ਭਲਾਈ ਦੇ ਕੰਮਾਂ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ। ਨਰੇਸ਼ ਭਾਰਦਵਾਜ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਆਖਿਆ ਕਿ ਸਮਾਜ 'ਚ ਵੱਖੋ-ਵੱਖ ਖੇਤਰਾਂ 'ਚ ਪਾਏ ਗਏ ਯੋਗਦਾਨ ਲਈ ਸ੍ਰੀ ਨਰੇਸ਼ ਭਾਰਦਵਾਜ ਐਡਮਿੰਟਨ ਵਾਸੀਆਂ ਲਈ ਹਰਮਨ ਪਿਆਰੇ ਨੇਤਾ ਹਨ। ਇਸ ਦੌਰਾਨ ਸ਼ਾਹ ਨਵਾਜ ਸ਼ਾਨੀ ਨੇ ਸੋਫ਼ੀਆ ਖਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਨਰੇਸ਼ ਭਾਰਦਵਾਜ ਅਤੇ ਸੋਫ਼ੀਆ ਖਾਨ ਨੇ ਸਨਮਾਨ ਹਾਸਲ ਕਰਨ ਉਪਰੰਤ ਜਿਥੇ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਉਥੇ ਇਹ ਵੀ ਆਖਿਆ ਕਿ ਅਜਿਹੇ ਸਨਮਾਨ ਉਨ੍ਹਾਂ ਨੂੰ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਦੇ ਹਨ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਉਘੇ ਵਕੀਲ ਸਰਜਨ ਲੂਥਰਾ, ਵਿਸ਼ਾਲ ਲੂਥਰਾ, ਸੁੱਖ ਢਿੱਲੋਂ, ਜਗਰੂਪ ਗਿੱਲ, ਮਨਜਿੰਦਰ ਪੂਨੀਆ, ਬਿੱਟੂ ਦਿਓਲ, ਸਈਅਦ ਰਜਵਾਨ ਸਮੇਤ ਹੋਰ ਕਈ ਸ਼ਖ਼ਸ਼ੀਅਤਾਂ ਹਾਜ਼ਰ ਸਨ।

## ਕਨੇਡੀਅਨ ਮੌਜ਼ਿਕ ਆਰਟਿਸਟ ਐਸੋਸੀਏਸ਼ਨ ਨੂੰ ਅਲਬਰਟਾ ਸਰਕਾਰ ਵਲੋਂ ਸਹਾਇਤਾ



ਅਲਬਰਟਾ (ਨਦਬ) : ਅਲਬਰਟਾ ਸਰਕਾਰ ਦੇ ਮੰਤਰੀ ਨਰੇਸ਼ ਭਾਰਦਵਾਜ ਤੇ ਐਮ.ਐਲ.ਏ. ਸੋਹੇਲ ਕਾਦਰੀ ਹੋਰਾਂ ਵਲੋਂ ਕਨੇਡੀਅਨ ਮੌਜ਼ਿਕ ਆਰਟਿਸਟ ਐਸੋਸੀਏਸ਼ਨ ਨੂੰ ਉਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਲਈ ਮਾਲੀ ਸਹਾਇਤਾ ਦਾ ਚੈੱਕ ਦਿੱਤਾ ਗਿਆ। ਇਸ ਮੌਕੇ ਨਰੇਸ਼ ਭਾਰਦਵਾਜ ਨੇ ਕਿਹਾ ਕਿ ਕਨੇਡੀਅਨ ਮੌਜ਼ਿਕ ਆਰਟਿਸਟ ਐਸੋਸੀਏਸ਼ਨ ਵਲੋਂ ਜੋ ਉਪਰਾਲਾ ਆਪਣੀ ਕਲਾ ਤੇ ਸਭਿਆਚਾਰ ਪ੍ਰਤੀ ਕੀਤਾ ਜਾ ਰਿਹਾ ਹੈ, ਉਹ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਬਹੁਤ ਥੋੜ੍ਹੇ ਸਮੇਂ ਵਿਚ ਇਸ ਸੰਸਥਾ ਨੇ ਜੋ ਕਾਰਗੁਜ਼ਾਰੀ ਲੋਕ ਆਰਟ ਨੂੰ ਉਭਾਰਨ ਦੀ ਕੀਤੀ ਹੈ, ਉਹ ਕਾਬਲੇ ਤਾਰੀਫ਼ ਹੈ। ਮੈਨੂੰ ਖ਼ੁਸ਼ੀ ਹੈ ਕਿ ਅਸੀਂ ਆਰਥਕ ਤੌਰ 'ਤੇ ਇਸ ਸੰਸਥਾ ਦੀ ਮਦਦ ਕਰ ਰਹੇ ਹਾਂ। ਇਸ ਮੌਕੇ ਸੰਸਥਾ ਦੇ ਚੇਅਰਮੈਨ ਉਪਿੰਦਰ ਮਠਾੜੂ, ਪ੍ਰਧਾਨ ਲਾਡੀ ਪੱਡਾ, ਉਪ ਪ੍ਰਧਾਨ ਗੁਰਦੀਪ ਜੌਹਲ, ਕਲਚਰ ਡਾਇਰੈਕਟਰ ਦੇਵ ਮਾਨ, ਮੀਡੀਆ ਪਰਸਨ ਲਾਡੀ ਸੁਸ, ਖ਼ਜ਼ਾਨਚੀ ਮਨਮਿੰਦਰ ਬਾਗੀ, ਸਕੱਤਰ ਅਮ੍ਰਿਤ ਪਵਾਰ, ਤਾਇਆ ਬੰਤਾ, ਮੇਵਾ ਸਿੰਘ ਬਰਾੜ, ਬਲਜੀਤ ਕਲਸੀ ਹਾਜ਼ਰ ਸਨ।

## ਮੈਡੀਕਲ ਕਲੀਨਿਕ ਦਾ ਉਦਘਾਟਨ



ਐਡਮਿੰਟਨ (ਨਦਬ) : ਇਥੇ ਸਾਊਥ ਸਾਈਡ ਤੇ (9216, 34 ਐਵਨਿਊ) ਨਵੇਂ ਮੈਡੀਕਲ ਕਲੀਨਿਕ ਦਾ ਉਦਾਘਟਨ ਕੀਤਾ ਗਿਆ। ਇਸ ਕਲੀਨਿਕ ਦਾ ਗੋਲਡਜ਼ ਜਿੰਮ ਕਾਰਪੋਰੇਸ਼ਨ ਦੇ ਚੇਅਰਮੈਨ ਨਾਦਰ ਚੇਆਬ, ਵਿਧਾਇਕ ਨਰੇਸ਼ ਭਾਰਦਵਾਜ ਅਤੇ ਸੁਹੇਲ ਕਾਦਰੀ ਨੇ ਸਾਂਝੇ ਤੌਰ 'ਤੇ ਕੀਤਾ। ਉਦਘਾਟਨ ਸਮਾਰੋਹ ਦੌਰਾਨ ਮੈਡੀਕਲ ਕਲੀਨਿਕ ਦੇ ਸੀ.ਈ.ਓ. ਸ੍ਰੀ ਟੋਨੀ ਭੁੱਲਰ, ਮੈਡੀਕਲ ਡਾਇਰੈਕਟਰ ਡਾ. ਨੀਤੂ ਸੈਣੀ, ਬੱਚਿਆਂ ਦੇ ਰੋਗਾਂ ਦੇ ਮਾਹਰ ਡਾ. ਨੀਲ, ਡਾ. ਕਾਰਮਨ ਕਰਬੀ, ਡਾ. ਚੌਧਰੀ, ਡਾ. ਅਲਾਕਾ, ਡਾ. ਜੇ ਬਰਾੜ, ਡਾ. ਔਲਖ, ਅਮਨ ਗਿੱਲ, ਮਨਨ ਪਰਾਸ਼ਰ ਸਮੇਤ ਹੋਰ ਸ਼ਹਿਰ ਦੀਆਂ ਕਈ ਸਖ਼ਸ਼ੀਅਤਾਂ ਮੌਜੂਦ ਸਨ।



ਕੇ.ਪੀ. ਅਕਾਊਂਟਿੰਗ ਐਂਡ ਟੈਕਸ ਸਰਵਿਸਿਜ਼ ਦੇ ਮਾਲਕ ਕਪਿਲ ਸ਼ਰਮਾ ਆਪਣੇ ਦਫ਼ਤਰ ਦੀ ਨਵੀਂ ਇਮਾਰਤ ਦੇ ਉਦਘਾਟਨ ਮੌਕੇ ਆਪਣੇ ਦਫ਼ਤਰੀ ਕਰਮਚਾਰੀਆਂ ਨਾਲ।





ਮਿਸ਼ਨ ਆਟੋ ਐਡਮਿੰਟਨ ਦੇ ਮਾਲਕ ਐਮ.ਸ਼ੈਮ ਵਲੋਂ ਉਘੇ ਪੰਜਾਬੀ ਲੋਕ ਗਾਇਕ ਅੰਗਰੇਜ਼ ਅਲੀ ਨੂੰ ਇਕ ਵਿਸ਼ੇਸ਼ ਸਭਿਆਚਾਰਕ ਸ਼ਾਮ ਦੌਰਾਨ ਲੋਕਾਂ ਦੇ ਰੂ-ਬ-ਰੂ ਕੀਤਾ। ਸੈਮ ਨੇ ਦੱਸਿਆ ਕਿ ਅੰਗਰੇਜ਼ ਅਲੀ ਨਾਲ ਉਨ੍ਹਾਂ ਦੀ ਨੇੜਤਾ ਹੋਣ ਦੇ ਨਾਲ-ਨਾਲ ਕਨੇਡਾ ਦੀ ਸੈਰ 'ਤੇ ਆਏ ਅੰਗਰੇਜ਼ ਅਲੀ ਨੂੰ ਆਪਣੇ ਸਾਥੀਆਂ ਨਾਲ ਮਿਲਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਇਸ ਸਭਿਆਚਾਰਕ ਸ਼ਾਮ ਦਾ ਪ੍ਰਬੰਧ ਕੀਤਾ।

## ਜੀ.ਐਂਡ ਐਸ. ਗਿੱਲ ਟਰੱਕਿੰਗ ਵਲੋਂ ਨਵੇਂ ਸਾਲ 'ਤੇ ਸ਼ਾਨਦਾਰ ਪਾਰਟੀ



ਐਡਮਿੰਟਨ (ਨਦਬ) : ਐਡਮਿੰਟਨ ਦੀ ਜੀ. ਐਂਡ ਐਸ. ਟਰੱਕਿੰਗ ਕੰਪਨੀ ਵਲੋਂ ਨਵੇਂ ਸਾਲ ਦੇ ਮੌਕੇ 'ਤੇ ਸਥਾਨਕ ਮੌਰੀਆ ਪੈਲੇਸ ਵਿਖੇ ਸ਼ਾਨਦਾਰ ਪਾਰਟੀ ਦਿੱਤੀ ਗਈ, ਜਿਸ ਵਿਚ ਡਰਾਈਵਰ ਭਾਈਚਾਰੇ ਤੋਂ ਇਲਾਵਾ ਵੱਖ-ਵੱਖ ਟਰੱਕਿੰਗ ਕੰਪਨੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਜੀ. ਐਂਡ ਐਸ. ਗਿੱਲ ਟਰੱਕਿੰਗ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਗਿੱਲ ਮਕਸੂਦੜਾ ਨੇ ਨਵੇਂ ਸਾਲ ਦੀ ਵਧਾਈ ਦਿੰਦਿਆਂ ਕਿਹਾ ਕਿ ਕੰਪਨੀ ਦੀ ਤਰੱਕੀ ਵਿਚ ਸ਼ਾਮਲ ਡਰਾਈਵਰ ਭਾਈਚਾਰਾ ਤੇ ਸਹਿਯੋਗੀ ਕੰਪਨੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਮੌਕੇ ਪਰਮਜੀਤ ਮਾਨ ਨੇ ਗੀਤਾਂ ਰਾਹੀਂ ਭਰਪੂਰ ਮਨੋਰੰਜਨ ਕੀਤਾ ਅਤੇ ਪਾਰਟੀ ਨੂੰ ਰੰਗੀਨ ਬਣਾ ਦਿੱਤਾ। ਇਸ ਪਾਰਟੀ 'ਚ ਜਤਿੰਦਰਪਾਲ ਭੱਠਲ, ਜੌਲੀ ਗਿੱਲ, ਚਰਨਜੀਤ ਗਿੱਲ, ਗੁਰਮੁਖ ਧਾਲੀਵਾਲ, ਮਗਵਿੰਦਰ ਸਿੰਘ ਪਟਵਾਰੀ, ਅਮਰੀਕ ਸਿੰਘ ਅਤੇ ਗੁਰਕੀਰਤ ਸਿੰਘ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ 'ਚ ਹਾਜ਼ਰ ਸਨ।



# ਇਕ ਸਦੀ ਤੋਂ ਨਸੂਰ ਬਣਿਆ ਜ਼ਖ਼ਮ ਕਾਮਾਗਾਟਾਮਾਰੂ

**ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ 'ਕਾਮਾਗਾਟਾ ਮਾਰੂ ਜਹਾਜ਼' ਦਾ ਸਾਕਾ ਵਾਰ-ਵਾਰ ਜ਼ਿਹਨ 'ਤੇ ਹਥੋੜੇ ਵਾਂਗ ਵੱਜਦਾ ਹੈ। ਇਸ ਇਤਿਹਾਸਕ ਘਟਨਾ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਇਕ ਨਵੀਂ ਚੇਤਨਾ ਅਤੇ ਚਿੰਤਨ ਦੇ ਰਾਹੇ ਪਾਉਣ ਦੇ ਨਾਲ-ਨਾਲ ਨਵਾਂ ਜੋਸ਼ ਵੀ ਮੁਹੱਈਆ ਕੀਤਾ। 2013 ਜਿਥੇ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਰਿਹਾ, ਉਥੇ 2014 ਨੂੰ ਕਾਮਾਗਾਟਾਮਾਰੂ ਦੇ ਸ਼ਤਾਬਦੀ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ। ਹਥਲੀ ਲਿਖਤ ਵਿਚ ਤੇਜਿੰਦਰ ਵਿਰਲੀ ਦੀ ਸੂਝ ਭਰੀ ਨਜ਼ਰ 'ਕਾਮਾਗਾਟਾ ਮਾਰੂ' ਦੀ ਇਸ ਘਟਨਾ ਦੇ ਆਰ-ਪਾਰ ਦੇਖਦੀ ਹੋਈ, ਇਹਦੇ ਸਾਰੇ ਪਾਸਾਰਾਂ ਦੀ ਪੁਣ-ਛਾਣ ਕਰਦੀ ਹੈ। 'ਨਵੀਂ ਦੁਨੀਆ' ਇਸ ਲਿਖਤ ਨੂੰ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ। - ਸੰਪਾਦਕ**

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



ਕਾਮਾਗਾਟਾਮਾਰੂ ਦੀ ਘਟਨਾ ਭਾਰਤ ਵਾਸੀਆਂ ਲਈ ਖਾਸ ਮਹੱਤਵ ਦੀ ਲਖਾਇਕ ਹੈ। ਕਿਉਂਕਿ ਇਸ ਘਟਨਾ ਨੇ ਭਾਰਤੀਆਂ ਦੇ ਬਦੇਸ਼ਾਂ ਵਿਚ ਜਾਣ ਦੇ ਸੁਪਨੇ ਨੂੰ ਹੀ ਕੇਵਲ ਚੂਰ ਚੂਰ ਨਹੀਂ ਕੀਤਾ ਸਗੋਂ ਗੁਲਾਮੀ ਦਾ ਅਹਿਸਾਸ ਵੀ ਬੜੀ ਸ਼ਿੱਦਤ ਦੇ ਨਾਲ ਭਾਰਤ ਵਾਸੀਆਂ ਨੂੰ ਕਰਵਾਇਆ ਇਸ ਲਈ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਵੀ ਇਸ ਦੁਖਾਂਤ ਦਾ ਆਪਣਾ ਇਕ ਸ਼ਾਨਾਮੱਤਾ ਪੰਨਾਂ ਦਰਜ਼ ਹੈ; ਜਿਹੜਾ ਵਕਤ ਦੀ ਧੂੜ ਨਾਲ ਮਿਟਿਆ ਨਹੀਂ ਸਗੋਂ ਹੋਰ ਵੀ ਉੱਭਰਵੇਂ ਰੂਪ ਵਿਚ ਪ੍ਰਗਟ ਹੋਇਆ ਹੈ। ਕਿਉਂਕਿ ਵਕਤ ਦੇ ਬੀਤਣ ਦੇ ਨਾਲ ਬਹੁਤ ਸਾਰੇ ਦਸਤਾਵੇਜ਼ ਜੱਗ ਜਾਹਰ ਹੋਏ ਹਨ ਜਿਹੜੇ ਸਾਮਰਾਜੀ ਦੌਰ ਵਿਚ ਦੇਖਣੇ ਨਸੀਬ ਨਹੀਂ ਸਨ ਹੋ ਸਕਦੇ। ਇਨ੍ਹਾਂ ਦਸਤਾਵੇਜ਼ਾਂ ਨੇ ਜਿੱਥੇ ਦੇਸ਼ ਭਗਤਾਂ ਦੀ ਕੁਰਬਾਨੀ ਤੇ ਉਨ੍ਹਾਂ ਦੇ ਹੌਸਲੇ ਦੀ ਦਾਸਤਾਨ ਨੂੰ ਚਾਰ ਚੰਨ ਲਾਏ ਹਨ ਉੱਥੇ ਬਰਤਾਨਵੀ ਬਸਤੀਵਾਦੀਆਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ ਦੇ ਕੁਫਰ ਦਾ ਭਾਂਡਾ ਵੀ ਚੁਰਾਹੇ ਵਿਚ ਭੰਨਿਆਂ ਹੈ। ਇਸੇ ਲਈ ਹੀ ਇਕ ਸਦੀ ਬਾਦ ਕੈਨੇਡਾ ਦੀ ਸਰਕਾਰ ਆਪਣੇ ਪੂਰਵਜਾਂ ਦੇ ਕੀਤੇ ਉੱਪਰ ਸ਼ਰਮਸ਼ਾਰ ਹੋਣ ਲਈ ਅੱਜ ਮਜਬੂਰ ਹੋਈ ਹੈ। ਕਿਉਂਕਿ ਇਸ ਦੁਖਾਂਤਕ ਘਟਨਾ ਦੇ ਸਾਰੇ ਸ਼ਿਕਾਰ ਪੰਜਾਬੀ ਹੀ ਬਣੇ ਇਸ ਕਰਕੇ ਇਹ ਘਟਨਾ ਪੰਜਾਬੀਆਂ ਨੂੰ ਵਧੇਰੇ ਖਿੱਚ ਪਾਉਂਦੀ ਹੈ।ਅੱਜ ਪੰਜਾਬੀ ਚਿੰਤਕਾਂ ਤੇ ਰਾਜਸੀ ਆਗੂਆਂ ਨੂੰ ਵੀ ਇਹ ਚਾਹੀਦਾ ਹੈ ਕਿ ਉਹ ਕਾਮਾਗਾਟਾਮਾਰੂ ਤੋਂ ਲੈਕੇ ਮਾਲਟਾ ਕਾਂਡ ਦੇ ਦੁਖਾਂਤ ਬਾਰੇ ਨਿੱਠ ਕੇ ਅਧਿਐਨ ਕਰਨ ਕਿ ਇਕ ਸਦੀ ਬਾਦ ਵੀ ਕਾਮਾਗਾਟਾਮਾਰੂ ਦਾ ਦੁਖਦਾਇਕ ਸਫਰ ਕਿਉਂ ਜਾਰੀ ਹੈ ? ਬਾਬਾ ਗੁਰਦਿੱਤ ਨੂੰ ਸਦਾ ਲਈ ਵਿਦਾ ਹੋਇਆਂ ਵੀ ਸੱਠ ਸਾਲ ਹੋ ਗਏ ਤੇ ਭਾਰਤ ਦੀ ਕੁਰਬਾਨੀਆਂ ਨਾਲ ਲਈ ਆਜ਼ਾਦੀ ਵੀ 65 ਸਾਲਾਂ ਦੀ ਹੋ ਗਈ ਪਰ ਦੇਸ਼ ਦੇ ਲੋਕਾਂ ਨੂੰ ਬਦੇਸ਼ ਜਾਣ ਲਈ ਅੱਜ ਵੀ 'ਕਾਮਾਗਾਟਾਮਾਰੂ' ਦਾ ਹੀ ਸਫਰ ਕਿਉਂ ਕਰਨਾ ਪੈ ਰਿਹਾ ਹੈ। ਕਾਮਾਗਾਟਾਮਾਰੂ ਦੀ ਘਟਨਾ ਨੂੰ ਸਮਝਣ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਭਾਰਤੀਆਂ ਦੀ ਬਦੇਸ਼ਾਂ ਨੂੰ ਜਾਣ ਦੀ ਰੀਝ, ਮਜਬੂਰੀ ਜਾ ਲੋੜ ਬਾਰੇ ਜਾਣ ਲਿਆ ਜਾਵੇ। ਇਸ ਲਈ ਇਹ ਬਹੁਤ ਹੀ ਜਰੂਰੀ ਬਣ ਜਾਂਦਾ ਹੈ ਕਿ ਇਸ ਦੁਖਦਾਇਕ ਘਟਨਾ ਦੀਆਂ ਜੜ੍ਹਾ ਫਰੋਲ ਲਈਆਂ ਜਾਣ ਅਤੇ ਇਕ ਸਦੀ ਬਾਦ ਹੀ ਕਾਮਾਗਾਟਾਮਾਰੂ ਦੇ ਦੁਖਾਂਤ ਨੂੰ ਚੰਗੀ ਤਰ੍ਹਾਂ ਨਾਲ ਸਮਝ ਲਿਆ ਜਾ ਸਕੇ; ਤਾਂ ਕਿ ਮਾਲਟਾ ਦੇ ਸਾਗਰਾਂ ਵਿਚ ਕਿਸੇ ਬਿਰਧ ਮਾਂ ਬਾਪ ਦੇ ਇਕਲੋਤੇ ਬੇਟੇ ਦੀ ਲਾਸ਼ ਮਗਰਮੱਛਾਂ ਦਾ ਖਾਜਾ ਨਾ ਬਣੇ।

ਕਈ ਵਿਦਵਾਨ ਭਾਰਤੀਆਂ ਦੇ ਬਦੇਸ਼ਾਂ ਨੂੰ ਜਾਣ ਦੇ ਆਰੰਭ ਬਾਰੇ ਜਦੋਂ ਗੱਲ ਕਰਦੇ ਹਨ ਤਾਂ ਬੋਧੀ ਭਿਖਸ਼ੂਆਂ ਦੇ ਧਰਮ ਪ੍ਰਚਾਰਕਾਂ ਤੱਕ ਤੁਰ ਜਾਂਦੇ ਹਨ। ਉਹ ਜਦੋਂ ਪੰਜਾਬੀਆਂ ਬਾਰੇ ਗੱਲ ਕਰਦੇ ਹਨ ਤਾਂ ਆਖਦੇ ਹਨ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਭਰਮਣ ਕੀਤੇ ਉਸੇ ਦਾ ਪ੍ਰਭਾਵ ਹੈ ਕਿ ਪੰਜਾਬੀ ਅਤੇ ਖਾਸ ਤੌਰ ਉਪਰ ਸਿੱਖ ਅੱਜ ਬਦੇਸ਼ਾਂ ਵੱਲ ਨੂੰ ਜਾ ਰਹੇ ਹਨ। ਅੱਜ ਦੇ ਪ੍ਰਵਾਸ ਨੂੰ ਬਾਬੇ ਨਾਨਕ ਦੀਆਂ ਉਦਾਸੀਆਂ ਦੇ ਨਾਲ ਜੋੜ ਦੇਣਾ ਕਿੱਥੋਂ ਤੱਕ ਵਾਜਬ ਹੈ ? ਇਹ ਸਵਾਲ ਏਨਾਂ ਆਸਾਨ ਨਹੀਂ ਹੈ। ਕਿਉਂਕਿ ਧਰਮ ਦੇ ਪ੍ਰਚਾਰ ਲਈ ਜਾਣਾ ਜਾਂ ਬਾਰੇ ਨਾਨਕ ਵਾਂਗ ਉਦਾਸੀਆਂ ਉਪਰ ਜਾਣਾ ਮੱਧ ਕਾਲ ਦੀਆਂ ਇਨਕਲਾਬੀ ਘਟਨਾਵਾਂ ਹਨ ਜਿਨ੍ਹਾਂ ਨੂੰ ਕਦੇ ਵੀ ਅੱਜ ਦੇ ਪ੍ਰਵਾਸ ਨਾਲ ਰਲਗਡ ਨਹੀਂ ਕਰਨਾ ਚਾਹੀਦਾ। ਇਕ ਪਾਸੇ ਅਨੁਭਵ ਦੇ ਵਿਕਾਸ ਤੇ ਵਿਸਥਾਰ ਲਈ ਜਾਣਾ ਤੇ ਦੂਸਰੇ ਪਾਸੇ ਪੇਟ ਦੀ ਅੱਗ ਬਝਾਉਣ ਲਈ ਕਾਨੂੰਨੀ ਤੇ ਗੈਰ ਕਾਨੂੰਨੀ ਤਰੀਕੇ ਵਰਤ ਕੇ ਸੱਤ ਸੁਮੰਦਰੋਂ ਪਾਰ ਜਾਣਾ ਵੱਖੋ ਵਖਰੀਆਂ ਸਥਿਤੀਆਂ ਹਨ। ਇਨ੍ਹਾਂ ਦੋਹਾਂ ਨੂੰ ਅੱਜ ਦੇ ਪ੍ਰਵਾਸ ਨਾਲ ਰੱਲਗਡ ਬਿਲਕੁਲ ਨਹੀਂ ਕੀਤਾ ਜਾਣਾ ਚਾਹੀਦਾ। ਵਿਗਿਆਨਕ ਤੌਰ 'ਤੇ ਦੇਖੀਏ ਤਾਂ ਅੱਜ ਦੇ ਪ੍ਰਵਾਸ ਦੀਆਂ ਜੜ੍ਹਾਂ ਦਾਸ ਪ੍ਰਥਾ ਦੇ ਖਾਤਮੇਂ ਵੱਲ ਜਾਂਦੀਆਂ ਹਨ। 1830 -34 ਦੇ ਲਾਗੇ ਜਦੋਂ ਦਾਸ ਪ੍ਰਥਾ ਦੇ ਖਾਤਮੇਂ ਬਾਰੇ ਬਰਤਾਨਵੀ ਸਾਮਰਾਜਵਾਦੀ ਵੀ ਇਕ ਮੱਤ ਹੋ ਗਏ ਤਾਂ ਬਰਤਾਨੀਆਂ ਦੀਆਂ ਵੱਖ ਵੱਖ ਬਸਤੀਆਂ ਵਿਚ ਸਸਤੀ ਮਜਦੂਰੀ ਲਈ ਮਜਦੂਰ ਇਧਰੋਂ ਓਧਰ ਖੜਨ ਦੀ ਲੋੜ ਮਹਿਸੂਸ ਹੋਣ ਲੱਗੀ। ਸਸਤੀ ਮਜਦੂਰੀ ਦੀ ਲੋੜ ਵਿੱਚੋਂ ਇਸ ਪ੍ਰਵਾਸ ਦੇ ਵਰਤਾਰੇ ਨੇ ਜਨਮ ਲਿਆ। "ਸਾਲ 1834 ਤੋਂ 1937 ਤੱਕ 30 ਮਿਲੀਅਨ ਭਾਰਤੀ ਕਾਮਿਆਂ ਨੂੰ ਸਮੁੰਦਰੀ ਜਹਾਜ਼ਾਂ ਵਿਚ ਲੱਦ ਕੇ ਹੋਰ ਬਰਤਾਨਵੀ ਬਸਤੀਆਂ ਵਿਚ ਲਿਜਾਇਆ ਗਿਆ।"(1) "ਇਸੇ ਤਰ੍ਹਾਂ 1836 ਤੋਂ 1838 ਤੱਕ ਦੇ ਦੋ ਸਾਲਾਂ ਵਿਚ 22,000 ਭਾਰਤੀ ਕਾਮੇਂ ਬਦੇਸ਼ਾਂ ਨੂੰ ਗਏ। ਇਨ੍ਹਾਂ ਵਿੱਚੋਂ ਜਿਆਦਾ ਬੰਗਾਲ , ਬਿਹਾਰ, ਮਦਰਾਸ ਤੇ ਉੱਤਰ ਪ੍ਰਦੇਸ਼ ਦੇ ਸੂਬਿਆਂ ਦੇ ਹੁੰਦੇ ਸਨ।"(2) ਇਹ ਮਜਦੂਰ ਬਰਤਾਨਵੀ ਬਸਤੀਆਂ ਜਿਵੇਂ ਮੋਰਾਸ਼ਸ, ਸ਼੍ਰੀ ਲੰਕਾ, ਬ੍ਰਾਜੀਲ, ਮਲਾਇਆ, ਬਰਮਾਂ, ਸਾਉਥ ਅਫਰੀਕਾ, ਫ਼ੀਜ਼ੀ ਤੇ ਗਿਨੀ ਵਿਚ ਗਏ। ਇਨ੍ਹਾਂ ਦੇ ਬਦੇਸ਼ ਜਾਣ ਦਾ ਇਕੋਂ ਇਕ ਕਾਰਨ ਗਰੀਬੀ ਤੇ ਭੋਜਨ ਦੀ ਤੰਗੀ ਹੀ ਸੀ। ਇਨ੍ਹਾਂ ਨੂੰ ਬਦੇਸ਼ਾਂ ਵਿਚ ਲੈ ਕੇ ਜਾਣ ਵਾਲਿਆਂ ਨੂੰ ਸਸਤੀ ਮਜਦੂਰੀ ਦਾ ਲਾਲਚ ਸੀ। ਇੱਥੋਂ ਹੀ ਬਦੇਸ਼ਾਂ ਨੂੰ ਜਾਣ ਦਾ ਕਾਰਜ ਆਰੰਭ ਹੋਇਆ। ਜੇ ਇਹ ਕਹਿ ਲਿਆ ਜਾਵੇ ਕਿ ਸਾਰੀਆਂ ਹੀ ਬਰਤਾਨਵੀ ਬਸਤੀਆਂ ਵਿਚ ਰੇਲਵੇ ਦਾ ਕੰਮ ਭਾਰਤੀ ਮਜਦੂਰਾਂ ਨੇ ਹੀ ਕੀਤਾ ਤਾਂ ਇਹ ਗਲਤ ਨਹੀਂ ਹੋਵੇਗਾ। ਅੰਗਰੇਜ਼ ਬਾਕੀ ਭਾਰਤ ਦੇ ਮੁਕਾਬਲੇ ਪੰਜਾਬ ਵਿਚ ਬਹੁਤ ਹੀ ਬਾਦ ਵਿਚ ਕਾਬਜ਼ ਹੋਏ ਪਰ ਪੰਜਾਬੀਆਂ ਨਾਲ ਬਰਤਾਨਵੀ ਹਾਕਮਾਂ ਦਾ ਰਿਸ਼ਤਾ ਬੜਾ ਹੀ ਅਜੀਬ ਸੀ। ਇਸ ਦੀਆਂ ਜੜ੍ਹਾ 1857 ਦੇ ਗ਼ਦਰ ਵੱਲ ਜਾਂਦੀਆਂ ਹਨ। ਇਹ ਕੌਮੀ ਬਗ਼ਾਵਤ, ਸਾਡੇ ਦੇਸ਼ ਦੇ ਸੰਗਰਾਮੀ ਇਤਿਹਾਸ ਵਿੱਚ ਇਕ ਮੀਲ ਪੱਥਰ ਹੈ। ਇਸ ਨੂੰ ਅੰਗਰੇਜ਼ਾਂ ਨੇ ਬੜੀ ਬੇਰਹਿਮੀ ਨਾਲ ਕੁਚਲ ਦਿੱਤਾ। ਇਸ ਨਾਲ ਈਸਟ ਇੰਡੀਆ ਕੰਪਨੀ ਨੂੰ ਆਪਣੀਆਂ ਸਫਾਂ ਵਲ੍ਹੇਟਣੀਆਂ ਪੈ ਗਈਆਂ ਸਨ। ਬਰਤਾਨਵੀ ਤਾਜ ਨੇ ਸਿੱਧੇ ਤੌਰ 'ਤੇ ਹਿੰਦੁਸਤਾਨ ਦੀ ਹਕੂਮਤ ਆਪਣੇ ਹੱਥਾਂ ਵਿਚ ਲੈ ਲਈ । ਰਾਣੀ ਦੇ ਐਲਾਨਨਾਮੇ ਤੇ ਲਾਰਡ ਕੈਨਿੰਗ ਦੀ ਸਮਝੌਤੇ ਦੀ ਨੀਤੀ ਨਾਲ ਦੇਸ਼ ਵਿੱਚ ਕੁਝ ਵਕਤੀ ਠੰਢ-ਠੰਢਾਅ ਵੀ ਹੋ ਗਿਆ ਸੀ ਪਰ ਇਸ ਘਟਨਾਂ ਨੇ ਸੰਸਾਰ ਦੇ ਨਕਸ਼ੇ ਉੱਪਰ ਬਰਤਾਵੀ ਹਕੂਮਤ ਦਾ ਝੰਡਾ ਹੋਰ ਬੁਲੰਦ ਕਰ ਦਿੱਤਾ। ਇਸ ਵੱਡੀ ਘਟਨਾ ਨੇ ਸੰਸਾਰ ਭਰ ਦੇ ਚਿੰਤਕਾਂ ਨੂੰ ਇਸ ਘਟਨਾ ਬਾਰੇ ਸੋਚਣ ਲਈ ਵੀ ਮਜਬੂਰ ਕਰ ਦਿੱਤਾ। ਜਿਸ ਢੰਗ ਨਾਲ ਇਸ ਨੂੰ ਕੁਚਲਿਆ ਗਿਆ ਤੇ ਜਿਨ੍ਹਾਂ ਲੋਕਾਂ ਨੇ ਸਰਕਾਰ ਦੀ ਮਦਦ ਕੀਤੀ ਇਸ ਨਾਲ ਨਵੀਂ ਕਤਾਰਬੰਦੀ ਉੱਭਰਨੀ ਕੁਦਰਤੀ ਹੀ ਸੀ। ਮਾਰਕਸ ਨੇ ਲਿਖਿਆ ਸੀ ਕਿ "ਇਹ ਪਹਿਲੀ ਵਾਰ ਸੀ ਜਦ ਸਿਪਾਹੀਆਂ ਦੀਆਂ ਰਜਮੈਂਟਾਂ ਨੇ ਆਪਣੇ ਯੂਰਪੀ ਅਫਸਰਾਂ ਨੂੰ ਕਤਲ ਕੀਤਾ ਸੀ। ਹਿੰਦੂ ਤੇ ਮੁਸਲਮਾਨ ਆਪਸੀ ਵੈਰ-ਭਾਵ ਤਿਆਗ ਕੇ ਹਾਕਮਾਂ ਵਿਰੁੱਧ ਇਕਮੁੱਠ ਹੋਏ ਸਨ, ਹਿੰਦੂਆਂ ਵਿੱਚ ਸ਼ੁਰੂ ਹੋਈ ਹਿਲਜੁਲ ਅਮਲ ਵਿੱਚ ਦਿੱਲੀ ਦੇ ਤਖ਼ਤ ਉੱਪਰ ਇਕ ਮੁਸਲਮਾਨ ਬਾਦਸ਼ਾਹ ਨੂੰ ਸਥਾਪਤ ਕਰਨ ਵਿੱਚ ਸਹਾਈ ਹੋਈ ਸੀ ਤੇ ਇਹ ਗ਼ਦਰ ਕੁਝ ਕੁ ਖੇਤਰਾਂ ਤੀਕ ਹੀ ਸੀਮਤ ਨਹੀਂ ਸੀ ਰਿਹਾ।" ਮਾਰਕਸ ਨੇ ਉਹਨਾਂ ਕਮਜ਼ੋਰੀਆਂ ਨੂੰ ਵੀ ਨੋਟ ਕੀਤਾ ਸੀ, ਜੋ ਹਿੰਦੁਸਤਾਨੀ ਆਜ਼ਾਦੀ ਦੀ ਪਹਿਲੀ ਜੰਗ ਦੀ ਹਾਰ ਦੇ ਕਾਰਨ ਬਣੀਆਂ ਸਨ। ਬਰਤਾਨਵੀ ਹੁਕਮਰਾਨ ਇਹ ਜਾਣਦੇ ਸਨ ਕਿ ਜੇ ਸਿੱਖ ਸਾਮੰਤੀ ਰਾਜਿਆਂ ਦੀ ਲੀਡਰਸ਼ਿਪ ਹੇਠਾਂ ਕੁਝ ਸਿੱਖ ਫੌਜੀਆਂ ਨੇ ਬਰਤਾਨਵੀ ਗੁਲਾਮਕਾਰਾਂ ਦਾ ਪੱਖ ਨਾ ਲਿਆ ਹੁੰਦਾ ਤਾਂ ਇਹ ਲੜਾਈ ਬਾਗ਼ੀਆਂ ਨੇ ਜਿੱਤ ਲੈਣੀ ਸੀ। ਮਾਰਕਸ ਦੀ ਤੀਖਣ ਬੁੱਧੀ ਨੇ ਇਹ ਗੱਲ ਨੋਟ ਕੀਤੀ ਸੀ ਕਿ ਸਿੱਖਾਂ ਦੀਆਂ ਕੁਝ ਰੈਜਮੈਂਟਾਂ ਨੇ ਇਹ ਬਗ਼ਾਵਤ ਵਿੱਚ ਹਿੱਸਾ ਨਹੀਂ ਸੀ ਲਿਆ। ਸਿੱਖਾਂ ਨੂੰ ਕੇਵਲ ਅੱਠ ਸਾਲ ਪਹਿਲਾਂ ਹੀ, 1849 ਵਿੱਚ ਬਰਤਾਨਵੀਆਂ ਹੱਥੋਂ ਹਾਰ ਹੋਈ ਸੀ ਤੇ ਇਹਨਾਂ ਰੈਜਮੈਂਟਾਂ ਨੂੰ ਇਸ ਬਗ਼ਾਵਤ ਵਿੱਚ ਆਪਣੀ ਹਾਰ ਦਾ ਬਦਲਾ ਲੈਣ ਤੇ ਜਿੱਤ ਤੋਂ ਬਾਅਦ ਕਾਇਮ ਹੋਣ ਵਾਲੀ ਸਾਂਝੀ ਹਕੂਮਤ ਵਿੱਚ ਕਿਸੇ ਭਾਂਤ ਦੀ ਸੱਤਾ ਦੀ ਮੁੜ-ਪ੍ਰਾਪਤੀ ਦੀ ਸੰਭਾਵਨਾ ਨਜ਼ਰ ਆਉਂਦੀ ਸੀ। ਇਹਨਾਂ ਬਾਗੀ ਸਿੱਖਾਂ ਨੂੰ ਵੀ ਗ਼ਦਰ ਦੀਆਂ ਦੂਜੀਆਂ ਸੈਨਾਵਾਂ ਦੇ ਨਾਲ ਹੀ ਕੁਚਲ ਦਿੱਤਾ ਗਿਆ ਸੀ। ਬਰਤਾਨਵੀ ਅਧਿਕਾਰੀਆਂ ਅਨੁਸਾਰ "ਜੇ ਸਿੱਖ ਜਾਗੀਰਦਾਰ ਸਰਦਾਰਾਂ ਨੇ, ਆਪਣੀਆਂ ਅਨਪੜ੍ਹ ਫੌਜਾਂ ਸਮੇਤ, ਖੁੱਲ੍ਹੇ ਤੌਰ 'ਤੇ ਬਰਤਾਨਵੀ ਫੌਜਾਂ ਦੇ ਪੱਖ ਵਿੱਚ ਭੁਗਤਕੇ, ਬਗ਼ਾਵਤ ਦੀ ਪਿੱਠ ਵਿੱਚ ਛੁਰਾ ਨਾ ਮਾਰਿਆ ਹੁੰਦਾ ਤਾਂ ਉਹ ਯਕੀਨਨ ਹੀ ਹਾਰ ਜਾਂਦੇ।" (ਸੋਹਣ ਸਿੰਘ ਜੋਸ਼, ਗ਼ਦਰ ਪਾਰਟੀ ਦਾ ਇਤਿਹਾਸ)

ਉਨ੍ਹਾਂ ਦੀ ਇਸ ਵਫ਼ਾਦਾਰੀ ਕਾਰਨ ਹੀ ਬਰਤਾਨਵੀ ਫੌਜਾਂ ਵਿੱਚ ਸਿੱਖ ਰੰਗਰੂਟਾਂ ਦੀ ਗਿਣਤੀ ਵਿੱਚ ਤਿੱਖਾ ਵਾਧਾ ਹੋ ਗਿਆ ਸੀ। ਉਹਨਾਂ ਦੀ ਵੱਸੋਂ ਮੁਸ਼ਕਿਲ ਨਾਲ 30 ਲੱਖ ਸੀ ਤੇ ਫੌਜਾਂ ਵਿੱਚ ਸਿੱਖ ਰੰਗਰੂਟਾਂ ਦੀ ਗਿਣਤੀ ਮੁਸਲਮਾਨਾਂ ਦੇ ਬਰਾਬਰ ਹੋ ਗਈ ਸੀ। ਬਰਤਾਨਵੀ ਸਰਕਾਰ ਨੇ ਸਿੱਖ ਜੰਗਾਂ ਦੌਰਾਨ ਸਿੱਖ ਰੈਜਮੈਂਟਾਂ ਦੀ ਸੈਨਿਕ ਸਮਰੱਥਾ ਦੇਖ ਲਈ ਸੀ। ਇਸ ਕਰਕੇ ਉਸਨੇ ਆਪਣੀ ਰਣ-ਨੀਤੀ ਵਿੱਚ ਉਹਨਾਂ ਨੂੰ ਚਹੇਤੇ ਭਾਈਚਾਰੇ ਵਾਲੀ 'ਮਾਰਸ਼ਲ ਕੌਮ ' ਦਾ ਰੁਤਬਾ ਪ੍ਰਦਾਨ ਕਰ ਦਿੱਤਾ ਸੀ। ਮਾਰਸ਼ਲ ਕੌਮ ਦੇ ਫਤਵੇ ਨੇ ਸਧਾਰਨ ਸਿੱਖਾਂ ਦੇ ਮਨਾਂ ਅੰਦਰ ਹਮਦਰਦੀ ਦੇ ਬੀਜ਼ ਬੀਜ ਦਿੱਤੇ ਸਨ। ਸਿੱਖ ਜਾਗੀਰਦਾਰ ਸਰਦਾਰਾਂ ਨੂੰ ਉਹਨਾਂ ਦੀਆਂ 'ਗ਼ਦਰ ਦੌਰਾਨ ਸੇਵਾਵਾਂ' ਦੇ ਇਵਜ਼ ਵਜੋਂ ਪੰਜਾਬ ਤੇ ਯੂ.ਪੀ. ਵਿੱਚ ਜਗੀਰਾਂ ਦਿੱਤੀਆਂ ਗਈਆਂ ਸਨ ਤੇ ਸਿੱਖ ਰੈਜਮੈਂਟਾਂ ਬਰਤਾਨਵੀ ਫੌਜ ਦਾ ਵਫ਼ਾਦਾਰ ਭਾਗ ਬਣ ਗਈਆਂ ਸਨ। (ਉਹੀ )

ਉਸ ਸਮੇਂ ਪੰਜਾਬ ਦੀ ਲੀਡਰਸ਼ਿਪ ਜਾਗੀਰਦਾਰੀ ਜਮਾਤ ਦੇ ਹੱਥਾਂ ਵਿੱਚ ਸੀ, ਜੋ ਬਰਤਾਨਵੀ ਸਾਮਰਾਜ ਦੀ ਹਮਾਇਤੀ ਸੀ। ਪੰਜਾਬੀ ਟੋਡੀਵਾਦ, ਝੋਲੀ ਚੁੱਕ, ਇਨਾਮਾਂ, ਅਹੁਦਿਆਂ ਤੇ ਦਰਬਾਰ ਵਿੱਚ ਸੀਟਾਂ ਪ੍ਰਾਪਤ ਕਰਨ ਦੀ ਸਿੱਲ੍ਹ ਵਿੱਚ ਡੁੱਬ ਚੁੱਕੇ ਸਨ। ਅੰਗਰੇਜ਼ਾਂ ਦੇ ਹਿੱਤ ਵੀ ਇਸ ਵਿਚ ਹੀ ਸੁਰੱਖਿਅਤ ਸਨ ਕਿ ਪੰਜਾਬ ਗ਼ੈਰ-ਸਿਆਸੀ ਸੂਬਾ ਬਣਿਆ ਰਹੇ। ਅੰਗਰੇਜ਼ ਸੁਚੇਤ ਤੌਰ 'ਤੇ ਪੰਜਾਬ 'ਚੋਂ ਆਏ ਸਿਪਾਹੀਆਂ ਨੂੰ ਤਰਜੀਹ ਦਿੰਦੇ ਸਨ। ਫੌਜ ਵਿਚ ਭਰਤੀ ਹੀ ਪੰਜਾਬੀਆਂ ਦੇ ਰੋਟੀ ਰੁਕ ਦਾ ਆਹਰ ਬਣ ਗਈ ਸੀ।

*(ਚਲਦਾ)*



**ਪਹਿਲੇ ਸਫ਼ੇ ਦੀ ਬਾਕੀ**

## ਡਰੱਗ ਰੈਕਟ ਦਾ ਮਾਸਟਰ ਮਾਈਂਡ ਬਿਕਰਮ ਮਜੀਠੀਆ : ਜਗਦੀਸ਼ ਭੋਲਾ

ਹਾਲਾਂਕਿ ਇਸ ਸਬੰਧੀ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮਜੀਠੀਆ ਨੂੰ ਕਲੀਨ ਚਿੱਟ ਦਿੰਦਿਆਂ ਇਨ੍ਹਾਂ ਸਾਰੇ ਦੋਸ਼ਾਂ ਨੂੰ ਬਿਲਕੁਲ ਬੇਬੁਨਿਆਦ ਕਰਾਰ ਦਿੰਦਿਆਂ ਸਿਆਸੀ ਸਟੰਟ ਦੱਸਿਆ ਹੈ।



ਉਧਰ ਡਰੱਗ ਤਸਕਰੀ ਮਾਮਲੇ ਵਿੱਚ ਨਾਮਜ਼ਦ ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਸਿੰਘ ਉਰਫ਼ ਭੋਲਾ, ਬਿੱਟੂ ਔਲਖ, ਸਰਬਜੀਤ ਸਿੰਘ ਸਾਬਾ, ਜਗਜੀਤ ਸਿੰਘ ਚਾਹਲ, ਬਲਜਿੰਦਰ ਸਿੰਘ ਸੋਨੂੰ ਅਤੇ ਬਲਜੀਤ ਸਿੰਘ ਮੁਹਾਲੀ ਅਦਾਲਤ ਵਿੱਚ ਪੇਸ਼ ਹੋਏ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ (ਸੀਨੀਅਰ ਡਿਵੀਜ਼ਨ) ਪਰਮਿੰਦਰਪਾਲ ਸਿੰਘ ਨੇ ਮਾਮਲੇ ਦੀ ਸੁਣਵਾਈ 20 ਜਨਵਰੀ ’ਤੇ ਅੱਗੇ ਪਾ ਦਿੱਤੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਦੀਸ਼ ਭੋਲਾ ਨੇ ਕਿਹਾ ਕਿ ਸਮੁੱਚੇ ਡਰੱਗ ਰੈਕਿਟ ਵਿੱਚ ਮਜੀਠੀਆ ਦੀ ਮਿਲੀਭੁਗਤ ਹੈ ਅਤੇ ਜਾਂਚ ਦੌਰਾਨ ਮਜੀਠੀਆ ਵੱਲੋਂ ਸੀ.ਆਈ.ਏ. ਸਟਾਫ਼ ਪਟਿਆਲਾ ਨੂੰ ਵਾਰ-ਵਾਰ ਫੋਨ ਵੀ ਕੀਤੇ ਜਾਂਦੇ ਸਨ। ਮੰਤਰੀ ਦਾ ਫੋਨ ਆਉਣ ਤੋਂ ਬਾਅਦ ਜਾਂਚ ਰੋਕ ਦਿੱਤੀ ਜਾਂਦੀ ਸੀ। ਇਹੀ ਨਹੀਂ ਉਸ ਵੱਲੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿੱਚ ਮਜੀਠੀਆਂ ਦਾ ਨਾਂ ਲੈਣ ਤੋਂ ਬਾਅਦ ਪਟਿਆਲਾ ਜ਼ਿਲ੍ਹੇ ਦੀ ਪੁਲੀਸ ਨੇ ਉਸ ਦਾ ਹੋਰ ਪੁਲੀਸ ਰਿਮਾਂਡ ਨਹੀਂ ਮੰਗਿਆ ।

ਭੋਲਾ ਨੇ ਐਸ.ਐਸ.ਪੀ. ਮਾਨ ਸਮੇਤ ਇਸ ਮਾਮਲੇ ਦੀ ਜਾਂਚ ਕਰਨ ਵਾਲੀ ਸਮੁੱਚੀ ਟੀਮ ’ਤੇ ਦੋਸ਼ ਲਾਇਆ ਕਿ ਹੁਣ ਤੱਕ ਰਿਸ਼ਵਤ ਦੇ ਰੂਪ ਵਿੱਚ ਕਰੀਬ 25 ਕਰੋੜ ਰੁਪਏ ਲਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕੁੱਲ 23 ਐਸ.ਐਸ.ਪੀ. ਕੰਮ ਕਰ ਰਹੇ ਹਨ ਪਰ ਨਸ਼ੀਲੇ ਪਦਾਰਥ ਜਿਨ੍ਹਾਂ ’ਚ ਹੈਰੋਇਨ ਅਤੇ ਹੋਰ ਕਿਸਮ ਦੇ ਨਸ਼ੇ ਸ਼ਾਮਲ ਹਨ, ਕੇਵਲ ਪਟਿਆਲਾ ਪੁਲੀਸ ਵੱਲੋਂ ਫੜੇ ਗਏ ਹਨ। ਭੋਲਾ ਨੇ ਪੁਲੀਸ ਜਾਂਚ ’ਤੇ ਕਿੰਤੂ ਕਰਦਿਆਂ ਕਿਹਾ ਕਿ ਉਹ ਸ਼ੁਰੂ ਤੋਂ ਕਹਿੰਦਾ ਆ ਰਿਹਾ ਹੈ ਕਿ ਇਸ ਸਮੁੱਚੇ ਮਾਮਲੇ ਦੀ ਸੀ.ਬੀ. ਆਈ. ਤੋਂ ਜਾਂਚ ਕਰਵਾਈ ਜਾਵੇ ਪਰ ਪੰਜਾਬ ਦੇ ਮੁੱਖ ਮੰਤਰੀ ਸੀ.ਬੀ.ਆਈ. ਨੂੰ ਜਾਂਚ ਸੌਂਪਣ ਲਈ ਤਿਆਰ ਨਹੀਂ ਹਨ। ਭੋਲੇ ਨੇ ਆਪਣੀ ਜਾਨ ਨੂੰ ਖਤਰਾ ਦੱਸਦੇ ਹੋਏ ਆਖਿਆ ਕਿ ਉਸ ’ਤੇ ਆਪਣੀ ਜ਼ੁਬਾਨ ਬੰਦ ਰੱਖਣ ਲਈ ਕਾਫੀ ਦਬਾਅ ਪਾਇਆ ਜਾ ਰਿਹਾ ਹੈ। ਜੇਲ੍ਹ ਵਿੱਚ ਉਸ ਦੀ ਜਾਨ ਨੂੰ ਖਤਰਾ ਹੈ।

ਅਦਾਲਤ ਦੇ ਬਾਹਰ ਜਗਦੀਸ਼ ਭੋਲਾ ਦੇ ਵਕੀਲ ਗੋਪਾਲ ਮਾਹਲ ਨੇ ਕਿਹਾ ਕਿ ਪੁਲੀਸ ਵੱਲੋਂ ਉਸ ਦੇ ਮੁਵੱਕਿਲ ਨੂੰ ਕਿਸੇ ਡੂੰਘੀ ਸਾਜ਼ਿਸ਼ ਤਹਿਤ ਝੂਠੇ ਮਾਮਲੇ ਵਿੱਚ ਫਸਾਇਆ ਜਾ ਰਿਹਾ ਹੈ। ਉਧਰ ਪਟਿਆਲਾ ਦੇ ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਨੇ ਵੀ ਉਨ੍ਹਾਂ ’ਤੇ ਲੱਗੇ ਸਾਰੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਭੋਲਾ ਝੂਠ ਬੋਲ ਰਿਹਾ ਹੈ।

ਇਸੇ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਮਾਮਲੇ ਉਪਰ ਆਪਣੀ ਟਿੱਪਣੀ ਦਿੰਦਿਆਂ ਕਿਹਾ ਕਿ ਭੋਲਾ ਇਸ ਮਾਮਲੇ ਨੂੰ ਸਿਆਸੀ ਰੰਗਤ ਦੇ ਕੇ ਬਚਣ ਦੀ ਤਾਕ ਵਿੱਚ ਹੈ। ਉਨ੍ਹਾਂ ਕਿਹਾ ਕਿ ਜੇ ਇਹ ਬੰਦੇ ਉਨ੍ਹਾਂ ਦੇ ਹੁੰਦੇ ਤਾਂ ਉਹ ਇਨ੍ਹਾਂ ਨੂੰ ਫੜਦੇ ਹੀ ਕਿਉਂ, ਉਂਜ ਵੀ ਭੋਲਾ ਲੰਮੇ ਸਮੇਂ ਤੋਂ ਚੁੱਪ ਕਿਉਂ ਸੀ ਅਤੇ ਹੁਣ ਅਚਨਚੇਤ ਨਾਮ ਕਿਵੇਂ ਲੈਣ ਲੱਗ ਪਿਆ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਇਸ ਮਾਮਲੇ ਨੂੰ ਸੀਬੀਆਈ ਹਵਾਲੇ ਕਰਨਗੇ ਤਾਂ ਉਨ੍ਹਾਂ ਕਿਹਾ ਕਿ ਇਹ ਪ੍ਰੈਸ ਕਾਨਫਰੰਸ ਐਨਆਰਆਈ ਸੰਮੇਲਨ ਬਾਰੇ ਸੱਦੀ ਹੈ ਅਤੇ ਉਹ ਇਸ ਵਿੱਚ ਅਪਰਾਧਿਕ ਮਾਮਲਿਆਂ ਉਪਰ ਚਰਚਾ ਕਰਨੀ ਨਹੀਂ ਚਾਹੁੰਦੇ।

## ਮਾਪਿਆਂ ਨੂੰ ਸੱਦਣ ਲਈ...

ਇਸ ਸਬੰਧੀ ਅਰਜ਼ੀਆਂ ਸਿਰਫ ਮੇਲ ਜਾਂ ਕੋਰੀਅਰ ਰਾਹੀਂ ਹੀ ਸਵੀਕਾਰ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਕਨੇਡਾ ਸਰਕਾਰ ਵਲੋਂ ਅਹਿਮ ਫ਼ੈਸਲਾ ਲੈਂਦਿਆਂ ਹੁਣ ਕਨੇਡਾ ਵਾਸੀਆਂ ਨੂੰ ਆਪਣੇ ਮਾਪਿਆਂ ਅਤੇ ਬਜ਼ੁਰਗਾਂ ਨੂੰ ਦਸ ਸਾਲ ਤਕ ਉਨ੍ਹਾਂ ਦਾ ਖ਼ਰਚ ਚੁੱਕਣ ਦੀ ਸ਼ਰਤ ਨੂੰ ਵਧਾ ਕੇ 20 ਸਾਲਾਂ ਲਈ ਕਰ ਦਿੱਤਾ ਗਿਆ ਹੈ। ਇਨ੍ਹਾਂ ਨਵੀਆਂ ਤਬਦੀਲੀਆਂ ਨਾਲ ਸਰਕਾਰ ਵੱਲੋਂ ਇਹ ਸਪਸ਼ਟ ਕੀਤਾ ਜਾ ਰਿਹਾ ਹੈ ਕਿ ਸਪਾਂਸਰ ਨੂੰ ਇਹ ਭਰੋਸਾ ਦਿਵਾਉਣਾ ਹੋਵੇਗਾ ਕਿ ਪੇਰੈਂਟ ਜਾਂ ਗ੍ਰੈਂਡਪੇਰੈਂਟ ਕਨੇਡੀਅਨ ਸਰਕਾਰ ਤੋਂ ਸੋਸ਼ਲ ਅਸਿਸਟੈਂਸ ਹਾਸਲ ਕਰਨ ਦੀ ਲੋੜ ਨਹੀਂ ਹੋਵੇਗੀ। ਯੂਨੀਵਰਸਿਟੀ ਆਫ ਓਟਵਾ ਵਿੱਚ ਰਫਿਊਜੀ ਲਾਇਰ ਤੇ ਅਸਿਸਟੈਂਟ ਪ੍ਰੋਫੈਸਰ ਆਫ ਲਾਅ ਜੇਮੀ ਲਿਊ ਨੇ ਆਖਿਆ ਕਿ ਸਰਕਾਰ ਇਸ ਤਰ੍ਹਾਂ ਦੀਆਂ ਸ਼ਰਤਾਂ ਰੱਖ ਕੇ ਗਲਤ ਸੁਨੇਹਾ ਦੇ ਰਹੀ ਹੈ। ਪਰ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਮਨਿਸਟਰ ਕ੍ਰਿਸ ਅਲੈਗਜ਼ੈਂਡਰ ਨੇ ਅਕਤੂਬਰ ਵਿੱਚ ਆਖਿਆ ਸੀ ਕਿ ਇਸ ਨਵੇਂ ਪ੍ਰੋਗਰਾਮ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਜਿਨ੍ਹਾਂ ਨੂੰ ਪਰਿਵਾਰ ਸਪਾਂਸਰ ਕਰਨ ਜਾ ਰਹੇ ਹਨ ਉਨ੍ਹਾਂ ਦਾ ਭਰਨ ਪੋਸ਼ਣ ਕਰਨ ਲਈ ਉਨ੍ਹਾਂ ਕੋਲ ਲੋੜੀਂਦੇ ਸਾਧਨ ਵੀ ਹਨ ਤੇ ਇਸ ਨਾਲ ਟੈਕਸਦਾਤਾਵਾਂ ਦੇ ਹਿਤਾਂ ਦੀ ਵੀ ਰਾਖੀ ਹੋਵੇਗੀ।

# ਪਿਆਰ ਦੇ ਸਹਾਰੇ ਢਿੱਡ ਨਹੀਂ ਭਰਦਾ: ਹਾਈ ਕੋਰਟ

ਚੰਡੀਗੜ੍ਹ (ਨਦਬ) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸੁਣਾਇਆ ਗਿਆ ਇਕ ਫ਼ੈਸਲਾ ਪਿਆਰ ਦੇ ‘ਚੱਕਰ’ ਵਿੱਚ ਘਰੋਂ ਭੱਜੇ ਜੋੜਿਆਂ ਲਈ ‘ਮਹਿੰਗਾ ਸੌਦਾ’ ਬਣ ਗਿਆ ਹੈ। ਹਾਈ ਕੋਰਟ ਦਾ ਕਹਿਣਾ ਹੈ ਕਿ ਵਿਆਹ ਕੋਈ ਗੁੱਡੇ-ਗੁੱਡੀਆਂ ਦੀ ਖੇਡ ਨਹੀਂ ਹੈ ਤੇ ਇਹ ਇਕੱਠੇ ਘੁੰਮਣ ਤੇ ਫ਼ਿਲਮਾਂ ਦੇਖਣ ਤੋਂ ਕਿਤੇ ਅੱਗੇ ਹੈ। ਜੇਕਰ ਮੁੰਡਾ ਆਪਣੀ ਜੀਵਨ ਸਾਥਨ ਵਾਸਤੇ ਬੈਂਕ ਵਿੱਚ ਦੋ ਲੱਖ ਰੁਪਏ ਫਿਕਸਡ ਡਿਪਾਜਿਟ ਵਿੱਚ ਰੱਖਦਾ ਹੈ ਤਾਂ ਮੰਨਿਆ ਜਾਵੇਗਾ ਕਿ ਉਸ ਦਾ ਪਿਆਰ ਸੱਚਾ ਹੈ ਤੇ ਅਦਾਲਤ ਉਸ ਨੂੰ ਸੁਰੱਖਿਆ ਦੇਵੇਗੀ, ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਅਦਾਲਤ ਤੋਂ ਮਦਦ ਦੀ ਆਸ ਨਾ ਰੱਖੇ। ਜਸਟਿਸ ਪਰਮਜੀਤ ਸਿੰਘ ਵੱਲੋਂ ਪਿਛਲੇ ਸਾਲ 6 ਫਰਵਰੀ ’ਚ ਪੰਚਕੂਲਾ ਦੇ ਇਕ ਘਰੋਂ ਭੱਜੇ ਜੋੜੇ ਦੇ ਮਾਮਲੇ ਵਿੱਚ ਸੁਣਾਏ ਫ਼ੈਸਲੇ ਮਗਰੋਂ ਇਹ ਹੁਕਮ ਹੁਣ ਹਰ ਇਸ ਤਰ੍ਹਾਂ ਦੇ ਮਾਮਲੇ ਵਿੱਚ ਅਮਲ ਵਿੱਚ ਆ ਰਿਹਾ ਹੈ। ਜੋੜੇ ਦੇ ਵਕੀਲ ਨੇ ਕਿਹਾ ਸੀ ਕਿ ਲੜਕਾ ਅਗਲੀ ਸੁਣਵਾਈ ਵਿੱਚ ਲੜਕੀ ਦੇ ਨਾਂ ਤਿੰਨ ਸਾਲਾਂ ਲਈ ਦੋ ਲੱਖ ਰੁਪਏ ਜਮ੍ਹਾਂ ਕਰਵਾ ਦੇਵੇਗਾ, ਪਰ ਉਹ ਅਗਲੀ ਸੁਣਵਾਈ ’ਤੇ ਅਜਿਹਾ ਨਾ ਕਰ ਸਕਿਆ। ਇਸ ’ਤੇ ਜਸਟਿਸ ਪਰਮਜੀਤ ਸਿੰਘ ਦੇ ਬੈਂਚ ਨੇ ਕਿਹਾ, “ਸਾਡੇ ਸਮਾਜ ਦੀ ਰਵਾਇਤ ਹੈ ਕਿ ਪਤਨੀ ਦੀ ਵਿੱਤੀ ਹਾਲਤ ਦਾ ਖਿਆਲ ਰੱਖਿਆ ਜਾਵੇ। ਅਜਿਹਾ ਕੁਝ ਕੀਤਾ ਜਾਵੇ ਕਿ ਉਸ ਨੂੰ ਕਿਸੇ ਅੱਗੇ ਹੱਥ ਨਾ ਅੱਡਣਾ ਪਵੇ। ਪਿਆਰ ਭਾਵੇਂ ਜਜ਼ਬਾਤੀ ਮਾਮਲਾ ਹੈ, ਪਰ ਇਸ ਨਾਲ ਢਿੱਡ ਨਹੀਂ ਭਰਦਾ। ਬਹੁਤ ਸਾਰੇ ਅਜਿਹੇ ਮਾਮਲੇ ਹਨ ਕਿ ਪਿਆਰ ਦੇ ਚੱਕਰ ਵਿੱਚ ਘਰੋਂ ਭੱਜੀਆਂ ਕੁੜੀਆਂ ਕੋਲ ਕੋਈ ਆਰਥਿਕ ਸਹਾਰਾ ਨਹੀਂ ਹੁੰਦਾ ਤੇ ਉਨ੍ਹਾਂ ਦੇ ਪਿਆਰ ਦਾ ਦੁਖਦ ਅੰਤ ਹੁੰਦਾ ਹੈ। ਜਿਹੜੇ ਬੰਦੇ ਕੋਲ ਪਤਨੀ ਨੂੰ ਖੁਆਉਣ ਲਈ ਧੇਲਾ ਨਹੀਂ ਤੇ ਉਹ ਉਸ ਦੀ ਰੋਟੀ-ਟੁੱਕ ਦਾ ਜੁਗਾੜ ਯਕੀਨੀ ਬਣਾਉਣ ਲਈ ਨਾਕਾਬਲ ਹੈ, ਅਜਿਹੇ ਲੜਕੇ ਤੋਂ ਕੀ ਆਸ ਕੀਤੀ ਜਾ ਸਕਦੀ ਹੈ। ਜੇਕਰ ਲੜਕਾ ਦੋ ਲੱਖ ਲੜਕੀ ਦੇ ਨਾਂ ਰੱਖ ਦੇਵੇ ਤਾਂ ਮੰਨਿਆ ਜਾ ਸਕਦਾ ਹੈ ਕਿ ਪਿਆਰ ਸੱਚਾ ਹੈ।

# ਦੇਵਯਾਨੀ ਵੱਲੋਂ ਮੁਕੱਦਮਾ ਮਹੀਨਾ ਅੱਗੇ ਪਾਉਣ ਦੀ ਅਪੀਲ

**ਸਰਕਾਰੀ ਵਕੀਲ ਵੱਲੋਂ ਵਿਰੋਧ, ਅਮਰੀਕੀ ਵਿਦੇਸ਼ ਮੰਤਰਾਲਾ ਕੇਸ ਦਾ ਛੇਤੀ ਚਾਹੁੰਦਾ ਹੈ ਨਿਬੇੜਾ**

ਨਿਊਯਾਰਕ (ਨਦਬ) : ਭਾਰਤੀ ਡਿਪਲੋਮੈਟ ਦੇਵਯਾਨੀ ਖੋਬਰਗੜੇ ਨੇ ਅਮਰੀਕੀ ਅਦਾਲਤ ਕੋਲ ਆਪਣੇ ਉਪਰ ਦੋਸ਼ ਆਇਦ ਕਰਨ ਦੀ ਕਾਰਵਾਈ ਇਕ ਮਹੀਨਾ ਅੱਗੇ ਪਾਉਣ ਦੀ ਮੰਗ ਕੀਤੀ ਹੈ, ਦੂਜੇ ਪਾਸੇ ਸਰਕਾਰੀ ਵਕੀਲ ਨੇ ਵੀਜ਼ਾ ਘਪਲੇ ਵਿੱਚ ਫਸੀ ਡਿਪਲੋਮੈਟ ਦੀ ਅਰਜ਼ੀ ਦਾ ਵਿਰੋਧ ਕੀਤਾ ਹੈ। ਇਸੇ ਦੌਰਾਨ ਅਮਰੀਕਾ ਨੇ ਕਿਹਾ ਹੈ ਕਿ ਉਹ ਇਸ ਕੇਸ ਨੂੰ ਛੇਤੀ ਹੀ ਨਿਬੇੜਨਾ ਚਾਹੁੰਦਾ ਹੈ।



ਸ੍ਰੀਮਤੀ ਖੋਬਰਗੜੇ ਨੇ ਦੋਸ਼ ਆਇਦ ਕਰਨ ਦੀ ਤਰੀਕ 13 ਜਨਵਰੀ ਨੂੰ ਅੱਗੇ ਪਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਦੋਸ਼ ਆਇਦ ਕਰਨ ਦੀ ਤਰੀਕ ਨੇੜੇ ਹੋਣ ਕਾਰਨ ਉਨ੍ਹਾਂ ਉਪਰ ਖਾਹਮਖਾਹ ਦਾ ਦਬਾਅ ਪਿਆ ਹੋਇਆ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਕੇਸ ਤਿਆਰ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਦੂਜੇ ਪਾਸੇ ਭਾਰਤੀ ਮੂਲ ਦੇ ਅਮਰੀਕੀ ਵਕੀਲ ਪ੍ਰੀਤ ਭਰਾੜਾ ਨੇ ਕਿਹਾ ਹੈ ਕਿ ਡਿਪਲੋਮੈਟ ਦੀ ਗ੍ਰਿਫਤਾਰੀ ਤੋਂ 30 ਦਿਨਾਂ ਦੇ ਅੰਦਰ ਦੋਸ਼ ਆਇਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਇਸ ਲਈ ਸ੍ਰੀਮਤੀ ਦੇਵਯਾਨੀ ਦੀ ਮੰਗ ਮੰਨੀ ਨਾ ਜਾਵੇ। ਭਾਰਤੀ ਡਿਪਲੋਮੈਟ ਨੇ ਬੀਤੇ ਦਿਨ ਨਿਊਯਾਰਕ ਦੇ ਦੱਖਣੀ ਜ਼ਿਲ੍ਹਾ ਅਦਾਲਤ ਦੀ ਜੱਜ ਸਾਰਾਹ ਨੈੱਟਬਰਨ ਅੱਗੇ ਅਰਜ਼ੀ ਪਾਈ ਹੈ। ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਮੁੱਢਲੀ ਸੁਣਵਾਈ ਦੀ ਤਰੀਕ ਜੋ 13 ਜਨਵਰੀ ਹੈ, ਉਸ ਨੂੰ 12 ਫਰਵਰੀ ਤੱਕ 30 ਦਿਨਾਂ ਲਈ ਅੱਗੇ ਵਧਾ ਦਿੱਤਾ ਜਾਵੇ। ਸ੍ਰੀ ਭਰਾੜਾ ਨੇ ਕਿਹਾ ਕਿ ਭਾਰਤੀ ਡਿਪਲੋਮੈਟ ਦੀ ਮੰਗ ਦਾ ਉਹ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀਮਤੀ ਖੋਬਰਗੜੇ ਖਿਲਾਫ਼ ਦੋਸ਼ ਆਇਦ ਕਰਨ ਮਗਰੋਂ ਵੀ ਉਨ੍ਹਾਂ ਦੀ ਅਪੀਲ ‘ਤੇ ਚਰਚਾ ਚੱਲ ਸਕਦੀ ਹੈ। ਆਸ ਹੈ ਕਿ ਅਦਾਲਤ 13 ਜਨਵਰੀ ਦੀ ਤਰੀਕ ਅੱਗੇ ਨਹੀਂ ਵਧਾਏਗੀ। ਉਧਰ ਅਮਰੀਕੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮੈਰੀ ਹਰਫ਼ ਨੇ ਕਿਹਾ ਹੈ ਕਿ ਉਹ ਚਾਹੁੰਦੇ ਹਨ ਕਿ ਇਹ ਕੇਸ ਛੇਤੀ ਤੋਂ ਛੇਤੀ ਹੱਲ ਹੋ ਜਾਵੇ। ਇਹੀ ਅਮਰੀਕਾ ਦਾ ਨਿਸ਼ਾਨਾ ਹੈ, ਪਰ ਕਾਨੂੰਨ ਨੇ ਆਪਣਾ ਕੰਮ ਤਾਂ ਕਰਨਾ ਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਮਰੀਕਾ ਦਾ ਭਾਰਤ ਨਾਲ ਸਬੰਧ ਖਰਾਬ ਕਰਨ ਦਾ ਇਰਾਦਾ ਨਹੀਂ ਹੈ। ਅਮਰੀਕਾ ਚਾਹੁੰਦਾ ਹੈ ਕਿ ਦੁਵੱਲੇ ਸਬੰਧਾਂ ‘ਤੇ ਭਾਰਤ ਡਿਪਲੋਮੈਟ ਕਾਂਡ ਦਾ ਪਰਛਾਵਾਂ ਨਾ ਪਵੇ। ਇਹ ਕਾਨੂੰਨੀ ਮਾਮਲਾ ਹੈ।

Harjeet Sandhu
REALTOR
‘’Serving all your Real Estate needs”
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

## ਪਰਵਾਸੀ ਭਾਰਤੀਆਂ ਲਈ ਫਾਸਟ ਟਰੈਕ ਅਦਾਲਤਾਂ ਬਣਾਉਣ ਦਾ ਵਾਅਦਾ ਅਧੂਰਾ

ਜਲੰਧਰ (ਨਦਬ) : ਪਰਵਾਸੀ ਭਾਰਤੀਆਂ ਲਈ ਫਾਸਟ ਟਰੈਕ ਕੋਰਟਾਂ ਕਾਇਮ ਕਰਨ ਦਾ ਪੰਜਾਬ ਸਰਕਾਰ ਦਾ ਵਾਅਦਾ ਇਕ ਸਾਲ ਬਾਅਦ ਹਵਾ ’ਚ ਲਟਕ ਰਿਹਾ ਹੈ। ਪੰਜਾਬ ਸਰਕਾਰ ਨੇ ਪਿਛਲੇ ਸਾਲ ਅਗਸਤ ਵਿੱਚ ਮੋਗਾ, ਲੁਧਿਆਣਾ ਅਤੇ ਮੁਹਾਲੀ ਵਿਖੇ ਫਾਸਟ ਟਰੈਕ ਕੋਰਟਾਂ ਕਾਇਮ ਕਰਨ ਦਾ ਐਲਾਨ ਕੀਤਾ ਸੀ ਪਰ ਹਾਲੇ ਤਕ ਜਲੰਧਰ ’ਚ ਹੀ ਫਾਸਟ ਟਰੈਕ ਕੋਰਟ ਕਾਇਮ ਕੀਤੀ ਜਾ ਸਕੀ ਹੈ। ਹਾਲਾਂਕਿ ਇਹ ਅਦਾਲਤ ਖਾਸ ਤੌਰ ’ਤੇ ਪਰਵਾਸੀ ਭਾਰਤੀਆਂ ਦੇ ਕੇਸ ਨਜਿੱਠਣ ਲਈ ਕਾਇਮ ਕੀਤੀ ਗਈ ਸੀ ਪਰ ਇਸ ਕੋਲ ਦੋ ਪੁਲੀਸ ਸਟੇਸ਼ਨਾਂ ਅਤੇ ਮਹਿਲਾ ਸੈੱਲ ਨਾਲ ਸਬੰਧਤ ਲਗਭਗ 100 ਕੇਸ ਪਏ ਹਨ। ਬਕਾਇਆ ਕੇਸਾਂ ਵੱਲ ਧਿਆਨ ਮਾਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਾਲ ਹੀ ਵਿੱਚ ਜਲੰਧਰ ਜ਼ਿਲ੍ਹੇ ਵਿੱਚ ਇਕ ਐਨਆਰਆਈ ਅਪੀਲੀ ਅਦਾਲਤ ਕਾਇਮ ਕਰਨ ਦੀ ਹਰੀ ਝੰਡੀ ਦਿੱਤੀ ਹੈ।

ਕਹਾਣੀ

# ਸ਼ੀਸ਼ੇ 'ਤੇ ਜੰਮੀ ਬਰਫ਼



ਸੁਰਿੰਦਰ ਸੋਹਲ
+1-646-220-2586
surindershoal@hotmail.com

ਪੁਰਾਣੀ ਕਹਾਵਤ ਹੈ ਕਿ ਖਰਗੋਸ਼ ਸੜਕ ਪਾਰ ਕਰਨ ਲੱਗਾ, ਕਾਰ ਦੇ ਟਾਇਰ ਹੇਠ ਆ ਕੇ ਮਰ ਗਿਆ। ਜਦ ਮਾਲਕ ਨੇ ਡਰਾਈਵਰ ਤੋਂ ਖਰਗੋਸ਼ ਮਰਨ ਦਾ ਕਾਰਨ ਪੁਛਿਆ ਤਾਂ ਡਰਾਈਵਰ ਕੋਈ ਜਵਾਬ ਨਾ ਦੇ ਸਕਿਆ। ਮਾਲਕ ਨੇ ਕਿਹਾ ਕਿ ਜੇਕਰ ਖਰਗੋਸ਼ ਦੁਚਿੱਤੀ ਵਿਚ ਨਾ ਹੁੰਦਾ ਤਾਂ ਬਚ ਜਾਂਦਾ। ਕਈ ਵਾਰ ਅਸੀਂ ਦੁਚਿੱਤੀ ਦੇ ਸ਼ਿਕਾਰ ਹੋ ਕੇ ਅਜਿਹੇ ਫ਼ੈਸਲੇ ਲੈ ਲੈਂਦੇ ਹਾਂ, ਜਿਨ੍ਹਾਂ 'ਤੇ ਸਾਰੀ ਉਮਰ ਪਛਤਾਵਾ ਹੁੰਦਾ ਰਹਿੰਦਾ ਹੈ। ਸੁਰਿੰਦਰ ਸੋਹਲ ਦੀ ਇਹ ਕਹਾਣੀ ਹੂ-ਬ-ਹੂ ਖਰਗੋਸ਼ ਦੀ ਉਸ ਦੁਚਿੱਤੀ ਨੂੰ ਇਕ ਟੈਕਸੀ ਡਰਾਈਵਰ ਦੀ ਮਾਨਸਕਤਾ ਵਿਚ ਦਰਸਾਉਂਦੀ ਹੈ। - ਸੰਪਾਦਕ

ਆਖ਼ਿਰ ਮੈਂ ਡਾਲਰਾਂ ਦਾ ਭਰਿਆ ਬਟੂਆ ਲੈ ਕੇ ਭੱਜ ਜਾਣ ਦਾ ਮਨ ਬਣਾ ਹੀ ਲਿਆ।

ਨੈਵੀਗੇਸ਼ਨ ਵਿਚੋਂ ਮੈਂ ਫਟਾ-ਫਟ ਕੰਬਦੇ ਹੱਥਾਂ ਅਤੇ ਧੜਕਦੇ ਦਿਲ ਨਾਲ ਘਰ ਦਾ ਸਿਰਨਾਵਾਂ ਕੱਢਿਆ ਅਤੇ 'ਗੋ' ਦੱਬ ਦਿੱਤਾ। ਨੈਵੀਗੇਸ਼ਨ ਮੈਨੂੰ, ਜਦੋਂ ਸੰਭਵ ਹੋਵੇ, 'ਯੂ ਟਰਨ' ਮਾਰਨ ਬਾਰੇ ਕਹਿ ਰਿਹਾ ਸੀ। ਯੈਲੋਕੈਬ ਵਿਚ ਹੀਟ ਚੱਲਦੀ ਹੋਣ ਕਰਕੇ ਪੂਰਾ ਨਿੱਘ ਸੀ, ਪਰ ਮੇਰਾ ਸਰੀਰ ਕੰਬ ਰਿਹਾ ਸੀ, ਜਿਵੇਂ ਕਿਸੇ ਹੋਣ ਜਾ ਰਹੇ ਗੁਨਾਹ ਦਾ ਅਹਿਸਾਸ ਮੈਨੂੰ ਝੰਜੋੜ ਰਿਹਾ ਹੋਵੇ। ਪਰ ਮੈਂ ਮਨ ਕਰੜਾ ਕਰਕੇ ਭੱਜ ਜਾਣ ਦਾ ਮਨ ਬਣਾ ਹੀ ਲਿਆ ਸੀ।

ਗੋਰਾ ਸੜਕ ਦੇ ਦੂਸਰੇ ਪਾਸੇ ਖੜ੍ਹਾ ਅਜੇ ਵੀ ਪੈਂਟ ਅਤੇ ਕੋਟ ਦੀਆਂ ਜੇਬਾਂ ਵਿਚ ਹੱਥ ਮਾਰ ਮਾਰ ਕੇ ਆਪਣਾ ਬਟੂਆ ਟੋਲ ਰਿਹਾ ਸੀ। ਤੇਜ਼ ਚਲਦੀ ਹਵਾ ਵਿਚ ਉਹ ਕਈ ਵਾਰ ਇਁਝ ਘੁੰਮ ਜਾਂਦਾ ਸੀ, ਜਿਵੇਂ ਤੇਜ਼ ਹਵਾ ਦੀ ਜ਼ੱਦ ਵਿਚ ਆ ਕੇ ਪਤੰਗ ਭੁਆਂਟਣੀਆਂ ਖਾ ਜਾਂਦਾ ਹੈ।

ਜਦੋਂ ਮੈਂ ਉਸਨੂੰ 'ਮੀਟ ਪੈਕਿੰਗ ਡਿਸਟ੍ਰਿਕ' ਵਿਚੋਂ ਚੁੱਕਿਆ ਸੀ ਤਾਂ ਉਸ ਦੇ ਸ਼ਰਾਬੀ ਹੋਣ ਦਾ ਪਤਾ ਨਹੀਂ ਸੀ ਲੱਗਿਆ। ਉਸਨੇ ਹੱਥ ਉਠਾਇਆ ਸੀ। ਮੈਂ ਕੈਬ ਉਸ ਕੋਲ ਜਾ ਰੋਕੀ ਸੀ। ਉਸਨੇ ਬਾਰੀ ਕੋਲ ਆ ਕੇ ਸ਼ੀਸ਼ਾ ਨੀਵਾਂ ਕਰਨ ਦਾ ਇਸ਼ਾਰਾ ਕੀਤਾ ਸੀ। ਮੈਂ ਸ਼ੀਸ਼ਾ ਹੇਠਾਂ ਕੀਤਾ ਤਾਂ ਉਸਨੇ ਪੁੱਛਿਆ ਸੀ,'ਨਿਊਜਰਸੀ, ਓ ਕੇ?'

'ਕਿਹੜੇ ਸ਼ਹਿਰ?' ਮੈਂ ਪੁੱਛਿਆ।

ਉਸਨੇ ਜਵਾਬ ਦਿੱਤਾ ਸੀ। ਠੰਢੀ ਤੇਜ਼ ਹਨ੍ਹੇਰੀ ਦੇ ਬੁੱਲੇ ਵਿਚ ਉਸਦੇ ਬੋਲ ਮੇਰੇ ਕੰਨਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਖ਼ਲਾਅ ਵਿਚ ਬਿਖਰ ਗਏ ਸਨ। ਸ਼ਹਿਰ ਦਾ ਨਾਮ ਮੈਨੂੰ ਸਮਝ ਨਹੀਂ ਸੀ ਆਇਆ।

ਮੈਂ ਪੁੱਛਿਆ ਸੀ,'ਜਰਸੀ ਸਿਟੀ?'

'ਅਲਮੋਸਟ।'

ਹੁਣ ਮੈਨੂੰ ਸਮਝ ਆਈ ਸੀ। ਉਸਦੇ ਬੋਲ ਹਵਾ ਵਿਚ ਨਹੀਂ ਸਨ ਬਿਖਰੇ, ਨਸ਼ੇ ਕਾਰਨ ਉਸ ਦੀ ਜ਼ਬਾਨ ਥਥਲਾ ਗਈ ਸੀ।

ਉਹ ਪਿਛਲੀ ਬਾਰੀ ਖੋਲ੍ਹ ਕੇ ਅੰਦਰ ਬੈਠ ਗਿਆ ਸੀ।

ਮੈਂ ਭਾਅ ਦੱਸਿਆ,'ਫੋਰਟੀ ਫਾਈਵ ਪਲੱਸ ਟੋਲ। ਟੋਟਲ ਫ਼ਿਫ਼ਟੀ ਥਰੀ ਡਾਲਰ।'

'ਓ ਕੇ।'

'ਤੁਹਾਨੂੰ ਰਸਤਾ ਪਤੈ?'

'ਹਾਂ ਲਿੰਕਨ ਟਨਲ ਲਵੋ।' ਉਸਦੀ ਆਵਾਜ਼ ਲਹਿਰਾ ਰਹੀ ਸੀ, ਜਿਵੇਂ ਹਵਾ ਵਿਚ ਦਰਖ਼ਤਾਂ ਦੀਆਂ ਡਾਲੀਆਂ ਲਹਿਰਾਉਂਦੀਆਂ ਹਨ।

ਮੀਟ ਪੈਕਿੰਗ ਡਿਸਟ੍ਰਿਕ ਦੀਆਂ ਕੁਝ ਸੜਕਾਂ 'ਤੇ ਇੱਟਾਂ ਲੱਗੀਆਂ ਹੋਈਆਂ ਹਨ। ਕੁਝ ਲੋਕ ਕਹਿੰਦੇ ਨੇ ਪੁਰਾਣੀ ਯਾਦ ਸੰਭਾਲ ਕੇ ਰੱਖੀ ਹੋਈ ਹੈ। ਉਂਝ ਸਾਰੇ ਸ਼ਹਿਰ ਦੀਆਂ ਸੜਕਾਂ ਨਵੀਂ ਤਕਨੀਕ ਨਾਲ ਬਣਾਈਆਂ ਹੋਈਆਂ ਹਨ। ਪਰ ਮੀਟ ਪੈਕਿੰਗ ਡਿਸਟ੍ਰਿਕ, ਟ੍ਰਾਈਬੈਕਾ ਆਦਿ ਮੁਹੱਲਿਆਂ ਦੀ ਪੁਰਾਤਨਤਾ ਨੂੰ 'ਇੱਟਾਂ ਵਾਲੀਆਂ ਪੁਰਾਣੇ ਰਿਵਾਜ ਦੀਆਂ ਸੜਕਾਂ' ਦੇ ਰੂਪ ਵਿਚ ਸੰਭਾਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੇਰੀ ਕੈਬ ਇੱਟਾਂ ਦੀ ਸੜਕ 'ਤੇ ਡਿੱਕੇ ਡੋਲੇ ਖਾਂਦੀ ਜਾ ਰਹੀ ਸੀ।

ਹੁਣ ਮੈਂ ਸੋਚਿਆ, ਮੀਟ ਪੈਕਿੰਗ ਡਿਸਟ੍ਰਿਕ ਦੀ ਪੁਰਾਤਨਤਾ ਦੀ ਵਿਰਾਸਤ ਨੂੰ ਤਾਂ 'ਇੱਟਾਂ ਦੀਆਂ ਸੜਕਾਂ' ਦੇ ਰੂਪ ਵਿਚ ਹੀ ਸੰਭਾਲ ਲਿਆ ਸੀ, ਪਰ ਜਿਸ 'ਵਾਰਿਸ' ਨੂੰ ਮੈਂ ਸੰਭਾਲ ਸੰਭਾਲ ਕੇ ਘਰ ਤੱਕ ਲਿਆਇਆ ਸਾਂ, ਉਹ ਕਿਹੜੀ ਵਿਰਾਸਤ ਦੀ ਨੁਮਾਇੰਦਗੀ ਕਰ ਰਿਹਾ ਸੀ।

ਅਜੇ ਬਾਰਾਂ ਹੀ ਵੱਜੇ ਸਨ। ਵੀਰਵਾਰ ਦੀ ਰਾਤ ਹੋਣ ਕਰਕੇ ਮੀਟ ਪੈਕਿੰਗ ਡਿਸਟ੍ਰਿਕ ਵਿਚ ਅਜੇ ਵੀ ਸਵਾਰੀਆਂ ਦੀ ਰੌਣਕ ਸੀ। ਮੈਂ ਸਵਾਰੀਆਂ ਦਾ ਹਿਸਾਬ ਲਾਇਆ। ਅਠਾਰਾਂ ਸਵਾਰੀਆਂ ਚੁੱਕ ਲਈਆਂ ਸਨ। ਇਕ ਗੇੜਾ ਏਅਰਪੋਰਟ ਦਾ ਵੀ ਲੱਗ ਗਿਆ ਸੀ। ਢਾਈ ਸੌ ਤੋਂ ਉਪਰ ਡਾਲਰ ਬਣ ਗਏ ਸਨ। ਪੰਤਾਲੀਆਂ ਦੀ ਇਹ ਸਵਾਰੀ ਮਿਲ ਗਈ ਸੀ। ਪੰਜ ਦਸ ਇਸ ਨੇ ਟਿੱਪ ਦੇ ਜਾਣੀ ਸੀ। ਇਸ ਨਾਲ ਮੇਰਾ ਗੈਸ ਦਾ ਖ਼ਰਚਾ ਨਿਕਲ ਜਾਣਾ ਸੀ। ਉਂਝ ਵੀ ਮੈਂ ਨਿਊਜਰਸੀ ਜਾ ਰਿਹਾ ਸਾਂ। ਗੈਸ ਉਥੋਂ ਭਰਾਅ ਲੈਣੀ ਸੀ। ਨਿਊਯਾਰਕ ਨਾਲੋਂ ਉਥੋਂ ਦਾ ਚਾਲੀ-ਪੰਜਾਹ ਸੈਂਟ ਦਾ ਫ਼ਰਕ ਹੁੰਦਾ ਹੈ। ਜੇ ਦਸ ਗੈਲਨਾਂ ਵੀ ਭਰੀਆਂ ਤਾਂ ਚਾਰ-ਪੰਜ ਡਾਲਰ ਉਹ ਬਚ ਜਾਣੇ ਸਨ। ਜਾਣ ਨੂੰ ਪੰਦਰਾਂ ਵੀਹ ਮਿੰਟ ਲਗਣੇ ਸਨ। ਪੰਦਰਾਂ ਵੀਹ ਮਿੰਟ ਆਉਣ ਨੂੰ ਅੱਧੇ ਪੌਣੇ ਘੰਟੇ ਵਿਚ ਪੰਜਾਹ-ਪਚਵੰਜਾ ਡਾਲਰ ਤੇ ਨਾਲ ਗੈਸ ਦੀ ਬਚਤ। ਮੁੜ ਕੇ ਆਉਂਦੇ ਨੂੰ ਸ਼ਹਿਰ ਅਜੇ ਪੂਰਾ ਗਰਮ ਹੋਣਾ ਸੀ।

ਮੀਟ ਪੈਕਿੰਗ ਡਿਸਟ੍ਰਿਕ ਵਿਚੋਂ ਨਿਕਲਣ ਲਈ ਮੈਂ ਚੌਦਾਂ ਸਟਰੀਟ ਤੋਂ ਖੱਬੀ ਟਰਨ ਮਾਰੀ। ਦਸਵੇਂ ਐਵਿਨਿਊ ਤੋਂ ਸੱਜੀ। ਤੀਹ ਸਟਰੀਟ ਤੋਂ ਸੱਜੀ ਟਰਨ ਮਾਰਨ ਤੋਂ ਪਹਿਲਾਂ ਪਹਿਲਾਂ, ਲਾਲ ਬੱਤੀ ਹੋਣ 'ਤੇ ਮੈਂ ਮੀਟਰ ਵਿਚ 'ਫਲੈਟ ਰੇਟ' ਭਰ ਲਿਆ ਸੀ। ਟਨਲ ਲੰਘਣ ਲੱਗੇ ਟੋਲ ਆਪੇ 'ਐਡ' ਹੋ ਜਾਣਾ ਸੀ। ਲਾਲ ਅੱਖਰਾਂ ਵਿਚ ਪੰਤਾਲੀ ਡਾਲਰ ਚਮਕਦੇ ਦੇਖ ਕੇ ਮੇਰਾ ਦਿਲ ਉਡੂੰ ਉਡੂੰ ਕਰ ਰਿਹਾ ਸੀ, ਜਿਵੇਂ ਚੰਨ ਵੱਲ ਦੇਖਦੀ ਚਕੋਰੀ ਦੇ ਮਨ ਵਿਚ ਕੋਈ ਅਗੰਮੀ ਉਡਾਣ ਉਪਜਦੀ ਹੋਵੇ।

ਟਨਲ ਪਾਰ ਕਰਕੇ ਮੈਂ ਰਸਤਾ ਪੁੱਛਣ ਲਈ ਸਵਾਰੀ ਨੂੰ ਆਵਾਜ਼ ਦਿੱਤੀ,'ਸਰ, ਹੁਣ ਕਿਹੜੇ ਪਾਸੇ ਮੁੜਨਾ ਹੈ?'

ਕੋਈ ਆਵਾਜ਼ ਨਾ ਆਈ। ਮੈਂ ਫੇਰ ਪੁੱਛਿਆ। ਸੰਘਣੀ, ਯਖ਼ ਚੁੱਪ ਸੀ। ਮੈਂ ਗੱਡੀ ਜ਼ਰਾ ਹੌਲੀ ਕਰਕੇ ਧੌਣ ਘੁੰਮਾ ਕੇ ਪਾਰਟੀਸ਼ਨ ਵਿਚ ਬਣੀ ਖਿੜਕੀ ਥਾਣੀਂ ਦੇਖਿਆ। ਗੋਰਾ ਘੂਕ ਸੁੱਤਾ ਪਿਆ ਸੀ।

'ਲਗਦਾ ਪੰਗਾ ਈ ਲੈ ਲਿਆ।' ਪੰਜਾਹ-ਪਚਵੰਜਾ ਡਾਲਰ ਦਾ ਚਾਅ ਤਾਂ ਉਦੋਂ ਹੀ ਹਵਾ ਵਿਚ ਉਡਦੇ ਪੱਤੇ ਵਾਂਗ ਹਨ੍ਹੇਰੇ ਵਿਚ ਕਿਧਰੇ ਉਡ-ਪੁੱਡ ਗਿਆ ਸੀ।

ਮੈਂ ਪਾਰਟੀਸ਼ਨ ਖੜਕਾਈ। ਫੇਰ ਹੋਰ ਜ਼ੋਰ ਦੀ। ਉਹ ਤ੍ਰਭਕ ਕੇ ਉਠਿਆ,'ਯੈਸ?'

'ਸਰ, ਕਿਹੜੇ ਰਸਤੇ ਮੁੜਨਾ ਹੈ?' ਮੇਰੇ ਕੋਲੋਂ ਕਾਹਲੀ ਵਿਚ 'ਹੋਬੋਕਨ' ਸ਼ਹਿਰ ਦਾ ਐਕਜ਼ਿਟ ਕੱਢਿਆ ਗਿਆ।

'ਹਾਂ...ਆਂ।'

ਅੱਗੇ ਇੰਟਰਸੈਕਸ਼ਨ ਆ ਗਿਆ। ਮੈਂ ਪੁੱਛਿਆ,'ਸਰ ਖੱਬੇ ਮੁੜ ਜਾਵਾਂ?'

'ਹਾਂ।'

ਖੱਬੇ ਮੁੜ ਕੇ ਕੁਝ ਲਾਈਟਾਂ ਪਾਰ ਕਰਕੇ ਮੈਂ ਪਿੱਛੇ ਦੇਖਿਆ। ਉਹ ਘੁਰਾੜੇ ਮਾਰ ਰਿਹਾ ਸੀ। ਸ਼ਰਾਬ ਦੀ ਬਦਬੂ ਮੇਰੇ ਨੱਕ ਵਿਚ ਜਲੂਣ ਛੇੜਨ ਲੱਗ ਪਈ ਸੀ। ਉਦੋਂ ਮੈਨੂੰ ਮਹਿਸੂਸ ਹੋਇਆ, ਉਸਨੇ ਬਹੁਤ ਜ਼ਿਆਦਾ ਪੀਤੀ ਹੋਈ ਸੀ।

'ਸਰ...ਸਰ' ਮੈਂ ਫਿਰ ਪਾਰਟੀਸ਼ਨ ਖੜਕਾਈ,'ਸਰ ਬਾਹਰ ਦੇਖੋ, ਕੀ ਅਸੀਂ ਠੀਕ ਜਾ ਰਹੇ ਹਾਂ?'

'ਆਂ..ਗੋ ਸਟਰੇਟ।'

ਮੀਲ ਕੁ ਮੀਲ ਜਾ ਕੇ ਉਹ ਵੱਡੀ ਸੜਕ ਖੁਰਦੀ ਖੁਰਦੀ ਤੰਗ ਹੁੰਦੀ ਗਈ। ਸੜਕ ਦੇ ਦੁਆਲੇ ਬਰਫ਼ ਦੇ ਢੇਰ ਸਨ। ਖੱਬੇ ਬੰਨੇ ਕਾਰਾਂ ਬਰਫ਼ ਨਾਲ ਢਕੀਆਂ ਖਲੋਤੀਆਂ ਸਨ। ਵਿਚੋਂ ਵੀ ਸੜਕ ਬਹੁਤੀ ਸਾਫ਼ ਨਹੀਂ ਸੀ। ਕਦੇ ਕਦੇ ਗੱਡੀ ਤਿਲਕ ਵੀ ਜਾਂਦੀ। ਚੁਫ਼ੇਰੇ ਸੁੰਨਸਾਨ ਸੀ। ਮੇਰੇ ਅੱਗੇ-ਪਿੱਛੇ ਕੋਈ ਗੱਡੀ ਨਹੀਂ ਸੀ। ਖੱਬੇ ਹੱਥ ਪੰਦਰਾਂ-ਪੰਦਰਾਂ, ਵੀਹ-ਵੀਹ ਮੰਜ਼ਿਲਾ ਇਮਾਰਤਾਂ ਤੇ ਸੱਜੇ ਹੱਥ ਦੂਰ ਤੱਕ ਫੈਲਿਆ ਹੋਇਆ ਚਿਪਚਿਪਾ ਹਨ੍ਹੇਰਾ। ਸੰਘਣੇ ਹਨ੍ਹੇਰੇ ਤੋਂ ਦੂਰ ਤਾਰਿਆਂ ਵਾਂਗ ਬੱਤੀਆਂ ਜਗ ਰਹੀਆਂ ਸਨ। ਜਿਵੇਂ ਕਹਿਕਸ਼ਾਂ ਧਰਤੀ 'ਤੇ ਉਤਰ ਆਇਆ ਹੋਵੇ। ਪਰ ਮੈਨੂੰ ਕਹਿਕਸ਼ਾਂ ਵੀ ਧੁੰਦਲਾ ਧੁੰਦਲਾ ਦਿਸ ਰਿਹਾ ਸੀ। ਕਹਿਕਸ਼ਾਂ ਵਿਚ ਤੇਜ ਨਹੀਂ ਸੀ ਰਿਹਾ ਜਾਂ ਮੇਰੀ ਅੱਖਾਂ ਦੀ ਲੋਅ ਉਪਰ ਖ਼ਰਾਬ ਹੋਣ ਜਾ ਰਹੀ ਦਿਹਾੜੀ ਦੀ ਚਿੰਤਾ ਦਾ ਪਰਦਾ ਪੈ ਗਿਆ ਸੀ।

ਮੈਂ ਗੱਡੀ ਖੜ੍ਹੀ ਕਰ ਲਈ।

ਪਾਰਟੀਸ਼ਨ ਖੜਕਾ ਕੇ ਮੈਂ ਗੋਰੇ ਨੂੰ ਫਿਰ ਜਗਾਇਆ,'ਸਰ ਤੁਹਾਨੂੰ ਪਤਾ ਹੈ, ਤੁਸੀਂ ਜਾਣਾ ਕਿਥੇ ਹੈ?'

'ਹਾਂ।'

'ਕਿਹੜੇ ਸ਼ਹਿਰ।'

'ਮੌਂ..ਟ..।' ਕਹਿ ਕੇ ਉਸਨੇ ਫਿਰ ਧੌਣ ਸੁੱਟ ਲਈ।

'ਕਿਹੜਾ?' ਮੈਂ ਆਮ ਨਾਲੋਂ ਉਚੀ ਆਵਾਜ਼ ਵਿਚ ਕਿਹਾ। ਗ਼ਲਤ ਸਵਾਰੀ ਚੁੱਕੇ ਜਾਣ ਕਰਕੇ ਮੇਰਾ ਸਰੀਰ ਪਛਤਾਵੇ ਅਤੇ ਗੁੱਸੇ ਨਾਲ ਹਲਕਾ ਹਲਕਾ ਕੰਬਣ ਲੱਗ ਪਿਆ ਸੀ, ਜਿਵੇਂ ਮੇਰਾ ਬਲੱਡ ਪ੍ਰੈਸ਼ਰ ਵੱਧ ਰਿਹਾ ਹੋਵੇ।

'ਮੌਂਟ..ਕ..ਲੇਅਰ।'

ਮੈਂ ਨੈਵੀਗੇਸ਼ਨ ਆਨ ਕੀਤਾ। ਉਸ ਵਿਚ ਨਿਊਜਰਸੀ ਸਟੇਟ ਤਾਂ ਆਪਣੇ ਆਪ ਹੀ ਆ ਗਈ ਸੀ। ਫਿਰ ਸ਼ਹਿਰ ਮੌਂਟਕਲੇਅਰ ਪਾਇਆ।

'ਸਰ ਹਾਊਸ ਨੰਬਰ।'

ਉਸ ਨੇ ਘਰ ਦਾ ਨੰਬਰ ਦੱਸਿਆ।

'ਸਟਰੀਟ।'

ਉਸਨੇ ਮੀਟੀਆਂ ਅੱਖਾਂ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ,'ਫ਼ਰੈਂਕਲਿਨ ਸਟਰੀਟ।'

ਜਦੋਂ ਨੈਵੀਗੇਸ਼ਨ ਨੇ ਇਹ ਸਿਰਨਾਵਾਂ ਸਵੀਕਾਰ ਕਰ ਲਿਆ ਤਾਂ ਮੈਂ ਡੂੰਘਾ ਸਾਹ ਲਿਆ। ਸਰਦੀ ਮਾਰੇ ਬੰਦੇ ਨੂੰ ਜਿਵੇਂ ਦੂਰ ਕਿਤੇ ਧੂੰਆਂ ਨਜ਼ਰ ਆ ਗਿਆ ਹੋਵੇ। ਸਿਰਫ਼ ਧੂੰਆਂ ਹੀ, ਜ਼ਰੂਰੀ ਨਹੀਂ ਜਾਂਦੇ ਨੂੰ ਅੱਗ ਵੀ ਬਲਦੀ ਮਿਲੇ। ਮੈਨੂੰ ਵੀ ਤਾਂ ਸਿਰਫ਼ ਸਿਰਨਾਵਾਂ ਹੀ ਪਤਾ ਲੱਗਾ ਸੀ, ਭਾੜਾ ਕੀ ਪਤਾ ਮਿਲੇ ਕਿ ਨਾ।

ਨੈਵੀਗੇਸ਼ਨ ਰਾਹੀਂ ਮੈਂ ਫ਼ਾਸਲਾ ਕੱਢਿਆ ਏਥੋਂ ਪੂਰੇ ਵੀਹ ਮੀਲ ਬਣਦੇ ਸਨ। ਮੈਂ ਝੱਟ 'ਰੇਟ ਬੁੱਕ' ਕੱਢੀ। ਸ਼ੂਗਰ ਨੇ ਨਜ਼ਰ ਵੀ ਤਾਂ ਕਮਜ਼ੋਰ ਕੀਤੀ ਹੋਈ ਸੀ। ਰੇਟ ਲੱਭਣ ਨੂੰ ਵੀ ਮੁਸ਼ਕਿਲ ਆ ਰਹੀ ਸੀ। ਸ਼ਹਿਰ ਤੋਂ ਮੌਂਟਕਲੇਅਰ ਦਾ ਕਿਰਾਇਆ ਬੱਤਰ ਡਾਲਰ ਬਣਦਾ ਸੀ। ਮੈਂ ਪੰਤਾਲੀਆਂ ਵਿਚ ਲੈ ਤੁਰਿਆ ਸਾਂ। ਦਿਲ ਕੀਤਾ ਉਚੀ ਆਵਾਜ਼ ਵਿਚ ਗਾਲ੍ਹ ਕੱਢਾਂ। ਪਰ ਕਿਸਨੂੰ? ਆਪਣੇ ਆਪ ਨੂੰ ਜਾਂ ਸਵਾਰੀ ਨੂੰ? ਸ਼ਹਿਰੋਂ ਤੁਰਨ ਲੱਗੇ ਨੇ ਸ਼ਹਿਰ ਦਾ ਨਾਂ ਚੰਗੀ ਤਰ੍ਹਾਂ ਕਿਉਂ ਨਾ ਪੁੱਛ ਲਿਆ। ਉਦੋਂ ਤਾਂ ਪੰਤਾਲੀਆਂ ਡਾਲਰਾਂ ਨੇ ਏਨੀ ਕਾਹਲੀ ਪਾ ਦਿੱਤੀ ਸੀ ਕਿ ਉਸਨੇ ਗੱਡੀ ਵਿਚ ਬੈਠ ਕੇ ਦਰਵਾਜ਼ਾ ਵੀ ਚੰਗੀ ਤਰ੍ਹਾਂ ਬੰਦ ਨਹੀਂ ਸੀ ਕੀਤਾ ਕਿ ਮੈਂ ਗੱਡੀ ਝੱਟ ਤੋਰ ਲਈ ਸੀ, ਜਿਵੇਂ ਕਿਸੇ ਦੂਸਰੇ ਕੈਬੀ ਨੇ ਇਸਨੂੰ ਮੇਰੀ ਗੱਡੀ ਵਿਚੋਂ ਧੂਹ ਕੇ ਲੈ ਜਾਣਾ ਹੋਵੇ।

ਮੇਰਾ ਦਿਲ ਬੈਠਦਾ ਜਾਂਦਾ ਸੀ।

ਰੁਕਦੇ ਕਰਦੇ ਦਾ ਮੇਰਾ ਅੱਧਾ ਘੰਟਾ ਖ਼ਰਾਬ ਹੋ ਚੁੱਕਾ ਸੀ। ਮੇਰਾ ਦਿਲ ਕੀਤਾ, ਉਸਨੂੰ ਇਥੇ ਹੀ ਉਤਾਰ ਦਿਆਂ। ਚੁੱਪ-ਚੁਪੀਤਾ ਸ਼ਹਿਰ ਮੁੜ ਜਾਵਾਂ। ਵੀਹ ਕੁ ਮਿੰਟਾਂ ਵਿਚ ਮੈਂ ਸ਼ਹਿਰ ਵਾਪਸ ਪਹੁੰਚ ਜਾਣਾ ਸੀ। ਬਰਬਾਦ ਹੋਇਆ ਵਕਤ 'ਕਵਰ' ਹੋ ਸਕਦਾ ਸੀ। ਮੇਰੀਆਂ ਅੱਖਾਂ ਅੱਗੇ ਹੱਥ ਚੁੱਕੀ ਸਵਾਰੀਆਂ ਘੁੰਮ ਰਹੀਆਂ ਸਨ। ਉਹਨਾਂ ਦੇ ਹੱਥ ਜਿਵੇਂ ਮੇਰੇ ਦਿਲ ਦੇ ਆਰ-ਪਾਰ ਹੋ ਰਹੇ ਹੋਣ।

ਬਾਹਰ ਬਰਫ਼ ਦੇ ਢੇਰ ਸਨ। ਹਵਾ ਪਾਗਲਾਂ ਵਾਂਗ ਬਹੁਤ ਤੇਜ਼ ਚੱਲ ਰਹੀ ਸੀ। ਗੱਡੀ ਤੋਂ ਬਾਹਰ ਠੰਢ ਹੱਡਾਂ ਦੇ ਆਰ-ਪਾਰ ਹੋ ਰਹੀ ਸੀ। ਲਾਗੇ-ਚਾਗੇ ਕੋਈ ਆਸਰਾ ਵੀ ਨਹੀਂ ਸੀ। ਮੇਰੇ ਅੰਦਰ ਹਲਕਾ ਜਿਹਾ ਦਵੰਦ ਪੈਦਾ ਹੋਇਆ। ਇਸ ਨੂੰ ਏਨੀ ਠੰਢ ਵਿਚ ਉਤਾਰ ਦਿਆਂ? ਇਕ ਪਾਸੇ ਮੇਰੀ ਖ਼ਰਾਬ ਹੋ ਰਹੀ ਦਿਹਾੜੀ ਦਾ ਝੋਰਾ ਸੀ। ਦੂਜੇ ਪਾਸੇ ਮੇਰਾ ਡਰਾਈਵਰ ਦਾ ਧਰਮ। ਮੁਸਾਫ਼ਿਰ ਨੂੰ ਉਸਦੀ ਮੰਜ਼ਿਲ ਤੱਕ ਪਹੁੰਚਾਉਣ ਦਾ ਧਰਮ। ਕੁਝ ਪਲ ਮੈਨੂੰ ਆਪਣਾ ਆਪ 'ਵਾਸਦੇਵ' ਵਰਗਾ ਲੱਗਿਆ।

ਵਾਸਦੇਵ ਵਾਸਤੇ ਬੇੜੀ ਬੇੜੀ ਨਹੀਂ। ਚੱਪੂ ਚੱਪੂ ਨਹੀਂ। ਦਰਿਆ ਦਰਿਆ ਨਹੀਂ। ਮੁਸਾਫ਼ਰ ਮੁਸਾਫ਼ਰ ਨਹੀਂ। ਇਹ ਸਾਰੇ ਜ਼ਿੰਦਗੀ ਦੇ ਅਹਿਮ ਪਹਿਲੂ ਹਨ। ਇਹਨਾਂ ਦੇ ਗਹਿਰੇ ਅਰਥ ਹਨ। ਦਰਿਆ ਪਾਰ ਕਰਾਉਣ ਦੇ ਅਰਥ ਉਸ ਲਈ ਨਹੀਂ ਜੋ ਦੇਖਣ ਨੂੰ ਹਨ। ਉਹ ਤਾਂ ਦਰਿਆ ਤੋਂ 'ਸੁਣਨਾ' ਵੀ ਸਿਖਦਾ। ਜ਼ਿੰਦਗੀ ਵਿਚ 'ਤਰਨਾ' ਕਿਵੇਂ ਹੈ, ਵੀ ਸਿਖਦਾ ਹੈ। ਉਸ ਲਈ ਮੰਜ਼ਿਲ ਕਿਸੇ ਗਹਿਰੇ ਮਰਮ ਦੀ ਨਿਆਈਂ ਹੈ।

ਇਕ ਪਲ ਲਈ ਮੈਨੂੰ ਲੱਗਿਆ, ਮੈਂ ਸਾਧਾਰਨ ਆਦਮੀ ਨਹੀਂ ਸਾਂ। ਵਿਅਕਤੀ ਵਿਸ਼ੇਸ਼ ਸਾਂ, ਜੋ ਭੁੱਲੇ-ਭਟਕਿਆਂ ਨੂੰ ਰਾਹ ਹੀ ਨਹੀਂ ਦਿਖਾਉਂਦਾ, ਮੰਜ਼ਿਲ ਤੱਕ ਪਹੁੰਚਾ ਕੇ ਹੀ ਸਾਹ ਲੈਂਦਾ ਸੀ। ਮੈਨੂੰ ਆਪਣਾ ਆਪ ਰਹਿਬਰ ਵਿਚ ਵਟਦਾ ਤੇ ਵਾਸਦੇਵ ਨਾਲ ਇਕਮਿਕ ਹੁੰਦਾ ਮਹਿਸੂਸ ਹੋਇਆ।

ਪਰ ਕੀ ਇਸ ਸ਼ਰਾਬੀ ਗੋਰੇ ਨੂੰ ਇਸ ਗੱਲ ਦਾ ਅਹਿਸਾਸ ਹੋ ਸਕਦਾ ਸੀ ਕਿ ਉਹ ਕਿਸ ਵਿਅਕਤੀ ਵਿਸ਼ੇਸ਼ ਨਾਲ ਸਫ਼ਰ ਕਰ ਰਿਹਾ ਸੀ। ਉਸ ਲਈ ਤਾਂ ਮੈਂ ਮਹਿਜ਼ ਟੈਕਸੀ ਡਰਾਈਵਰ ਸਾਂ, ਜਿਸਨੂੰ ਉਸਨੇ ਕਿਰਾਇਆ ਦੇਣਾ ਸੀ ਬਸ..।

ਮੈਂ ਉਸ ਬਾਰੇ ਕੀ ਸੋਚ ਰਿਹਾ ਸਾਂ। ਉਹ ਕੀ ਸੋਚ ਰਿਹਾ ਹੋਵੇਗਾ? ਉਸਨੇ ਮੇਰੇ ਬਾਰੇ ਕੀ ਸੋਚਣਾ, ਉਸ ਨੂੰ ਤਾਂ ਆਪਣੀ ਵੀ ਹੋਸ਼ ਨਹੀਂ। ਪਰ ਕੁਝ ਨਾ ਕੁਝ ਤਾਂ ਸੋਚਦਾ ਹੀ ਹੋਵੇਗਾ।

ਮੇਰੀ ਸੋਚ ਦੀ ਪਗਡੰਡੀ ਵਿਚ ਇਹ ਕੌਣ ਤੁਰਿਆ ਆ ਰਿਹਾ ਸੀ? ਮੁਸ਼ਤਾਕ ਸੂਫ਼ੀ? ਉਹ ਅਕਸਰ ਕਹਿੰਦਾ ਹੈ,'ਆਪਾਂ ਨਹੀਂ ਜਾਣਦੇ, ਦੁਨੀਆ ਦੇ ਬੰਦੇ ਕੀ ਕੀ ਸੋਚਦੇ ਨੇ। ਦਸ ਬੰਦੇ ਇਕੋ ਚੀਜ਼ ਨੂੰ ਦੇਖ ਰਹੇ ਹੋਣ, ਆਪਾਂ ਸੋਚਦੇ ਹਾਂ, ਉਹ ਵੀ ਉਸ ਚੀਜ਼ ਬਾਰੇ ਸਾਡੇ ਵਾਂਗੂੰ ਸੋਚਦੇ ਨੇ। ਨਾ। ਤੁਹਾਡੀ ਪਤਨੀ ਹਰ ਵੇਲੇ ਤੁਹਾਡੇ ਨਾਲ ਰਹਿੰਦੀ ਹੈ। ਉਹ ਕਿਵੇਂ ਸੋਚਦੀ ਹੈ, ਤੁਹਾਨੂੰ ਪਤਾ ਲੱਗ ਜਾਵੇ, ਤੁਸੀਂ ਕੰਧਾਂ ਵਿਚ ਸਿਰ ਮਾਰੋਗੇ। ਤੁਹਾਡੀ ਪਤਨੀ ਨੂੰ ਪਤਾ ਲੱਗ ਜਾਵੇ, ਤੁਸੀਂ ਕਿਵੇਂ ਸੋਚਦੇ ਹੋ, ਉਹ ਮੱਥੇ 'ਤੇ ਹੱਥ ਮਾਰ ਮਾਰ ਕੇ ਮੱਥਾ ਲਾਲ ਕਰ ਲਏਗੀ। ਦੂਜਾ ਕਿਵੇਂ ਸੋਚਦੈ, ਆਪਾਂ ਕਦੇ ਜਾਣ ਹੀ ਨਹੀਂ ਸਕਦੇ।'

ਮੈਂ ਸਵਾਰੀ ਬਾਰੇ ਕਿਵੇਂ ਸੋਚ ਰਿਹਾ ਸਾਂ? ਸਵਾਰੀ ਮੇਰੇ ਬਾਰੇ ਕਿਵੇਂ ਸੋਚਦੀ ਹੋਵੇਗੀ? ਰੱਬ ਜਾਣੇ। ਮੁਸ਼ਤਾਕ ਸੂਫ਼ੀ ਦੀ ਗੱਲ ਤਾਂ ਇਕ ਵਾਰ ਪਹਿਲਾਂ ਵੀ ਸਹੀ ਸਾਬਤ ਹੋ ਗਈ ਸੀ।

ਗੋਰਾ ਅਤੇ ਉਸਦੀ ਕਾਲੀ ਸਹੇਲੀ ਨੂੰ ਚੁੱਕੀ ਮੈਂ ਪੰਜਵੇਂ ਐਵਨਿਊ 'ਤੇ ਜਾ ਰਿਹਾ ਸਾਂ। ਲਾਲ ਬੱਤੀ 'ਤੇ ਮੈਂ ਬਰੇਕ ਲਾਈ। ਮੇਰੇ ਕੋਲ ਲੈਕਸਸ ਦਾ ਪਿਕ-ਅਪ ਆ ਕੇ ਰੁਕਿਆ। ਨਿੱਕੀ ਨਿੱਕੀ ਭੂਰੀ ਦਾਹੜੀ ਵਾਲੇ ਗੋਰੇ ਨੇ ਆਪਣਾ ਸੱਜੇ ਪਾਸੇ ਵਾਲਾ ਸ਼ੀਸ਼ਾ ਨੀਵਾਂ ਕੀਤਾ ਅਤੇ ਅੱਖਾਂ ਨਾਲ ਇਸ਼ਾਰਾ ਕਰਕੇ ਮੈਨੂੰ ਵੀ ਸ਼ੀਸ਼ਾ ਨੀਵਾਂ ਕਰਨ ਲਈ ਕਿਹਾ। ਮੈਂ ਸੋਚਿਆ, ਇਸ ਨੇ ਰਸਤਾ ਪੁਛਣਾ ਹੋਵੇਗਾ। ਅਕਸਰ ਦੂਸਰੇ ਸ਼ਹਿਰਾਂ ਤੋਂ ਆਏ ਲੋਕ ਯੈਲੋ-ਕੈਬੀਆਂ ਨੂੰ ਰਸਤਾ ਜਾਂ ਲੈਂਡਮਾਰਕ ਪੁੱਛਦੇ ਨੇ। ਉਹ ਬਹੁਤ ਕਾਹਲੀ ਵਿਚ ਸੀ, ਜਿਵੇਂ ਲਾਲ ਬੱਤੀ ਦੇ ਹਰੀ ਹੋਣ ਤੋਂ ਪਹਿਲਾਂ ਪਹਿਲਾਂ, ਫਟਾ ਫਟ ਮੈਨੂੰ ਕੁਝ ਪੁਛਣਾ ਚਾਹੁੰਦਾ ਹੋਵੇ।

ਮੈਂ ਸ਼ੀਸ਼ਾ ਨੀਵਾਂ ਕਰਕੇ ਧੌਣ ਅੱਗੇ ਨੂੰ ਕਰਕੇ,'ਯੈਸ ਸਰ' ਕਹਿਣ ਹੀ ਵਾਲਾ ਸਾਂ, ਉਸਨੇ ਡੈਸ਼-ਬੋਰਡ 'ਤੇ ਪਿਆ ਕੱਪ ਚੁੱਕਿਆ ਤੇ ਵਗਾਹ ਕੇ ਮੇਰੇ ਵੱਲ ਮਾਰਿਆ,'ਗੋ ਬੈਕ ਬਾਸਟਰਡ ਬਿਨ ਲਾਦੇਨ?'

ਮੈਂ ਫੁਰਤੀ ਨਾਲ ਆਪ ਤਾਂ ਪਿਛਾਂਹ ਹੋ ਗਿਆ, ਪਰ ਸ਼ੀਸ਼ਾ ਬੰਦ ਨਹੀਂ ਸਾਂ ਕਰ ਸਕਿਆ। ਸਟ੍ਰਾਬੇਰੀ ਸਮੂਥੀ ਦਾ ਕੱਪ ਮੇਰੇ ਸੱਜੇ ਪਾਸੇ ਵਾਲੀ ਖ਼ਾਲੀ ਸੀਟ 'ਤੇ ਜ਼ੋਰ ਦੀ ਵੱਜਾ ਤੇ ਖੁੱਲ੍ਹ ਗਿਆ। ਸੀਟ 'ਤੇ ਗੁਲਾਬੀ ਰੰਗ ਦੀ ਝੱਗ ਤੇ ਜੂਸ ਇਁਝ ਫੈਲ ਗਿਆ ਜਿਵੇਂ ਬਾਲਟੀ ਵਿਚ ਸਰਫ਼ ਦੀ ਝੱਗ ਉਭਰ ਆਉਂਦੀ ਹੈ। ਇਸ ਤੋਂ ਪਹਿਲਾਂ ਮੈਨੂੰ ਕੁਝ ਸਮਝ ਆਉਂਦੀ, ਉਹ ਲੈਕਸਸ ਪਿਕ-ਅਪ ਦੀਆਂ ਚੀਕਾਂ ਕਢਾਉਂਦਾ ਲਾਲ ਬੱਤੀ ਪਾਰ ਕਰਕੇ ਹਵਾ ਹੋ ਗਿਆ ਸੀ।

ਮੈਂ ਰਸਤਾ ਦੱਸਣ ਬਾਰੇ ਸੋਚ ਰਿਹਾ ਸਾਂ। ਉਹ ਕੀ ਸੋਚ ਰਿਹਾ ਸੀ?

ਗੋਰਾ ਉਚੀ ਦੇਣੀ ਬੋਲਿਆ ਸੀ,'ਜੀਸਸ ਕ੍ਰਾਈਸਟ। ਫ਼ੱਕ... ਦਿਸ ਗਾਈ।'

ਕਾਲੀ ਪਾਰਟੀਸ਼ਨ ਦੀ ਬਾਰੀ ਕੋਲ ਮੂੰਹ ਕਰਕੇ ਬੋਲੀ ਸੀ,'ਕਰੇਜ਼ੀ ਪੀਪਲ। ਆਰ ਯੂ ਓ ਕੇ ਮਿਸਟਰ?'

ਘਟਨਾ ਨੇ ਮੇਰਾ ਦਿਮਾਗ਼ ਘੁੰਮਾ ਦਿੱਤਾ ਸੀ। ਮੇਰਾ ਸਰੀਰ ਕੰਬਣ ਲੱਗਾ ਜਿਵੇਂ ਮੇਰਾ ਬਲੱਡ ਪ੍ਰੈਸ਼ਰ ਵਧ ਰਿਹਾ ਹੋਵੇ।

ਸਵਾਰੀ ਉਤਾਰ ਕੇ ਮੈਂ ਕਾਰ ਵਾਸ਼ 'ਤੇ ਗਿਆ ਸਾਂ। ਗੱਡੀ ਅੰਦਰੋਂ ਧੁਆਈ ਸੀ। ਪੱਚੀ ਡਾਲਰ ਦਾ ਖਰਚਾ ਅਤੇ ਇਕ ਘੰਟਾ ਟੁੱਟ ਗਿਆ ਸੀ। 'ਬਿਜ਼ੀ ਆਵਰ' ਵਿਚ ਇਕ ਘੰਟੇ ਦਾ ਮਤਲਬ ਚਾਲੀ-ਪੰਜਾਹ ਡਾਲਰ।

ਬਾਹਰ ਹਵਾ ਸੱਪ ਵਾਂਗ ਫਰਾਟੇ ਮਾਰ ਰਹੀ ਸੀ। ਨੈਵੀਗੇਸ਼ਨ ਨੇ ਸਿਰਨਾਵਾਂ ਸਵੀਕਾਰ ਕੀਤਾ ਤਾਂ ਮੇਰਾ ਦਿਲ ਕੁਝ ਟਿਕਾਣੇ ਆ ਗਿਆ ਸੀ। ਪੈਸਿਆਂ ਦਾ ਪਤਾ ਨਹੀਂ ਮਿਲਣ ਕਿ ਨਾ, ਚਲੋ ਇਸ ਮੁਸਾਫ਼ਰ ਨੂੰ ਟਿਕਾਣੇ 'ਤੇ ਤਾਂ ਪਹੁੰਚਾਉਣਾ ਹੋਇਆ। ਇਕ ਵਾਰ ਮੈਂ 'ਟਿਕਾਣੇ ਲਾਉਣ' ਬਾਰੇ ਵੀ ਐਵੇਂ ਹੀ ਸੋਚ ਲਿਆ ਸੀ, ਜਦੋਂ ਉਸਨੂੰ ਸੁੰਨਸਾਨ, ਬਰਫ਼ੀਲੀ ਸੜਕ 'ਤੇ ਉਤਾਰ ਦੇਣ ਦਾ ਮਨ ਬਣਾਇਆ ਸੀ।

ਨੈਵੀਗੇਸ਼ਨ ਸ਼ੀਸ਼ੇ ਨਾਲ ਚਿਪਕਾ ਕੇ, ਆਪਣੇ ਆਪ ਨੂੰ ਵਾਸਦੇਵ ਸਮਝਦੇ ਨੇ ਮੈਂ ਗੱਡੀ ਗੇਅਰ ਵਿਚ ਪਾ ਕੇ ਹੌਲੀ ਹੌਲੀ ਤੋਰ ਲਈ। ਬਰਫ਼ ਨਾਲ ਢਕੀਆਂ ਕਾਰਾਂ ਤੋਂ ਗੱਡੀ ਬਚਾਉਂਦਾ ਪੌਣੇ ਇਕ ਵਜੇ ਦੇ ਕਰੀਬ ਮੈਂ ਹਾਈਵੇਅ 'ਤੇ ਚੜ੍ਹ ਗਿਆ। ਹਾਈਵੇਅ 'ਤੇ ਕੋਈ ਗੱਡੀ ਨਹੀਂ ਸੀ। ਪੱਤਹੀਣ ਦਰਖ਼ਤ ਬਰਫ਼ੀਲੀ ਤੇ ਕਕਰੀਲੀ ਹਵਾ ਵਿਚ ਟੁੱਟਣ ਟੁੱਟਣ ਕਰਦੇ ਸਨ। ਰੇਡੀਓ ਮੁਤਾਬਕ ਚਾਲੀ ਮੀਲ ਦੀ ਰਫ਼ਤਾਰ ਨਾਲ ਹਵਾ ਚੱਲ ਰਹੀ ਸੀ। ਗੱਡੀ ਵਿਚ ਭਾਵੇਂ ਹੀਟ ਸੀ, ਫਿਰ ਵੀ ਪੈਸੇ ਮਰਨ ਦੀ ਚਿੰਤਾ ਦੀ ਠੰਢ ਮੈਨੂੰ 'ਵਾਸਦੇਵ' ਤੋਂ 'ਸਾਧਾਰਨ ਮਨੁੱਖ' ਵਿਚ ਬਦਲਣ ਦੀ ਕੋਸ਼ਿਸ਼ ਕਰ ਰਹੀ ਸੀ। ਜਿਵੇਂ ਬਾਹਰ ਕੜਾਕੇ ਦੀ ਠੰਢ ਪਾਣੀ ਨੂੰ ਬਰਫ਼ ਵਿਚ ਬਦਲ ਰਹੀ ਹੋਵੇਗੀ।

ਹਾਈਵੇਅ ਤੋਂ ਉਤਰਿਆ ਤਾਂ ਸੰਘਣੇ ਜੰਗਲ ਵਰਗਾ ਇਲਾਕਾ ਸ਼ੁਰੂ ਹੋ ਗਿਆ ਸੀ। ਸਫ਼ੈਦ ਬਰਫ਼ ਗੱਡੀ ਦੀ ਲੋਅ ਵਿਚ ਚਾਂਦੀ ਵਾਂਗ ਚਮਕ ਰਹੀ ਸੀ। ਦਰਖ਼ਤਾਂ 'ਤੇ ਬਰਫ਼ ਜੰਮੀ ਹੋਈ ਸੀ। ਆਲਾ ਦੁਆਲਾ ਵਿਸ਼ਾਲ ਖ਼ੂਬਸੂਰਤ 'ਪੇਂਟਿੰਗ' ਦਾ ਭੁਲੇਖਾ ਪਾ ਰਿਹਾ ਸੀ। ਪਰ ਮਰ ਰਹੀ ਦਿਹਾੜੀ ਦਾ ਮੋਤੀਆ ਮੇਰੀ ਨਜ਼ਰ ਨੂੰ ਏਨਾ ਮੱਧਮ ਕਰਦਾ ਜਾ ਰਿਹਾ ਸੀ ਕਿ ਮੈਨੂੰ ਇਹ ਸਾਰਾ ਕੁਝ ਖ਼ੂਬਸੂਰਤ 'ਪੇਂਟਿੰਗ' ਦੀ ਥਾਂ

ਡਰਾਉਣੇ ਅਤੇ ਘਿਨੌਣੇ ਸੁਪਨੇ ਵਰਗਾ ਜਾਪ ਰਿਹਾ ਸੀ।

ਆਖ਼ਿਰ ਇਕ ਦੋ ਮੋੜ ਕੱਟਣ ਬਾਦ ਨੈਵੀਗੇਸ਼ਨ ਨੇ ਟਿਕਾਣੇ ’ਤੇ ਪਹੁੰਚਣ ਦਾ ਝੰਡਾ ਦਿਖਾ ਦਿੱਤਾ। ਸਹੀ ਸਿਰਨਾਵੇਂ ’ਤੇ ਪਹੁੰਚਣ ਨਾਲ ਧਰਵਾਸ ਜਿਹਾ ਆ ਗਿਆ ਸੀ। ਡੱਬੀਆਂ ਵਰਗੇ ਕਤਾਰਾਂ ਵਿਚ ਚਿਣੇ ਹੋਏ ਘਰ ਬਹੁਤ ਖ਼ੂਬਸੂਰਤ ਲਗਦੇ ਹੋਣਗੇ, ਪਰ ਮੈਨੂੰ ਨਹੀਂ ਸਨ ਲਗ ਰਹੇ। ਇਲਾਕਾ ਅਮੀਰ ਸੀ, ਸ਼ਹਿਰ ਦੀ ਭੱਜ ਦੌੜ ਤੋਂ ਦੂਰ। ਪਰ ਕੀ ਏਥੇ ਆ ਕੇ ਵੀ ਦੌੜ ਖ਼ਤਮ ਹੋ ਜਾਂਦੀ ਹੈ?

ਮੈਂ ਮੀਟਰ ਬੰਦ ਕਰ ਦਿੱਤਾ।

‘ਸਰ ਤੁਹਾਡਾ ਘਰ ਆ ਗਿਐ।’ ਮੈਂ ਹਲਕੇ ਜਿਹੇ ਬਰੇਕ ਲਾ ਕੇ ਗੱਡੀ ਪਾਰਕਿੰਗ ਵਿਚ ਪਾ ਦਿੱਤੀ। ਪਿਛਲੀ ਸੀਟ ’ਤੇ ਗੋਰਾ ਧੌਣ ਲਟਕਾਈ ਸੌਂ ਰਿਹਾ ਸੀ। ਇਕ ਨੀਂਦ ਦੀ ਘੂਕੀ, ਦੂਸਰੀ ਸ਼ਰਾਬ ਦੀ ਲੋਰ।

‘ਹੂੰ...ਊਂ...ਊਂ..।’ ਉਸਨੇ ਕੁੱਕੜ ਵਾਂਗ ਧੌਣ ਉਪਰ ਚੁੱਕੀ ਅਤੇ ਅੱਖਾਂ ਅੱਧੀਆਂ ਕੁ ਖੋਲ੍ਹੀਆਂ।

‘ਤੁਹਾਡਾ ਘਰ ਆ ਗਿਐ।’ ਮੈਂ ਰਤਾ ਕੁ ਉਚੀ ਆਵਾਜ਼ ਵਿਚ ਕਿਹਾ।

ਗੋਰਾ ਉਠਣ ਦੀ ਬਜਾਏ ਸੀਟ ’ਤੇ ਲੰਮਾ ਪੈ ਗਿਆ ਸੀ। ਉਸ ਤੋਂ ਉਠਿਆ ਨਹੀਂ ਸੀ ਜਾ ਰਿਹਾ।

ਮੈਂ ਮੀਟਰ ’ਤੇ ਟਾਈਮ ਦੇਖਿਆ, ਡੇਢ ਵਜ ਗਿਆ ਸੀ।

ਮੈਂ ਨਿੱਘੀ ਟੈਕਸੀ ਵਿਚੋਂ ਟੋਪੀ ਲੈ ਕੇ ਬਾਹਰ ਨਿਕਲਿਆ।

ਮੈਂ ਕੈਬ ਦਾ ਪਿਛਲਾ ਦਰਵਾਜ਼ਾ ਖੋਲ੍ਹਿਆ,‘ਸਰ ਤੁਹਾਡਾ ਘਰ ਆ ਗਿਐ।’

ਉਹ ਉਠ ਕੇ ਬਾਹਰ ਨਿਕਲਿਆ। ਤੇਜ਼ ਹਵਾ ਦਾ ਲਫੇੜਾ ਖਾ ਕੇ ਡਿੱਗਣ ਤੋਂ ਬਚਦਾ ਬਚਦਾ, ਪੈਰ ਬੋਚਦਾ, ਸੜਕ ਦੇ ਦੂਸਰੇ ਪਾਸੇ ਇੰਞ ਉਡ ਗਿਆ, ਜਿਵੇਂ ਸ਼ਹਿਰ ਵਿਚ ਗਾਰਬੇਜ ਦੇ ਭਰੇ ਹੋਏ ਕਾਲੇ ਬੈਗ, ਹਨ੍ਹੇਰੀ ਨਾਲ ਸੜਕ ਵਿਚ ਏਧਰ ਓਧਰ ਜਾ ਰਹੇ ਸਨ।

ਪੱਤਝੜ ਦੇ ਮਾਰੇ ਹੋਏ ਦਰਖ਼ਤ ਹਵਾ ਨਾਲ ਸ਼ਾਂਅ ਸ਼ਾਂਅ ਕਰਦੇ ਕਦੇ ਇਕ ਪਾਸੇ ਨੂੰ ਕਦੇ ਦੂਸਰੇ ਪਾਸੇ ਨੂੰ ਲਿਫ਼ ਲਿਫ਼ ਜਾਂਦੇ ਸਨ। ਠੰਢੀ ਹਵਾ ਛੁਰੀਆਂ ਵਾਂਗ ਸਰੀਰ ਨੂੰ ਛਿਲਦੀ ਜਾਂਦੀ ਸੀ। ਮੈਂ ਡਰਾਈਵਰ ਸੀਟ ’ਤੇ ਜਾ ਬੈਠਾ। ਤੇਜ਼ ਹਵਾ ਕਾਰਨ ਜਾਂ ਕਿਰਾਇਆ ਮਰਨ ਦੇ ਡਰ ਨਾਲ ਉਖੜੇ ਹੋਏ ਸਾਹਾਂ ਨੂੰ ਮੈਂ ਕਾਬੂ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ। ਨਿੱਘੀ ਕੈਬ ਵਿਚ ਸਰੀਰ ਨੂੰ ਤਾਂ ਚੈਨ ਮਿਲ ਰਹੀ ਸੀ, ਪਰ ਦਿਲ ਦੀ ਧੜਕਣ ਵਧ ਰਹੀ ਸੀ, ਜਿਵੇਂ ਮੇਰਾ ਬਲੱਡ ਪ੍ਰੈਸ਼ਰ ਵਧ ਰਿਹਾ ਹੋਵੇ।

ਮੈਂ ਹਵਾ ਵਿਚ ਪਤੰਗ ਵਾਂਗ ਗੋਤੇ ਖਾਂਦੇ ਗੋਰੇ ਵੱਲ ਦੇਖਿਆ। ਉਹ ਕਦੇ ਪੈਂਟ ਦੀਆਂ ਜੇਬਾਂ ਫੋਲਦਾ ਸੀ, ਕਦੇ ਕੋਟ ਦੀਆਂ। ਉਹ ਜ਼ਰੂਰ ਬਟੂਆ ਲੱਭ ਰਿਹਾ ਸੀ।

‘ਜ਼ਰੂਰ ਇਹ ਬਟੂਆ ਸ਼ਹਿਰ ਹੀ ਗਵਾ ਆਇਆ ਹੈ।’ ਮੈਂ ਸੋਚਿਆ,‘ਇਸ ਤੋਂ ਘਰ ਦਾ ਨੰਬਰ ਲੈ ਕੇ ਇਹਦੇ ਘਰ ਫੋਨ ਕਰਦਾ ਹਾਂ। ਸ਼ਾਇਦ ਇਸਦੀ ਬੀਵੀ ਘਰ ਹੋਵੇ? ਪਤਾ ਨਹੀਂ ਇਸਦੇ ਘਰ ਕੋਈ ਹੈ ਵੀ ਕਿ ਨਹੀਂ। ਕੋਈ ਘਰ ਹੋਵੇ ਤਾਂ ਬੰਦਾ ਸ਼ਰਾਬ ਪੀ ਕੇ ਏਨੀ ਰਾਤ ਗਏ ਕਦੋਂ ਆਉਂਦਾ ਹੈ?’

ਉਹ ਅਜੇ ਵੀ ਜੇਬਾਂ ਫੋਲੀ ਜਾ ਰਿਹਾ ਸੀ।

ਮੈਂ ਕੈਬ ਦੀ ਪਾਰਟੀਸ਼ਨ ਵਿਚ ਬਣੀ ਖਿੜਕੀ ਥਾਣੀਂ ਪਿਛੇ ਦੇਖਿਆ। ਬਟੂਆ ਪਿਛਲੀ ਸੀਟ ’ਤੇ ਪਿਆ ਸੀ।

ਮੈਂ ਸਾਹ ਬੰਦ ਕਰਕੇ ਕੈਬ ਵਿਚੋਂ ਬਾਹਰ ਨਿਕਲਿਆ। ਪਿਛਲਾ ਦਰਵਾਜ਼ਾ ਖੋਲ੍ਹ ਕੇ ਕੋਡਾ ਹੋ ਕੇ ਬਟੂਆ ਚੁੱਕਿਆ। ਏਨੀ ਦੇਰ ਵਿਚ ਤੇਜ਼ ਹਵਾ ਦੇ ਬੁੱਲੇ ਨੇ ਦਰਵਾਜ਼ਾ ਮੇਰੇ ਪਿਛੇ ਮਾਰਿਆ, ਜਿਵੇਂ ਕਿਸੇ ਨੇ ਫੜ੍ਹ ਕੇ ਜਾਣ-ਬੁਝ ਕੇ ਦਰਵਾਜ਼ਾ ਮਾਰਿਆ ਹੋਵੇ। ਮੇਰੀਆਂ ਲੱਤਾਂ ਦਰਵਾਜ਼ੇ ਅਤੇ ਕੈਬ ਦੇ ਵਿਚਕਾਰ ਘੁੱਟੀਆਂ ਗਈਆਂ। ਪੈਂਟ ਹੇਠ ਦੀ ਪਾਈ ਥਰਮਲ ਕਰਕੇ ਸੱਟ ਲੱਗਣੋਂ ਬਚ ਗਈ ਸੀ।

ਮੈਂ ਬਟੂਆ ਚੁੱਕ ਕੇ ਗੋਰੇ ਵੱਲ ਵੇਖਿਆ। ਹਵਾ ਦੀ ਘੁੰਮਣ-ਘੇਰੀ ਵਿਚ ਉਸਦਾ ਮੂੰਹ ਦੂਜੇ ਪਾਸੇ ਹੋਇਆ ਤਾਂ ਮੈਂ ਝੱਟ ਆਪਣੀ ਸੀਟ ’ਤੇ ਆ ਬੈਠਾ।

ਬਟੂਏ ਵਿਚ ਨੋਟਾਂ ਦਾ ਥੱਬਾ ਸੀ। ਸਟਰੀਟ ਲਾਈਟ ਦੀ ਰੌਸ਼ਨੀ ਵਿਚ ਸੌ ਸੌ ਦੇ ਨੋਟ ਪਛਾਣੇ ਗਏ। ਘੱਟੋ-ਘੱਟ ਦਸ-ਬਾਰਾਂ ਨੋਟ ਹੋਣਗੇ। ਮੇਰਾ ਦਿਮਾਗ਼ ਹਵਾ ਵਿਚ ਘੁੰਮਦੇ ਗੋਰੇ ਵਾਂਗ ਘੁੰਮਣ ਲੱਗ ਪਿਆ,‘ਕੁਝ ਨੋਟ ਕੱਢ ਕੇ ਬਟੂਆ ਇਸ ਨੂੰ ਦੇ ਦੇਵਾਂ। ਕੁਝ ਨੋਟ ਵੀ ਕਿਉਂ? ‘ਯੂ ਟਰਨ’ ਮਾਰ ਕੇ ਤੁਰਦਾ ਬਣਾਂ। ਪਿਛਲੇ ਹਿਸਾਬ ਵੀ ਪੂਰੇ ਹੋ ਜਾਣਗੇ। ਕੀ ‘ਯੂ ਟਰਨ’ ਮਾਰਨੀ ਏਨੀ ਸੌਖੀ ਹੈ?

ਗੋਰੇ ਦਾ ਮੂੰਹ ਮੇਰੇ ਵੱਲ ਘੁੰਮਿਆ, ਮੈਂ ਬਟੂਆ ਪੱਟਾਂ ਵਿਚਕਾਰ ਸੁੱਟ ਲਿਆ, ਇਕਦਮ, ਜਿਵੇਂ ਬਿੱਛੂ ਨੇ ਡੰਗਿਆ ਹੋਵੇ।

‘ਮਰਦਾਨੇ ਨੂੰ ਬਟੂਆ ਲੱਭਾ। ਬਾਬੇ ਨਾਨਕ ਨੇ ਕਿਹਾ, ਭਾਈ ਮਰਦਾਨਿਆ ਬਿਗਾਨੀ ਮਾਇਆ ਨੂੰ ਹੱਥ ਨਹੀਂ ਲਾਉਣਾ।’ ਮਰਦਾਨੇ ਨੇ ਅੱਖ ਬਚਾ ਕੇ ਬਟੂਆ ਚੁੱਕਿਆ। ਪੈਰ ਘਸੀਟਦਾ ਘਸੀਟਦਾ ਬਾਬੇ ਤੋਂ ਪਿਛਾਂਹ ਰਹਿ ਗਿਆ। ਮਲਕ ਜਿਹੇ ਬਟੂਆ ਖੋਲ੍ਹਿਆ। ਬਟੂਏ ਵਿਚ ਬੈਠੇ ਬਿੱਛੂ ਨੇ ਦੰਦੀ ਵੱਢੀ। ਮਰਦਾਨੇ ਦੀ ਚੀਕ ਨਿਕਲ ਗਈ।’

ਪ੍ਰੋ.ਟੀ ਡੀ ਜੋਸ਼ੀ ਸਾਖੀ ਦੀ ਵਿਆਖਿਆ ਕੀਤੀ,‘ਬਿਗਾਨੀ ਮਾਇਆ ਬਿੱਛੂ ਦੇ ਸਮਾਨ ਹੁੰਦੀ ਐ ਭਾਈ।’

ਮੈਂ ਮਨ ਨੂੰ ਸਮਝਾਇਆ,‘ਇਹ ਬਿਗਾਨੀ ਨਹੀਂ। ਇਹ ਤਾਂ ਮੇਰਾ ਹੱਕ ਹੈ। ਆਪਣਾ ਹੱਕ ‘ਖੋਹਣਾ’ ਕੋਈ ਪਾਪ ਨਹੀਂ।’

ਗੋਰੇ ਦਾ ਮੂੰਹ ਦੂਜੇ ਪਾਸੇ ਘੁੰਮਿਆ। ਮੈਂ ਬਟੂਆ ਚੁੱਕ ਕੇ ਫੋਲਿਆ। ਖਰ੍ਹਵੇਂ ਨੋਟ ਹੱਥਾਂ ਨੂੰ ਕੂਲੇ ਕੂਲੇ ਲੱਗੇ। ਕੈਬ ਵਿਚ ਨਿੱਘ ਸੀ, ਪਰ ਮੈਂ ਕੰਬ ਕਿਉਂ ਰਿਹਾ ਸਾਂ। ਗਰਮੀ ਵਿਚ ਕਾਂਬਾ ਅਤੇ ਸਰਦੀ ਵਿਚ ਪਸੀਨਾ, ਬੇਈਮਾਨ ਬੰਦੇ ਦੀ ਨਿਸ਼ਾਨੀ ਤਾਂ ਨਹੀਂ। ਪਰ ਮੈਂ ਬੇਈਮਾਨ ਨਹੀਂ ਸਾਂ। ਇਸ ਗੋਰੇ ਨੇ ਮੇਰੇ ਨਾਲ ਧੋਖਾ ਕੀਤਾ ਸੀ।

ਮੈਂ ਧਿਆਨ ਨਾਲ ਗੋਰੇ ਵੱਲ ਦੇਖਿਆ। ਉਸਦੀ ਦਾਹੜੀ ਵੀ ਉਸ ਗੋਰੇ ਵਰਗੀ ਸੀ, ਜਿਸ ਨੇ ਮੇਰੇ ‘ਸਟ੍ਰਾਬੇਰੀ ਸਮੂਥੀ’ ਦਾ ਕੱਪ ਮਾਰਿਆ ਸੀ। ਉਸ ਦਿਨ ਦਾ ਪਿਆ ਘਾਟਾ ਪੂਰਾ ਕਰਨ ਦਾ ਵੀ ਤਾਂ ਮੌਕਾ ਬਣ ਗਿਆ ਸੀ।

ਮੈਂ ਇਕ ਵਾਰ ਫਿਰ ਬਟੂਆ ਚੁੱਕ ਨੇ ਨੋਟਾਂ ’ਤੇ ਨਜ਼ਰ ਮਾਰੀ,‘ਕਿਤੇ ਇਹ ਨਾ ਹੋਵੇ, ਮੈਂ ਭੱਜ ਵੀ ਜਾਵਾਂ ਤੇ ਗੁਜ਼ਾਰੇ ਜੋਗੇ ਡਾਲਰ ਵੀ ਨਾ ਨਿਕਲਣ। ਕੋਹੜੀ ਵੀ ਬਣਾ ਤੇ ਕਲੰਕੀ ਵੀ।’ ਜਿਵੇਂ ਮੇਰਾ ਆਪਣੇ ਆਪ ’ਤੇ ਵਿਸ਼ਵਾਸ ਹੀ ਨਹੀਂ ਰਿਹਾ ਸੀ। ਚੋਰ ਦੇ ਪੈਰ ਨਹੀਂ ਹੁੰਦੇ। ਅੱਛਾ ਤਾਂ ਪੈਰਾਂ ਦਾ ਅਰਥ ‘ਆਤਮ-ਵਿਸ਼ਵਾਸ’ ਹੁੰਦੈ। ਹੁਣੇ ਤਾਂ ਸੌ ਸੌ ਦੇ ਨੋਟ ਦੇਖੇ ਸਨ। ਫਿਰ ਦੇਖਣ ਲੱਗਾ। ਸੱਜੇ ਹੱਥ ਦੀ ‘ਵਿਚਕਾਰਲੀ’ ਉਂਗਲ ਦਾ ਨਹੁੰ ਨੋਟ ’ਤੇ ਘਸਾ ਕੇ ਦੇਖਿਆ। ਨੋਟ ਖੁਰਦਰਾ ਸੀ। ਅਸਲੀ ਸੀ। ਕੀ ਮੈਂ ਅਸਲੀ ਸਾਂ? ਮੈਂ ‘ਵਿਚਕਾਰਲੀ’ ਉਂਗਲ ਨਾਲ ਹੀ ਨੋਟ ਦੀ ਪਰਖ ਕਿਉਂ ਕੀਤੀ ਸੀ? ਕੀ ਮੈਂ ਆਪਣੇ ਆਪ ਨੂੰ ਹੀ ‘ਗਾਲ੍ਹ’ ਕੱਢ ਲਈ ਸੀ? ਜਾਂ ਮੈਂ ਜੋ ਕੰਮ ਕਰਨ ਜਾ ਰਿਹਾ ਸਾਂ, ਉਹ ‘ਗਾਲ੍ਹ’ ਵਰਗਾ ਹੀ ਸੀ!

ਗੋਰਾ ਹਵਾ ਦੀ ਮਾਰ ਨਾਲ ਖਿਸਕਦਾ ਖਿਸਕਦਾ ਇਕ ਪਾਸੇ ਨੂੰ ਚਲਾ ਗਿਆ ਸੀ। ਮੇਰੇ ਲਈ ‘ਯੂ ਟਰਨ’ ਮਾਰਨੀ ਹੋਰ ਸੌਖੀ ਹੋ ਗਈ ਸੀ। ਉਸ ਨੇ ਫੋਨ ਕੱਢਿਆ। ਸ਼ਾਇਦ ਘਰ ਨੂੰ ਫੋਨ ਕਰਨ ਲੱਗਾ ਸੀ। ਮੇਰਾ ਦਿਮਾਗ਼ ਹਵਾ ਨਾਲੋਂ ਵੀ ਤੇਜ਼ ਚੱਲ ਰਿਹਾ ਸੀ। ਇਸ ਦੇ ਫੋਨ ਕਰਨ ਤੋਂ ਪਹਿਲਾਂ ਹੀ ਮੈਨੂੰ ਭੱਜ ਜਾਣਾ ਚਾਹੀਦਾ ਸੀ। ਆਖ਼ਿਰ ਮੈਂ ਮਨ ਤਾਂ ਬਣਾ ਹੀ ਚੁੱਕਾ ਸਾਂ। ਪਿਛਲੇ ਹਿਸਾਬ ਵੀ ਤਾਂ ਪੂਰੇ ਕਰਨੇ ਸਨ।

‘ਪਾਪਾਂ ਬਾਝੋਂ ਹੋਵੇ ਨਾਹੀਂ।’ ਇਹ ਆਵਾਜ਼ ਕਿੱਧਰੋਂ ਆ ਰਹੀ ਸੀ? ਮੈਂ ਦੋਵੇਂ ਹੱਥ ਕੰਨਾਂ ’ਤੇ ਰੱਖ ਲਏ। ਆਵਾਜ਼ ਫਿਰ ਵੀ ਆ ਰਹੀ ਸੀ। ਹੈਂ? ਮੈਂ ਕਿਸ ਅਵੱਸਥਾ ਵਿਚ ਪਹੁੰਚ ਗਿਆ ਸਾਂ। ‘ਬਿਨਾਂ ਕੰਨਾਂ’ ਹੀ ਸੁਣਨ ਲੱਗ ਪਿਆ ਸੀ।

ਮੈਂ ਸਿਰ ਝਟਕਾ ਦਿੱਤਾ ਤੇ ਆਵਾਜ਼ ਨੂੰ ਭੂੰਆਂ ਕੇ ਬਰਫ਼ ਦੇ ਢੇਰ ਹੇਠ ਦੱਬ ਦਿੱਤਾ। ਗੋਰੇ ਦੇ ਪੈਰ ਡੋਲ ਰਹੇ ਸਨ। ਮੇਰਾ ਦਿਲ ਡੋਲ ਰਿਹਾ ਸੀ। ਮੈਨੂੰ ਦਿਲ ਕਰੜਾ ਕਰਨਾ ਚਾਹੀਦਾ ਸੀ। ਡੇਢ ਵਜੇ, ਸੁੰਨਸਾਨ ਤੂਫ਼ਾਨੀ ਰਾਤ, ਗਿਆਨ ਦੀਆਂ ਗੱਲਾਂ ਸੁਣ ਕੇ ਮਨ ਕਮਜ਼ੋਰ ਨਹੀਂ ਕਰਨਾ ਚਾਹੀਦਾ। ਇਸ ਸ਼ਰਾਬੀ ਨੇ ਮੈਨੂੰ ਧੋਖਾ ਦਿੱਤਾ ਸੀ। ਮੇਰੀ ਦਿਹਾੜੀ ਦਾ ਸਤਿਆਨਾਸ ਕੀਤਾ ਸੀ। ਇਹ ਰੱਬ ਦੀ ਕੁਦਰਤ ਸੀ, ਮੈਨੂੰ ਪਿਛਲੇ ਸਾਰੇ ਹਿਸਾਬ ਬਰਾਬਰ ਕਰਨ ਦਾ ਮੌਕਾ ਬਣਿਆ ਸੀ। ਸ਼ਾਇਦ ਇਸ ਕਰਕੇ ਰੱਬ ਨੇ ਇਹ ‘ਢੋਅ’ ਬਣਾਇਆ ਸੀ। ਕੀ ਲੁੱਟ ਹੋਣ ਵਾਸਤੇ ਅਸੀਂ ਕੈਬੀ ਹੀ ਹਾਂ?

ਮੈਨੂੰ ਨੌਜਵਾਨ ਦੀ ਯਾਦ ਆਈ। ਉਸਨੂੰ ਮੈਂ ਡਾਊਨ ਟਾਊਨ ਤੋਂ ਚੁੱਕਿਆ ਸੀ। ਬੈਠਦੇ ਸਾਰ ਹੀ ਉਸਨੇ ਕਿਹਾ ਸੀ,‘ਇਕ ਸੌ ਅਠਾਰਾਂ ਸਟਰੀਟ ਬਰਾਡਵੇਅ।’

ਚੰਗੀ ਸਵਾਰੀ ਸੀ। ਘੱਟੋ-ਘੱਟ ਪੱਚੀ ਡਾਲਰ ਬਣਨੇ ਸਨ। ਦੋ ਚਾਰ ਡਾਲਰ ਟਿੱਪ। ਮੇਰਾ ਦਿਲ ਖ਼ੁਸ਼ੀ ਵਿਚ ਧੜਕਿਆ ਸੀ, ਜਿਵੇਂ ਖ਼ੁਸ਼ੀ ਨਾਲ ਮੇਰਾ ਬਲੱਡ-ਪ੍ਰੈਸ਼ਰ ਵਧ ਗਿਆ ਹੋਵੇ।

ਜਦੋਂ ਉਸਦੇ ਛੇ ਡਾਲਰ ਬਣੇ, ਨੌਜਵਾਨ ਨੇ ਮੈਨੂੰ ਰੁਕਣ ਲਈ ਕਿਹਾ ਅਤੇ ਬਹੁਤ ਹੀ ਹਲੀਮੀ ਨਾਲ ਬੋਲਿਆ,‘ਸੌਰੀ, ਤੂੰ ਏਥੇ ਪੰਦਰਾਂ ਕੁ ਮਿੰਟ ਮੇਰੀ ਇੰਤਜ਼ਾਰ ਕਰ ਸਕਦੈਂ। ਰਸ਼ ਆਵਰ ਏ। ਦੁਬਾਰਾ ਕੈਬ ਲੱਭਣੀ ਮੁਸ਼ਕਲ ਹੈ। ਮੈਂ ਇਥੋਂ ਕੁਝ ਸਾਮਾਨ ਖ਼ਰੀਦਣਾ ਹੈ।’

ਮੈਂ ਕਿਹਾ ਸੀ,‘ਸੌਰੀ ਸਰ, ਪੰਦਰਾਂ ਮਿੰਟ ਜ਼ਿਆਦਾ ਨੇ।’ ਮੈਨੂੰ ਪਤਾ ਸੀ ਪੰਦਰਾਂ ਮਿੰਟ ਦਾ ਇਸ ਨੇ ਕਹਿ ਕੇ ਅੱਧਾ ਘੰਟਾ ਨਹੀਂ ਸੀ ਆਉਣਾ। ਖੜ੍ਹੀ ਗੱਡੀ ਨਾਲ ਅੱਧੇ ਘੰਟੇ ਵਿਚ ਬਾਰਾਂ ਡਾਲਰ ਬਣਨੇ ਸਨ। ਦੌੜਦੀ ਗੱਡੀ ਨਾਲ ਅੱਧੇ ਘੰਟੇ ਵਿਚ ਪੱਚੀ ਤੀਹ ਡਾਲਰ ਬਣ ਜਾਣੇ ਸਨ।

‘ਹਾਂ ਮੈਂ ਸਮਝਦਾਂ। ਪੰਦਰਾਂ ਮਿੰਟਾਂ ਵਿਚ ਤੂੰ ਕਿੰਨੇ ਹੀ ਡਾਲਰ ਕਮਾ ਸਕਦੈਂ। ਸੌਰੀ ਮੈਨੂੰ ਇਥੇ ਹੀ ਉਤਰਨਾ ਪੈ ਰਿਹੈ। ਕਿੰਨੇ ਪੈਸੇ?’ ਉਸਨੇ ਜੇਬ ਵਿਚ ਹੱਥ ਮਾਰਦੇ ਹੋਏ, ਬੇਹੱਦ ਪਛਤਾਵੇ ਦੇ ਅੰਦਾਜ਼ ਵਿਚ ਕਿਹਾ।

‘ਛੇ ਡਾਲਰ।’

‘ਤੇਰੇ ਕੋਲ ਸੌ ਦੀ ਚੇਂਜ ਹੈ?’ ਉਸਨੇ ਬਹੁਤ ਹੀ ਭੋਲੇਪਨ ਨਾਲ ਕਿਹਾ ਸੀ।

‘ਵੈਸੇ ਤਾਂ ਅਸੀਂ ਸੌ ਦਾ ਨੋਟ ਲੈਂਦੇ ਨਹੀਂ, ਪਰ ਤੂੰ ‘ਜੈਂਟਲਮੈਨ’ ਏਂ। ਲਿਆ ਮੈਂ ਤੋੜ ਦਿੰਨਾਂ।’

‘ਥੈਂਕਸ ਫਾਰ ਕੰਪਲੀਮੈਂਟ।’ ਉਸਨੇ ਖ਼ੁਸ਼ ਹੋ ਕੇ ਕਿਹਾ,‘ਛੇ ਬਣੇ ਨੇ, ਚੱਲ ਮੈਨੂੰ ਨੱਬੇ ਵਾਪਸ ਕਰਦੇ।’

ਚੇਂਜ ਫੜ੍ਹ ਕੇ ‘ਸੌਰੀ ਮੈਨ, ਮੈਂ ਤੈਨੂੰ ਅਪਟਾਊਨ ਨਹੀਂ ਲਿਜਾ ਸਕਿਆ’ ਕਹਿੰਦਾ ਉਹ ਕੈਬ ਵਿਚੋਂ ਉਤਰ ਗਿਆ ਸੀ।

ਚਾਰ ਡਾਲਰ ਟਿੱਪ। ਠੀਕ ਸੀ। ਉਥੋਂ ਹੀ ਅਗਲੀ ਸਵਾਰੀ ਚੁੱਕਣ ਦੀ ਕਾਹਲੀ ਵਿਚ ਮੈਂ ਨੋਟ ਜੇਬ ਵਿਚ ਪਾ ਲਿਆ।

ਗੈਸ ਪਵਾਉਣ ਵੇਲੇ ਮੈਨੂੰ ਨੋਟ ਦੇ ਨਕਲੀ ਹੋਣ ਬਾਰੇ ਪਤਾ ਲੱਗਾ ਸੀ।

‘ਅੱਜ ਤਾਂ ਉਹ ਘਾਟਾ ਵੀ ਪੂਰਾ ਕਰਨ ਦਾ ਮੌਕਾ ਬਣ ਗਿਐ।’ ਮੇਰਾ ਦਿਲ ਖ਼ੁਸ਼ੀ ਵਿਚ ਉਛਲਿਆ, ਪਰ ਸਰੀਰ ਹਲਕਾ ਹਲਕਾ ਕੰਬ ਰਿਹਾ ਸੀ। ਇਹ ਮੇਰੇ ਵਲੋਂ ਹੋਣ ਜਾ ਰਹੇ ਗੁਨਾਹ ਦਾ ਅਸਰ ਸੀ ਜਾਂ ਮੈਂ ਅੰਦਰੋਂ ਹੀ ਏਨਾ ਕਮਜ਼ੋਰ ਸਾਂ?

ਤੇ ਉਹ ਕਾਲਾ ਤੇ ਕਾਲੀ ਜਿਹੜੇ ਮੈਨੂੰ ਬਰੁਕਲਿਨ ਲੈ ਗਏ ਸਨ। ਤੀਹ ਡਾਲਰ ਕਿਰਾਇਆ ਬਣਿਆ ਸੀ। ਸੁੰਨਸਾਨ ਜਿਹੀ ਥਾਂ ’ਤੇ ਗੱਡੀ ਰੋਕਣ ਲਈ ਕਿਹਾ ਸੀ। ਮੈਂ ਅਜੇ ਮੀਟਰ ‘ਟਰਨ ਆਫ਼’ ਕਰਨ ਵਿਚ ਦੋ ਸਕਿੰਟਾਂ ਲਈ ਰੁਝਿਆ ਸਾਂ, ਉਹ ਬਾਰੀਆਂ ਖੋਲ੍ਹ ਕੇ ਇੰਞ ਭੱਜੇ ਸਨ ਕਿ ਉਹਨਾਂ ਨੇ ਬਾਰੀਆਂ ਬੰਦ ਕਰਨ ਵਿਚ ਵੀ ਵਕਤ ਬਰਬਾਦ ਨਹੀਂ ਸੀ ਕੀਤਾ। ਮੈਂ ਬਾਹਰ ਨਿਕਲ ਕੇ ਬਾਰੀਆਂ ਬੰਦ ਕਰਦਾ ‘ਠੱਗ’ ਹੋਇਆ ਸੁੰਨੀਆ ਹਨ੍ਹੇਰੀਆਂ ਸੜਕਾਂ ਨੂੰ ਨਿਹਾਰਦਾ ਰਿਹਾ ਸਾਂ।

‘ਅੱਜ ਤੀਹ ਉਹ ਵੀ ਆ ਗਏ।’ ਬਟੂਏ ਨੂੰ ਪੱਟ ਥੱਲੇ ਨੱਪ ਕੇ ਮੈਂ ਸੋਚਿਆ।

ਮੈਂ ਗੱਡੀ ਫੁੱਟ ਕੁ ਤੋਰੀ। ਅਗਲੇ ਘਰ ਦੇ ਡਰਾਈਵੇਅ ਵਿਚ ਦੀ ‘ਯੂ ਟਰਨ’ ਮਾਰਨੀ ਸੌਖੀ ਸੀ। ਲੋਕਾਂ ਨੇ ਸਿਰਫ਼ ਡਰਾਈਵੇਅ ਹੀ ਸਾਫ਼ ਕੀਤੇ ਹੋਏ ਸਨ। ਲਾਅਨ ਬਰਫ਼ ਨਾਲ ਭਰੇ ਹੋਏ ਸਨ। ਸਾਈਡ ਵਾਕ ਵਿਚ ਵੀ ਲੰਘਣ ਜੋਗੀ ਹੀ ਡੰਡੀ ਬਣਾਈ ਹੋਈ ਸੀ। ਬਾਕੀ ਬਰਫ਼ ਚੜ੍ਹੀ ਹੋਈ ਸੀ। ਮੇਰਾ ਸਰੀਰ ਹਲਕਾ ਹਲਕਾ ਕੰਬੀ ਜਾ ਰਿਹਾ ਸੀ, ਜਿਵੇਂ ਅਦਿੱਖ, ਅਣਕੀਤੇ ਗੁਨਾਹ ਦੀ ਬਰਫ਼ ਮੇਰੇ ’ਤੇ ਵੀ ਚੜ੍ਹਦੀ ਜਾ ਰਹੀ ਹੋਵੇ।

ਦਿਲ ਕਾਹਲਾ ਪੈ ਰਿਹਾ ਸੀ। ਪੈਸੇ ਕੱਢ ਕੇ ਬਟੂਆ ਦੋ ਚਾਰ ਬਲਾਕ ’ਤੇ ਸੁੱਟ ਦਿਆਂਗਾ। ਉਸ ਵਿਚ ਉਸਦੇ ਕਰੈਡਿਟ ਕਾਰਡ ਤੇ ਲਾਈਸੈਂਸ ਹੋਵੇਗਾ। ਕਿਸੇ ਨੂੰ ਕੀ ਪਤਾ ਲੱਗਣਾ ਸੀ ਇਥੇ ਕਿਵੇਂ ਆਇਆ? ਗੋਰਾ ਏਨਾ ਸ਼ਰਾਬੀ ਸੀ, ਗੱਡੀ ਦਾ ਨੰਬਰ ਇਸ ਨੂੰ ਯਾਦ ਨਹੀਂ ਰਹਿਣਾ।

ਮੈਂ ਅਜੇ ਦੂਸਰੇ ਘਰ ਦੇ ਡਰਾਈਵੇਅ ਵਿਚ ਹੀ ਪਹੁੰਚਿਆਂ ਸਾਂ ਕਿ ਚੇਤਿਆਂ ਵਿਚ ਬਾਬਾ ਪੂਰੀ ਕਿਤਿਓਂ ਆ ਗਿਆ।

‘ਬੰਦੇ ਦਾ ਮਨ ਪਾਰੇ ਵਰਗਾ ਹੁੰਦਾ ਹੈ, ਬਿਲਕੁਲ ਤਰਲ। ਪਲ ’ਚ ਤੋਲਾ, ਪਲ ’ਚ ਮਾਸਾ। ਇਕ ਬੰਦੇ ਨੂੰ ਰਾਹ ਵਿਚੋਂ ਥੈਲੀ ਲੱਭੀ। ਉਸਨੇ ਦੇਖਿਆ, ਥੈਲੀ ਵਿਚ ਸੋਨੇ ਦੀਆਂ ਮੋਹਰਾਂ। ਉਹਨੇ ਥੈਲੀ ਸੰਦੂਕ ਵਿਚ ਸੁੱਟ ਦਿੱਤੀ। ਕੁਝ ਦਿਨਾਂ ਬਾਦ ਇਕ ਮੁਸਾਫ਼ਰ ਆਇਆ। ਸਾਰਿਆਂ ਨੂੰ ਪੁੱਛੀ ਜਾਵੇ, ਤੁਸੀਂ ਕੋਈ ਥੈਲੀ ਨਹੀਂ ਦੇਖੀ। ਉਸ ਬੰਦੇ ਦੇ ਘਰ ਵੀ ਆਇਆ ਮੁਸਾਫ਼ਰ। ਉਹ ਬੰਦਾ ਸੀ ਬਹੁਤ ਇਮਾਨਦਾਰ। ਕਹਿਣ ਲੱਗਾ,‘ਥੈਲੀ ਮੈਨੂੰ ਲੱਭੀ ਐ।’ ਉਹ ਨੇ ਸੰਦੂਕ ਵਿਚੋਂ ਕੱਢ ਕੇ ਮੁਸਾਫ਼ਰ ਨੂੰ ਦੇ ਦਿੱਤੀ ਥੈਲੀ। ਮੁਸਾਫ਼ਰ ਨੇ ਮੋਹਰਾਂ ਗਿਣੀਆਂ। ਮੁਸਾਫ਼ਰ ਨੇ ਕਿਹਾ,‘ਥੈਲੀ ਵਿਚ ਦੋ ਸੌ ਮੋਹਰ ਸੀ। ਇਕ ਸੌ ਨੜਿਨਵੇਂ ਨਿਕਲੀਆਂ। ਜਿਥੇ ਥੈਲੀ ਰੱਖੀ ਸੀ, ਦੇਖੋ ਕਿਤੇ ਉਥੇ ਨਾ ਡਿਗ ਪਈ ਹੋਵੇ?’

‘ਉਹ ਬੰਦਾ ਅੰਦਰ ਗਿਆ। ਸੰਦੂਕ ਫੋਲਿਆ। ਥੈਲੀ ਸੁਟਣ ਲੱਗੇ ਪਤਾ ਨਹੀਂ ਕਿੱਦਾਂ ਇਕ ਮੋਹਰ ਸੰਦੂਕ ਵਿਚ ਡਿਗ ਪਈ ਸੀ। ਉਹ ਨੇ ਮੋਹਰ ਚੁੱਕੀ। ਤੁਰ ਪਿਆ। ਫਿਰ ਪਤਾ ਨਹੀਂ ਮਨ ਵਿਚ ਕੀ ਆਈ। ਮੋਹਰ ਸੰਦੂਕ ਵਿਚ ਸੁੱਟ ਕੇ ਵਾਪਸ ਆ ਗਿਆ,‘ਨਹੀਂ ਉਥੇ ਹੋਰ ਕੋਈ ਮੋਹਰ ਨਈਂ ਲੱਭੀ।’

ਪਰ ਮੈਂ ਬੇਈਮਾਨ ਨਹੀਂ ਸਾਂ। ਮੈਂ ਤਾਂ ਆਪਣੇ ਲੁੱਟ ਹੋਏ ਮਾਲ ਨੂੰ ਵਸੂਲ ਕਰਨ ਲੱਗਾ ਸਾਂ। ਮੈਂ ਗੋਰੇ ਵੱਲ ਦੇਖਿਆ। ਬਹੱਤਰ ਡਾਲਰ ਦੀ ਥਾਂ ਪੰਤਾਲੀ ਸੁਣ ਕੇ ਇਸ ਨੇ ਇਕ ਵਾਰ ਵੀ ਨਹੀਂ ਸੀ ਕਿਹਾ ਕਿ ਮੈਂ ਰੇਟ ਘੱਟ ਦੱਸਿਆ ਸੀ। ਇਹ ਕਿਹੜਾ ਪਹਿਲੀ ਵਾਰ ਆਇਆ ਹੋਵੇਗਾ। ਇਸ ਨੇ ਸੋਚਿਆ ਹੋਣੈਂ, ਟੈਕਸੀ ਡਰਾਈਵਰ ਈ ਏ, ਲੁੱਟ ਹੁੰਦਾ ਹੈ ਤਾਂ ਲੁੱਟ ਲਵੋ। ਜਿਵੇਂ ਹੁਣੇ ਹੁਣੇ ਫਿਰ ਮੇਰੇ ਸਟ੍ਰਾਬੇਰੀ ਸਮੂਥੀ ਦਾ ਕੱਪ ਆ ਕੇ ਵੱਜਿਆ ਹੋਵੇ। ਸਿੱਧਾ ਮੇਰੇ ਸਿਰ ਵਿਚ। ਸੌ ਦਾ ਨਕਲੀ ਨੋਟ ਮੇਰੀਆਂ ਅੱਖਾਂ ਵਿਚ ਸ਼ਰਾਰਤੀ ਪਰਿੰਦੇ ਵਾਂਗ ਖੰਭ ਖਿਲਾਰਦਾ ਉਡ ਰਿਹਾ ਸੀ। ਗੱਡੀ ’ਚੋਂ ਭੱਜ ਕੇ ਜਾਂਦੇ ਕਾਲਾ-ਕਾਲੀ ਜਿਵੇਂ ਸਫ਼ੈਦ, ਸੁੰਨੀ ਰਾਤ ਵਿਚ ਖਿੜਖਿੜਾ ਕੇ ਹੱਸੀ ਜਾ ਰਹੇ ਸਨ। ਬਟੂਏ ਵਿਚ ਏਨੇ ਪੈਸੇ ਸਨ, ਪੂਰੀ ਲੀਜ਼ ਦੇ ਕੇ, ਆਪਣੇ ਨਾਲ ਹੋਈਆਂ ‘ਠੱਗੀਆਂ’ ਦੀ ਭਰਪਾਈ ਹੋ ਸਕਦੀ ਸੀ। ਸਗੋਂ ਭਵਿੱਖ ਵਿਚ ਹੋਣ ਵਾਲੀਆਂ ਠੱਗੀਆਂ ਦਾ ਕੁਝ ‘ਐਡਵਾਂਸ’ ਵੀ ਮਿਲ ਰਿਹਾ ਸੀ। ਇਹ ਪੂਰੀ ਦੁਨੀਆ ਨੂੰ ਲੁੱਟਦੇ ਨੇ, ਜੇ ਮੈਂ ਇਸਨੂੰ ‘ਲੁੱਟ’ ਲਵਾਂ ਤਾਂ ਕੀ ਫ਼ਰਕ ਪੈਂਦਾ ਸੀ। ਪਰ ਮੈਂ ਲੁੱਟ ਨਹੀਂ ਸੀ ਰਿਹਾ। ਬਾਹਰ ਕਿੰਨੀ ਠੰਢ ਸੀ। ਪੋਹ ਦਾ ਮਹੀਨਾ ਸੀ। ਆਪਣੇ ਹੱਕ ਖੋਹਣ ਦਾ ਮਹੀਨਾ। ਹੱਕ ਖੋਹਣਾ ਬੇਈਮਾਨੀ ਨਹੀਂ।

ਹੈਂ? ਪ੍ਰੋ. ਟੀ ਆਰ ਸ਼ਿੰਗਾਰੀ ਕਿੱਧਰ ਘੁੰਮ ਰਹੇ ਸਨ ਮੇਰੇ ਖ਼ਿਆਲਾਂ ਦੀਆਂ ਗਲੀਆਂ ਵਿਚ।

‘ਗੱਲ ਇਹ ਐ ਬਈ, ਹਰ ਬੰਦਾ ਹੀ ਆਪਣੇ ਆਪ ਨੂੰ ਇਮਾਨਦਾਰ ਤੇ ਸੱਚਾ-ਸੁੱਚਾ ਹੀ ਸਮਝਦੈ। ਪਰ ਅਸਲੀ ਬੰਦਾ ਉਹ ਹੁੰਦੈ, ਜਦੋਂ ਉਹਦੇ ਕੋਲ ਧੋਖਾ ਕਰਨ ਦਾ ਮੌਕਾ ਵੀ ਹੋਵੇ, ਬੇਈਮਾਨੀ ਕਰਨ ਲਈ ਹਾਲਾਤ ਵੀ ਅਨੁਕੂਲ ਹੋਣ, ਸਮਾਂ ਏਦਾਂ ਦਾ ਹੋਵੇ ਕਿ ਉਹ ਕਿਸੇ ਨੂੰ ਲੁੱਟ ਵੀ ਲਵੇ ਤੇ ਕਿਸੇ ਨੂੰ ਪਤਾ ਵੀ ਨਾ ਲੱਗੇ। ਉਦੋਂ ਬੰਦਾ ਸਾਰਾ ਕੁਝ ਨਾ ਕਰੇ, ਫੇਰ ਗੱਲ ਬਣਦੀ ਹੈ। ਅਜਿਹੇ ਮੌਕੇ ’ਤੇ ਹੀ ਸਹੀ ਆਦਰਸ਼ਾਂ ਦੀ, ਤੁਹਾਡੇ ਚੰਗੇ ਸੰਸਕਾਰਾਂ ਦੀ ਪਹਿਚਾਣ ਹੁੰਦੀ ਐ।’ ਪ੍ਰੋ. ਸ਼ਿੰਗਾਰੀ ਕਲਾਸ ਵਿਚ ਪੜ੍ਹਾ ਰਹੇ ਸਨ।

ਮੈਂ ਦਿਲ ਕਰੜਾ ਕੀਤਾ,‘ਸ਼ਿੰਗਾਰੀ ਸਾਹਿਬ, ਅਜਿਹਾ ਆਦਰਸ਼ਵਾਦ ਨਾਨਕ ਸਿੰਘ ਅਤੇ ਗੁਰਬਖ਼ਸ਼ ਸਿੰਘ ਨਾਲ ਖ਼ਤਮ ਹੋ ਗਿਐ। ਅਸੀਂ ਪੀੜ ਹੋ ਰਹੇ ਆਂ। ਸਾਡੀ ਹੋਂਦ ਨੂੰ ਕੋਈ ਮੰਨਣ ਲਈ ਤਿਆਰ ਨਹੀਂ। ਗੱਡੀ ਦੇ ਪਿੱਛੇ ਮੁੰਡੇ ਕੁੜੀਆਂ ਇਕ ਦੂਜੇ ਨੂੰ ਇੰਞ ਬੇਬਾਕੀ ਨਾਲ ਚੁੰਮਦੇ ਰਹਿੰਦੇ ਨੇ, ਜਿਵੇਂ ਸਿਰਫ਼ ਓਹੀ ਇਕੱਲੇ ਗੱਡੀ ਵਿਚ ਹੋਣ। ਡਰਾਈਵਰ ਨਾਂ ਦੀ ਕੋਈ ਚੀਜ਼ ਗੱਡੀ ਵਿਚ ਹੋਵੇ ਹੀ ਨਾ। ਉਹ ਸਾਡੇ ‘ਹੋਣ’ ਨੂੰ ਹੀ ਸਵੀਕਾਰ ਨਹੀਂ ਕਰਦੇ। ਜੇ ਕਰਦੇ ਨੇ ਸਾਨੂੰ ਲੁੱਟ ਲੈਂਦੇ ਨੇ। ਲੁੱਟ ਹੋ ਰਹੇ ਬੰਦੇ ਅੱਗੇ ਆਦਰਸ਼ਾਂ, ਸੰਸਕਾਰਾਂ ਦਾ ਕੋਈ ਅਰਥ, ਕੋਈ ਮਹੱਤਵ ਨਹੀਂ ਰਹਿ ਜਾਂਦਾ।’

ਸ਼ਿੰਗਾਰੀ ਸਾਹਿਬ ਵਲੋਂ ਮੂੰਹ ਫੇਰ ਕੇ, ਮੈਂ ਭੱਜ ਜਾਣ ਦਾ ਮਨ ਬਣਾ ਲਿਆ ਸੀ।

ਅਗਲੇ ਡਰਾਈਵੇਅ ਥਾਣੀਂ ਮੈਂ ‘ਯੂ ਟਰਨ’ ਮਾਰ ਲਈ। ਗੋਰਾ ਸਾਹਮਣੇ ਖੜ੍ਹਾ ਕਦੇ ਜੇਬਾਂ ਫੋਲ ਰਿਹਾ ਸੀ, ਕਦੇ ਫੋਨ ’ਚੋਂ ਨੰਬਰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਾਹਮਣੇ ਸਟਾਪ ਸਾਈਨ ਸੀ। ਖ਼ਾਲੀ ਸੜਕ। ਇਹ ਛੋਟਾ ਜਿਹਾ ਪਿੰਡ ਸੀ। ਗੱਡੀ ਮਾੜੀ ਜਿਹੀ ਖੱਬੇ ਕਰਕੇ ਮੈਂ ਭੱਜ ਜਾਣਾ ਸੀ। ਸਟਾਪ ਸਾਈਨ ’ਤੇ ਮਾੜੀ ਜਿਹੀ ਰੋਕਾਂਗਾ। ਇਕ ਵਾਰ ਇਥੋਂ ਨਿਕਲ ਕੇ ਘਰ ਜਾ ਕੇ ਹੀ ਸਾਹ ਲਵਾਂਗਾ। ਅਗਲੇ ਪਿਛਲੇ ਸਾਰੇ ਹਿਸਾਬ ਬਰਾਬਰ ਕਰਨ ਦਾ ਸੁਨਹਿਰੀ ਮੌਕਾ ਹੱਥੋਂ ਜਾਣਾ ਨਹੀਂ ਚਾਹੀਦਾ। ਜ਼ਿੰਦਗੀ ਵਿਚ ਉਹੀ ਲੋਕ ਕਾਮਯਾਬ ਨਹੀਂ ਹੋਏ, ਜਿਹਨਾਂ ਨੇ ਸੁਨਹਿਰੀ ਮੌਕਾ ਗਵਾ ਦਿੱਤਾ।

ਦਰਖ਼ਤ ਹਵਾ ਵਿਚ ਝੂੰਮ ਰਹੇ ਸਨ। ਟਾਹਣੀਆਂ ਝੁਕ ਰਹੀਆਂ ਸਨ। ਜਿਵੇਂ ਮੈਨੂੰ ਹੱਥ ਦੇ ਦੇ ਕੇ ਰੋਕ ਰਹੀਆਂ ਹੋਣ। ਮੇਰੀਆਂ ਸੋਚਾਂ, ਸਾਰੀ ਕੁਦਰਤ, ਆਲਾ-ਦੁਆਲਾ ਮੈਨੂੰ ਹੀ ਕਿਉਂ ਰੋਕਦਾ ਸੀ? ਗੋਰਾ ਹਵਾ ਦੇ ਲਫੇੜਿਆਂ ਨਾਲ ਏਧਰ ਓਧਰ ਘੁੰਮ ਰਿਹਾ ਸੀ। ਉਸ ਨੂੰ ਕੋਈ ਪਤਾ ਨਹੀਂ, ਮੈਂ ਕੀ ਸੋਚ ਰਿਹਾ ਸਾਂ। ‘ਸੂਫ਼ੀ ਸਾਹਿਬ ਇਹ ਬਹੁਤ ਚੰਗੀ ਗੱਲ ਹੈ ਕਿ ਕਿਸੇ ਨੂੰ ਪਤਾ ਨਹੀਂ ਲਗਦਾ ਕਿ ਦੂਜਾ ਕਿਵੇਂ ਸੋਚਦੈ। ਜੇ ਪਤਾ ਹੋਵੇ ਤਾਂ ਇਹ ਗੋਰਾ ਹੁਣ ਮੇਰਾ ਰਾਹ ਨਾ ਰੋਕ ਲਵੇ!’

ਹਵਾ ਸ਼ੀਸ਼ਿਆਂ ਵਿਚ ਟਕਰਾਈ। ਬੁੱਲਾ ਬਹੁਤ ਕੁਰੱਖ਼ਤ ਤੇ ਸਖ਼ਤ ਸੀ। ਗੋਰਾ ਇਕਦਮ ਸੜਕ ਦੇ ਦੂਜੇ ਪਾਸੇ ਧੱਕਿਆ ਗਿਆ। ਜਿਵੇਂ ਕਿਸੇ ਅਦਿੱਖ ਸ਼ਕਤੀ ਨੇ ਉਸਨੂੰ ਪਰ੍ਹਾਂ ਕਰਕੇ ਮੇਰਾ ਰਾਹ ਪੱਧਰਾ ਕਰ ਦਿੱਤਾ ਹੋਵੇ।

‘ਇਹਦਾ ਮਤਲਬ ਕੁਦਰਤ ਮੇਰੇ ਵੱਲ ਹੈ।’

ਮੈਂ ਬਰੇਕ ਤੋਂ ਪੈਰ ਚੁੱਕਿਆ। ਗੱਡੀ ਤੁਰੀ ਨਹੀਂ ਸੀ। ਜਿਵੇਂ ਕਿਸੇ ਨੇ ਫੜ੍ਹ ਲਈ ਸੀ। ਮੈਂ ਪਿਛਾਂਹ ਦੇਖਿਆ, ਕੋਈ ਨਹੀਂ ਸੀ। ਮੈਂ ਰੇਸ ਦਿੱਤੀ। ਗੱਡੀ ਤੁਰੀ ਨਹੀਂ। ਮੈਂ ਜ਼ੋਰ ਦੀ ਰੇਸ ਵੀ ਨਹੀਂ ਦੇ ਰਿਹਾ ਸਾਂ। ਕਿਤੇ ‘ਘੂੰ’ ਦੀ ਆਵਾਜ਼ ਸੁਣ ਕੇ ਗੋਰਾ ਹੁਸ਼ਿਆਰ ਨਾ ਹੋ ਜਾਵੇ। ਜੇ ਹੁਸ਼ਿਆਰ ਹੋ ਵੀ ਜਾਂਦਾ ਤਾਂ ਉਸ ਸ਼ਰਾਬੀ ਨੇ ਕੀ ਕਰ ਲੈਣਾ ਸੀ, ਪਰ ਚੋਰ ਦੇ ਪੈਰ ਨਹੀਂ ਹੁੰਦੇ। ਗੱਡੀ ਤੁਰ ਨਹੀਂ ਸੀ ਰਹੀ।

ਗੱਡੀ ਤੁਰੇ ਕਿਵੇਂ। ਸਾਹਮਣੇ ਮੇਰਾ ਬਾਪ ਖੜ੍ਹਾ ਸੀ। ਉਸਨੇ ਗੱਡੀ ਨੂੰ ਦੋਹਾਂ ਹੱਥਾਂ ਨਾਲ ਪਿਛਾਂਹ ਵੱਲ ਨੂੰ ਧੱਕਿਆ ਹੋਇਆ ਸੀ। ਮੈਂ ਛੋਟਾ ਜਿਹਾ ਸਾਂ। ਮੇਰੀ ਮਾਸੀ ਦੀ ਸਹੇਲੀ ਸੂਬੇਦਾਰਨੀ ਸਾਡੀ ਸੱਜਰ ਸੂਈ ਮੱਝ ਖ਼ਰੀਦਣ ਆਈ ਸੀ। ਸੌਦਾ ਹੋ ਗਿਆ ਸੀ। ਤਿੰਨ ਹਜ਼ਾਰ ਦਾ। ਜਾਣ ਲੱਗੀ ਸਾਈ ਦੇ ਕੇ ਬੋਲੀ,‘ਭਾਜੀ ਮੈਂ ਤੁਹਾਡੀ ਮੱਝ ਤਿੰਨ ਹਜ਼ਾਰ ਦੀ ਖ਼ਰੀਦ ਲਈ ਆ। ਜਿੱਦਣ ਅਸੀਂ ਮੱਝ ਲੈਣ ਆਏ, ਮੇਰੀ ਸੱਸ ਵੀ ਨਾਲ ਹੋਊਗੀ। ਉਹਨੂੰ ਤੁਸੀਂ ਇਹ ਮੱਝ ਬਾਈ ਸੌ ਦੀ ਦੱਸਣਾ।’

ਮੇਰੇ ਬਾਪ ਨੇ ਸਾਈ ਵਾਪਸ ਕਰਦੇ ਹੋਏ ਕਿਹਾ ਸੀ,‘ਬੀਬੀ ਤੂੰ ਮੱਝ ਖਰੀਦਣੀ ਐ, ਖਰੀਦ, ਨਹੀਂ ਖਰੀਦਣੀ ਨਾ ਖਰੀਦ, ਮੈਥੋਂ ਏਡਾ ਵੱਡਾ ਝੂਠ ਨਹੀਂ ਬੋਲਿਆ ਜਾਣਾ।’

ਸੂਬੇਦਾਰਨੀ ਵਿਚ ਸਾਈ ਵਾਪਸ ਫੜ੍ਹਨ ਦੀ ਵੀ ਹਿੰਮਤ ਨਹੀਂ ਸੀ ਰਹੀ। ਉਹ ਮੱਝ ਲੈਣ ਨਹੀਂ ਸੀ ਆਈ।

ਮੇਰੇ ਬਾਪ ਨੇ ਉਹ ਸਾਈ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਚੜ੍ਹਾ ਦਿੱਤੀ ਸੀ।

ਮੇਰੇ ਬਾਪ ਨੇ ਮੇਰੀ ਗੱਡੀ ਨੂੰ ਦੋਹਾਂ ਹੱਥਾਂ ਨਾਲ ਅਗਿਉਂ ਧੱਕਿਆ ਹੋਇਆ ਸੀ। ਗੱਡੀ ਵਿਚ ਇੰਞ ਹੀ ਤੁਰਨ ਦੀ ਹਿੰਮਤ ਨਹੀਂ ਸੀ, ਜਿਵੇਂ ਸੂਬੇਦਾਰਨੀ ਵਿਚ ਸਾਈ ਵਾਪਸ ਫੜ੍ਹਨ ਦੀ ਹਿੰਮਤ ਨਹੀਂ ਸੀ ਰਹੀ। ਮੈਂ ਅੱਖਾਂ ਮਲੀਆਂ।

ਗੋਰਾ ਹਵਾ ਵਿਚ ਮਾੜੇ ਦਰਖ਼ਤ ਵਾਂਗੂੰ ਝੂੰਮ ਰਿਹਾ ਸੀ। ਮੈਂ ਹੋਰ ਰੇਸ ਦਿੱਤੀ। ਬਰਫ਼ ਵਿਚ ਫਸੀ ਹੋਈ ਗੱਡੀ ਨਿਕਲ ਕੇ ਤੁਰ ਪਈ। ਮੈਂ ਆਲੇ ਦੁਆਲੇ ਦੇਖਿਆ, ਦਰਖ਼ਤ ਮਨੁੱਖਾਂ ਵਰਗੇ ਜਾਪ ਰਹੇ ਸਨ, ਟਾਹਣੀਆਂ ਦੇ ਹੱਥ ਬਣ ਰਹੇ ਸਨ। ਹਵਾ ਦੀ ਆਵਾਜ਼, ਮਾਨਵੀ ਆਵਾਜ਼ਾਂ ਵਿਚ ਬਦਲ ਬਦਲ ਕੇ ਮੈਨੂੰ ਕੁਝ ਕਹਿੰਦੀ ਸੁਣ ਰਹੀ ਸੀ। ਸਟਰੀਟ ਲਾਈਟਾਂ ਅੱਖਾਂ ਵਿਚ ਬਦਲ ਗਈਆਂ ਸਨ। ਸੁੰਨਸਾਨ ਹਨ੍ਹੇਰੀ ਤੂਫ਼ਾਨੀ ਰਾਤ ਵਿਚ ਮੈਨੂੰ ਰੋਕਣ ਵਾਲੇ, ਦੇਖਣ ਵਾਲੇ ਕਿੰਨੇ ਸਨ!

ਮੈਂ ਗੱਡੀ ਗੋਰੇ ਦੇ ਬਰਾਬਰ ਜਾ ਕੇ ਰੋਕ ਦਿੱਤੀ।

ਗੱਡੀ ਵਿਚੋਂ ਉਤਰਨ ਤੋਂ ਪਹਿਲਾਂ ਮੈਂ ਪੱਟ ਹੇਠੋਂ ਬਟੂਆ ਕੱਢਿਆ ਅਤੇ ਗੋਰੇ ਵੱਲ ਬਟੂਆ ਕਰਕੇ ਕਿਹਾ,‘ਤੁਹਾਡਾ ਬਟੂਆ....।’

ਮੈਂ ਗੱਡੀ ਦੀ ਤਾਂ ‘ਯੂ ਟਰਨ’ ਮਾਰ ਲਈ ਸੀ, ਪਰ ਸੋਚਾਂ ਦੀ ‘ਯੂ ਟਰਨ’ ਨਾ ਮਾਰ ਸਕਿਆ।

ਮੇਰਾ ਦਿਲ ਬਿਲਕੁਲ ਸਹਿਜ ਅਵੱਸਥਾ ਵਿਚ ਆ ਗਿਆ, ਜਿਵੇਂ ਬਲੱਡ ਪ੍ਰੈਸ਼ਰ ‘ਨਾਰਮਲ’ ਹੋ ਗਿਆ ਹੋਵੇ...।

# Matrimonial

## ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10'', father-mother Govt. employees, sister married. Contact: hotincoolsingh@yahoo.com, 94171-88904.

## ਵਰ ਦੀ ਲੋੜ

ਕਨੈਡੀਅਨ ਇਮੀਗਰਾਂਟ 32 ਸਾਲਾ ਜੱਟ ਸਿੱਖ ਬਰਾੜ ਲੜਕੀ ਵਾਸਤੇ ਯੋਗ ਵਰ ਦੀ ਲੋੜ ਹੈ। ਵਿੰਨੀਪੈਗ ਰਹਿੰਦੇ ਲੜਕਿਆਂ ਲਈ ਪਹਿਲ। ਬਾਇਓਡਾਟਾ pbrar1981@hotmail.com 'ਤੇ ਪੋਸਟ ਕੀਤਾ ਜਾ ਸਕਦਾ ਹੈ।

## ਕੰਨਿਆ ਦੀ ਲੋੜ

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ. ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USA Citizen 34 yrs/5'11" Clean-Shaved, own business in US, sisters settled in Canada; Contact: 780-242-6563 or email bhantgrewal@yahoo.co.uk

---

## ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

## ਕੰਨਿਆ ਦੀ ਲੋੜ

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

# Classified Plus



## City Estates

ਸਿਟੀ ਐਸਟੇਟਸ

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ
ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

For More Info Contact: SCO 123, Phase 7, Mohali (Punjab)
**011 91 98147 11263 or 011 91 98729 73304**

## ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲਕੇਸਨ

**ਸੰਪਰਕ: ਜਸਮੇਰ ਸਿੰਘ 780-504-7254**

## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811

## Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL REALTY GROUP





**Cell: 780-909-5154**

9222-51 Avenue, Edmonton, AB T6E 5L8
Phone: 780-439-9818, Fax: 780-439-1257

# ਸ.ਫਦਰ ਹਾਸ਼ਮੀ : ਝੁੱਗੀਆਂ ਦਾ ਦੀਵਾ, ਝੁੱਗੀਆਂ ਲਈ ਬੁਝਿਆ ਸੀ

ਬਲਜਿੰਦਰ ਕੋਟਭਾਰਾ
+91-97





ਸ.ਫਦਰ ਹਾਸ਼ਮੀ ਆਮ ਇਨਸਾਨ ਨਹੀਂ ਸਨ, ਉਹ ਮਹਾਨ ਰੰਗਕਰਮੀ, ਨਿਰਦੇਸ਼ਕ, ਕਲਾਕਾਰ, ਕਵੀ, ਲੇਖਕ, ਫ਼ੋਟੋਗ੍ਰਾਫ਼ਰ ਸਨ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਕਿਰਤੀ ਜਮਾਤ ਲਈ ਅਮਲੀ ਤੌਰ 'ਤੇ ਕੰਮ ਕਰਦੇ ਸਨ ਅਤੇ ਇਸ ਕਿਰਤੀ ਜਮਾਤ ਲਈ 2 ਜਨਵਰੀ 1989 ਨੂੰ ਸ਼ਹੀਦੀ ਦਾ ਜਾਮ ਪੀ ਗਏ। ਸ.ਫਦਰ ਹਾਸ਼ਮੀ ਅਜਿਹਾ ਮਹਾਨ ਇਨਸਾਨ ਸੀ ਜਿਸ ਦੀ ਰੰਗ ਮੰਚ ਨੂੰ ਗਲੀ ਗਲੀ, ਘਰ ਘਰ ਲੈ ਕੇ ਜਾਣ ਦੀ ਇੱਛਾ ਨੇ ਉਸ ਨੂੰ ਪੇਸ਼ੇਵਰ ਰੰਗਕਰਮੀ ਬਣਾਇਆ, ਜਿਸ ਨੇ ਇਹ ਪੇਸ਼ਾ ਅਪਣਾਉਣ ਲਈ ਚੰਗੇ ਅਹੁਦੇ ਵਾਲੀਆਂ ਨੌਕਰੀਆਂ ਨੂੰ ਲੱਤ ਮਾਰੀ ਅਤੇ ਮੈਦਾਨ ਵਿਚ ਨਿੱਤਰ ਪਏ, 12 ਅਪ੍ਰੈਲ 1954 ਨੂੰ ਗ਼ਰੀਬ ਪਰਿਵਾਰ ਵਿਚ ਜਨਮੇ ਇਸ ਸਰਵ ਗੁਣੀ ਨੌਜਵਾਨ ਨੂੰ 24 ਸਾਲ ਪਹਿਲਾਂ ਦਿੱਲੀ ਨੇੜੇ ਪੈਂਦੇ ਇੰਡਸਟਰੀਅਲ ਇਲਾਕੇ ਦੇ ਪਿੰਡ ਝੰਡਾਪੁਰ ਵਿਚ ਉਸ ਸਮੇਂ ਕਾਂਗਰਸੀ ਸਮਰਥਕ ਉਮੀਦਵਾਰ ਅਤੇ ਉਸ ਦੇ ਗੁੰਡਿਆਂ ਵਲੋਂ ਸ਼ਹੀਦ ਕਰ ਦਿੱਤਾ ਗਿਆ, ਜਦੋਂ ਉਹ ਆਪਣੀ ਟੀਮ ਸਮੇਤ 20 ਮਿੰਟਾਂ ਦਾ ਨੁੱਕੜ ਨਾਟਕ "ਹੱਲਾ ਬੋਲ" ਖੇਡ ਰਹੇ ਸਨ, ਇਸ ਸਾਹਿਬਾਬਾਦ ਇਲਾਕੇ ਵਿਚ ਇਹ ਨਾਟਕ ਇਸ ਘਟਨਾ ਤੋਂ ਪਹਿਲਾਂ ਅੱਠ ਵਾਰ ਖੇਡਿਆ ਗਿਆ ਸੀ ਤਾਂ ਕਿਰਤੀਆਂ ਦਾ ਜ਼ਬਰਦਸਤ ਇੱਕਠ ਵੇਖਦਿਆਂ ਕਾਂਗਰਸ ਸਮਰਥਨ ਪ੍ਰਾਪਤ ਉਮੀਦਵਾਰ ਨੂੰ ਪਸੀਨੇ ਛੁੱਡਣ ਲੱਗ ਪਏ ਸਨ ਅਤੇ ਪੁਲੀਸ, ਫ਼ੈਕਟਰੀ ਮਾਲਕ ਅਤੇ ਗੁੰਡਾ ਅਨਸਰਾਂ ਦੇ ਗਠਜੋੜ ਨੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ ਪਰ ਉਹ ਆਪਣੀ ਮੰਜ਼ਲ ਪ੍ਰਾਪਤ ਕਰਨ ਲਈ ਲਗਾਤਾਰ ਅੱਗੇ ਵੱਧਦੇ ਗਏ।

ਸਾਹਿਬਾਬਾਦ ਸਮੇਤ ਪੂਰੇ ਉੱਤਰੀ ਭਾਰਤ ਵਿਚ 27 ਸਾਲਾਂ ਮਗਰੋਂ ਨਗਰ ਨਿਗਮ ਦੀਆਂ ਵੋਟਾਂ ਪੈ ਰਹੀਆਂ ਸਨ, ਸ਼ਹਿਰੀਆਂ ਵਿਚ ਕਾਂਗਰਸ ਦਾ ਜ਼ਾਲਮ ਚੇਹਰਾ ਐਨਾ ਨੰਗਾ ਹੋ ਚੁੱਕਿਆ ਸੀ ਕਿ ਉਹ ਆਪਣੇ ਝੰਡੇ ਹੇਠ ਚੋਣ ਲੜਨ ਦੀ ਬਜਾਏ ਆਜ਼ਾਦ ਉਮੀਦਵਾਰਾਂ ਨੂੰ ਸਮਰਥਨ ਦੇ ਰਹੀ ਸੀ। ਘਟਨਾ ਵਾਲੇ ਦਿਨ ਜਦੋਂ ਹੱਲਾ ਬੋਲ ਖੇਡਿਆ ਜਾ ਰਿਹਾ ਸੀ ਤਾਂ ਸੱਤਾ ਦੇ ਸ਼ਹਿ 'ਤੇ ਗੁੰਡਿਆਂ ਨੇ ਮਜ਼ਦੂਰਾਂ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਜਦੋਂ ਸ.ਫਦਰ ਮੰਚ ਤੋਂ ਮੈਦਾਨ ਵਿਚ ਨਿਤਰ ਕੇ ਗੁੰਡਿਆਂ ਦਾ ਮੁਕਾਬਲਾ ਕਰਨ ਲੱਗੇ ਤਾਂ ਉਨ੍ਹਾਂ ਨੂੰ ਵੀ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ, ਰੰਗਮੰਚ ਅਤੇ ਕਿਰਤੀਆਂ ਲਈ ਦਿੱਤੀ ਸ.ਫਦਰ ਹਾਸ਼ਮੀ ਦੀ ਕੁਰਬਾਨੀ ਨੂੰ ਇਤਿਹਾਸ ਵਿਚ ਹਮੇਸ਼ਾ ਸੁਨਿਹਰੀ ਅੱਖਰਾਂ ਵਿਚ ਲਿਖਿਆ ਜਾਵੇਗਾ, ਉਸ ਦੀ ਜੀਵਨ ਸਾਥਣ ਮਾਲਾਸ਼੍ਰੀ ਹਾਸ਼ਮੀ ਅਤੇ ਭੈਣ ਸ਼ਬਨਮ ਹਾਸ਼ਮੀ ਦੀ ਕੁਰਬਾਨੀ ਵੀ ਘੱਟ ਨਹੀਂ, ਜਿਨ੍ਹਾਂ ਨੇ ਉਸ ਦੀ ਸ਼ਹੀਦੀ ਅਜਾਈਂ ਨਾ ਜਾਣ ਦਾ ਦਾਅਵਾ ਕਰਦਿਆਂ ਉਸ ਦੀ ਸ਼ਹੀਦੀ ਤੋਂ ਦੂਜੇ ਦਿਨ ਬਾਅਦ ਘਟਨਾ ਵਾਲੀ ਥਾਂ 'ਤੇ ਜਿੱਥੇ ਅਜੇ ਵੀ ਸ਼ਹੀਦਾਂ ਦਾ ਖ਼ੂਨ ਡੁੱਲਿਆ ਪਿਆ ਸੀ, ਸੱਤਾ ਸ਼ਹਿ ਵਾਲੇ ਗੁੰਡਿਆਂ ਨੂੰ ਵੰਗਾਰਦਿਆਂ ਹੱਲਾ ਬੋਲ ਨਾਟਕ ਦਾ ਬਾਕੀ ਹਿੱਸਾ ਖੇਡਿਆ ਅਤੇ ਹਜ਼ਾਰਾਂ ਦਰਸ਼ਕਾਂ ਦਾ ਭਾਰੀ ਇੱਕਠ ਵੇਖ ਕੇ ਗੁੰਡੇ ਅਨਸਰਾਂ ਦੇ ਹੌਸਲੇ ਪਸਤ ਹੋ ਗਏ। ਹਾਸ਼ਮੀ ਦੀ ਪਤਨੀ ਅਤੇ ਭੈਣ ਨੇ ਉਸ ਦੇ ਜਾਣ ਮਗਰੋਂ ਉਸ ਦੀ ਰੰਗਮੰਚ ਵਾਲੀ ਸੋਚ ਨੂੰ ਅੱਗੇ ਵਧਾਉਂਦਿਆ ਦੇਸ਼ ਵਿਚ ਨੁੱਕੜ ਨਾਟਕਾਂ ਦਾ ਕੰਮ ਜਾਰੀ ਰੱਖਿਆ ਹੈ।

ਸ.ਫਦਰ ਹਾਸ਼ਮੀ ਦੁਆਰਾ ਅਣਥੱਕ ਕੀਤੀ ਮਿਹਨਤ ਅਤੇ ਉਸ ਦੀਆਂ ਪ੍ਰਾਪਤੀਆਂ ਦੀ ਕਤਾਰ ਬਹੁਤ ਲੰਬੀ ਹੈ, ਸ.ਫਦਰ 1975 ਵਿਚ ਸੇਂਟ ਸਟੀਫਨ ਕਾਲਜ ਦਿੱਲੀ ਯੂਨੀਵਰਸਿਟੀ ਤੋਂ ਐਮ.ਏ. ਅੰਗਰੇਜ਼ੀ ਕਰਦਿਆਂ ਹੀ ਰਾਜਨੀਤਕ ਵਿਚਾਰਧਾਰਕ ਤੌਰ 'ਤੇ ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਅਤੇ ਸਭਿਆਚਾਰਕ ਗਤੀਵਿਧੀਆਂ ਪੱਖੋਂ ਇੰਡੀਅਨ ਪੀਪਲਜ਼ ਐਸੋਸੀਏਸ਼ਨ ਵਿਚ ਸਰਗਰਮ ਤੌਰ 'ਤੇ ਕੰਮ ਕਰਨ ਲੱਗ ਪਏ, ਆਪਣੀ ਸੈਂਤੀ ਕੁ ਸਾਲ ਦੀ ਛੋਟੀ ਉਮਰ ਵਿਚੋਂ 15 ਤੋਂ ਵੱਧ ਸਾਲ ਉਸ ਨੇ ਦਿਨ ਰਾਤ ਇੱਕ ਕਰਦਿਆਂ ਰੰਗਮੰਚ ਨੂੰ ਸਮਰਪਣ ਕੀਤੇ। ਉਸ ਨੇ ਅਜ਼ਾਦ ਤੌਰ 'ਤੇ ਜਨ ਨਾਟਿਆ ਸੰਘ ਦੀ ਸਥਾਪਨਾ ਕਰ ਕੇ ਇਸ ਦੇ ਨਾਂ ਹੇਠ ਕੰਮ ਕਰਨਾ ਸ਼ੁਰੂ ਕਰ ਦਿੱਤਾ, ਰੰਗਮੰਚ ਦੇ ਖ਼ੇਤਰ ਵਿਚ ਉਨ੍ਹਾਂ ਵਲੋਂ



ਕੀਤੇ ਸਫਲ ਤਜਰਬੇ ਵੀ ਉਨ੍ਹਾਂ ਦੀ ਯਾਦ ਨੂੰ ਜ਼ਿੰਦਾ ਰੱਖਣਗੇ, ਦਿੱਲੀ ਵਰਗੇ ਮਹਾਂਨਗਰ ਵਿਚ ਹਾਸ਼ਮੀ ਨੇ ਹੀ ਪਹਿਲੀ ਵਾਰ ਨੁੱਕੜ ਨਾਟਕ ਦੀ ਰੀਤ ਪਾਈ, ਕੌਮਾਂਤਰੀ ਪੱਧਰ ਦੇ ਪ੍ਰਸਿੱਧ ਲੇਖਕਾਂ ਵਿਚੋਂ ਚੈਖਵ ਵਰਗਿਆਂ ਦੀਆਂ ਮਹਾਨ ਰਚਨਾਵਾਂ ਨੂੰ ਸ.ਫਲਤਾ ਪੂਰਵਕ ਨਾਟਕੀ ਰੂਪਾਂਤਰਨ ਕੀਤਾ, ਹਾਸ਼ਮੀ ਦੀ ਨਿਰਦੇਸ਼ਨਾਂ ਹੇਠ ਪ੍ਰਬੰਧ ਦੀ ਤ੍ਰਾਸਦੀ ਪੇਸ਼ ਕਰਦੇ ਨਾਟਕ ਮਸ਼ੀਨ, ਔਰਤ, ਪਿੰਡਾਂ ਤੋਂ ਸ਼ਹਿਰ ਤੱਕ, ਰਾਜੇ ਕਾ ਬਾਜਾ, ਹੱਤਿਆਰਾਂ ਆਦਿ ਨਾਟਕਾਂ ਨੂੰ ਦਰਜ਼ਨਾਂ ਵਾਰ ਖੇਡਿਆ ਜਾਂਦਾ ਰਿਹਾ। ਨਾਟਕ ਨੂੰ ਗਲੀ ਗਲੀ ਤੱਕ ਪ੍ਰਫੁੱਲਤ ਕਰਨ ਅਤੇ ਆਪਣੀ ਲੋਕ ਪੱਖੀ ਵਿਚਾਰਧਾਰਾ 'ਤੇ ਅਡੋਲ ਹੋ ਕੇ ਪਹਿਰਾ ਦੇਣ ਲਈ ਹਾਸ਼ਮੀ ਨੇ ਪਹਿਲਾਂ ਜ਼ਾਕਿਰ ਹੁਸੈਨ ਕਾਲਜ ਦਿੱਲੀ ਵਿਚੋਂ ਲੈਕਚਰਾਰ ਦੀ ਨੌਕਰੀ ਛੱਡੀ ਅਤੇ ਉਸ ਤੋਂ ਮਗਰੋਂ ਪੱਛਮੀ ਬੰਗਾਲ ਦੇ ਪ੍ਰੈਸ ਇਨਫਾਰਮੇਸ਼ਨ ਅਫ਼ਸਰ ਦੀ ਨੌਕਰੀ ਨੂੰ ਅਲਵਿਦਾ ਕਹਿ ਦਿੱਤਾ, ਉਹ ਵਲਗਣਾਂ ਵਿਚ ਰਹਿ ਕੇ ਪ੍ਰਬੰਧ ਦਾ ਪੁਰਜ਼ਾ ਬਣਨ ਦੀ ਬਜਾਏ ਲੋਕਾਂ ਲਈ ਹੀ ਜਿਉਣਾ ਚਾਹੁੰਦਾ ਸੀ। ਉਨ੍ਹਾਂ ਦੀ ਇਸ ਹੱਤਿਆ ਦਾ ਨੇ ਕੇਵਲ ਪੂਰੇ ਭਾਰਤ ਵਿਚ ਸਗੋਂ ਵਿਦੇਸ਼ਾਂ ਵਿਚੋਂ ਵੀ ਵਿਰੋਧ ਹੋਇਆ, ਉਸ ਦੇ ਪਰਿਵਾਰ ਦੀਆਂ ਇਨ੍ਹਾਂ ਔਰਤਾਂ ਨੇ ਕਾਫ਼ਲਾ ਜਾਰੀ ਰੱਖਿਆ ਹੋਇਆ ਹੈ, ਇਸ ਦੇ ਬਾਵਜੂਦ ਕਿ ਉਨ੍ਹਾਂ 'ਤੇ ਵੀ ਕਈ ਵਾਰ ਹਿੰਦੂ ਮੂਲਵਾਦੀ ਤਾਕਤਾਂ ਨੇ ਹਮਲੇ ਕਰ ਕੇ ਉਨ੍ਹਾਂ ਦਾ ਕਾਫੀ ਆਰਥਕ ਨੁਕਸਾਨ ਕੀਤਾ ਹੈ, ਪਰ ਇਹ ਕਾਫਲਾ ਨਾ ਬਰਾਬਰੀ ਦੇ ਪ੍ਰਬੰਧ ਨੂੰ ਵੰਗਾਰਦਾ ਲਗਾਤਾਰ ਅੱਗੇ ਵਧਦਾ ਜਾ ਰਿਹਾ। ਨਾ ਬਰਾਬਰੀ ਵਾਲੀ ਸੱਤਾ ਦੀ ਸ਼ਹਿ 'ਤੇ ਕਲਾ 'ਤੇ ਹੋ ਰਹੇ ਮੂਲਵਾਦੀ ਹਮਲਿਆਂ ਦਾ ਉਤਰ 'ਹੱਲਾ ਬੋਲ' ਕੇ ਦੇਣਾ ਬਣਦਾ ਹੈ। ਇਹੀ ਇਸ ਮਹਾਨ ਸ਼ਹੀਦ ਨੂੰ ਸ਼ਰਧਾਂਜ਼ਲੀ ਹੋਵੇਗੀ, ਸ.ਫਦਰ ਨੂੰ ਸਮਪਰਨ ਕਿਸੇ ਕਵੀ ਦੀ ਰਚਨਾ....

ਸਿਰ ਧਰ ਤਲੀ 'ਤੇ
ਗਿਆ ਯਾਰ ਦੀ ਗਲੀ ਉਹ ਮੁੜ ਮੁੜ
ਗਲੀ ਵਿਚ ਹਤਿਆਰੀ ਤਾਕਤ ਉਸ 'ਤੇ ਟੁੱਟਦੀ,
ਸੱਪ, ਨਾਗ ਤੇ ਅਜਗਰ ਉਹਨੂੰ ਮੁੜ ਮੁੜ ਡੰਗਦੇ,
ਸਮਝਣ ਸ.ਫਦਰ ਮੁੱਕ ਗਿਆ ਹੈ
ਪਰ ਸ.ਫਦਰ ਨਾ ਅੱਜ ਮੁੱਕਿਆ,
ਆਪਣੇ ਲਹੂ 'ਚੋਂ ਸੌ ਸ.ਫਰ ਬਣ ਉਹ ਹੈ ਉਠਦਾ
ਕਲਮਾਂ ਫ਼ੜ ਮੁੜ ਰਚਨਾ ਕਰਦਾ।

GLOBAL MARKET DEVELOPMENT CORP.
We build Strategies

Business Plans from $900!

*Business Planning:*
To get bank financing or move your business to the next level get your Business Plan made with us.

*Strategic Planning:*
We provide strategic consulting including competition analysis.

Phone: (780) 707 3796 Email: gmdcorporation@gmail.com Website: www.gmdcorporation.com

ਨਵੀਂ ਦੁਨੀਆ




# ਮੁਕਾਮੀ ਤ੍ਰਾਸਦੀਆਂ ਅਤੇ ਲਾਤੀਨੀ ਸਿਨੇਮਾ...

**ਵੱਖਰੇ-ਵੱਖਰੇ ਮੁਲਕਾਂ ਦੇ ਫ਼ਿਲਮਸਾਜ਼ਾਂ ਨੇ ਮੁਕਾਮੀ ਸੰਵੇਦਨਾਵਾਂ ਅਤੇ ਤ੍ਰਾਸਦੀਆਂ ਨੂੰ ਵਿਸ਼ਾ ਬਣਾ ਕੇ ਫ਼ਿਲਮਾਂ ਬਣਾਈਆਂ ਹਨ। ਫ਼ਿਲਮਸਾਜ਼ ਜ਼ਿੰਮੇਵਾਰੀ ਅਤੇ ਦਰਦਮੰਦੀ ਦੇ ਅਹਿਸਾਸ 'ਚੋਂ ਆਪਣੇ ਨੇੜੇ ਦੇ ਲੋਕਾਂ ਦੇ ਦੁੱਖਾਂ ਦੀ ਬਾਤ ਪਾਉਂਦਾ ਹੈ। ਮੁਕਾਮੀ ਤ੍ਰਾਸਦੀ ਨੂੰ ਆਲਮੀ ਹਾਲਾਤ ਦੀ ਕੜੀ ਵਜੋਂ ਪੇਸ਼ ਕਰਨਾ ਫ਼ਿਲਮਸਾਜ਼ ਦਾ ਹਾਸਲ ਹੁੰਦਾ ਹੈ।**

ਜਤਿੰਦਰ ਮੌਹਰ
+91-97799-34747



ਸਿਨੇਮਾ ਮਨੁੱਖੀ ਸੰਵੇਦਨਾ ਦੀ ਪਰਦਾਪੇਸ਼ੀ ਦਾ ਮਾਧਿਅਮ ਹੈ ਜੋ ਮਨੁੱਖੀ ਪਿੰਡੇ ਅਤੇ ਰੂਹਾਂ 'ਤੇ ਹੰਢਾਈਆਂ ਤ੍ਰਾਸਦੀਆਂ ਨਾਲ ਸੰਵਾਦ ਰਚਾਉਂਦਾ ਹੈ। ਜ਼ਿੰਮੇਵਾਰੀ ਨਾਲ ਕੀਤੇ ਸੰਵਾਦ 'ਚੋਂ ਲੋਕਾਈ ਦੇ ਰੌਸ਼ਨ ਭਵਿੱਖ ਦੀ ਪੈੜ ਮਿਲ ਸਕਦੀ ਹੈ। ਬੇਸ਼ੱਕ ਚਾਲੂ ਅਤੇ ਗ਼ੈਰ-ਜ਼ਿੰਮੇਵਾਰ ਫ਼ਿਲਮਾਂ ਬਣਾਉਣ ਦਾ ਰੁਝਾਨ ਭਾਰੂ ਹੈ ਪਰ ਸੁਹਿਰਦ ਅਤੇ ਜ਼ਿੰਮੇਵਾਰ ਸਿਨੇਮਾ ਦੀ ਲੰਬੀ ਰਵਾਇਤ ਵੀ ਜਾਰੀ ਹੈ। ਇਹ ਕੰਨੀਆਂ ਤੱਕ ਮਹਿਦੂਦ ਹੋ ਸਕਦੀ ਹੈ ਪਰ ਅਹਿਮੀਅਤ ਪੱਖੋਂ ਘੱਟ ਨਹੀਂ ਹੈ। ਇਨ੍ਹਾਂ ਫ਼ਿਲਮਸਾਜ਼ਾਂ ਨੇ ਵਿੱਤੀ, ਸਮਾਜਕ ਅਤੇ ਸਿਆਸੀ ਪਾਬੰਦੀਆਂ ਦੇ ਖ਼ਿਲਾਫ਼ ਲੰਬੀ ਲੜਾਈ ਲੜੀ ਹੈ ਜੋ ਮੌਜੂਦਾ ਦੌਰ ਵਿਚ ਵੀ ਜਾਰੀ ਹੈ।

ਵੱਖਰੇ-ਵੱਖਰੇ ਮੁਲਕਾਂ ਦੇ ਫ਼ਿਲਮਸਾਜ਼ਾਂ ਨੇ ਮੁਕਾਮੀ ਸੰਵੇਦਨਾਵਾਂ ਅਤੇ ਤ੍ਰਾਸਦੀਆਂ ਨੂੰ ਵਿਸ਼ਾ ਬਣਾ ਕੇ ਫ਼ਿਲਮਾਂ ਬਣਾਈਆਂ ਹਨ। ਫ਼ਿਲਮਸਾਜ਼ ਜ਼ਿੰਮੇਵਾਰੀ ਅਤੇ ਦਰਦਮੰਦੀ ਦੇ ਅਹਿਸਾਸ 'ਚੋਂ ਆਪਣੇ ਨੇੜੇ ਦੇ ਲੋਕਾਂ ਦੇ ਦੁੱਖਾਂ ਦੀ ਬਾਤ ਪਾਉਂਦਾ ਹੈ। ਮੁਕਾਮੀ ਤ੍ਰਾਸਦੀ ਨੂੰ ਆਲਮੀ ਹਾਲਾਤ ਦੀ ਕੜੀ ਵਜੋਂ ਪੇਸ਼ ਕਰਨਾ ਫ਼ਿਲਮਸਾਜ਼ ਦਾ ਹਾਸਲ ਹੁੰਦਾ ਹੈ। ਗ਼ੈਰ-ਬੋਲੀ ਅਤੇ ਵੱਖਰੇ ਖਿੱਤੇ ਦਾ ਬੰਦਾ ਦੂਰ-ਦੁਰੇਡੇ ਵਾਪਰੇ ਹਾਦਸੇ ਨਾਲ ਸਾਂਝੀ ਤੰਦ ਲੱਭਦਾ ਹੈ। ਇਸ ਹਵਾਲੇ ਨਾਲ ਲਾਤੀਨੀ ਫ਼ਿਲਮਸਾਜ਼ਾਂ ਦਾ ਜ਼ਿਕਰ ਕਰਨਾ ਬਣਦਾ ਹੈ। ਪਿਛਲੀ ਸਦੀ 'ਚ ਲਾਤੀਨੀ ਮੁਲਕਾਂ ਨੇ ਸਾਮਰਾਜੀ ਜੰਗਬਾਜ਼ਾਂ ਵਲੋਂ ਥੋਪੀਆਂ 'ਜਮਹੂਰੀ' ਅਤੇ ਫ਼ੌਜੀ ਤਾਨਾਸ਼ਾਹੀਆਂ ਦਾ ਕਹਿਰ ਝੱਲਿਆ ਹੈ ਜੋ ਮਨੁੱਖੀ-ਇਤਿਹਾਸ ਦਾ ਕਾਲਾ ਪੰਨਾ ਹੈ। ਕੁਦਰਤੀ ਸੋਮਿਆਂ ਦੀ ਭਾਰੀ ਲੁੱਟ ਇਨ੍ਹਾਂ ਮੁਲਕਾਂ 'ਚ ਮਚਾਈ ਗਈ। ਲੁੱਟ ਦਾ ਰਾਜ ਜਾਰੀ ਰੱਖਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਗਏ। ਸੰਨ੍ਹ 1973 ਵਿਚ ਚਿੱਲੀ ਦੀ ਜਮਹੂਰੀ ਸਰਕਾਰ ਦੇ ਮੁਖੀ ਸਲਾਵਡੋਰ ਅਲਾਂਡੇ ਨੂੰ ਦਿਨ-ਦਿਹਾੜੇ ਕਤਲ ਕਰ ਦਿੱਤਾ ਗਿਆ। ਜਨਰਲ ਪਿਨੋਚੇ ਦੇ ਫ਼ੌਜੀ-ਨਿਜ਼ਾਮ ਨੇ ਵੱਖਰੀ ਸਿਆਸੀ ਸੋਚ ਰੱਖਣ ਵਾਲੇ ਜੀਆਂ ਨੂੰ ਵਿਉਂਤਬੱਧ ਢੰਗ ਨਾਲ ਕਿਓਟਣਾ ਸ਼ੁਰੂ ਕੀਤਾ। ਮੁਲਕ ਦੇ ਖੇਡ-ਮੈਦਾਨਾਂ ਤੋਂ ਲੈ ਕੇ ਐਟਾਕਾਮਾ ਦੇ ਮਾਰੂਥਲ ਨੂੰ ਤਸ਼ੱਦਦ ਖ਼ਾਨਿਆਂ 'ਚ ਤਬਦੀਲ ਕਰ ਦਿੱਤਾ ਗਿਆ।




ਅਮਰੀਕਾ ਦੀ ਸ਼ਹਿ ਹੇਠ ਫ਼ੌਜੀ ਦਹਿਸ਼ਤਗਰਦੀ ਦਾ ਨੰਗਾ ਨਾਚ ਬ੍ਰਾਜ਼ੀਲ, ਅਰਜਨਟੀਨਾ ਅਤੇ ਜ਼ਿਆਦਾਤਰ ਲਾਤੀਨੀ ਮੁਲਕਾਂ 'ਚ ਨੱਚਿਆ ਗਿਆ। ਬਸਤਾਨਾਂ ਅਤੇ ਫ਼ੌਜੀਆਂ ਨੇ ਤਰੱਕੀ, ਮੁਲਕਪ੍ਰਸਤੀ ਅਤੇ ਕਮਿਉਨਿਜ਼ਮ ਦੇ ਖ਼ਤਰੇ ਤੋਂ ਬਚਾਅ ਵਰਗੇ ਤਿੰਨ ਨਾਅਰਿਆਂ ਹੇਠ ਇਹ ਦਹਿਸ਼ਤ-ਚੱਕਰ ਚਲਾਇਆ। ਲਾਤੀਨੀ ਫ਼ਿਲਮਸਾਜ਼ਾਂ ਨੇ ਉਨ੍ਹਾਂ ਦਹਿਸ਼ਤਜ਼ਦਾ ਸਮਿਆਂ ਬਾਰੇ ਲਗਾਤਾਰ ਫ਼ਿਲਮਾਂ ਬਣਾਈਆਂ ਹਨ ਅਤੇ ਬਣਾ ਰਹੇ ਹਨ। ਇਨ੍ਹਾਂ ਫ਼ਿਲਮਾਂ ਵਿਚ ਦਹਿਸ਼ਤ ਦੇ ਲਾਤੀਨੀ ਮਾਨਸਿਕਤਾ ਉੱਤੇ ਪਏ ਫ਼ੌਰੀ ਅਤੇ ਚਿਰਕਾਲੀ ਅਸਰ ਨੂੰ ਉਘੜਵੇਂ ਰੂਪ 'ਚ ਦੇਖਿਆ ਜਾ ਸਕਦਾ ਹੈ। 'ਦਿ ਸੀਕਰੇਟ ਇਨ ਦੇਅਰ ਆਈਜ਼', 'ਨਾਈਟ ਔਫ਼ ਦਿ ਪੈਨਸਿਲਜ਼', 'ਨੋ', 'ਦਿ ਉਫ਼ੀਸ਼ੀਅਲ ਸਟੋਰੀ', 'ਜ਼ੂਜ਼ੂ ਏਂਜਲ', 'ਪੋਸਟ ਮਾਰਟਮ', 'ਕਰੌਨੀਕਲ ਔਫ਼ ਐਨ ਐਸਕੇਪ', 'ਫੀਸਟ ਔਫ਼ ਦਿ ਗੋਟ', 'ਇਨ ਦਿ ਟਾਈਮ ਔਫ਼ ਬਟਰਫਲਾਈਜ਼', 'ਪ੍ਰਾਈਵੇਟ ਲਾਈਵਜ਼', 'ਬੈਟਲ ਔਫ਼ ਚਿਲੀ', 'ਮਚੂਕਾ', 'ਸੇਮ ਲਵ ਸੇਮ ਰੇਨ' ਅਤੇ 'ਹੈਡ ਲੈਸ ਵਿਮੈਨ' ਇਸ ਰੁਝਾਨ ਦੀਆਂ ਗੌਲਣਯੋਗ ਫ਼ਿਲਮਾਂ ਹਨ। ਇਹ ਫ਼ਿਲਮਾਂ ਚਰਚ ਤੋਂ ਲੈ ਕੇ ਤ੍ਰਾਸਦੀ ਲਈ ਕਸੂਰਵਾਰ ਹਰ ਸਮਾਜਕ ਅਤੇ ਸਿਆਸੀ ਅਦਾਰੇ 'ਤੇ ਸਵਾਲ ਉਠਾਉਂਦੀਆਂ ਹਨ।

ਅਰਜਨਟੀਨਾ 'ਚ 'ਗੰਦੀ ਜੰਗ' (1976-86) ਦੇ ਦਿਨਾਂ ਦੌਰਾਨ ਫ਼ੌਜੀ ਤਾਨਾਸ਼ਾਹੀ ਨੇ ਮੁਲਕ ਦੇ ਹਜ਼ਾਰਾਂ ਖੱਬੇ-ਪੱਖੀ ਕਾਰਕੁਨ, ਕਿਸਾਨ, ਮਜ਼ਦੂਰ, ਵਿਦਿਆਰਥੀ ਅਤੇ ਬੁੱਧੀਜੀਵੀ ਕਸਾਈਖ਼ਾਨਿਆਂ 'ਚ ਮਾਰ-ਖਪਾ ਦਿੱਤੇ। ਪਿਛਲੇ ਦਿਨੀਂ 'ਗੰਦੀ ਜੰਗ' ਦੇ ਫ਼ੌਜੀ ਤਾਨਾਸ਼ਾਹ ਜਾਰਜ ਰਾਫੇਲ ਵਿਡੈਲਾ ਨੂੰ 'ਸੋਚੀ ਸਮਝੀ ਸਾਜ਼ਿਸ਼' ਤਹਿਤ ਕੈਦੀ ਕੁੜੀਆਂ ਦੇ ਬੱਚੇ ਚੋਰੀ ਕਰਨ ਦੇ ਜੁਰਮ 'ਚ ਪੰਜਾਹ ਸਾਲ ਦੀ ਸਜ਼ਾ ਸੁਣਾਈ ਗਈ। ਵਿਡੈਲਾ ਆਪਣੇ ਰਾਜ ਵੇਲੇ ਕਹਿੰਦਾ ਹੁੰਦਾ ਸੀ ਕਿ ਰਾਜ ਦੀ ਰੱਖਿਆ ਲਈ ਹਰ ਨਾਬਰ ਬੰਦੇ ਨੂੰ ਮਾਰਾਂਗੇ। ਉਸ ਉੱਤੇ ਪੰਜ ਸੌ ਤੋਂ ਵੱਧ ਬੱਚੇ ਚੋਰੀ ਕਰਨ ਦਾ ਇਲਜ਼ਾਮ ਹੈ। ਜੇਲ੍ਹ ਵਿਚ ਬੰਦ ਗਰਭਵਤੀ ਕੁੜੀਆਂ ਦੇ ਬੱਚੇ ਚੋਰੀ ਕਰ ਕੇ ਅਮੀਰਾਂ ਅਤੇ ਅਸਰ-ਰਸੂਖ਼ ਵਾਲੇ ਬੇਔਲਾਦ ਲੋਕਾਂ ਨੂੰ ਵੇਚ ਦਿੱਤੇ ਜਾਂਦੇ ਸਨ। ਬਹੁਤੀਆਂ ਕੁੜੀਆਂ ਸਿਆਸੀ ਕੈਦੀ ਸਨ। ਬੱਚੇ ਦੇ ਜਨਮ ਤੋਂ ਬਾਅਦ ਕੈਦੀ ਕੁੜੀਆਂ ਨੂੰ ਮਾਰ ਦਿੱਤਾ ਜਾਂਦਾ ਸੀ। ਇਨ੍ਹਾਂ ਬੱਚਿਆਂ ਨੂੰ ਆਪਣੇ ਅਸਲੀ ਮਾਪਿਆਂ ਦਾ ਪਤਾ ਤੱਕ ਨਹੀਂ ਹੈ। ਕਈ ਕੇਸਾਂ 'ਚ ਕਾਤਲਾਂ ਨੇ ਹੀ ਮਕਤੂਲ ਦੇ ਬੱਚੇ ਨੂੰ ਆਪਣਾ ਜੁਆਕ ਬਣਾ ਲਿਆ। ਇਹ ਬੱਚੇ ਮਾਂ-ਪਿਉ ਦੇ ਕਾਤਲਾਂ ਨੂੰ ਹੀ ਮਾਪੇ ਮੰਨੀ ਬੈਠੇ ਹਨ। ਦਾਦੇ-ਦਾਦੀਆਂ ਅੱਜ ਵੀ ਮਾਰ-ਖਪਾਏ ਪੁੱਤਾਂ-ਧੀਆਂ-ਨੂੰਹਾਂ ਅਤੇ ਚੋਰੀ ਕੀਤੇ ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਨੂੰ ਲੱਭ ਰਹੇ ਹਨ। ਅਰਜਨਟੀਨੀ ਫ਼ਿਲਮ 'ਦਿ ਉਫ਼ੀਸ਼ੀਅਲ ਸਟੋਰੀ' ਅਜਿਹੇ ਹੀ ਪਾਤਰਾਂ ਨੂੰ ਪਰਦਾਪੇਸ਼ ਕਰਦੀ ਹੈ।

ਕਈ ਫ਼ਿਲਮਾਂ ਉਨ੍ਹਾਂ ਕਾਲੇ ਸਮਿਆਂ 'ਚ ਚਰਚ ਦੀ ਸ਼ੱਕੀ ਅਤੇ ਨਾਂਹ-ਪੱਖੀ ਭੂਮਿਕਾ ਨੂੰ ਉਜਾਗਰ ਕਰਦੀਆਂ ਹਨ। ਇਸ ਤੋਂ ਵੀ ਅੱਗੇ ਚਰਚ ਨੇ ਕਾਤਲਾਂ ਨਾਲ ਮਿਲ ਕੇ ਕੰਮ ਕੀਤਾ। 'ਗੰਦੀ ਜੰਗ' ਦੌਰਾਨ ਬੱਸ ਪਾਸ ਲਈ ਸੰਘਰਸ਼ ਕਰਨ ਵਾਲੇ ਹਾਈ ਸਕੂਲ ਦੇ ਮੁੰਡੇ ਕੁੜੀਆਂ ਨੂੰ ਵੀ ਮਾਰ-ਖਪਾ ਦਿੱਤਾ ਗਿਆ। ਤਸ਼ੱਦਦ ਅਤੇ ਕਤਲ ਲਈ ਕਸਾਈ ਖ਼ਾਨਿਆਂ 'ਚ ਲਿਆਂਦੇ ਇਨ੍ਹਾਂ ਬੱਚਿਆਂ ਲਈ 'ਨਾਈਟ ਔਫ਼ ਦਿ ਪੈਨਸਿਲਜ਼' ਸ਼ਬਦ ਵਰਤਿਆ ਜਾਂਦਾ ਸੀ। ਚਰਚ ਅਤੇ ਹਾਕਮਾਂ ਦੀ ਨਜ਼ਰ ਵਿਚ ਇਹ ਮੁੰਡੇ-ਕੁੜੀਆਂ 'ਵਿਗੜੇ ਹੋਏ ਸਮਾਜਵਾਦੀ' ਸਨ ਜਿਨ੍ਹਾਂ ਨੂੰ ਸਿੱਧੇ ਰਾਹ ਪਾਉਣ ਦਾ ਇਹੀ ਤਰੀਕਾ ਸੀ। ਕੁਝ ਸਮਾਂ ਪਹਿਲਾਂ ਨਵੇਂ ਬਣੇ ਪੋਪ ਉੱਤੇ ਤਾਨਾਸ਼ਾਹ ਵਿਡੈਲਾ ਨਾਲ 'ਕੀਮਤੀ ਸੰਬੰਧ' ਰੱਖਣ ਦੇ ਦੋਸ਼ ਲੱਗੇ ਹਨ। ਚਰਚ ਅਤੇ ਨਵੇਂ ਬਣੇ ਪੋਪ ਦੀ ਸਾਜ਼ਿਸ਼ੀ ਭੂਮਿਕਾ ਦੀ ਕੁਝ ਨਿਰਪੱਖ ਰਹੇ ਪਾਦਰੀਆਂ ਨੇ ਪੁਸ਼ਟੀ ਕੀਤੀ ਹੈ। ਜਿਨ੍ਹਾਂ ਨੇ ਫ਼ੌਜੀ-ਨਿਜ਼ਾਮ ਦੇ ਬੇਕਿਰਕ ਜ਼ੁਲਮ ਦਾ ਮਨੁੱਖੀ ਪੈਂਤੜੇ ਤੋਂ ਵਿਰੋਧ ਕੀਤਾ ਸੀ। ਫ਼ਿਲਮ 'ਨਾਈਟ ਔਫ਼ ਦਿ ਪੈਨਸਿਲਜ਼' ਅਤੇ 'ਜ਼ੂਜ਼ੂ ਏਂਜਲ' ਵਿਚ ਅਜਿਹੇ ਵੇਰਵੇ ਮਿਲਦੇ ਹਨ। ਇਹ ਫ਼ਿਲਮਾਂ ਸੱਚੀਆਂ ਕਹਾਣੀਆਂ 'ਤੇ ਬਣੀਆਂ ਹਨ। ਇਹ ਸਵਾਲ ਤਾਂ ਪੁੱਛ ਹੀ ਲੈਣਾ ਚਾਹੀਦਾ ਹੈ ਕਿ ਵਿਡੈਲਾ ਨੂੰ ਸਜ਼ਾ ਮਿਲਣ ਤੋਂ ਬਾਅਦ ਹੁਣ ਮੌਜੂਦਾ ਪੋਪ ਦੀ ਜਵਾਬਦੇਹੀ ਕੌਣ ਕਰੇਗਾ ?

ਉਂਝ ਲਾਤੀਨੀ ਸਿਨੇਮਾ 'ਚ ਫ਼ੌਜੀ ਤਾਨਾਸ਼ਾਹੀਆਂ ਦੇ ਪਿੱਛੇ ਕੰਮ ਕਰਦੇ ਅਸਲੀ ਵਿਚਾਰ ਅਤੇ ਤਾਕਤ ਬਾਰੇ ਘੱਟ ਗੱਲ ਹੁੰਦੀ ਹੈ। ਮਿਲਟਨ ਫਰਾਇਡਮੈਨ ਅਤੇ ਸ਼ਿਕਾਗੋ ਸਕੂਲ ਦੇ ਅਰਥ ਸ਼ਾਸ਼ਤਰੀਆਂ ਨੇ ਖੁੱਲ੍ਹੀ ਮੰਡੀ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਦੀ ਪ੍ਰਯੋਗਸ਼ਾਲਾ ਵਜੋਂ ਚਿੱਲੀ, ਬ੍ਰਾਜ਼ੀਲ, ਅਰਜਨਟੀਨਾ, ਬੋਲੀਵੀਆ ਅਤੇ ਉਰੂਗਏ ਨੂੰ ਚੁਣਿਆ। ਮਿਲਟਨ ਫਰਾਇਡਮੈਨ ਸ਼ਿਕਾਗੋ ਯੂਨੀਵਰਸਿਟੀ 'ਚ ਅਰਥਸ਼ਾਸ਼ਤਰ ਦਾ ਅਧਿਆਪਕ ਸੀ ਜੋ ਖੁੱਲ੍ਹੀ ਮੰਡੀ ਦਾ ਹਮਾਇਤੀ ਸੀ ਜਿਸ ਵਿਚ ਸਰਕਾਰ ਦਾ ਦਖ਼ਲ ਘੱਟ ਤੋਂ ਘੱਟ ਅਤੇ ਅਰਥਚਾਰਾ ਨਿੱਜੀ ਹੱਥਾਂ ਵਿਚ ਹੋਣਾ ਚਾਹੀਦਾ ਹੈ। ਉਸ ਦੇ ਪੜ੍ਹਾਏ ਵਿਦਿਆਰਥੀਆਂ ਨੂੰ 'ਸ਼ਿਕਾਗੋ ਮੁੰਡੇ' ਕਿਹਾ ਜਾਂਦਾ ਹੈ ਜੋ ਤਾਨਾਸ਼ਾਹ ਜਰਨੈਲਾਂ ਦੇ ਸਲਾਹਕਾਰ ਬਣੇ ਅਤੇ ਨਿਜ਼ਾਮ 'ਚ ਉੱਚੀਆਂ ਪਦਵੀਆਂ 'ਤੇ ਰਹੇ। ਇਨ੍ਹਾਂ ਸ਼ਿਕਾਗੋਵਾਦੀ ਨੀਤੀਆਂ ਨਾਲ ਗ਼ਰੀਬ ਨੇ ਹੋਰ ਗ਼ਰੀਬ ਹੋਣਾ ਹੈ ਅਤੇ ਬਹੁਤਾ ਸਰਮਾਇਆ ਮੁੱਠੀ ਭਰ ਅਮੀਰਾਂ ਦੀ ਜੇਬ 'ਚ ਜਾਣਾ ਹੈ। ਇਸ ਜੁਰਮ ਨੂੰ ਨੇਪਰੇ ਚਾੜ੍ਹਨ ਲਈ ਫ਼ੌਜੀ ਜਬਰ ਜ਼ਰੂਰੀ ਸੀ। 'ਐਮਨੈਸਟੀ ਇੰਟਰਨੈਸ਼ਨਲ' ਅਤੇ ਹੋਰ ਮਨੁੱਖੀ ਹਕੂਕ ਜਥੇਬੰਦੀਆਂ ਨੇ ਸਿਰਫ਼ ਤਾਨਾਸ਼ਾਹੀ ਦੇ ਜ਼ੁਲਮਾਂ ਦੀ ਗੱਲ ਕੀਤੀ ਪਰ ਸ਼ਿਕਾਗੋਵਾਦੀਆਂ ਦੀ ਭੂਮਿਕਾ ਬਾਰੇ ਅੱਖਾਂ ਮੁੰਦ ਲਈਆਂ। ਦੋਹਾਂ ਜੁਰਮਾਂ ਨੂੰ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਲੇਖਕ ਨਾਉਮੀ ਕਲੇਨ ਦੀ ਕਿਤਾਬ 'ਸਦਮਾ ਸਿਧਾਂਤ-ਤਬਾਹੀਪਸੰਦ ਸਰਮਾਏਦਾਰੀ ਦਾ ਉਭਾਰ' ਵਿਚ ਤਫ਼ਸੀਲ ਮਿਲਦੀ ਹੈ। ਉਂਜ ਅਰਜਨਟੀਨਾ 'ਚ 'ਮਾਵਾਂ ਦੀ ਲਹਿਰ' ਇਨ੍ਹਾਂ ਦੋਹਾਂ ਜੁਰਮਾਂ ਦੇ ਖ਼ਿਲਾਫ਼ ਸਭ ਤੋਂ ਤਿੱਖੀ ਲਹਿਰ ਰਹੀ ਹੈ ਅਤੇ ਹੁਣ ਵੀ ਹੈ। ਇਸ ਲਹਿਰ 'ਚ ਲਾਪਤਾ ਜੀਆਂ ਦੀਆਂ ਮਾਵਾਂ-ਦਾਦੀਆਂ ਅਤੇ ਨਾਨੀਆਂ ਸ਼ਾਮਲ ਸਨ।

ਖੁੱਲ੍ਹੀ ਮੰਡੀ ਅਤੇ ਨਿੱਜੀਕਰਨ ਦੀਆਂ ਨੀਤੀਆਂ ਦਾ ਕਹਿਰ ਸਾਡੇ ਮੁਲਕ 'ਚ ਉਘੜਵੇਂ ਰੂਪ 'ਚ ਦਿਸਣਾ ਸ਼ੁਰੂ ਹੋ ਚੁੱਕਿਆ ਹੈ। ਇਨ੍ਹਾਂ ਨੀਤੀਆਂ ਦੇ ਦਬਾਅ ਹੇਠ ਸਰਕਾਰ ਆਵਾਮ ਨੂੰ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਬੁਨਿਆਦੀ ਸਹੂਲਤਾਂ ਤੋਂ ਹੱਥ ਪਿੱਛੇ ਖਿੱਚ ਰਹੀ ਹੈ। ਲੋਕਾਂ ਦੇ ਵਿਰੋਧ ਨੂੰ ਠੱਲਣ ਲਈ ਫ਼ੌਜ ਅਤੇ ਪੁਲੀਸ ਨੂੰ ਕਾਲੇ ਕਨੂੰਨਾਂ ਦੀ ਸੁਰੱਖਿਆ ਦਿੱਤੀ ਜਾ ਰਹੀ ਹੈ। ਮੁਲਕ ਤਾਨਾਸ਼ਾਹੀ ਵੱਲ ਧੱਕਿਆ ਜਾ ਰਿਹਾ ਹੈ। ਅਲਬਾਨੀਆਈ ਲੇਖਕ ਇਸਮਾਈਲ ਕਦਾਰੇ ਕਹਿੰਦਾ ਹੈ ਕਿ ਕਲਾ ਮੂਲ ਰੂਪ 'ਚ ਤਾਨਾਸ਼ਾਹੀ ਦੀ ਦੁਸ਼ਮਣ ਹੈ। ਫ਼ਿਲਮ ਕਲਾ ਇਸ ਘੇਰੇ ਤੋਂ ਬਾਹਰ ਨਹੀਂ ਹੋ ਸਕਦੀ। ਸਾਡੇ ਪੰਜਾਬੀ ਫ਼ਿਲਮਸਾਜ਼ਾਂ ਦੇ ਸਾਹਮਣੇ ਇਹ ਸਵਾਲ ਉੱਭਰ ਕੇ ਆਉਂਦਾ ਹੈ ਕਿ ਅਸੀਂ ਫ਼ਿਲਮ-ਕਿਰਤਾਂ ਰਾਹੀਂ ਮੁਕਾਮੀ ਤ੍ਰਾਸਦੀਆਂ ਨਾਲ ਕਿਸ ਕਿਸਮ ਦਾ ਸੰਵਾਦ ਰਚਾਇਆ ਹੈ ਅਤੇ ਕਿਸ ਤਰ੍ਹਾਂ ਦਾ ਰਚਾਉਣਾ ਹੈ ? ਇਹ ਤ੍ਰਾਸਦੀਆਂ ਸਾਡੇ ਸਿਨੇਮੇ ਤੋਂ ਬਾਹਰ ਕਿਉਂ ਹਨ ? ਇਹ ਜ਼ਰੂਰ ਕਹਿਣਾ ਬਣਦਾ ਹੈ ਕਿ ਇਨ੍ਹਾਂ ਤ੍ਰਾਸਦੀਆਂ ਦੀ ਗੱਲ ਕਰਦੇ ਹੋਏ ਸਾਨੂੰ ਜ਼ਿੰਮੇਵਾਰੀ ਅਤੇ ਪੜਚੋਲਮੁਖੀ ਪਹੁੰਚ ਰੱਖਣੀ ਪਵੇਗੀ। ਹਰ ਗੱਲ ਸ਼ਰਧਾ ਜਾਂ ਭਾਵੁਕਤਾ ਨਾਲ ਨਹੀਂ ਨਬੇੜੀ ਜਾ ਸਕਦੀ।

– 'ਹਿੰਮਤਪੁਰਾ' ਵਿਚੋਂ ਧੰਨਵਾਦ ਸਹਿਤ



Royal Executive Homes

Hurry Only 2 Left

# Town Houses in Wildwood

- Excellent Location
- Close To all Amenities
- Transit Access
- Affordable Prices
- Future Rec Center
- Close to White Mud & Anthony Henday
- 5 Appliances & Fully Landscaped
- 10 Year Home Warranty
- Granite Counter Top & Maple Kitchen

Available From 1232sq ft. to 1589 sq ft. with attached Single and Double Garage. Starting Pirce : $ ~~309,900~~

**Price Reduced**
**Now Only**
**$ 289,900**

For Show Home Hours:
Contact
780-965-7390







## Wild Wood Town Houses

1820, 34th AVE Edmonton.
780-965-7390
780-906-4497
Email : royalexecutivehomes@hotmail.com


Jessy Parihar

SALES CONTACT :
Roohi@ 780-905-6970
Kul Bhatia @ 780-266-5500


Ranjit Deol

## SOHAIL QUADRI, MLA

### EDMONTON – MILL WOODS

Sohail Quadri, MLA celebrated the festive season in Mill Woods which was attended by dignitaries and constituents










Committees and Councils the MLA is a member of:

- -Deputy Chair for Select Special Chief Electoral Officer Search Committee
- -Standing Committee on Alberta's Economic Future
- -Standing Committee on Legislative Offices
- -Standing Committee on Public Accounts
- -Private Members Business Committee
- -Montana – Alberta Bilateral Advisory Council
- -Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807, 34 Ave, Edmonton AB, T6E 5X9 – 780-414-1000
Edmonton.millwoods@assembly.ab.ca



## BRIDGEPORT HOMES LTD.

BEST PRICES IN TOWN
WE ASSURE BEATING MARKET PRICE

Special Offer $350000.00 only

Now New Homes in wildwood crs (South Edmonton)
loaded with Upgrades & Ready to Move

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718